
1984: ਸਿੱਖ ਕਤਲੇਆਮ ਦਾ ਸੱਚ



ਜਰਨੈਲ ਸਿੰਘ



ਜਰਨੈਲ ਸਿੰਘ ਪੱਤਰਕਾਰ ਦਾ ਜਨਮ 16 ਫਰਵਰੀ 1973 ਨੂੰ ਇੱਕ ਗੁਰਸਿੱਖ ਪਰਿਵਾਰ ਵਿੱਚ ਦਿੱਲੀ ਵਿਖੇ ਹੋਇਆ। ਇਨ੍ਹਾਂ ਦਾ ਪਰਿਵਾਰ 1947 ਵਿੱਚ ਭਾਰਤ ਦੀ ਵੰਡ ਵੇਲੇ ਲਾਹੌਰ (ਹੁਣ ਪਾਕਿਸਤਾਨ) ਨਾਲ ਲੱਗਦੇ ਇੱਕ ਪਿੰਡ ਗੱਗੜ ਤੋਂ ਉਜੜ ਕੇ ਦਿੱਲੀ ਵਿੱਚ ਲਾਜਪਤ ਨਗਰ ਆ ਕੇ ਵੱਸਿਆ ਜਿੱਥੇ ਰਿਫ਼ਿਊਜੀ ਕਾਲੋਨੀ ਵਸਾਈ ਗਈ ਸੀ। ਮਾਤਾ ਨਸੀਬ ਕੌਰ ਦੇ ਗੁਰਸਿੱਖੀ ਪਿਆਰ, ਸੇਵਾ ਭਾਵਨਾ ਤੇ ਨਿਤਨੇਮ ਦੀ ਦ੍ਰਿੜਤਾ ਨੇ ਚੰਗੇ ਸੰਸਕਾਰ ਭਰੇ। 1984 ਦੇ ਸਿੱਖ ਕਤਲੇਆਮ ਵੇਲੇ ਭਾਵੇਂ ਇਨ੍ਹਾਂ ਦੀ ਉਮਰ ਸਿਰਫ਼ 11 ਸਾਲ ਸੀ, ਪਰ ਇਸ ਨਾ-ਇਨਸਾਫ਼ੀ ਕਰਕੇ ਦਿਲ ਉੱਤੇ ਡੂੰਘੀ ਸੱਟ ਵੱਜੀ। ਇਸ ਨਾ-ਇਨਸਾਫ਼ੀ ਦੇ ਖਿਲਾਫ਼ ਆਵਾਜ਼ ਚੁੱਕਣ ਦਾ ਜਜ਼ਬਾ ਹੀ ਪੱਤਰਕਾਰਿਤਾ ਵੱਲ ਲੈ ਆਇਆ ਅਤੇ ਐਮ.ਏ. (ਪੋਲਿਟਿਕਲ ਸਾਇੰਸ) ਦੇ ਨਾਲ ਹੀ ਪੱਤਰਕਾਰਿਤਾ ਦਾ ਕੋਰਸ ਪੂਰਾ ਕਰਕੇ ਕਰੜੀ ਮਿਹਨਤ ਬਾਅਦ ਕੌਮੀ ਮੀਡੀਆ ਵਿੱਚ ਆਪਣੀ ਇੱਕ ਥਾਂ ਬਣਾਈ। ਇਸ ਦੌਰਾਨ ਜਦੋਂ ਵੀ ਮੌਕਾ ਲੱਗਦਾ, 1984 ਦੇ ਕਤਲੇਆਮ ਬਾਰੇ ਲਿਖਦੇ ਰਹਿੰਦੇ। 2005 ਵਿੱਚ ਨਾਨਾਵਟੀ ਕਮੀਸ਼ਨ ਦੀ ਰਿਪੋਰਟ ਆਉਣ 'ਤੇ ਬਹੁਤ ਖੁਲ੍ਹ ਕੇ ਲਿਖਿਆ। ਨਾਲ ਹੀ ਸਿੱਖ ਰਾਜਨੀਤੀ ਤੇ ਪੰਜਾਬ ਤੋਂ ਇਲਾਵਾ ਡਿਫ਼ੈਂਸ ਅਤੇ ਹੋਰ ਕਈ ਅਹਿਮ ਸਰਕਾਰੀ ਮਹਿਕਮਿਆਂ ਬਾਰੇ ਲਿਖਦੇ ਰਹੇ।

....(ਬਾਕੀ ਪਿਛਲੇ ਫਲੈਪ ਉੱਤੇ)

2009 ਵਿੱਚ ਜਦੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ 1984 ਦੇ ਸਿੱਖ ਕਤਲੇਆਮ ਦੇ ਮੁੱਖ ਆਰੋਪੀਆਂ ਨੂੰ ਚੋਣ ਟਿਕਟਾਂ ਦਿੱਤੀਆਂ ਗਈਆਂ, ਤਾਂ ਇਨ੍ਹਾਂ ਨੂੰ ਲੱਗਾ ਜਿਵੇਂ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਸੀ.ਬੀ.ਆਈ. ਨੇ ਮੁੱਖ ਆਰੋਪੀ ਜਗਦੀਸ਼ ਟਾਈਟਲਰ ਨੂੰ ਕਲੀਨ ਚਿਟ ਦੇਣ ਦੀ ਕੋਝੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੂੰ ਇੰਝ ਲੱਗਾ ਕਿ ਵਿਰੋਧ ਦਰਜ ਕਰਾਉਣ ਦਾ ਸਮਾਂ ਆ ਗਿਆ ਹੈ। ਸਿੱਖਾਂ ਨੂੰ ਬੇਹਦ ਕਮਜ਼ੋਰ ਮੰਨ ਲਿਆ ਗਿਆ ਹੈ ਤੇ ਜੇਕਰ ਸਿੱਖ ਇਸਦੇ ਖਿਲਾਫ਼ ਖੜੇ ਨਾ ਹੋਏ ਤਾਂ ਇਨਸਾਫ਼ ਦੀ ਜੰਗ ਇਥੇ ਹੀ ਮੁੱਕ ਜਾਵੇਗੀ। ਜਦੋਂ ਇਨਸਾਫ਼ ਹਾਸਲ ਕਰਨ ਦੀ ਅਖੀਰਲੀ ਕਿਰਣ ਵੀ ਬੁੱਝਦੀ ਦਿੱਸੀ ਤਾਂ ਵਿਰੋਧ ਕਰਨਾ ਲਾਜ਼ਮੀ ਹੋ ਗਿਆ। 2 ਅਪ੍ਰੈਲ 2009 ਨੂੰ ਦੇਸ਼ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਟਾਈਟਲਰ ਨੂੰ ਕਲੀਨ ਚਿਟ ਮਿਲਣ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਇਸ ਕਰਕੇ 7 ਅਪ੍ਰੈਲ ਨੂੰ ਜਰਨੈਲ ਸਿੰਘ ਨੇ ਕਾਂਗਰਸ ਦੇ ਮੁੱਖ-ਦਫ਼ਤਰ ਵਿਖੇ ਪ੍ਰੈਸ ਕਾਨਫ਼ਰੰਸ ਵਿੱਚ ਸਿੱਖਾਂ ਨਾਲ ਹੋ ਰਹੀ ਨਾ-ਇਨਸਾਫ਼ੀ ਤੇ ਦੋਸ਼ੀਆਂ ਨੂੰ ਬਚਾਉਣ ਦੀ ਸਾਜਿਸ਼ ਬਾਰੇ ਤਿੱਖੇ ਸੁਆਲ ਪੁੱਛੇ। ਜੁਆਬ ਵਿੱਚ ਕਿਹਾ ਗਿਆ ਕਿ ਉਹ ਪ੍ਰੈਸ ਕਾਨਫ਼ਰੰਸ ਦੀ ਦੁਰਵਰਤੋਂ ਕਰ ਰਹੇ ਹਨ, ਤਾਂ ਆਪਣਾ ਜੁੱਤਾ ਸੁੱਟ ਕੇ ਇਸ ਅਣ-ਮਨੁੱਖੀ ਰਵੱਈਏ ਅਤੇ ਨਾ-ਇਨਸਾਫ਼ੀ ਦੇ ਖਿਲਾਫ਼ ਆਪਣਾ ਵਿਰੋਧ ਦਰਜ ਕਰਾਇਆ। ਮੀਡੀਆ ਨੇ ਇਸਨੂੰ ਅਹਿਮੀਅਤ ਦਿੱਤੀ ਅਤੇ ਦੁਨੀਆ ਭਰ ਵਿੱਚ 25 ਸਾਲਾਂ ਬਾਅਦ ਪਹਿਲੀ ਵਾਰ 1984 ਦੇ ਇਸ ਕਤਲੇਆਮ ਦਾ ਦਰਦ ਉਭਰ ਕੇ ਸਾਹਮਣੇ ਆਇਆ। ਸਿੱਖ ਸੜਕਾਂ 'ਤੇ ਉਤਰ ਆਏ ਅਤੇ ਦਬਾਅ ਕਰਕੇ ਮੁੱਖ ਆਰੋਪੀਆਂ ਦੇ ਟਿਕਟ ਕੱਟਣੇ ਪਏ। ਭਾਵੇਂ ਬਾਅਦ ਵਿੱਚ ਜਰਨੈਲ ਸਿੰਘ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਅਤੇ ਪੱਤਰਕਾਰਿਤਾ ਦਾ ਕਾਰਡ ਜ਼ਬਤ ਕਰ ਲਿਆ ਗਿਆ ਪਰ ਉਨ੍ਹਾਂ ਦੀ ਇਸ ਨਾ-ਇਨਸਾਫ਼ੀ ਦੇ ਖਿਲਾਫ਼ ਲੜਾਈ ਜਾਰੀ ਹੈ ਅਤੇ ਇਸ ਪੁਸਤਕ ਦੇ ਰੂਪ ਵਿੱਚ ਕਤਲੇਆਮ ਦੇ ਸੱਚ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ।

1984

ਸਿੱਖ ਕਤਲੇਆਮ ਦਾ ਸੱਚ

ਜਰਨੈਲ ਸਿੰਘ

SIKH FOUNDATION

1984 : Sikh katl-e-aam da sach

by

Jarnail Singh

ਲੇਖਕ : **ਜਰਨੈਲ ਸਿੰਘ**

© ਸਭ ਹੱਕ ਲੇਖਕ ਦੇ ਰਾਖਵੇਂ ਹਨ

ਪਹਿਲੀ ਵਾਰ : 2009

ਮੁੱਲ : 320 ਰੁਪਏ, 15 $

ਪੁਸਤਕ ਮਿਲਣ ਦਾ ਪਤਾ :
Jarnail Singh
D-167 Lajpat Nagar - I New Delhi-110024 (India)
Ph.: 09999220024, 09811430380
e-mail : jarnailsingh16@gmail.com
blog : www.jarnailsingh.in

ਪ੍ਰਕਾਸ਼ਕ :
Sikh Foundation
PO Box 3627, Lajpat Nagar, New Delhi-110024
Tel. : 09810567300, 09811567640
e-mail : sf1999@rediffmail.com
www.sikhfoundation.in

ISBN : 978-81-7873-037-0

ਕੀ ਕਿੱਥੇ

1. ਕਤਲੇਆਮ ਤੇ ਮੈਂ 5
   * 31 ਅਕਤੂਬਰ 1984
2. ਦੰਗੇ ਨਹੀਂ ਕਤਲੇਆਮ 23
   * ਕਿੰਨੇ ਪਾਕਿਸਤਾਨ ?
   * 'ਹਿੰਦ ਦੀ ਚਾਦਰ' 'ਤੇ ਹਮਲਾ
   * ਇੱਜ਼ਤ ਤਾਰ-ਤਾਰ
   * ਕਾਤਲਾਂ ਦੀ ਟਰੇਨ
3. ਸਰਕਾਰ ਕਾਤਲਾਂ ਦੇ ਨਾਲ 55
   * ਘਰ ਬਣਿਆ ਸਰਹਦ, ਕਦੋਂ ਕੱਟੇਗੀ ਚੌਰਾਸੀ
   * ਅਸਹਾਇ ਰਾਸ਼ਟਰਪਤੀ, ਮੌਨ ਗ੍ਰਹਿ ਮੰਤਰੀ
   * ਦੰਗਾਈ ਖਾਕੀ
   * ਵੇਖਦੀ ਰਹੀ ਫ਼ੌਜ
4. ਕਤਲੇਆਮ ਦੇ ਦੋਸ਼ੀ 85
   * ਭਗਤ ਤੋਂ ਬਦਲਾ
   * ਸਿਰਾਂ ਦੇ ਮੁੱਲ
   * ਕਤਲੇਆਮ ਤੇ ਸਤਾ ਦੀ ਪੌੜੀ
5. ਕਤਲੇਆਮ ਦੀ ਤਬਾਹੀ 105
   * ਕਤਲੇਆਮ ਦੇ ਅਨਾਥ
   * ਕਦੋਂ ਮਿਲੇਗੀ ਸ਼ਾਂਤੀ !
   * ਗੁਰੂ ਦੀ ਗੋਲਕ ਵਿੱਚ ਖਿਆਨਤ
   * ਵੇਂਕੀ ਤੋਂ ਤਿਹਾੜ ਤਕ
6. ਜਿਨ੍ਹਾਂ ਦੀ ਜ਼ਮੀਰ ਜ਼ਿੰਦਾ ਸੀ 145
   * ਧਰਮ ਭਰਾ
7. ਨਹੀਂ ਘੁੰਮਿਆ ਨਿਆਂ ਦਾ ਚੱਕਰ 153
8. ਅਨਿਆਂ ਦੇ ਖ਼ਿਲਾਫ਼ ਜੁੱਤਾ 165
9. 1984 ਤੋਂ ਹੁਣ ਤਕ 193

31 ਅਕਤੂਬਰ 1984

ਜੂਨ 1984 ਵਿੱਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਆਪਰੇਸ਼ਨ ਬਲਿਊ ਸਟਾਰ ਦੌਰਾਨ ਭਾਰਤੀ ਫ਼ੌਜ ਦੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਦਾਖਲ ਹੋਣ ਤੋਂ ਆਹਤ ਦੋ ਸਿੱਖ ਸੁਰੱਖਿਆ-ਕਰਮੀਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਗੋਲੀ ਮਾਰ ਦਿੱਤੀ ਸੀ। ਘਰ ਵਿੱਚ ਪਿਤਾ ਜੀ ਦੇ ਚਿਹਰੇ 'ਤੇ ਚਿੰਤਾ ਦੀਆਂ ਲਕੀਰਾਂ ਸਾਫ਼ ਨਜ਼ਰ ਆ ਰਹੀਆਂ ਸੀ। ਉਹ ਆਪਣੀ ਚਿੰਤਾ ਮਾਂ ਨਾਲ ਸਾਂਝੀ ਕਰ ਹੀ ਰਹੇ ਸੀ ਕਿ ਸ਼ਾਮ ਨੂੰ ਸਫਦਰਜੰਗ ਇਨਕਲੇਵ ਦੇ ਕੋਲ ਅਰਜਨ ਨਗਰ ਵਿੱਚ ਰਹਿਣ ਵਾਲੀ ਮਾਸੀ ਜੋਗਿੰਦਰ ਕੌਰ ਦਾ ਫ਼ੋਨ ਆਇਆ ਕਿ ਉਨ੍ਹਾਂ ਦੇ ਸਿੱਖ ਗੁਆਂਢੀ ਕਾਬੁਲ ਸਿੰਘ ਜੋ ਕਿ ਗੁਰਦੁਆਰੇ ਵਿੱਚ ਕੀਰਤਨ ਕਰਦੇ ਨੇ, ਏਮਸ ਹਸਪਤਾਲ ਦੇ ਕੋਲੋਂ ਲੰਘ ਰਹੇ ਸੀ ਤਾਂ ਵੇਖਿਆ ਕਿ ਗੁੱਸੇ ਨਾਲ ਭਰੀ ਭੀੜ

ਗੱਡੀਆਂ ਵਿੱਚੋਂ ਕੱਢ-ਕੱਢ ਕੇ ਸਿੱਖਾਂ ਨੂੰ ਮਾਰ-ਕੁੱਟ ਰਹੀ ਹੈ। ਸਿੱਖਾਂ ਦੀਆਂ ਪੱਗਾਂ ਉਛਾਲੀਆਂ ਜਾ ਰਹੀਆਂ ਹਨ ਤੇ ਉਹ ਬਹੁਤ ਮੁਸ਼ਕਿਲ ਬਚ ਕੇ ਆਏ ਨੇ। ਉਦੋਂ ਹੀ ਪਤਾ ਲੱਗਾ ਕਿ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੀ ਜਦੋਂ ਇੰਦਰਾ ਗਾਂਧੀ ਨੂੰ ਵੇਖਣ ਗਏ ਤਾਂ ਉਨ੍ਹਾਂ 'ਤੇ ਭੀੜ ਨੇ ਪਥਰਾਅ ਕਰ ਦਿੱਤਾ ਤੇ ਕਾਫਿਲੇ ਦੀਆਂ ਗੱਡੀਆਂ ਦੇ ਸ਼ੀਸ਼ੇ ਭੰਨ ਦਿੱਤੇ। ਮਾਂ ਗੁਆਂਢੀ ਦੇ ਘਰ ਤੋਂ ਮਾਸੀ ਜੀ ਦਾ ਫ਼ੋਨ ਸੁਣ ਕੇ ਆਈ ਤਾਂ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਜ਼ਿਆਦਾ ਡੂੰਘੀਆਂ ਹੋ ਗਈਆਂ ਸਨ। ਵੈਸੇ ਅਜੇ ਵੀ ਕਿਸੇ ਨੇ ਸੁਪਨੇ ਵਿੱਚ ਵੀ ਇਹ ਨਹੀਂ ਸੀ ਸੋਚਿਆ ਜੋ ਕਿ ਅਗਲੇ ਦਿਨ ਤੋਂ ਸ਼ੁਰੂ ਹੋਣ ਵਾਲਾ ਸੀ।

ਅਸੀਂ ਅਗਲੇ ਦਿਨ 1 ਨਵੰਬਰ ਨੂੰ ਬੇਖ਼ੌਫ਼ ਤੇ ਬੇਖ਼ਬਰ ਤੜਕੇ ਹੀ ਨੇੜੇ ਦੀ ਸ਼ਿਵ ਵਾਟਿਕਾ ਦੇ ਲੰਮੇ ਵਾਲੇ ਪਾਰਕ ਵਿੱਚ ਕ੍ਰਿਕੇਟ ਖੇਡਣ ਨਿਕਲ ਪਏ। ਇਹ ਪਾਰਕ ਰਿਹਾਇਸ਼ੀ ਇਲਾਕੇ ਤੋਂ ਥੋੜਾ ਕਿਨਾਰੇ 'ਤੇ ਪੈਂਦਾ ਸੀ, ਇਸ ਲਈ ਬੇਖਬਰ ਤੇ ਬੇ ਖਟਕੇ ਕਈ ਘੰਟੇ ਖੇਡਦੇ ਰਹੇ। ਥੱਕ ਗਏ ਤਾਂ ਘਰਾਂ ਦੀ ਸੁਧ ਆਈ। ਆਮ ਤੌਰ 'ਤੇ ਐਸਾ ਹੀ ਹੁੰਦਾ ਸੀ। ਖੇਡਣ ਵਿੱਚ ਐਨੇ ਰੁੱਝ ਜਾਂਦੇ ਸੀ ਕਿ ਇਹ ਵੀ ਭੁੱਲ ਜਾਂਦੇ ਕਿ ਕੁਝ ਖਾਧਾ-ਪੀਤਾ ਹੈ ਜਾਂ ਨਹੀਂ। ਘਰ ਪੁੱਜ ਕੇ ਝਿੜਕਾਂ ਵੀ ਪੈਂਦੀਆਂ ਤੇ ਮਾਂ ਕਦੇ-ਕਦੇ ਕਹਿ ਦਿੰਦੀ, "ਕਿਉਂ, ਪਾਰਕ ਵਿੱਚ ਕੋਈ ਮਾਂ ਨਹੀਂ ਮਿਲੀ ਜੋ ਰੋਟੀ ਵੀ ਖੁਆਉਂਦੀ, ਪਾਰਕ ਵਿੱਚ ਹੀ ਜਾਓ।" ਇਹ ਵੀ ਮਾਂ ਦਾ ਪਿਆਰ ਸੀ। ਖ਼ੈਰ ਘਰ ਦੇ ਵੱਲ ਪਰਤਦੇ ਹੋਏ ਅਜੇ ਸਿੰਧੀ ਸਕੂਲ ਕੋਲ ਹੀ ਪਹੁੰਚੇ ਸੀ ਕਿ ਤੇਜ਼ ਸ਼ੋਰ ਸੁਣਾਈ ਦੇਣ ਲੱਗਾ। ਇਉਂ ਲੱਗਾ ਕਿ ਭੀੜ ਕੁਝ ਜ਼ੋਰ-ਜ਼ੋਰ ਨਾਲ ਚੀਖ ਰਹੀ ਹੈ। ਅੱਖਾਂ ਹੀ ਅੱਖਾਂ ਵਿੱਚ ਦੋਸਤਾਂ ਨੇ ਇਸ਼ਾਰਾ ਕੀਤਾ ਕਿ ਚਲੋ ਵੇਖਦੇ ਹਾਂ ਕਿ ਕੀ ਹੋ ਰਿਹਾ ਹੈ? ਇਹ ਬਾਲ ਸੁਭਾਅ ਹੀ ਹੈ ਤੇ ਹੁਣ ਤਾਂ ਉਤਸੁਕਤਾ ਹੋਰ ਵੱਧ ਗਈ।

ਤਦੇ ਵੱਡਾ ਭਰਾ ਚਰਨਜੀਤ ਸਿੰਘ ਜੋ ਕਿ 13 ਸਾਲਾਂ ਦਾ ਸੀ, ਬੋਲਿਆ, "ਘਰ ਵਿੱਚ ਮੰਮੀ ਦੀ ਡਾਂਟ ਖਾਣੀ ਹੈ ਕੀ ? ਸਿੱਧੇ ਨੱਕ ਦੀ ਸੀਧੇ ਘਰ ਚਲੋ, ਸਵੇਰ ਤੋਂ ਨਾਸ਼ਤਾ ਵੀ ਨਹੀਂ ਕੀਤਾ ਹੈ।" ਵੱਡੇ ਭਰਾ ਦੀ ਗੱਲ ਟਾਲਣ ਦੀ ਹਿੰਮਤ ਸਾਡੇ ਵਿੱਚੋਂ ਕਿਸੇ ਦੀ ਨਹੀਂ ਹੁੰਦੀ ਸੀ। ਵੈਸੇ ਵੀ ਸਭ ਤੋਂ ਜ਼ਿਆਦਾ ਤਾਕਤਵਰ ਸੀ, ਉਸ ਨਾਲ ਪੰਗਾ ਕੌਣ ਲਵੇ ?

ਅਜੇ ਗਲੀ ਵਿੱਚ ਪਹੁੰਚੇ ਹੀ ਸੀ ਕਿ ਮਾਂ ਦਾ ਘਬਰਾਇਆ ਹੋਇਆ ਚਿਹਰਾ

ਨਜ਼ਰ ਆਇਆ। ਜੋ ਡਾਂਟ ਪੈਣੀ ਸ਼ੁਰੂ ਹੋਈ, ਉਹ ਅੱਜ ਤਕ ਯਾਦ ਹੈ। ਇੱਕ-ਦੋ ਕਰਾਰੀਆਂ ਚੰਡਾਂ ਵੀ ਪੈ ਗਈਆਂ। ਮਾਂ ਬਹੁਤ ਪਰੇਸ਼ਾਨ ਸੀ। ਪਤਾ ਲੱਗਾ ਕਿ ਗੁਆਂਢੀ ਦੇ ਵੱਡੇ ਪੁੱਤਰ ਰਾਜੂ ਨੂੰ ਸਾਨੂੰ ਵੇਖਣ ਲਈ ਕਾਫ਼ੀ ਦੇਰ ਪਹਿਲਾਂ ਭੇਜਿਆ ਗਿਆ ਸੀ ਪਰ ਉਹ ਕਈ ਪਾਰਕਾਂ ਵਿੱਚ ਲੱਭ ਆਇਆ ਪਰ ਅਸੀਂ ਉਸਨੂੰ ਨਹੀਂ ਮਿਲੇ। ਅਸਲ ਵਿੱਚ ਅੱਜ ਅਸੀਂ ਸ਼ਿਵ ਵਾਟਿਕਾ ਖੇਡਣ ਚਲੇ ਗਏ ਸੀ ਤੇ ਜਿਸ ਲੰਮੇ ਪਾਰਕ ਵਿੱਚ ਜਿੱਥੇ ਖੇਡ ਰਹੇ ਸੀ, ਉਹ ਸ਼ਾਇਦ ਉਥੋਂ ਤਕ ਪਹੁੰਚ ਹੀ ਨਹੀਂ ਸਕਿਆ। ਜਦੋਂ ਅਸੀਂ ਕਾਫ਼ੀ ਦੇਰ ਨਹੀਂ ਲੱਭੇ ਤਾਂ ਮਾਂ ਪਰੇਸ਼ਾਨ ਹੋ ਗਈ ਸੀ। ਪਹਿਲਾਂ ਵੀ ਤਾਂ ਦੇਰ ਹੋ ਜਾਂਦੀ ਸੀ ਪਰ ਐਨਾ ਪਰੇਸ਼ਾਨ ਕਦੇ ਨਹੀਂ ਹੋਈ ਸੀ। ਅੱਜ ਕੀ ਹੋ ਗਿਆ ਹੈ ? ਇਸ ਤੋਂ ਪਹਿਲਾਂ ਕਿ ਕੁਝ ਪੁੱਛਦੇ, ਘਰ ਦੇ ਸਾਰੇ ਬੱਚਿਆਂ ਨੂੰ ਸਭ ਤੋਂ ਅੰਦਰ ਵਾਲੇ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ। ਇਸ ਕਮਰੇ ਦਾ ਦਰਵਾਜ਼ਾ ਬਹੁਤ ਮੁਸ਼ਕਿਲ ਨਾਲ ਬੰਦ ਹੁੰਦਾ ਸੀ, ਕਈ ਸਾਲਾਂ ਤੋਂ ਬੰਦ ਵੀ ਨਹੀਂ ਕੀਤਾ ਸੀ। ਅੱਜ ਪਾਪਾ ਨੇ ਪੂਰਾ ਜ਼ੋਰ ਲਾ ਕੇ ਬੰਦ ਕਰ ਦਿੱਤਾ।

ਅਸੀਂ ਸਾਰੇ ਭਰਾ-ਭੈਣ ਕਮਰੇ ਵਿੱਚ ਬੰਦ ਸਮਝ ਨਹੀਂ ਪਾ ਰਹੇ ਸੀ ਕਿ ਕੀ ਹੋ ਰਿਹਾ ਹੈ ? ਜੇਕਰ ਖੇਡਣ ਵਿੱਚ ਥੋੜੀ ਦੇਰ ਹੋ ਗਈ ਤਾਂ ਕੀ ਐਨੀ ਸਜ਼ਾ ਮਿਲੇ ਗੀ ? ਹੁਣ ਵੱਡੀ ਭੈਣ ਸਤਵਿੰਦਰ ਕੌਰ ਨੇ ਦੱਸਿਆ ਕਿ ਬਾਹਰ ਸਿੱਖਾਂ ਦੇ ਨਾਲ ਮਾਰ-ਕੁੱਟ ਤੇ ਲੁੱਟ-ਖਸੁੱਟ ਹੋ ਰਹੀ ਹੈ। 'ਲੁੱਟ-ਖਸੁੱਟ' ਜਿਹਾ ਸ਼ਬਦ ਪਹਿਲੀ ਵਾਰ ਸੁਣਿਆ ਸੀ। ਉਤਸੁਕਤਾ ਵੱਧਣ ਲੱਗ ਪਈ ਸੀ। ਮਾਂ ਕਪੜੇ ਧੋਣ ਲੱਗ ਪਈ ਪਰ ਨਾਲ ਹੀ ਧਿਆਨ ਬਾਹਰ ਵੱਲ ਬਣਿਆ ਹੋਇਆ ਸੀ। ਥੋੜੀ-ਥੋੜੀ ਦੇਰ ਬਾਅਦ ਬਜ਼ੁਰਗ ਮੁਲਤਾਨੀ ਗੁਆਂਢਣ ਜਿਸਨੂੰ ਸਾਰਾ ਮਹੱਲਾ 'ਭਾਬੀ ਜੀ' ਕਹਿ ਕੇ ਸੱਦਦਾ ਸੀ, ਆਉਂਦੀ ਤੇ ਆਪਣੀ ਮੁਲਤਾਨੀ ਭਾਸ਼ਾ ਵਿੱਚ ਕਹਿੰਦੀ ਕਿ "ਚਿੰਤਾ ਨਾ ਕਰੋ।''

ਸਾਰਾ ਮਹੱਲਾ ਜਾਂ ਕਿਹਾ ਜਾਏ ਕਿ ਪੂਰਾ ਲਾਜਪਤ ਨਗਰ ਹੀ ਦੇਸ਼ ਦੀ ਵੰਡ ਦੇ ਬਾਅਦ ਪਾਕਿਸਤਾਨ ਦੇ ਵੱਲੋਂ ਆਏ ਸਿੱਖਾਂ ਤੇ ਹਿੰਦੂਆਂ ਨੂੰ ਵਸਾਉਣ ਲਈ ਬਣਿਆ ਸੀ। ਆਪਸ ਵਿੱਚ ਇੱਕ ਦਰਦ ਤੇ ਵੰਡ ਦਾ ਰਿਸ਼ਤਾ ਸੀ, ਇਸੇ ਲਈ ਕਦੇ ਬੇਗਾਨਾਪਨ ਮਹਿਸੂਸ ਨਹੀਂ ਸੀ ਹੁੰਦਾ। ਇਸੇ ਭਾਬੀ ਜੀ ਦੇ ਸੰਸਾਰ ਤੋਂ ਚਲੇ ਜਾਣ ਬਾਅਦ ਇਨ੍ਹਾਂ ਦੀ ਨੂੰਹ ਨੇ ਮੇਰੀ ਮਾਂ ਨੂੰ ਸੱਸ ਦਾ ਦਰਜਾ ਦੇ ਦਿੱਤਾ ਸੀ। ਉਨ੍ਹਾਂ ਦੇ ਬੱਚਿਆਂ ਦੇ ਸਾਰੇ ਵਿਆਹਾਂ ਵਿੱਚ ਮੇਰੀ ਮਾਂ ਨੇ ਇਹ ਭੂਮਿਕਾ ਨਿਭਾਈ।

ਦਾਦਾ ਜੀ ਵੰਡ ਤੋਂ ਪਹਿਲਾਂ ਲਾਹੌਰ ਦੇ ਕੋਲ ਇੱਕ ਪਿੰਡ ਵਿੱਚ ਖੇਤੀਬਾੜੀ ਕਰਦੇ ਸੀ। ਵੰਡ ਦੇ ਬਾਅਦ ਜਿਵੇਂ-ਤਿਵੇਂ ਉਥੋਂ ਖਾਲੀ ਹੱਥੀਂ ਲੁਟ-ਪੱਟ ਕੇ ਇਥੇ ਆਏ ਸੀ। ਟੀਨ ਦੀਆਂ ਛੱਤਾਂ ਵਾਲੇ ਘਰ ਮਿਲੇ ਜਿਨ੍ਹਾਂ ਵਿੱਚ ਸਰਦੀ ਤੇ ਗਰਮੀ ਦੋਵੇਂ ਹੀ ਆਪਣਾ ਪੂਰਾ ਜ਼ੋਰ ਵਿਖਾਉਂਦੀਆਂ। ਇੱਕ ਵਾਰ ਛੱਤ 'ਤੇ ਪਹੁੰਚ ਕੇ ਕਿਸੇ ਦੇ ਵੀ ਘਰ ਪਹੁੰਚ ਸਕਦੇ ਸੀ। ਪਿਤਾ ਜੀ ਨੂੰ ਬੜੀ ਮੁਸ਼ਕਿਲ ਨਾਲ ਸੀ.ਪੀ.ਡਬਲਿਊ.ਡੀ. ਵਿੱਚ ਨੌਕਰੀ ਮਿਲੀ ਤਾਂ ਘਰ ਚਲਣਾ ਸ਼ੁਰੂ ਹੋਇਆ।

ਅਸੀਂ ਭਾਵੇਂ ਸਾਰਾ ਦਿਨ ਲਾਜਪਤ ਨਗਰ ਵਿੱਚ ਘੁੰਮਦੇ ਰਹਿੰਦੇ, ਮਾਂ ਪਰੇਸ਼ਾਨ ਨਹੀਂ ਹੁੰਦੀ ਸੀ। ਪਰ 1 ਨਵੰਬਰ ਨੂੰ ਸਵੇਰ ਤੋਂ ਹੀ ਮਾਹੌਲ ਬਦਲਿਆ ਹੋਇਆ ਲੱਗ ਰਿਹਾ ਸੀ। ਅੱਜ ਚਿੰਤਾ ਹੋ ਰਹੀ ਸੀ। ਘਰ ਦੇ ਸਾਹਮਣੇ ਬਰਸਾਤੀ ਨਾਲਾ ਸੀ ਤੇ ਨਾਲੇ ਦੇ ਉਸ ਪਾਸਿਓਂ ਸ਼ੋਰ ਵੱਧਦਾ ਜਾ ਰਿਹਾ ਸੀ। ਮਾਂ ਨੇ ਪਿਤਾ ਜੀ ਦੇ ਨਾਂ ਵਾਲੀ ਨੇਮਪਲੇਟ ਘਰ ਦੇ ਬਾਹਰ ਤੋਂ ਹਟਾ ਦਿੱਤੀ।

ਇਸ ਵਾਰ ਭਾਬੀ ਜੀ ਫਿਰ ਆਏ ਤਾਂ ਮਾਂ ਨੇ ਉਨ੍ਹਾਂ ਨੂੰ ਕਿਹਾ ਕਿ "ਤੁਸੀਂ ਵਾਰ-ਵਾਰ ਇਸ ਤਰ੍ਹਾਂ ਨਾ ਆਓ, ਇਸ ਨਾਲ ਵੀ ਭੀੜ ਨੂੰ ਸ਼ੱਕ ਹੋ ਸਕਦਾ ਹੈ ਕਿ ਇਹ ਸਿੱਖਾਂ ਦਾ ਘਰ ਹੈ।" ਨਾਲੇ ਦੇ ਇਸ ਪਾਰ ਪੂਰੀ ਗਲੀ ਵਿੱਚ ਇੱਕ ਸਾਡਾ ਹੀ ਘਰ ਸਿੱਖਾਂ ਦਾ ਸੀ। ਨਾਲੇ ਦੇ ਇਸ ਪਾਰ ਹੋਣਾ ਸ਼ਾਇਦ ਵਰਦਾਨ ਬਣ ਗਿਆ ਸੀ।

ਜਦੋਂ ਭੀੜ ਦਾ ਸ਼ੋਰ ਵੱਧਣ ਲੱਗਾ ਤਾਂ ਮਾਂ ਨੇ ਸਾਨੂੰ ਮੁੰਡਿਆਂ ਨੂੰ ਕਮਰੇ ਦੇ ਅੰਦਰ ਹੀ ਪਰਛੱਤੀ 'ਤੇ ਚੜ੍ਹ ਕੇ ਲੁੱਕ ਜਾਣ ਲਈ ਕਿਹਾ। ਅਸੀਂ ਹੈਰਾਨ ਕਿ ਵੈਸੇ ਕਦੇ ਲੁੱਕਾ-ਛਿਪੀ ਖੇਡਦੇ ਹੋਏ ਪਰਛੱਤੀ 'ਤੇ ਚੜ੍ਹ ਜਾਓ ਤਾਂ ਬਹੁਤ ਡਾਂਟ ਪੈਂਦੀ ਹੈ, ਪਰ ਹੁਣ ਖ਼ੁਦ ਹੀ ਕਹਿ ਰਹੇ ਨੇ। ਕਾਫ਼ੀ ਦੇਰ ਤਕ ਅਸੀਂ ਛੋਟੇ ਤਿੰਨੇ ਭਰਾ ਉਸ ਦਮ ਘੁੱਟਣ ਵਾਲੀ ਪਰਛੱਤੀ 'ਤੇ ਲੁੱਕੇ ਰਹੇ। ਵੱਡੇ ਭਰਾ ਜਸਬੀਰ ਸਿੰਘ ਨੂੰ ਕਿਸੇ ਹੋਰ ਗੁਆਂਢੀ ਦੇ ਘਰ ਭੇਜ ਦਿੱਤਾ ਗਿਆ ਸੀ। ਬਹੁਤ ਦੇਰ ਤਕ ਬੰਦ ਰਹਿਣ ਕਰਕੇ ਸਾਹ ਘੁੱਟ ਰਿਹਾ ਸੀ ਪਰ ਅੱਜ ਮਾਂ ਰੋਟੀ ਦੇਣਾ ਵੀ ਭੁੱਲ ਗਈ। ਸਵੇਰੇ ਨਾਸ਼ਤਾ ਵੀ ਨਹੀਂ ਸੀ ਕੀਤਾ। ਭੁੱਖ ਦੇ ਮਾਰੇ ਪੇਟ ਵਿੱਚ ਚੂਹੇ ਉੱਛਲ-ਕੁੱਦ ਕਰ ਰਹੇ ਸੀ। ਅਜੇ ਕਮਰੇ ਵਿੱਚ ਬੰਦ ਹੀ ਸੀ ਕਿ ਭਾਬੀ ਫਿਰ ਆ ਗਈ। ਦੱਸਿਆ ਕਿ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਹੈ ਤੇ ਸਿੱਖਾਂ ਦੀਆਂ ਦੁਕਾਨਾਂ ਨੂੰ ਵੀ ਲੁੱਟ ਕੇ ਅੱਗ ਲਾਈ

ਜਾ ਰਹੀ ਹੈ। ਭਾਬੀ ਨੇ ਗੁਆਂਢੀਆਂ ਦੇ ਇੱਕ ਮੁੰਡੇ ਨੂੰ ਜੁੱਤਿਆਂ ਦੇ ਡੱਬੇ ਲਿਆਉਂਦੇ ਹੋਏ ਵੇਖਿਆ ਸੀ। ਉਹ ਸੈਂਟਰਲ ਮਾਰਕੀਟ ਵਿੱਚ ਵੋਲਗਾ ਵਾਲੇ ਸਰਦਾਰ ਜੀ ਦੀ ਲੁੱਟੀ ਜਾ ਰਹੀ ਦੁਕਾਨ ਵਿੱਚੋਂ ਆਪਣੇ ਲਈ 20 ਜੋੜੇ ਜੁੱਤੇ ਲੈ ਆਇਆ ਸੀ। ਇਹ ਗੱਲ ਵੱਖਰੀ ਸੀ ਕਿ ਜਦੋਂ ਸਾਰੇ ਡੱਬਿਆਂ ਵਿੱਚੋਂ ਇੱਕ-ਇੱਕ ਪੈਰ ਦਾ ਹੀ ਜੁੱਤਾ ਨਿਕਲਿਆ ਤਾਂ ਬਹੁਤ ਸ਼ਰਮਿੰਦਾ ਹੋਇਆ। ਗੁਆਂਢੀ ਲੁੱਟਣ ਵਾਲਿਆਂ ਵਿੱਚ ਤਾਂ ਸ਼ਾਮਲ ਨਹੀਂ ਸੀ ਪਰ ਕੁਝ ਮੁੰਡੇ ਲਗੇ ਹੱਥ ਮਾਲ ਸਾਫ਼ ਕਰਨ ਵਿੱਚ ਜ਼ਰੂਰ ਜੁਟ ਗਏ ਸੀ।

ਦੇਰ ਰਾਤ ਸਾਨੂੰ ਪਰਛੱਤੀ ਤੋਂ ਉਤਰਨ ਲਈ ਕਿਹਾ ਗਿਆ। ਹੁਣ ਸਭ ਤੋਂ ਵੱਡੇ ਭਰਾ ਗੁਰਚਰਨ ਸਿੰਘ ਜਿਸਦੀ ਬਚਪਨ ਵਿੱਚ ਹੀ ਇੱਕ ਲੱਤ ਪੋਲੀਓ ਕਰਕੇ ਖਰਾਬ ਹੋ ਗਈ ਸੀ, ਨੇ ਨਿਵਾਸਪੁਰੀ ਜਾਣ ਦੀ ਠਾਨ ਲਈ। ਨਿਵਾਸਪੁਰੀ ਵਿੱਚ ਪਿਤਾ ਜੀ ਨੂੰ ਹਾਲ ਵਿੱਚ ਹੀ ਸਰਕਾਰੀ ਕੁਆਟਰ ਮਿਲਿਆ ਸੀ ਤੇ ਗੁਰਚਰਨ ਉਥੇ ਰਹਿ ਕੇ ਹੀ ਪੜ੍ਹਾਈ-ਲਿਖਾਈ ਕਰ ਰਿਹਾ ਸੀ। ਪੋਲੀਓ ਤੋਂ ਗ੍ਰਸਤ ਹੋਣ ਦੇ ਬਾਵਜੂਦ ਉਹ ਪੜ੍ਹਾਈ ਵਿੱਚ ਮਿਹਨਤ ਕਰ ਰਿਹਾ ਸੀ ਤੇ ਬੀ.ਕਾਮ. ਦੇ ਬਾਅਦ ਹੁਣ ਕੰਪਨੀ ਸੈਕਰੇਟਰੀ ਬਣਨ ਦੀ ਤਿਆਰੀ ਵਿੱਚ ਸੀ। ਘਰਵਾਲਿਆਂ ਨੇ ਬਹੁਤ ਸਮਝਾਇਆ ਕਿ ਹਾਲਾਤ ਖਰਾਬ ਨੇਤੇ ਇਸ ਲਈ ਅੱਜ ਰਾਤ ਇਥੇ ਘਰ ਵਿੱਚ ਹੀ ਰਹਿ ਜਾਏ।

ਇਸ 'ਤੇ ਉਸਨੇ ਕਿਹਾ ਕਿ "ਮੈਂ ਵਿਕਲਾਂਗ ਵਿਅਕਤੀ ਹਾਂ ਤੇ ਤਿੰਨ ਪਹੀਏ ਵਾਲੀ ਸਾਈਕਲ 'ਤੇ ਜਾ ਰਿਹਾ ਹਾਂ, ਭਲਾ ਮੈਨੂੰ ਕੋਈ ਕੀ ਕਹੇਗਾ ?" ਉਨ੍ਹਾਂ ਨੂੰ ਅਹਿਸਾਸ ਨਹੀਂ ਸੀ ਕਿ ਜਦੋਂ ਵਹਿਸ਼ੀਪਨ ਸਿਰ 'ਤੇ ਚੜ੍ਹਦਾ ਹੈ ਤਾਂ ਭੀੜ ਇਹ ਭੁੱਲ ਜਾਂਦੀ ਹੈ ਕਿ ਸਾਹਮਣੇ ਵਾਲਾ ਵਿਕਲਾਂਗ ਹੈ ਜਾਂ ਨਹੀਂ, ਤਿੰਨ ਪਹੀਏ ਵਾਲੀ ਸਾਈਕਲ 'ਤੇ ਹੋਵੇ ਜਾਂ ਚਾਰ ਪਹੀਏ ਵਾਲੀ ਗੱਡੀ 'ਤੇ। ਘਰ ਤੋਂ ਥੋੜੀ ਦੂਰ ਜਾਂਦਿਆਂ ਹੀ ਉਨ੍ਹਾਂ 'ਤੇ ਹਮਲਾ ਹੋ ਗਿਆ। ਉਨ੍ਹਾਂ ਦੀ ਤਿੰਨ ਪਹੀਏ ਵਾਲੀ ਸਾਈਕਲ ਨੂੰ ਪਲਟ ਦਿੱਤਾ। ਉਹ ਭੱਜ ਨਹੀਂ ਸਕਦੇ ਸੀ। ਪੱਗ ਲਾਹ ਦਿੱਤੀ ਤੇ ਭੀੜ ਨੇ ਡਾਂਗਾਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਬੁਰੀ ਤਰ੍ਹਾਂ ਕੁੱਟਦੇ ਰਹੇ ਪਰ ਕੋਈ ਬਚਾਉਣ ਨਾ ਆਇਆ। ਬਾਅਦ ਵਿੱਚ ਲੋਕਲ ਲੋਕਾਂ ਨੇ ਸਾਈਕਲ ਸਿੱਧੀ ਕਰਕੇ ਉਨ੍ਹਾਂ ਨੂੰ ਬਿਠਾਇਆ। ਹੁਣ ਉਹ ਸਰੀਰ ਤੇ ਦਿਲ 'ਤੇ ਡੂੰਘੀਆਂ ਚੋਟਾਂ ਖਾ ਕੇ ਜਿਵੇ ਤਿਵੇਂ ਘਰ ਪਰਤ ਆਏ। ਕਈ ਦਿਨਾਂ ਤਕ ਸਦਮੇ ਵਿੱਚ ਰਹੇ। ਮੈਨੂੰ ਅੱਜ ਤਕ

ਉਨ੍ਹਾਂ ਲੋਕਾਂ ਦੀ ਮਾਨਸਿਕਤਾ 'ਤੇ ਹੈਰਾਨੀ ਹੁੰਦੀ ਹੈ ਜੋ ਕਿਸੇ ਅਪਾਹਿਜ ਵਿਅਕਤੀ ਨੂੰ ਬਿਨਾ ਕਿਸੇ ਕਸੂਰ ਐਵੇਂ ਮਾਰ ਤਕ ਸਕਦੇ ਸੀ।

ਰੱਬ ਦਾ ਨਾਂ ਲੈਂਦੇ-ਲੈਂਦੇ ਦਿਨ ਬੀਤਿਆਂ ਤਾਂ ਅਗਲੇ ਦਿਨ ਸਵੇਰੇ ਮਾਸੀ ਜੀ ਦਾ ਫਿਰ ਫ਼ੋਨ ਆਇਆ ਕਿ ਹਯਾਤ ਹੋਟਲ ਦੇ ਟੈਕਸੀ ਸਟੈਂਡ 'ਤੇ ਮਾਂ ਦੇ ਛੋਟੇ ਭਰਾ ਤੇ ਸਾਡੇ ਮਾਮਾ ਗੁਲਜ਼ਾਰ ਸਿੰਘ ਤੇ ਹੋਰ ਸਿੱਖ ਡਰਾਈਵਰਾਂ 'ਤੇ ਭੀੜ ਨੇ ਹਮਲਾ ਕੀਤਾ ਸੀ। ਮਾਮਾ ਜੀ ਉਥੇ ਆਪਣੀ ਟੈਕਸੀ ਚਲਾਉਂਦੇ ਸੀ ਜੋ ਕਿ ਨਾਨਾ ਜੀ ਨੇ ਆਪਣੀ ਸਾਰੀ ਜਮਾ-ਪੂੰਜੀ ਖਰਚ ਕਰਕੇ ਉਨ੍ਹਾਂ ਨੂੰ ਲੈ ਕੇ ਦਿੱਤੀ ਸੀ। ਨਾਨਾ ਜੀ ਵੰਡ ਤੋਂ ਪਹਿਲਾਂ ਬਲੂਚਿਸਤਾਨ ਵਿੱਚ ਕੰਮ ਕਰਕੇ ਆਏ ਸੀ। ਦੰਗਾਈਆਂ ਨੇ ਬਹੁਤ ਮਾਰਿਆ। ਸਾਰੇ ਕਪੜੇ ਖ਼ੂਨ ਨਾਲ ਭਰ ਗਏ ਤਾਂ ਦੰਗਾਈ ਮਰਿਆ ਹੋਇਆ ਸਮਝ ਕੇ ਛੱਡ ਗਏ। ਮਾਮਾ ਜੀ ਤਕੜੇ ਜੁਆਨ ਸੀ। ਜੇਕਰ 4-5 ਦੰਗਾਈ ਵੀ ਰਹੇ ਹੁੰਦੇ ਤਾਂ ਇਕੱਲਿਆਂ ਹੀ ਨਿਬੜ ਲੈਂਦੇ। ਪਰ ਭੀੜ ਦਾ ਹਜੂਮ ਸੈਂਕੜਿਆਂ ਵਿੱਚ ਸੀ। ਬੁਰੀ ਤਰ੍ਹਾਂ ਜ਼ਖ਼ਮੀ ਹੋਣ ਦੇ ਬਾਵਜੂਦ ਸਰਕਾਰੀ ਹਸਪਤਾਲ ਲੈ ਕੇ ਜਾਣ ਦਾ ਕੋਈ ਹਾਲ ਨਹੀਂ ਸੀ। ਸਭ ਤੋਂ ਨੇੜੇ ਏਮਸ ਪੈਂਦਾ ਸੀ ਪਰ ਏਮਸ ਵਿੱਚ ਤਾਂ ਰਾਸ਼ਟਰਪਤੀ ਦੇ ਕਾਫ਼ਿਲੇ 'ਤੇ ਹੀ ਹਮਲਾ ਹੋ ਗਿਆ ਸੀ, ਆਮ ਸਿੱਖ ਦੀ ਕੀ ਹੈਸੀਅਤ ?

ਪਤਾ ਕੀਤਾ ਤਾਂ ਪਾਇਆ ਕਿ ਸਰਕਾਰੀ ਹਸਪਤਾਲਾਂ ਵਿੱਚ ਸਿੱਖ ਮਰੀਜ਼ਾਂ ਨੂੰ ਦਾਖਲ ਹੀ ਨਹੀਂ ਕੀਤਾ ਜਾ ਰਿਹਾ। ਮਨੁੱਖਤਾ ਐਨੀ ਹੇਠਾਂ ਡਿੱਗ ਚੁੱਕੀ ਸੀ ਕਿ ਸਰਕਾਰੀ ਹਸਪਤਾਲਾਂ ਨੇ ਆਪਣੇ 'ਬਰਨਿੰਗ ਵਾਰਡ' ਹੀ ਬੰਦ ਕਰ ਦਿੱਤੇ। ਦਿੱਲੀ ਵਿੱਚ ਸਿੱਖਾਂ ਨੂੰ ਟਾਇਰ ਪਾ ਕੇ ਸਾੜਿਆ ਜਾ ਰਿਹਾ ਸੀ ਤੇ ਜੇਕਰ ਕੋਈ ਵਿਚਾਰਾ ਸੜੇ ਹੋਏ ਜ਼ਖ਼ਮੀ ਸਿੱਖ ਨੂੰ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਸਰਕਾਰੀ ਹਸਪਤਾਲ ਵਿੱਚ ਪਹੁੰਚ ਵੀ ਜਾਂਦਾ ਤਾਂ 'ਬਰਨਿੰਗ ਵਾਰਡ' ਬੰਦ ਹੋਣ ਦੀ ਗੱਲ ਕਹਿ ਕੇ ਹਸਪਤਾਲ ਦੇ ਬੂਹੇ ਤੋਂ ਹੀ ਮੋੜ ਦਿੱਤਾ ਜਾਂਦਾ। ਇਸ ਤਰ੍ਹਾਂ ਦੇ ਸੜੇ ਹੋਏ ਸੈਂਕੜੇ ਜ਼ਖ਼ਮੀ ਸਿੱਖ ਜੋ ਹਸਪਤਾਲ ਦੇ ਬੂਹੇ ਤੋਂ ਪਰਤਾ ਦਿੱਤੇ ਗਏ, ਵਾਪਸ ਘਰ ਜਾਂਦੇ ਹੋਏ ਕਤਲੇਆਮ ਦੇ ਸ਼ਿਕਾਰ ਹੋ ਗਏ ਸੀ। ਡਾਕਟਰੀ ਉੱਤੇ ਵੀ ਫਿਰਕੂਪਨ ਹਾਵੀ ਹੋ ਚੁੱਕਾ ਸੀ। ਸ਼ਾਇਦ ਹਸਪਤਾਲ ਪ੍ਰਬੰਧਕਾਂ ਨੂੰ ਲੱਗ ਰਿਹਾ ਸੀ ਕਿ ਜਦੋਂ ਸਰਕਾਰ, ਪ੍ਰਸ਼ਾਸਨ ਤੇ ਪੁਲਿਸ ਸਿੱਖਾਂ ਦੇ ਖਿਲਾਫ਼ ਹੈ ਤਾਂ ਸਰਕਾਰੀ ਹਸਪਤਾਲ ਕਿਵੇਂ ਉਨ੍ਹਾਂ ਦੇ ਨਾਲ ਹੋ ਸਕਦੇ ਹਨ ? ਸਰਦਾਰ ਤਾਂ ਗ਼ੱਦਾਰ ਨੇ ਤੇ ਇਨ੍ਹਾਂ ਦਾ ਇਲਾਜ ਕਰਨਾ

ਦੇਸ਼ ਦੇ ਖਿਲਾਫ਼ ਹੋਵੇਗਾ।

ਮਾਸੀ ਨੇ ਮਾਮਾ ਜੀ ਨੂੰ ਆਪਣੇ ਘਰ ਵਿੱਚ ਹੀ ਰੱਖ ਲਿਆ, ਹਸਪਤਾਲ ਲੈ ਕੇ ਜਾ ਨਹੀਂ ਸੀ ਸਕਦੇ। ਡਾਕਟਰ ਇਲਾਜ ਕਰੇਗਾ ਨਹੀਂ, ਭੀੜ ਨੇ ਵੇਖ ਲਿਆ ਤਾਂ ਉਲਟੇ ਲੈਣ ਦੇ ਦੇਣੇ ਪੈ ਜਾਣਗੇ। ਨਾਲ ਹੀ ਹਸਪਤਾਲ ਵਾਲੇ ਵੀ ਲੈਣ ਤੋਂ ਮਨਾ ਕਰ ਰਹੇ ਸੀ। ਕੀ ਕਰੀਏ ? ਕਿਸੇ ਤਰ੍ਹਾਂ ਨੇੜੇ ਰਹਿੰਦੀ ਇੱਕ ਪ੍ਰਾਈਵੇਟ ਈਸਾਈ ਨਰਸ ਦੇ ਹੱਥ-ਪੈਰ ਜੋੜੇ ਗਏ। ਉਹ ਨਰਸ ਰਾਤ ਨੂੰ ਛੁਪ ਕੇ ਆਉਂਦੀ ਤੇ ਮਾਮਾ ਜੀ ਦੀ ਮਰ੍ਹਮ-ਪੱਟੀ ਕਰਦੀ। ਸਾਰੇ ਸਰੀਰ 'ਤੇ ਜ਼ਖ਼ਮ ਸਨ ਪਰ ਡਾਕਟਰ ਦੀ ਬਜਾਏ ਨਰਸ ਹੀ ਇਲਾਜ ਕਰ ਰਹੀ ਸੀ। ਨਰਸ ਸਮਝਦਾਰ ਸੀ ਤੇ ਜਾਣਦੀ ਸੀ ਕਿ ਅਜਿਹੇ ਮਰੀਜ਼ ਨੂੰ ਕਿਹੜੀ ਦਵਾਈਆਂ ਤੇ ਟੀਕੇ ਦੇਣੇ ਹਨ।

ਹੁਣ ਮੈਂ 2 ਨਵੰਬਰ ਨੂੰ ਜ਼ਿੰਦਗੀ ਵਿੱਚ ਪਹਿਲੀ ਵਾਰ ਕਰਫ਼ਿਊ ਲਗਦੇ ਵੇਖ ਰਿਹਾ ਸੀ। ਪੁਲਿਸ ਦੀ ਇੱਕ ਜੀਪ ਇਹ ਐਲਾਨ ਕਰਦੇ ਹੋਏ ਨਿਕਲੀ ਕਿ ਸਾਰੇ ਲੋਕ ਘਰਾਂ ਦੇ ਅੰਦਰ ਚਲੇ ਜਾਣ, ਅੱਧੇ ਘੰਟੇ ਵਿੱਚ ਕਰਫ਼ਿਊ ਲੱਗਣ ਵਾਲਾ ਹੈ। ਮਾਂ ਕਹਿਣ ਲੱਗੀ ਕਿ ਹੁਣ ਸਭ ਠੀਕ ਹੋ ਜਾਵੇਗਾ, ਕਰਫ਼ਿਊ ਲੱਗਣ ਦੇ ਬਾਅਦ ਭੀੜ ਹਮਲਾ ਨਹੀਂ ਕਰੇਗੀ। ਪਰ ਅਸੀਂ ਇੰਤਜ਼ਾਰ ਹੀ ਕਰਦੇ ਰਹਿ ਗਏ ਤੇ ਕਰਫ਼ਿਊ ਲੱਗਿਆ ਹੀ ਨਹੀਂ। ਸੁਣਿਆ ਸੀ ਕਿ ਕਰਫ਼ਿਊ ਲੱਗਣ 'ਤੇ ਜੇਕਰ ਕੋਈ ਬਾਹਰ ਵਿਖਾਈ ਦੇ ਜਾਵੇ ਤਾਂ ਪੁਲਿਸ ਗੋਲੀ ਮਾਰ ਦਿੰਦੀ ਹੈ। ਪਰ ਇੱਥੇ ਤਾਂ ਕਰਫ਼ਿਊ ਲਾਉਣ ਲਈ ਜਿਵੇਂ ਹੀ ਪੁਲਿਸ ਦੀ ਜੀਪ ਆਉਂਦੀ ਤਾਂ ਲੋਕ ਹੋਰ ਜ਼ਿਆਦਾ ਘਰਾਂ ਤੋਂ ਬਾਹਰ ਆ ਜਾਂਦੇ ਸੀ। ਇਹ ਕਿਹੋ ਜਿਹਾ ਕਰਫ਼ਿਊ ਸੀ ? ਪੁਲਿਸ ਇਨ੍ਹਾਂ ਦੇ ਖਿਲਾਫ਼ ਕਾਰਵਾਈ ਕਿਉਂ ਨਹੀਂ ਕਰ ਰਹੀ ਸੀ ? ਮਾਂ ਤੋਂ ਪੁੱਛਿਆ ਤਾਂ ਉਸ ਕੋਲ ਕੋਈ ਜੁਆਬ ਨਹੀਂ ਸੀ। ਅੱਜ ਵੀ ਲੁੱਟ-ਖਸੁੱਟ ਹੋਈ ਪਰ ਬੀਤੇ ਕਲ ਦੇ ਮੁਕਾਬਲੇ ਘੱਟ ਸੀ। ਇਹੀ ਸੁਣਿਆ ਕਿ ਲਾਜਪਤ ਨਗਰ ਵਿੱਚ ਸਿੱਖਾਂ ਦੇ ਨਾਲ ਇਹ ਸਭ ਜੋ ਹੋ ਰਿਹਾ ਸੀ, ਉਸਦੇ ਪਿੱਛੇ ਲੋਕਲ ਕਾਂਗਰਸੀ ਨੇਤਾਵਾਂ ਦਾ ਵੀ ਹੱਥ ਸੀ।

ਹੁਣ ਤਿੰਨ ਕੁ ਦਿਨਾਂ ਬਾਅਦ ਰਾਤ ਨੂੰ ਗ਼ੈਰ-ਸਿੱਖ ਮਹੱਲੇ ਵਾਲਿਆਂ ਨੇ ਮੋਰਚਾ ਬੰਨ੍ਹਣਾ ਸ਼ੁਰੂ ਕਰ ਦਿੱਤਾ ਸੀ। ਕਿਹਾ ਗਿਆ ਕਿ ਭੀੜ ਨੇ ਹਮਲਾ ਕੀਤਾ ਤਾਂ ਅਸੀਂ ਖ਼ੁਦ ਬਚਾਅ ਕਰਾਂਗੇ। ਮੋਰਚਾ ਘਰ ਦੇ ਬਿਲਕੁਲ ਨੇੜੇ ਹੀ ਬੰਨ੍ਹਿਆ ਜਾ ਰਿਹਾ ਸੀ,

ਇਸ ਲਈ ਮਾਂ ਤੋਂ ਅੱਖ ਬਚਾ ਕੇ ਮੈਂ ਵੀ ਉਥੇ ਪਹੁੰਚ ਗਿਆ। ਉਹ ਲੋਕ ਹੈਰਾਨ ਸੀ ਤੇ ਮੈਨੂੰ ਬਹੁਤ ਅਜੀਬ ਢੰਗ ਨਾਲ ਵੇਖ ਰਹੇ ਸੀ। ਬਾਅਦ ਵਿੱਚ ਪਤਾ ਲੱਗਾ ਕਿ ਮਹੱਲੇ ਵਾਲਿਆਂ ਨੂੰ ਦੰਗਾਈਆਂ ਤੋਂ ਵੱਧ ਸਿੱਖਾਂ ਦੇ ਹਮਲੇ ਦਾ ਡਰ ਸਤਾ ਰਿਹਾ ਸੀ। ਇਸ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਸੀ ਕਿ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਪੰਜਾਬ ਤੋਂ ਸਿੱਖਾਂ ਦੀ ਰੇਲ ਆ ਰਹੀ ਹੈ ਤੇ ਸਿੱਖ ਕਦੇ ਵੀ ਕਿਧਰੋਂ ਵੀ ਹਮਲਾ ਕਰ ਸਕਦੇ ਹਨ ?

ਇਹ ਅਫ਼ਵਾਹ ਵੀ ਸੁਣਨ ਵਿੱਚ ਆਈ ਕਿ ਸਿੱਖਾਂ ਨੇ ਪਾਣੀ ਦੀ ਵੱਡੀ ਟੈਂਕੀ ਵਿੱਚ ਜ਼ਹਿਰ ਮਿਲਾ ਦਿੱਤਾ ਹੈ। ਮੈਂ ਕਿਸੇ ਨੂੰ ਪੁੱਛਿਆ ਕਿ ਕਿੱਥੇ ਮਿਲਾਇਆ ਹੈ ਤਾਂ ਉਸਨੇ ਪੂਰੇ ਲਾਜਪਤ ਨਗਰ ਨੂੰ ਪਾਣੀ ਦੀ ਸਪਲਾਈ ਕਰਨ ਵਾਲੀ ਟੈਂਕੀ ਵੱਲ ਇਸ਼ਾਰਾ ਕਰ ਦਿੱਤਾ। ਮੈਨੂੰ ਭਰੋਸਾ ਹੀ ਨਹੀਂ ਹੋਇਆ। ਲੱਗਿਆ ਕਿ ਐਨੀ ਵੱਡੀ ਟੈਂਕੀ 'ਤੇ ਚੜ੍ਹ ਕੇ ਭਲਾ ਕੌਣ ਜ਼ਹਿਰ ਮਿਲਾ ਸਕਦਾ ਹੈ। ਅਤੇ ਜੇਕਰ ਜ਼ਹਿਰ ਮਿਲਾ ਵੀ ਦਿੱਤਾ ਤਾਂ ਕੀ ਉਹ ਪਾਣੀ ਸਿੱਖਾਂ ਦੇ ਘਰਾਂ ਵਿੱਚ ਨਹੀਂ ਜਾਏਗਾ ? ਮੈਂ ਵੀ ਘਰ ਤੋਂ ਪਾਣੀ ਪੀ ਕੇ ਆਇਆ ਸੀ। ਹੁਣ ਜ਼ਹਿਰ ਮਿਲਾਉਣ ਵਾਲੇ 'ਤੇ ਗੁੱਸਾ ਆ ਰਿਹਾ ਸੀ। ਬਾਅਦ ਵਿੱਚ ਪਤਾ ਲੱਗਾ ਕਿ ਇਹ ਸਿਰਫ਼ ਅਫ਼ਵਾਹ ਸੀ ਤਾਂ ਕਿ ਸਿੱਖਾਂ ਦੇ ਪ੍ਰਤੀ ਹਮਦਰਦੀ ਹੀ ਨਾ ਪੈਦਾ ਹੋ ਸਕੇ। ਤਿੰਨ-ਚਾਰ ਦਿਨਾਂ ਬਾਅਦ ਸਕੂਲ ਗਿਆ ਤਾਂ ਗੁਰਦੁਆਰਾ ਸਾਹਿਬ ਨੂੰ ਹੋਇਆ ਨੁਕਸਾਨ ਵੇਖ ਕੇ ਮੈਂ ਰੋ ਪਿਆ। ਸਕੂਲ ਵਿੱਚ ਵੀ ਕਤਲੇਆਮ ਦੀਆਂ ਹੀ ਗੱਲਾਂ ਹੁੰਦੀਆਂ। ਜਦੋਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਆਇਆ ਤਾਂ ਇਸ ਵਾਰ ਪ੍ਰਭਾਤ ਫੇਰੀਆਂ ਵੀ ਨਹੀਂ ਕੱਢੀਆਂ ਗਈਆਂ। ਇਸੇ ਦੌਰਾਨ ਜਮੁਨਾ ਪਾਰ ਹੋਏ ਸਿੱਖਾਂ ਦੇ ਕਤਲੇਆਮ ਦੀਆਂ ਦਰਦਨਾਕ ਕਹਾਣੀਆਂ ਵੀ ਪਤਾ ਲਗਣ ਲੱਗੀਆਂ, ਜੋ ਬਹੁਤ ਚੋਟ ਪਹੁੰਚਾ ਰਹੀਆਂ ਸਨ।

ਸਿੱਖ ਇਨ੍ਹਾਂ ਦੰਗਿਆਂ ਤੋਂ ਲੰਮੇ ਸਮੇਂ ਤਕ ਗਹਿਰੇ ਸਦਮੇ ਵਿੱਚ ਰਹੇ। ਸਿੱਖ ਖ਼ੁਦ ਨੂੰ ਇੱਕ ਮਾਰਸ਼ਲ ਕੌਮ ਮੰਨਦੇ ਹਨ ਤੇ ਐਸੇ ਵਿੱਚ ਇਸ ਤਰ੍ਹਾਂ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਹੋ ਜਾਣ ਨੂੰ ਉਹ ਬਰਦਾਸ਼ਤ ਨਹੀਂ ਕਰ ਪਾ ਰਹੇ ਸੀ। ਹਾਂ, ਹੁਣ ਗੁਰਦੁਆਰਿਆਂ ਦੀ ਸੁਰੱਖਿਆ ਲਈ ਨੌਜੁਆਨਾਂ ਦੇ ਜੱਥੇ ਬਣਾਉਣ ਦੀਆਂ ਗੱਲਾਂ ਹੋਣ ਲੱਗੀਆਂ। ਸਿੱਖ ਉਵੇਂ ਹੀ ਮਹਿਸੂਸ ਕਰ ਰਹੇ ਸੀ ਜਿਵੇਂ ਨਾਜ਼ੀ ਜਰਮਨੀ ਵਿੱਚ ਯਹੂਦੀਆਂ ਨੇ ਮਹਿਸੂਸ ਕੀਤਾ ਹੋਵੇਗਾ। ਜਦੋਂ ਵੀ ਕੋਈ ਸਕਾ-ਸਬੰਧੀ

ਆਉਂਦਾ ਜਾਂ ਕਿਧਰੇ ਵੀ ਦੋ ਸਿੱਖ ਮਿਲਦੇ ਤਾਂ 1984 ਨੂੰ ਛੱਡ ਕੇ ਕੋਈ ਹੋਰ ਗੱਲ ਨਾ ਹੁੰਦੀ। ਕਤਲੇਆਮ ਦੇ ਬਾਅਦ ਜਦੋਂ ਦੀਵਾਲੀ ਆਈ ਤਾਂ ਸ਼ਾਇਦ ਹੀ ਕਿਸੇ ਸਿੱਖ ਨੇ ਆਪਣੇ ਘਰ ਵਿੱਚ ਦੀਵਾ ਬਾਲਿਆ ਹੋਵੇਗਾ। ਜਦੋਂ ਦਿਲ ਬਲ੍ਹ ਰਹੇ ਸੀ ਤਾਂ ਭਲਾ ਕੋਈ ਦੀਵਾਲੀ ਕੀ ਮਨਾਉਂਦਾ। ਸਿੱਖ ਸਦਮੇ ਤੋਂ ਬਾਹਰ ਆਉਣ ਲਈ ਇਹੀ ਗੱਲਾਂ ਕਰਦੇ ਕਿ ਸੁੱਤੇ ਹੋਏ ਸ਼ੇਰ ਦੀ ਪੂੱਛ 'ਤੇ ਹੱਥ ਪਾਇਆ ਹੈ, ਸੋਚਿਆ ਨਹੀਂ ਸੀ ਕਿ ਇਹ ਲੋਕ ਐਨੇ ਹੇਠਾਂ ਡਿੱਗ ਜਾਣਗੇ। ਪਰ ਹੁਣ ਜਾਗ ਗਏ ਹਾਂ, ਹਮਲਾ ਕਰਕੇ ਵਿਖਾਉਣ।

ਸਿੱਖਾਂ ਦੀ ਮਾਨਸਿਕਤਾ 'ਤੇ ਕਰੜੀ ਸੱਟ ਵੱਜੀ ਸੀ। ਇਸੇ ਵਿੱਚ ਹੀ ਇੱਕ ਦਿਨ ਗੁਰਦੁਆਰਾ ਬੰਗਲਾ ਸਾਹਿਬ ਗਏ ਤਾਂ ਵੇਖਿਆ ਕਿ ਨਿਸ਼ਾਨ ਸਾਹਿਬ 'ਤੇ ਇੱਕ ਬਾਜ ਆ ਕੇ ਬੈਠ ਗਿਆ ਹੈ। ਬਸ ਸਾਰੇ ਸਿੱਖ ਉਸ ਨੂੰ ਵੇਖ ਕੇ ਕਹਿਣ ਲੱਗੇ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਬਾਜ ਆਇਆ ਹੈ ਤੇ ਹੁਣ ਸਿੱਖਾਂ ਦੇ ਦੁਸ਼ਮਣਾਂ ਦੀ ਖ਼ੈਰ ਨਹੀਂ ਹੈ। ਦਿੱਲੀ ਵਿੱਚ ਸਿੱਖ ਟੁੱਟਿਆ ਹੋਇਆ ਮਨੋਬਲ ਹਾਸਲ ਕਰਨ ਲਈ ਹਰ ਕੋਸ਼ਿਸ਼ ਕਰ ਰਹੇ ਸਨ। ਸਿੱਖਾਂ ਦੇ ਧਾਰਮਿਕ ਸਮਾਗਮਾਂ ਵਿੱਚ ਹੀ ਇਹ ਦਰਦ ਸਾਹਮਣੇ ਆਉਂਦਾ ਰਹਿੰਦਾ ਸੀ।

ਮੈਨੂੰ ਯਾਦ ਹੈ ਕਿ ਲਾਜਪਤ ਨਗਰ ਵਿੱਚ ਇੱਕ ਰਾਤ ਨੂੰ ਕੀਰਤਨ ਦਰਬਾਰ ਹੋਇਆ ਤਾਂ ਪੁਲਿਸ ਆ ਕੇ ਸਪੀਕਰ ਬੰਦ ਕਰਨ ਨੂੰ ਕਹਿਣ ਲੱਗੀ। ਪੁਲਿਸ ਦਾ ਕਹਿਣਾ ਸੀ ਕਿ ਗੁਆਂਢੀਆਂ ਨੇ ਤੇਜ਼ ਸਪੀਕਰ ਚਲਣ ਬਾਰੇ ਸ਼ਿਕਾਇਤ ਕੀਤੀ ਹੈ। ਸਿੱਖ ਬੇਹਦ ਮਾਯੂਸ ਹੋਏ, ਕਿਹਾ ਕਿ "ਅਸੀਂ ਤਾਂ ਰਾਤ 12.30 ਵਜੇ ਤਕ ਹੀ ਪ੍ਰੋਗਰਾਮ ਕਰ ਰਹੇ ਹਾਂ ਤਾਂ ਰੋਕਣ ਆ ਗਏ ਹੋ ਪਰ ਜੋ ਕਈ ਦਿਨ ਲਗਾਤਾਰ ਸਾਰੀ ਰਾਤ ਭਗਵਤੀ ਜਾਗਰਣ ਚਲਦੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਬੰਦ ਕਰਵਾਉਂਦੇ ! ਸਿੱਖਾਂ ਨੇ ਤਾਂ ਕਦੇ ਜਾਗਰਣ ਦੀ ਸ਼ਿਕਾਇਤ ਨਹੀਂ ਕੀਤੀ।"

ਤਕਰੀਬਨ 10 ਦਿਨਾਂ ਬਾਅਦ ਸਾਨੂੰ ਘਰ ਦੇ ਨੇੜੇ ਪਾਰਕ ਵਿੱਚ ਖੇਡਣ ਜਾਣ ਦੀ ਇਜਾਜ਼ਤ ਮਿਲ ਗਈ। ਘਰ ਬੈਠੇ-ਬੈਠੇ ਸਾਡਾ ਦਮ ਘੁੱਟਣ ਲੱਗ ਪਿਆ ਸੀ। ਪਾਰਕ ਤਾਂ ਸਾਡੀ ਜਾਨ ਸੀ। ਖੇਡੇ ਬਿਨਾ ਨੀਂਦ ਨਹੀਂ ਆਉਂਦੀ ਸੀ। ਤਿੰਨੇ ਭਰਾ ਕਈ ਦਿਨਾਂ ਬਾਅਦ ਪਾਰਕ ਵਿੱਚ ਖੇਡਣ ਗਏ। ਪਰ ਅੱਜ ਸਾਰਿਆਂ ਬੱਚਿਆਂ ਨੇ ਕ੍ਰਿਕੇਟ ਖੇਡਣ ਦੀ ਬਜਾਏ 'ਮਾਰਨ-ਪਿੱਟੀ' ਖੇਡਣ ਦਾ ਮਨ ਬਣਾ ਲਿਆ ਸੀ। ਇਹ

ਇੱਕ ਅਜਿਹੀ ਖੇਡ ਸੀ ਜਿਸ ਵਿੱਚ ਇੱਕ-ਦੂਜੇ ਨੂੰ ਗੇਂਦ ਮਾਰਦੇ ਹਾਂ। ਇਹ ਲਾਲ ਗੇਂਦ 50 ਪੈਸਿਆਂ ਦੀ ਆਉਂਦੀ ਸੀ ਪਰ ਲੱਗਦੀ ਬਹੁਤ ਤੇਜ਼ ਸੀ। ਖ਼ੈਰ, ਖੇਡ ਸ਼ੁਰੂ ਹੋ ਗਿਆ। ਅਸੀਂ ਤਿੰਨੇ ਭਰਾ ਬਹੁਤ ਚੁਸਤ ਸੀ, ਪਰ ਇਹ ਕੀ ? ਅੱਜ ਗੇਂਦ ਬਹੁਤ ਜ਼ਿਆਦਾ ਹੀ ਲੱਗ ਰਹੀ ਸੀ। ਧਿਆਨ ਗਿਆ ਕਿ ਬਾਕੀ ਸਾਰੇ ਬੱਚੇ ਅੱਜ ਅੰਦਰਖਾਤੇ ਮਿਲੇ ਹੋਏ ਨੇ ਤੇ ਸਾਨੂੰ ਤਿੰਨੇ ਭਰਾਵਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੋਈ ਵੀ ਦੂਜਾ ਬੱਚਾ, ਸਿਵਾਏ ਸਾਡੇ ਤਿੰਨੇ ਭਰਾਵਾਂ ਦੇ, ਕਿਸੇ ਹੋਰ ਨੂੰ ਨਿਸ਼ਾਨਾ ਹੀ ਨਹੀਂ ਬਣਾ ਰਿਹਾ। ਜੇਕਰ ਦੂਜੇ ਦੇ ਵੱਲ ਗੇਂਦ ਸੁੱਟਦਾ ਵੀ ਹੈ ਤਾਂ ਇਸ ਤਰ੍ਹਾਂ ਕਿ ਉਸਨੂੰ ਲੱਗੇ ਨਹੀਂ ਬਲਕਿ ਉਹ ਆਰਾਮ ਨਾਲ ਫੜ ਕੇ ਸਾਨੂੰ ਨਿਸ਼ਾਨਾ ਬਣਾ ਸਕੇ। ਹੁਣ ਕੀ ਕਰੀਏ ? ਖੇਡ ਛੱਡ ਦੇਈਏ ਜਾਂ ਪਿੱਟਦੇ ਰਹੀਏ। ਮੈਦਾਨ ਛੱਡਣ ਦੀ ਆਦਤ ਸਾਡੇ ਵਿੱਚ ਸ਼ੁਰੂ ਤੋਂ ਹੀ ਨਹੀਂ ਸੀ। ਬੇਹਦ ਤੇਜ਼ੀ ਨਾਲ ਅਸੀਂ ਤਿੰਨੇ ਭਰਾਵਾਂ ਨੇ ਵੀ ਬਾਕੀ ਬੱਚਿਆਂ ਨੂੰ ਤਰਤੀਬ ਨਾਲ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਅੱਜ ਜਿਵੇਂ ਖੇਡ ਨਹੀਂ ਬਲਕਿ 'ਜੰਗ' ਹੋ ਰਹੀ ਸੀ। ਹਾਰ ਮੰਨਣ ਦਾ ਸੁਆਲ ਹੀ ਨਹੀਂ ਸੀ। ਰਬੜ ਦੀ ਉਸ ਗੇਂਦ ਨੇ ਕਿੰਨੀ ਵਾਰ ਮਾਰਿਆ, ਇਹ ਤਾਂ ਯਾਦ ਨਹੀਂ ਪਰ ਦਰਦ ਕਾਫ਼ੀ ਹੋਇਆ ਸੀ। ਉਸ ਵਕਤ ਇੰਝ ਵਿਖਾਇਆ ਜਿਵੇਂ ਕੋਈ ਦਰਦ ਨਹੀਂ ਹੋ ਰਿਹਾ। ਖ਼ੈਰ ਇਹ ਸੋਚ ਕੇ ਕਿ ਮਾਰਨ-ਪਿੱਟੀ ਤਾਂ ਖੇਡ ਹੀ ਐਸਾ ਹੈ, ਪਾਰਕ ਤੋਂ ਵਾਪਸ ਆਏ ਤੇ ਭੁੱਲ ਵੀ ਗਏ। ਕਰਦੇ ਵੀ ਕੀ ? ਖੇਡਣ ਲਈ ਚੰਨ 'ਤੇ ਤਾਂ ਜਾ ਨਹੀਂ ਸਕਦੇ ਸੀ, ਇਨ੍ਹਾਂ ਦੇ ਨਾਲ ਹੀ ਖੇਡਣਾ ਸੀ।

ਬਚਪਨ ਵਿੱਚ ਅਸੀਂ ਤਿੰਨ ਭਰਾਵਾਂ ਦੀ ਗੁਆਂਢ ਦੀ ਅਜਬ ਆਂਟੀ ਦੇ ਤਿੰਨ ਪੁੱਤਰਾਂ ਨਾਲ ਬਹੁਤ ਬਣਦੀ ਸੀ। ਵੈਸੇ ਵੀ ਇੱਕੋ ਉਮਰ ਦੇ ਸੀ ਤੇ ਇੱਕ ਹੀ ਸਕੂਲ ਵਿੱਚ ਪੜ੍ਹਣ ਜਾਂਦੇ ਸੀ। ਇਕੱਠੇ ਰਹਿਣਾ, ਇਕੱਠਿਆਂ ਸਕੂਲ ਜਾਣਾ, ਇਕੱਠਿਆਂ ਖੇਡਣਾ ਤੇ ਇਕੱਠਿਆਂ ਹੀ ਰਾਮਚੰਦਰ ਅੰਕਲ ਤੇ ਰੋਸ਼ਨੀ ਆਂਟੀ ਦੇ ਅਮਰੂਦ ਛਿਪ ਕੇ ਤੋੜਣਾ। ਹੁਣ ਖੇਡਾਂਗੇ ਤਾਂ ਲੜਾਈ-ਝਗੜਾ ਵੀ ਹੋਵੇਗਾ।

ਲੜਾਈ-ਝਗੜੇ ਪਹਿਲਾਂ ਵੀ ਹੁੰਦੇ ਸੀ ਪਰ ਹੁਣ ਇਹ ਤਿੰਨੇ ਸਾਨੂੰ ਚਿੜਾਉਣ ਲਈ 'ਸਰਦਾਰਾਂ ਦੇ 12 ਵੱਜ ਗਏ', 'ਜੂੜੀ' ਤੇ ਹੋਰ ਭੈੜੇ ਸ਼ਬਦਾਂ ਦੀ ਵਰਤੋਂ ਕਰਨ ਲੱਗ ਪਏ ਸੀ। ਪਹਿਲਾਂ ਦੇ ਲੜਾਈ-ਝਗੜਿਆਂ ਵਿੱਚ ਭਾਵੇਂ ਚੋਟ ਲੱਗ ਜਾਏ ਪਰ ਐਨਾ ਦੁਖ ਨਹੀਂ ਹੁੰਦਾ ਸੀ ਜਿੰਨਾ ਇਹ ਸ਼ਬਦ ਦਿਲ ਨੂੰ ਚੀਰਦੇ ਸੀ। ਅਸੀਂ ਵੀ

'12 ਵਜੂ' ਦੇ ਜੁਆਬ ਵਿੱਚ ਇਨ੍ਹਾਂ ਨੂੰ 'ਢਾਈ ਵਜੂ' ਕਹਿਣਾ ਸ਼ੁਰੂ ਕਰ ਦਿੱਤਾ। ਇਹ ਜੈਸੇ ਨੂੰ ਤੈਸਾ ਸੀ। ਪਰ ਬੁਰਾ ਤਾਂ ਫਿਰ ਵੀ ਲੱਗਦਾ ਹੀ ਸੀ।

ਇੱਕ ਦਿਨ ਮਾਂ ਤੋਂ ਪੁੱਛਿਆ ਕਿ "ਇਹ ਸਰਦਾਰਾਂ ਦੇ 12 ਵਜੇ ਕਿਉਂ ਕਹਿੰਦੇ ਨੇ ?"

ਤਾਂ ਮਾਂ ਨੇ ਦੱਸਿਆ ਕਿ "ਪੁੱਤਰ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਸਿੱਖਾਂ ਦੀ ਤਾਕਤ ਬੇਹਦ ਘੱਟ ਸੀ ਅਤੇ ਉਸਨੂੰ ਦੇਸ਼ ਵਿੱਚ ਲੁੱਟ-ਖਸੁੱਟ ਤੇ ਮਾਰ-ਕਾਟ ਤੋਂ ਰੋਕਣ ਵਾਲੀ ਕੋਈ ਸ਼ਕਤੀ ਨਹੀਂ ਸੀ। ਉਸਨੇ ਮਰਾਠਿਆਂ ਨੂੰ ਵੀ ਮਾਤ ਦੇ ਦਿੱਤੀ ਸੀ। ਤਾਂ ਸਿੱਖਾਂ ਨੇ ਗੋਰਿੱਲਾ-ਯੁੱਧ ਅਪਣਾਇਆ ਅਤੇ ਅਬਦਾਲੀ ਦੇ ਵਾਪਸ ਆਉਣ 'ਤੇ ਉਸਦੇ ਕਾਫ਼ਿਲੇ ਉੱਤੇ ਹਮਲਾ ਕਰਕੇ ਦੇ ਸ਼ ਦਾ ਮਾਲ-ਅਸਬਾਬ ਤੇ ਬੰਦੀ ਬਣਾਈਆਂ ਹੋਈਆਂ ਕੁੜੀਆਂ ਨੂੰ ਛਡਾਉਣ ਦੀ ਰਣਨੀਤੀ ਬਣਾਈ। ਸਿੱਖ ਘੱਟ ਸਨ, ਇਸ ਲਈ ਰਾਤ ਦੇ 12 ਵਜੇ ਇਨ੍ਹਾਂ ਦੇ ਸੌ ਜਾਣ 'ਤੇ ਕਾਫ਼ਿਲੇ ਉਤੇ ਹਮਲਾ ਕਰਦੇ ਅਤੇ ਖ਼ਜ਼ਾਨੇ ਤੇ ਕੁੜੀਆਂ ਨੂੰ ਛਡਾ ਲੈਂਦੇ । ਅਬਦਾਲੀ ਇਨ੍ਹਾਂ ਕੁੜੀਆਂ ਨੂੰ ਕਾਬਲ-ਕੰਧਾਰ ਦੇ ਬਾਜ਼ਾਰਾਂ ਵਿੱਚ ਦੋ-ਦੋ ਟਕੇ ਵਿੱਚ ਵੇਚ ਦਿੱਤਾ ਕਰਦਾ ਸੀ। ਅਬਦਾਲੀ ਸਿੱਖਾਂ ਦੇ ਇਨ੍ਹਾਂ ਹਮਲਿਆਂ ਤੋਂ ਐਨਾ ਗੁੱਸਾ ਹੋ ਗਿਆ ਕਿ ਜਾਂਦੇ-ਜਾਂਦੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਮਿੱਟੀ ਨਾਲ ਭਰ ਦਿੱਤਾ ਤੇ ਕੀਰਤਨ ਬੰਦ ਕਰਾ ਕੇ ਉਥੇ ਮੁਜਰਾ ਤਕ ਕਰਵਾਇਆ ਸੀ। ਸਿੱਖ ਰਾਤ ਨੂੰ ਹਮਲਾ ਕਰਦੇ ਸੀ, ਇਸ ਲਈ ਹੁਣ ਹਮਲਾਵਰ ਫ਼ੌਜ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਨ੍ਹਾਂ ਸਿੱਖਾਂ ਦੇ ਰਾਤ ਨੂੰ 12 ਵਜ ਜਾਂਦੇ ਨੇ।"

ਮਾਂ ਤੋਂ ਇਹ ਸੁਣ ਕੇ ਮਨ ਨੂੰ ਥੋੜੀ ਰਾਹਤ ਮਿਲੀ ਸੀ। ਫਿਰ ਕੀ ਸੀ ? ਕਿਸੇ ਨੇ '12 ਵਜੂ' ਕਿਹਾ ਨਹੀਂ ਤੇ ਆਪਣੀ 12 ਵਜੇ ਦੀ ਕਹਾਣੀ ਸ਼ੁਰੂ। ਹੁਣ ਅਸੀਂ ਚਿੜ੍ਹਣ ਦੀ ਬਜਾਏ ਮਾਨ ਮਹਿਸੂਸ ਕਰਨ ਲੱਗੇ। ਇਸ ਨਾਲ ਚਿੜ੍ਹਾਉਣ ਵਾਲੇ ਨੂੰ ਹੀ ਚਿੜ੍ਹ ਮਚ ਜਾਂਦੀ।

ਇਸੇ ਦੌਰਾਨ ਇੱਕ ਦਿਨ ਗੁਆਂਢ ਦੇ ਗੁਲਸ਼ਨ ਜਿਸਨੂੰ ਅਸੀਂ ਟੀਟੂ ਵੀ ਕਹਿੰਦੇ ਸੀ, ਨਾਲ ਖੇਡ ਵਿੱਚ ਝਗੜਾ ਹੋ ਗਿਆ। ਗਲਤੀ ਉਸਦੀ ਸੀ ਪਰ ਅੱਜ ਉਸਦੇ ਤੇਵਰ ਬਦਲੇ ਹੋਏ ਸੀ। ਜੋ ਗੱਲ ਉਸਨੇ ਕਹੀ, ਉਸ 'ਤੇ ਭਰੋਸਾ ਨਹੀਂ ਹੋ ਰਿਹਾ ਸੀ। ਉਹ ਕਹਿ ਰਿਹਾ ਸੀ, "ਅਗਰ ਜ਼ਿਆਦਾ ਬੋਲੋਗੇ ਤਾਂ ਉਨ੍ਹਾਂ ਨੂੰ ਬੁਲਾ ਲਵਾਂਗਾ

ਜਿਨ੍ਹਾਂ ਨੇ 31 ਅਕਤੂਬਰ ਤੇ 1 ਨਵਬੰਰ ਨੂੰ ਸਿੱਖਾਂ ਨੂੰ ਮਾਰਿਆ ਹੈ। ਕਤਲੇਆਮ ਵਿੱਚ ਤਾਂ ਤੁਹਾਡਾ ਘਰ ਬਚ ਗਿਆ ਪਰ ਹੁਣ ਪੂਰਾ ਪਤਾ ਦੱਸ ਦੇਵਾਂਗਾ।" ਅਸੀਂ ਸੁੰਨ ਰਹਿ ਗਏ। ਟੀਟੂ ਮੇਰੇ ਨਾਲ ਇੱਕ ਹੀ ਕਲਾਸ ਵਿੱਚ ਪੜ੍ਹਦਾ ਹੈ, ਮੇਰੀ ਮਾਂ ਤੇ ਉਸਦੀ ਮਾਂ ਪੱਕੀਆਂ ਸਹੇਲੀਆਂ ਨੇ। ਆਪਸ ਵਿੱਚ ਖੇਡਦਿਆਂ ਝਗੜਾ ਤਾਂ ਹੋ ਹੀ ਜਾਂਦਾ ਹੈ। ਅੱਜ ਗਲਤੀ ਵੀ ਉਸੇ ਦੀ ਹੈ ਪਰ ਇਹ ਕਿਹੋ ਜਿਹੀਆਂ ਧਮਕੀਆਂ ਦੇ ਰਿਹਾ ਹੈ ? ਸ਼ੇਰ ਮੈਂ ਵੀ ਕਹਿ ਦਿੱਤਾ ਕਿ "ਪਹਿਲਾਂ ਤਾਂ ਸੁੱਤੇ ਹੋਏ ਸ਼ੇਰ ਦੀ ਪੂੱਛ 'ਤੇ ਹੱਥ ਪਾ ਦਿੱਤਾ ਸੀ ਪਰ ਹੁਣ ਜਾਗੇ ਹੋਏ ਹਾਂ, ਹੱਥ ਪਾ ਕੇ ਵੇਖਣਾ।" ਕੁਝ ਦਿਨਾਂ ਤੋਂ ਸਿੱਖ ਵੀ ਇਸੇ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਗਏ ਸੀ।

ਪਹਿਲੇ ਆਪਰੇਸ਼ਨ ਬਲਿਊ ਸਟਾਰ, 1984 ਦਾ ਕਤਲੇਆਮ, ਫਿਰ ਦਿੱਲੀ ਵਿੱਚ ਟ੍ਰਾਂਜ਼ਿਸਟਰ ਬੰਬ ਬਲਾਸਟ ਅਤੇ ਪੰਜਾਬ ਵਿੱਚ ਆਏ ਦਿਨ ਅਤਿਵਾਦੀਆਂ ਦੇ ਹਮਲੇ ਤੇ ਫ਼ਰਜ਼ੀ ਇਨਕਾਊਂਟਰਾਂ ਦੀ ਖਬਰਾਂ ਨਾਲ ਮਾਹੌਲ ਬੇਹਦ ਵਿਗੜ ਗਿਆ ਸੀ। ਭਲੇ ਹੀ ਮੈਂ ਛੋਟਾ ਸੀ ਪਰ ਕਿਸੇ ਵੀ ਨਿਰਦੋਸ਼ ਨੂੰ ਮਾਰੇ ਜਾਣ ਦੀ ਗੱਲ ਨਾਲ ਮੇਰਾ ਮਨ ਤੜਪ ਉਠਦਾ ਸੀ। ਜਦੋਂ ਕਿਸੇ ਦੀ ਕੋਈ ਗਲਤੀ ਨਾ ਹੋਵੇ, ਤਾਂ ਫਿਰ ਭਲਾ ਕੋਈ ਵੀ ਉਸਨੂੰ ਕਿਵੇਂ ਮਾਰ ਸਕਦਾ ਹੈ ? ਅਸੀਂ ਤਾਂ ਇਹੀ ਸੁਣਦੇ-ਪੜ੍ਹਦੇ ਆਏ ਸੀ ਕਿ ਸਿੱਖ ਮੁਗ਼ਲਾਂ ਦੇ ਖਿਲਾਫ਼ ਇਸ ਤਰ੍ਹਾਂ ਲੜੇ। ਅੰਗ੍ਰੇਜ਼ ਰਾਜ ਦੇ ਖਿਲਾਫ਼ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅਤੇ ਪਾਕਿਸਤਾਨ ਤੇ ਚੀਨ ਨਾਲ ਹੋਈਆਂ ਜੰਗਾਂ ਵਿੱਚ ਵੀ ਬਹਾਦਰੀ ਵਿਖਾਈ। ਹੁਣ ਇਹ ਸਿੱਖ ਹੀ ਦੇਸ਼ ਦੇ ਦੁਸ਼ਮਣ ਕਿਵੇਂ ਹੋ ਸਕਦੇ ਨੇ ? ਸਰਕਾਰੀ ਤੇ ਪ੍ਰਾਈਵੇਟ ਮੀਡੀਆ ਜਦੋਂ ਵਾਰ-ਵਾਰ 'ਸਿੱਖ ਅਤਿਵਾਦੀ, ਸਿੱਖ ਅਤਿਵਾਦੀ' ਦਾ ਰਾਗ ਅਲਾਪਦੇ ਤਾਂ ਮਨ ਤੜਪ ਉਠਦਾ। ਅਤਿਵਾਦ ਦੇ ਨਾਲ ਕੀ 'ਸਿੱਖ' ਲਫ਼ਜ਼ ਲਾਉਣਾ ਜ਼ਰੂਰੀ ਹੈ ? ਮੁਸਲਿਮ ਅਤਿਵਾਦੀ ਜਾਂ ਹਿੰਦੂ ਅਤਿਵਾਦੀ ਕਿਉਂ ਨਹੀਂ ਕਿਹਾ ਜਾਂਦਾ ?

ਜਦੋਂ ਅਤਿਵਾਦੀਆਂ ਦੇ ਹੱਥੋਂ ਨਿਰਦੋਸ਼ਾਂ ਦੇ ਮਾਰੇ ਜਾਣ ਬਾਰੇ ਮਾਂ ਨੂੰ ਪੁੱਛਦਾ ਤਾਂ ਮਾਂ ਕਹਿੰਦੀ, "ਸੱਚਾ ਸਿੱਖ ਕਿਸੇ ਨਿਰਦੋਸ਼ ਨੂੰ ਨਹੀਂ ਮਾਰ ਸਕਦਾ। ਜੋ ਮਾਰ ਰਹੇ ਨੇ, ਉਹ ਸਿੱਖ ਨਹੀਂ ਹੋ ਸਕਦੇ।" ਮੈਂ ਆਪਣੀ ਮਾਂ ਦੀ ਦਿੱਤੀ ਗਈ ਇਸ ਸਿੱਖਿਆ ਨੂੰ ਅੱਜ ਵੀ ਮੰਨਦਾ ਹਾਂ। ਜੋ ਵਿਅਕਤੀ ਕਿਸੇ ਨਿਰਦੋਸ਼ ਨੂੰ ਦੁਖ ਦਿੰਦਾ ਹੈ, ਉਹ ਸਿੱਖ ਨਹੀਂ ਹੋ ਸਕਦਾ। ਸਿੱਖ ਸਿਧਾਂਤ ਦਾ ਅਧਾਰ ਜਪੁਜੀ ਸਾਹਿਬ ਹੈ ਤੇ ਉਸ ਵਿੱਚ ਕਿਹਾ ਗਿਆ ਹੈ ਕਿ "ਧੌਲੁ ਧਰਮੁ ਦਇਆ ਕਾ ਪੂਤੁ", ਧਰਮ ਦਇਆ ਦਾ ਪੁੱਤਰ

ਹੈ ਭਾਵ ਦਇਆ ਧਰਮ ਦਾ ਅਧਾਰ ਹੈ ਤੇ ਜਿਸ ਵਿੱਚ ਦਇਆ ਨਹੀਂ ਹੈ, ਉਹ ਸਿੱਖ ਕਿਵੇਂ ਹੋ ਸਕਦਾ ਹੈ ? ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜਣ ਲਈ ਸਿਰ ਦੀ ਮੰਗ ਕੀਤੀ ਤਾਂ ਪਹਿਲਾਂ ਦਇਆ ਸਿੰਘ ਹੀ ਅੱਗੇ ਆਏ। ਇਹ ਮਾਤਰ ਸੰਜੋਗ ਨਹੀਂ ਹੋ ਸਕਦਾ ਕਿ ਪਹਿਲਾਂ 'ਦਇਆ' ਅੱਗੇ ਆਈ ਤੇ ਫਿਰ 'ਧਰਮ' ਸਿੰਘ ਤੇ 'ਹਿੰਮਤ' ਸਿੰਘ। ਹਾਂ, ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੀ ਕਿਹਾ ਹੈ ਕਿ ਜਦੋਂ ਅਤਿਤਾਈ ਸ਼ਾਂਤੀ ਦੇ ਸਾਰੇ ਰਾਹ ਬੰਦ ਕਰਕੇ ਜ਼ੁਲਮ 'ਤੇ ਉਤਾਰੂ ਹੋ ਜਾਣ ਤਾਂ ਉਸਦਾ ਮੁਕਾਬਲਾ ਕਰਨਾ ਜਾਇਜ਼ ਹੈ। ਆਤਮ-ਸੁਰੱਖਿਆ ਲਈ ਹਥਿਆਰ ਚੁੱਕਣਾ ਠੀਕ ਹੈ, ਪਰ ਕਿਸੇ ਨਿਰਦੋਸ਼ ਨੂੰ ਮਾਰਨਾ ਉਨਾ ਹੀ ਵੱਡਾ ਅਧਰਮ।

ਹੁਣ ਮੈਂ ਗੁਰਦੁਆਰੇ ਦੇ ਸਕੂਲ ਤੋਂ ਸਰਕਾਰੀ ਸਕੂਲ ਵਿੱਚ ਆ ਚੁੱਕਾ ਸੀ। ਗਿਆਰਵੀਂ ਵਿੱਚ ਸਭ ਤੋਂ ਅਵੱਲ ਆਇਆ ਸੀ। ਇਸ ਸਾਲ 12ਵੀਂ ਵਿੱਚ ਬੋਰਡ ਦੀ ਪਰੀਖਿਆ ਸੀ। ਗੁਰਦੁਆਰੇ ਦੇ ਸਕੂਲ ਵਿੱਚ ਤਾਂ ਮਾਹੌਲ ਵੱਖਰਾ ਸੀ ਪਰ ਇਥੇ ਭੁਗੋਲ ਦਾ ਇੱਕ ਟੀਚਰ ਮੇਰਾ ਨਾਮ ਲੈਣ ਦੀ ਬਜਾਏ 'ਸੁਣੋ ਸਰਦਾਰ' ਕਹਿ ਕੇ ਬੁਲਾਉਂਦਾ। ਪਹਿਲੇ ਗੁਰਦੁਆਰੇ ਦੇ ਸਕੂਲ ਵਿੱਚ ਪੜ੍ਹਿਆ ਸੀ ਤੇ ਉਥੇ ਇਸ ਤਰ੍ਹਾਂ ਦੀ ਭਾਸ਼ਾ ਕਦੇ ਨਹੀਂ ਸੁਣੀ ਸੀ। ਇਹ ਬਹੁਤ ਬੁਰਾ ਲੱਗਦਾ ਸੀ। ਪ੍ਰੈਕਟੀਕਲ ਵਿੱਚ ਪੂਰੀ ਕਲਾਸ ਵਿੱਚ ਸਭ ਤੋਂ ਘੱਟ ਨੰਬਰ ਮੈਨੂੰ ਦਿੱਤੇ ਗਏ ਸੀ, ਜਦਕਿ ਜਿਨ੍ਹਾਂ ਦੇ ਪਰਚੇ ਮੈਂ ਕਰਵਾਏ ਸੀ, ਉਨ੍ਹਾਂ ਨੂੰ 30 ਵਿੱਚੋਂ 30 ਮਿਲੇ ਸੀ। ਮੈਨੂੰ ਸਮਝ ਨਹੀਂ ਆ ਰਿਹਾ ਸੀ ਕਿ ਟੀਚਰ ਨੇ ਮੇਰੇ ਨਾਲ ਅਜਿਹਾ ਕਿਉਂ ਕੀਤਾ ?

ਭੁਗੋਲ ਵਿੱਚ ਡਿਸਟਿੰਕਸ਼ਨ ਨਾ ਆਉਣ ਦੇ ਬਾਵਜੂਦ 12ਵੀਂ ਜਮਾਤ ਵਿੱਚ ਚੰਗੇ ਨੰਬਰ ਆਏ, ਇਸ ਲਈ ਨੇੜੇ ਦੇ ਪੀ.ਜੀ.ਡੀ.ਏ.ਵੀ. ਕਾਲਜ ਵਿੱਚ ਬੀ.ਏ. ਰਾਜਨੀਤੀ ਸ਼ਾਸਤਰ ਵਿੱਚ ਦਾਖਲਾ ਲੈ ਲਿਆ। ਕ੍ਰਿਕੇਟ ਵਿੱਚ ਤਾਂ ਜਾਨ ਵੱਸਦੀ ਸੀ ਤੇ ਚੰਗੀ ਲੈੱਗ ਸਪਿੰਨ ਕਰ ਲੈਂਦਾ ਸੀ। ਇੰਡੀਅਨ ਏਅਰਲਾਈਨਸ ਤੋਂ ਖੇਡਣ ਵਾਲੇ ਜਾਣੇ-ਪਛਾਣੇ ਬੱਲੇਬਾਜ ਰਾਮਮੋਹਨ ਸਪਿਨ ਪ੍ਰੈਕਟਿਸ ਲਈ ਮੈਨੂੰ ਖ਼ਾਸ ਤੌਰ 'ਤੇ ਸੱਦਿਆ ਕਰਦੇ ਸੀ। ਡੀ.ਏ.ਵੀ. ਕਾਲਜ ਕ੍ਰਿਕੇਟ ਵਿੱਚ ਪੂਰੀ ਦਿੱਲੀ ਵਿੱਚ ਸਭ ਤੋਂ ਉੱਤੇ ਸੀ। ਅਜੇ ਸ਼ਰਮਾ, ਰਮਨ ਲਾਂਬਾ, ਮਨੋਜ ਪ੍ਰਭਾਕਰ, ਅਤੁਲ ਵਾਸਨ, ਮਨਿੰਦਰ ਸਿੰਘ, ਮਨੂ ਨਈਅਰ ਤੋਂ ਲੈ ਕੇ ਤਮਾਮ ਖਿਡਾਰੀ ਇਸੇ ਕਾਲਜ ਤੋਂ ਦੇਸ਼ ਦੀ ਟੀਮ ਵਿੱਚ ਗਏ ਸੀ। ਮੈਂ ਵੀ ਇੱਥੇ ਕ੍ਰਿਕੇਟ ਦੇ ਨੈਟਸ 'ਤੇ ਜਾਣਾ ਸ਼ੁਰੂ ਕਰ

ਦਿੱਤਾ। ਪਰ ਕੋਚ ਮੈਨੂੰ ਪਹਿਲੇ ਦਿਨ ਤੋਂ ਹੀ ਨਾਪਸੰਦ ਕਰ ਰਿਹਾ ਸੀ। ਮੇਰੀ ਲੈਗ ਸਪਿਨ ਬਹੁਤ ਚੰਗੀ ਸੀ ਤੇ ਇਹ ਗੱਲ ਸਾਰੇ ਬੱਲੇਬਾਜ ਕਹਿਣ ਲੱਗੇ ਸੀ ਪਰ ਮੈਨੂੰ ਜਦੋਂ ਪ੍ਰੈਕਟਿਸ ਮੈਚ ਖੇਡਣ ਦਾ ਇੱਕ ਮੌਕਾ ਵੀ ਨਹੀਂ ਦਿੱਤਾ ਗਿਆ ਤਾਂ ਸਮਝ ਆ ਗਈ ਕਿ ਵਕਤ ਖਰਾਬ ਕਰਨ ਦੀ ਬਜਾਏ ਪੜ੍ਹਾਈ 'ਤੇ ਹੀ ਧਿਆਨ ਦੇਵਾਂ। ਕੋਚ ਖੇਡਣ ਨਹੀਂ ਦੇਵੇਗਾ ਤੇ ਪੜ੍ਹਾਈ ਤੋਂ ਵੀ ਗਏ ਤਾਂ ਡੱਬਾ ਗੋਲ ਹੈ।

ਇਸੇ ਦੌਰਾਨ ਪੰਜਾਬ, ਸਿੱਖ ਤੇ ਅਤਿਵਾਦ ਨੂੰ ਲੈ ਕੇ ਮੇਰੀ ਬਾਕੀ ਸਾਥੀਆਂ ਨਾਲ ਬਹਿਸ ਵੀ ਹੋ ਜਾਂਦੀ ਸੀ। ਮੈਂ ਉਨ੍ਹਾਂ ਨੂੰ ਇਹੀ ਕਹਿੰਦਾ ਕਿ ਸੱਚਾ ਸਿੱਖ ਕਦੇ ਵੀ ਕਿਸੇ ਨਿਰਦੋਸ਼ ਨੂੰ ਨਹੀਂ ਮਾਰ ਸਕਦਾ। ਇਸ ਲਈ ਜੋ ਵੀ ਨਿਰਦੋਸ਼ਾਂ ਦੀ ਹੱਤਿਆ ਕਰਦਾ ਹੈ, ਉਹ ਸਿੱਖ ਹੀ ਨਹੀਂ ਹੈ।

ਇਸਦੇ ਬਾਵਜੂਦ ਮੇਰਾ ਦੋਸਤ ਸਰਵਦਾਨੰਦ ਮਜ਼ਾਕ-ਮਜ਼ਾਕ ਵਿੱਚ ਹੀ ਮੈਨੂੰ ਮਿਲਣ 'ਤੇ ਕਹਿ ਹੀ ਦਿੰਦਾ, 'ਕਿਉਂ ਭਈ ਅਤਿਵਾਦੀ, ਕੀ ਹਾਲ ਹੈ ?' ਅਸਲ ਵਿੱਚ ਸਿੱਖਾਂ ਦੇ ਬਾਰੇ ਵਿੱਚ ਇਨ੍ਹਾਂ ਦੀ ਧਾਰਨਾ 'ਸਟੀਰੀਓਟਾਈਪ' ਸੀ ਤੇ ਮਾਹੌਲ ਸਿੱਖਾਂ ਦੇ ਖਿਲਾਫ਼ ਬਣਾਇਆ ਜਾ ਰਿਹਾ ਸੀ। ਮੈਂ ਇਨ੍ਹਾਂ ਨੂੰ ਸਿੱਖ ਗੁਰੂ ਸਾਹਿਬਾਨ ਦੇ ਸ਼ਾਂਤੀ ਉਪਦੇਸ਼ ਦੇ ਬਾਰੇ ਵਿੱਚ ਪੂਰੀ ਤਰ੍ਹਾਂ ਦੱਸਣ ਦੀ ਕੋਸ਼ਿਸ਼ ਕਰਦਾ ਤੇ ਉਦੋਂ ਤਕ ਹਾਰ ਨਹੀਂ ਮੰਨਦਾ, ਜਦੋਂ ਤਕ ਇਨ੍ਹਾਂ ਨੂੰ ਚੁਪ ਨਾ ਕਰਵਾ ਦਿੰਦਾ। ਜਦੋਂ ਕਦੇ ਇਸ ਤਰ੍ਹਾਂ ਦੀ ਬਹਿਸ ਹੁੰਦੀ ਤਾਂ ਕੁਝ ਖਟਾਸ ਆ ਜਾਂਦੀ ਸੀ।

ਇਨ੍ਹਾਂ ਦਿਨਾਂ ਵਿੱਚ ਇੱਕ ਦਿਨ ਮੈਨੂੰ ਚਾਂਦਨੀ ਚੌਂਕ ਦੇ ਨੇੜੇ ਦਿੱਲੀ ਲਾਇਬ੍ਰੇਰੀ ਜਾਣ ਦਾ ਮੌਕਾ ਮਿਲਿਆ। ਇਸ ਲਾਇਬ੍ਰੇਰੀ ਵਿੱਚ ਪਹਿਲੀ ਵਾਰ ਦਹਾਕਿਆਂ ਪੁਰਾਣੇ ਅਖ਼ਬਾਰਾਂ ਦਾ ਰਿਕਾਰਡ ਵੇਖਿਆ ਤਾਂ ਹੈਰਾਨ ਰਹਿ ਗਿਆ। ਤੁਰੰਤ ਫੈਸਲਾ ਕੀਤਾ ਕਿ ਇਹ ਵੇਖਿਆ ਜਾਵੇ ਕਿ 1984 ਵਿੱਚ ਸਿੱਖ ਕਤਲੇਆਮ ਦੇ ਵਕਤ ਕਿਹੋ ਜਿਹੀ ਰਿਪੋਰਟਿੰਗ ਹੋਈ ਸੀ ? ਘੰਟਿਆਂ ਬੱਧੀ ਅਖ਼ਬਾਰਾਂ ਦੇ ਵੱਡੇ ਤੇ ਭਾਰੀ-ਭਰਕਮ ਬੰਡਲਾਂ ਨੂੰ ਪਲਟਨ ਦੇ ਬਾਅਦ ਅਫ਼ਸੋਸ ਹੋਇਆ ਕਿ ਜਿਵੇਂ ਉਸ ਵਕਤ ਅਖ਼ਬਾਰ ਸੁੱਤੇ ਪਏ ਸੀ। ਸਿਵਾਏ ਇੰਡੀਅਨ ਐਕਸਪ੍ਰੈਸ ਤੇ ਜਨਸੱਤਾ ਵਿੱਚ ਕੁਝ ਕੁ ਖ਼ਬਰਾਂ ਨੂੰ ਛੱਡ ਕੇ ਕੁਝ ਵੀ ਨਹੀਂ ਸੀ। ਇਨ੍ਹਾਂ ਅਖ਼ਬਾਰਾਂ ਤੋਂ ਐਵੇਂ ਲੱਗਦਾ ਹੀ ਨਹੀਂ ਸੀ ਕਿ 31 ਅਕਤੂਬਰ ਤੇ 1-2 ਨਵੰਬਰ ਨੂੰ ਦੇਸ਼ ਦੀ ਰਾਜਧਾਨੀ ਵਿੱਚ 3000 ਸਿੱਖਾਂ ਦਾ ਕਤਲੇਆਮ ਹੋਇਆ, ਹਜ਼ਾਰਾਂ ਘਰ ਤੇ ਦੁਕਾਨਾਂ ਸਾੜ ਕੇ

ਸੁਆਹ ਕਰ ਦਿੱਤੀਆਂ ਗਈਆਂ ਹਨ। ਇੰਡੀਆ ਟੂਡੇ ਨੇ ਇੱਕ ਮਹੀਨੇ ਬਾਅਦ ਜ਼ਰੂਰ ਕੁਝ ਖ਼ਬਰਾਂ ਦਿੱਤੀਆਂ ਸੀ।

ਟਾਈਮਸ ਆਫ਼ ਇੰਡੀਆ ਦੇ ਸੰਪਾਦਕ ਗਿਰੀਲਾਲ ਜੈਨ ਨੇ ਸਿੱਖਾਂ ਦੀ ਮਾਰਕੁੱਟ ਨੂੰ ਸਹੀ ਠਹਿਰਾਉਣ ਵਾਲਾ ਇੱਕ ਲੇਖ ਛਾਪਿਆ ਜਿਸ ਵਿੱਚ ਕਿਹਾ ਗਿਆ ਸੀ ਕਿ "ਇਹ ਹਿੰਦੂਆਂ ਦੇ ਸਬਰ ਦਾ ਪਿਆਲਾ ਭਰ ਜਾਣ ਦਾ ਨਤੀਜਾ ਹੈ।''

ਹਿੰਦੁਸਤਾਨ ਟਾਈਮਸ ਵਿੱਚ ਵੀ ਅਜਿਹੇ ਲੇਖਾਂ ਨੂੰ ਪ੍ਰਮੁਖਤਾ ਦਿੱਤੀ ਗਈ ਸੀ। ਖੁਸ਼ਵੰਤ ਸਿੰਘ ਦੇ ਬਾਅਦ ਇਸ ਅਖ਼ਬਾਰ ਦੇ ਸੰਪਾਦਕ ਬਣੇ ਐਨ.ਸੀ. ਮੈਨਨ ਨੇ ਵੀ ਲਿਖਿਆ ਕਿ "ਸਿੱਖ ਗਲਤ ਢੰਗ ਨਾਲ ਸੰਪੰਨ ਬਣੇ ਨੇ, ਹੁਣ ਉਨ੍ਹਾਂ ਨੂੰ ਉਨ੍ਹਾਂ ਦੀ ਕਰਨੀ ਦਾ ਫਲ ਭੁਗਤਣਾ ਪੈ ਰਿਹਾ ਹੈ।" ਇਨ੍ਹਾਂ ਦੋਵੇਂ ਲੇਖਾਂ ਦਾ ਜ਼ਿਕਰ ਖੁਸ਼ਵੰਤ ਸਿੰਘ ਨੇ 2004 ਈ. ਵਿੱਚ ਆਊਟਲੁੱਕ ਮੈਗਜ਼ੀਨ ਵਿੱਚ ਛਪੇ ਆਪਣੇ ਇੱਕ ਲੇਖ ਵਿੱਚ ਵੀ ਕੀਤਾ ਹੈ।

ਮਨ ਸੋਚਣ ਲੱਗਾ ਕਿ ਆਖਿਰ ਐਸਾ ਕਿਉਂ ? ਦੇਸ਼ ਦਾ ਮੀਡੀਆ ਜੋ ਕਿ ਸੁਤੰਤਰ ਹੈ, ਉਸਨੇ ਐਸਾ ਕਿਉਂ ਕੀਤਾ ? ਜੇਕਰ ਕਿਧਰੇ ਇੱਕ ਕਤਲ ਵੀ ਹੋ ਜਾਏ ਤਾਂ ਐਨੀ ਵੱਡੀ ਖ਼ਬਰ ਬਣਾ ਦਿੰਦੇ ਨੇ, ਤਾਂ ਫਿਰ ਐਨੇ ਵੱਡੇ ਕਤਲੇਆਮ ਦੀਆਂ ਖ਼ਬਰਾਂ ਕਿਉਂ ਨਹੀਂ ਦਿੱਤੀਆਂ ਗਈਆਂ ? ਪੱਤਰਕਾਰ ਵੀ ਤਾਂ ਸਮਾਜ ਵਿੱਚੋਂ ਹੀ ਆਉਂਦੇ ਨੇ, ਉਨ੍ਹਾਂ ਨੂੰ ਵੀ ਪਤਾ ਹੁੰਦਾ ਹੈ ਕਿ ਕੀ ਹੋ ਰਿਹਾ ਹੈ ਤੇ ਕੀ ਨਹੀਂ ? ਹੁਣ ਦਿਲ ਨੇ ਮੀਡੀਆ ਵਿੱਚ ਜਾਣ ਦਾ ਫੈਸਲਾ ਕਰ ਲਿਆ ਸੀ। ਲੱਗਿਆ ਕਿ ਸ਼ਾਇਦ ਮੀਡੀਆ ਵਿੱਚ ਸਿੱਖਾਂ ਦੇ ਪ੍ਰਤੀ ਕੁਝ ਪੱਖਪਾਤ ਹੈ ਜਾਂ ਫਿਰ ਉਹ ਸਿੱਖਾਂ ਨੂੰ ਚੰਗੀ ਤਰ੍ਹਾਂ ਸਮਝਦੇ ਨਹੀਂ ਹਨ। ਜੇਕਰ ਮੀਡੀਆ ਵਿੱਚ ਜਾ ਕੇ ਇਸ ਧਾਰਨਾ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਚੰਗਾ ਹੋਵੇਗਾ।

ਇਹ ਸਭ ਕੁਝ ਆਸਾਨ ਨਹੀਂ ਸੀ। ਬੀ.ਏ. ਪੂਰੀ ਹੁੰਦਿਆਂ ਹੀ ਕੁਝ ਕੰਮਕਾਜ ਕਰਨ ਦਾ ਦਬਾਅ ਬਣਨ ਲੱਗਾ ਸੀ। ਘਰ ਦੀ ਆਰਥਿਕ ਹਾਲਤ ਕੋਈ ਬਹੁਤ ਚੰਗੀ ਨਹੀਂ ਸੀ। ਇਥੋਂ ਤਕ ਕਿ ਮੇਰੇ ਤੋਂ ਛੋਟੇ ਭਰਾ ਨੇ ਵੀ ਪੜ੍ਹਾਈ ਵਿਚਾਲੇ ਛੱਡ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਮੇਰੇ ਉੱਤੇ ਵੀ ਦਬਾਅ ਵੱਧ ਰਿਹਾ ਸੀ। ਘਰ ਵਾਲਿਆਂ ਨੂੰ ਲੱਗਦਾ ਸੀ ਕਿ ਪੜ੍ਹਣ-ਲਿਖਣ ਦੀ ਬਜਾਏ ਕੋਈ ਕੰਮ ਸ਼ੁਰੂ ਕਰ ਦੇ

ਵੇ ਤਾਂ ਜ਼ਿਆਦਾ ਚੰਗਾ ਹੈ। ਇਸੇ ਫੇਰ ਵਿੱਚ ਗਰਮੀ ਦੀਆਂ ਛੁੱਟੀਆਂ ਵਿੱਚ ਕਦੇ ਜੀਜਾ ਜੀ ਕੋਲ ਖਰਾਦ ਉਤੇ ਕੰਮ ਲਈ ਭੇਜ ਦਿੱਤਾ ਤਾਂ ਕਦੇ ਵੱਡੇ ਭਰਾ ਨੇ ਏ.ਸੀ. ਦਾ ਕੰਮ ਸਿੱਖਣ 'ਤੇ ਲਾ ਦਿੱਤਾ। ਦੋ ਮਹੀਨੇ ਤਕ ਸਖ਼ਤ ਗਰਮੀ ਵਿੱਚ ਕਾਰਾਂ ਵਿੱਚ ਏ.ਸੀ. ਲਾਉਣ ਦਾ ਕੰਮ ਵੀ ਕੀਤਾ। ਪਰ ਮੈਂ ਇਸ ਸਭ ਤੋਂ ਦਬਣ ਵਾਲਾ ਨਹੀਂ ਸੀ ਤੇ ਮਨ ਪੱਕਾ ਕਰ ਚੁੱਕਾ ਸੀ ਕਿ ਬਣਨਾ ਹੈ ਤਾਂ 'ਪੱਤਰਕਾਰ'।

ਖ਼ੁਸ਼ਕਿਸਮਤੀ ਇਹ ਰਹੀ ਕਿ ਇਸ ਦੌਰਾਨ ਹਰਸ਼ਦ ਮੇਹਤਾ ਦੇ ਫੇਰ ਵਿੱਚ ਹੀ ਸਹੀ, ਪਰ ਸ਼ੇਅਰ ਬਾਜ਼ਾਰ ਬਹੁਤ ਤੇਜ਼ੀ ਨਾਲ ਵੱਧ ਰਿਹਾ ਸੀ। ਦੋ ਮਹੀਨੇ ਇੱਕ ਐਸੀ ਫਰਮ ਵਿੱਚ ਨੌਕਰੀ ਮਿਲ ਗਈ ਜਿੱਥੇ ਸ਼ੇਅਰ-ਧਾਰਕਾਂ ਦੇ ਨਾਮ, ਪਤੇ ਆਦਿ ਦਾ ਪੂਰਾ ਹਿਸਾਬ-ਕਿਤਾਬ ਰੱਖਣਾ ਹੁੰਦਾ ਸੀ। ਹੁਣ ਮੈਂ ਕੁਝ ਪੈਸੇ ਹੱਥ ਆਉਂਦਿਆਂ ਹੀ ਐਮ.ਏ. ਅਤੇ ਪੱਤਰਕਾਰਿਤਾ ਦਾ ਕੋਰਸ ਕਰਨ ਦਾ ਫੈਸਲਾ ਕਰ ਲਿਆ। ਐਮ.ਏ. ਵਿੱਚ ਤਾਂ ਦਾਖਲਾ ਮਿਲ ਗਿਆ ਪਰ ਵਾਈ.ਐਮ.ਸੀ.ਏ. ਵਿੱਚ ਪੱਤਰਕਾਰਿਤਾ ਦੇ ਕੋਰਸ ਲਈ 'ਦਾਖਲਾ ਟੈਸਟ' ਹੋਇਆ। ਟੈਸਟ ਚੰਗਾ ਹੋਇਆ ਸੀ। ਪਰ ਫਿਰ ਵੀ ਜਦੋਂ ਨਤੀਜਾ ਵੇਖਣ ਗਿਆ ਤਾਂ ਪਤਾ ਲੱਗਾ ਕਿ ਪਾਸ ਹੋਣ ਵਾਲਿਆਂ ਵਿੱਚ ਮੇਰਾ ਨਾਮ ਨਹੀਂ ਹੈ। ਹੈਰਾਨੀ ਦੀ ਤਾਂ ਕੋਈ ਸੀਮਾ ਨਾ ਰਹੀ ਜਦੋਂ ਅਗਲੇ ਦਿਨ ਮੈਨੂੰ ਇੰਟਰਵਿਊ 'ਤੇ ਸੱਦੇ ਬਾਰੇ ਪੋਸਟ ਕਾਰਡ ਆਇਆ, ਮੈਨੂੰ ਉਸ ਪੋਸਟ ਕਾਰਡ 'ਤੇ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ। ਅੱਜ ਤਕ ਸਮਝ ਨਹੀਂ ਸਕਿਆ ਕਿ ਇਹ ਕਿਵੇਂ ਹੋਇਆ ? ਜ਼ਰੂਰ ਇਹ ਕੁਦਰਤ ਦੀ ਕੋਈ ਖੇਡ ਸੀ। ਖ਼ੈਰ, ਇੰਟਰਵਿਊ ਦੇਣ ਪਹੁੰਚਿਆ ਤਾਂ ਅੱਗੇ ਯੂ.ਐਨ.ਆਈ. ਦੇ ਬੀ.ਬੀ. ਨਾਗਪਾਲ ਬੈਠੇ ਸੀ। ਉਨ੍ਹਾਂ ਨੇ ਮੈਨੂੰ ਸਿੱਧਾ ਸੁਆਲ ਹੀ ਪੰਜਾਬ ਵਿੱਚ ਚਲ ਰਹੇ ਅਤਿਵਾਦ 'ਤੇ ਕੀਤਾ।

"ਦੱਸੋ ਪੰਜਾਬ ਵਿੱਚ ਅਤਿਵਾਦ ਦੇ ਬਾਰੇ ਤੁਹਾਡੇ ਕੀ ਵਿਚਾਰ ਨੇ ?"

ਮੈਨੂੰ ਯਾਦ ਹੈ ਕਿ ਮੈਂ ਉਨ੍ਹਾਂ ਨੂੰ ਦੋ ਟੂਕ ਕਿਹਾ ਕਿ "ਮੰਗਾਂ ਤੇ ਸ਼ਿਕਾਇਤਾਂ ਜਾਇਜ਼ ਵੀ ਹੋ ਸਕਦੀਆਂ ਨੇ ਪਰ ਵਿਰੋਧ ਦਾ ਸਹੀ ਤਰੀਕਾ ਅਪਣਾਇਆ ਜਾਣਾ ਚਾਹੀਦਾ ਹੈ। ਹਿੰਸਾ ਇਸ ਸਮੱਸਿਆ ਦਾ ਹਲ ਨਹੀਂ ਹੈ।"

ਨਾਗਪਾਲ ਜੀ ਨੂੰ ਸ਼ਾਇਦ ਮੇਰਾ ਇਹ ਜੁਆਬ ਚੰਗਾ ਲੱਗਾ ਤੇ ਮੈਨੂੰ ਦਾਖਲਾ ਮਿਲ ਗਿਆ। ਹਾਲਾਂਕਿ ਮੈਂ ਸੋਚ ਰਿਹਾ ਸੀ ਕਿ ਕੀ ਬਾਕੀ ਉਮੀਦਵਾਰਾਂ ਨੂੰ ਵੀ ਇਹ ਸੁਆਲ ਪੁੱਛਿਆ ਗਿਆ ਹੋਵੇਗਾ ?

ਪੱਤਰਕਾਰਿਤਾ ਵਿੱਚ ਆਉਣਾ ਤੇ ਪੈਰ ਜਮਾਉਣਾ ਬਹੁਤ ਟੇਢੀ ਖੀਰ ਹੈ। ਖ਼ਾਸ ਕਰਕੇ ਹਿੰਦੀ ਪੱਤਰਕਾਰਿਤਾ ਜਿਸ ਤਰ੍ਹਾਂ ਪੱਖਪਾਤਾਂ ਨਾਲ ਭਰੀ ਹੋਈ ਹੈ, ਉਸ ਉੱਤੇ ਇੱਕ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਇੱਥੇ ਐਨਾ ਹੀ ਕਹਿਣਾ ਠੀਕ ਹੋਵੇਗਾ ਕਿ ਜਦੋਂ 2005 ਵਿੱਚ ਨਾਨਾਵਟੀ ਕਮੀਸ਼ਨ ਦੀ ਰਿਪੋਰਟ ਆਈ ਤੇ ਮੈਂ ਉਸਦੇ ਅਧਾਰ 'ਤੇ ਤਿੰਨ ਖ਼ਬਰਾਂ ਹੀ ਲਿਖੀਆਂ ਸੀ ਤਾਂ ਮੇਰੇ ਬਾੱਸ ਨੇ ਹੱਥ ਖੜੇ ਕਰ ਦਿੱਤੇ । ਉਨ੍ਹਾਂ ਦਾ ਕਹਿਣਾ ਸੀ ਕਿ ਉਪਰ ਤੋਂ ਦਬਾਅ ਹੈ। ਹਾਲਾਂਕਿ ਮੈਂ ਖ਼ਬਰਾਂ ਨਾਨਾਵਟੀ ਕਮੀਸ਼ਨ ਦੀ ਰਿਪੋਰਟ ਦੇ ਅਧਾਰ 'ਤੇ ਹੀ ਦੇ ਰਿਹਾ ਸੀ, ਪਰ ਫਿਰ ਵੀ ਹੱਥ ਖੜੇ ਕੀਤੇ ਜਾ ਚੁੱਕੇ ਸੀ।

2

ਦੰਗੇ ਨਵੀਂ ਕਤਲੇਆਮ

ਕਿੰਨੇ ਪਾਕਿਸਤਾਨ !

2 ਨਵੰਬਰ 1984 ਦੀ ਉਸ ਰਾਤ ਦੰਗਾਈਆਂ ਦੇ ਹੱਥੋਂ ਨਿਰਦੋਸ਼ ਸਿੱਖਾਂ ਨੂੰ ਦਿਨ ਭਰ ਜਿਉਂਦਾ ਤੜਫ-ਤੜਫ ਕੇ ਸੜਦਾ ਵੇਖਣ ਦੇ ਬਾਵਜੂਦ ਸੁਰਜੀਤ ਕੌਰ ਕੰਬੀ ਜਾ ਰਹੀ ਸੀ। ਗੁਆਂਢੀ ਦੇ ਘਰ ਸ਼ਰਨ ਮਿਲੀ ਤਾਂ ਸੀ ਪਰ ਫਿਰ ਵੀ ਡਰ ਦੇ ਮਾਰੇ ਖ਼ੂਨ ਜੰਮ ਰਿਹਾ ਸੀ। ਕੰਬਦੇ ਹੋਏ ਤਿੰਨ ਬੱਚੇ ਗੋਦ ਵਿੱਚ ਸੀ ਪਰ ਨੀਂਦ ਨਹੀਂ ਆ ਰਹੀ ਸੀ।

ਤਦੇ ਦਰਵਾਜ਼ੇ 'ਤੇ ਠਕ-ਠਕ ਹੋਈ ਤਾਂ ਦਿਲ ਦੀ ਧੜਕਣ ਵੱਧ ਗਈ। ਇਹ ਰਾਤ ਨੂੰ ਦੋ ਵਜੇ ਕੀ ਹੋ ਗਿਆ ? ਗੁਆਂਢੀਆਂ ਦਾ ਸਾਹਸ ਜੁਆਬ ਦੇ ਗਿਆ ਸੀ। ਕਹਿਣ ਲੱਗੇ, "ਹੁਣ ਤੁਸੀਂ ਇਥੋਂ ਚਲੇ ਜਾਓ।"

ਕਿਥੇ ਜਾਵਾਂਗੀ ਇਸ ਠੰਡੀ ਹਨੇਰੀ ਰਾਤ ਨੂੰ, ਉਹ ਵੀ ਤਿੰਨ ਬੱਚਿਆਂ ਦੇ ਨਾਲ ? ਐਸੀ ਇਕੱਲੀ ਜਨਾਨੀ ਜਿਸਦੇ ਪਰਿਵਾਰ ਦੇ ਸਾਰੇ ਆਦਮੀ ਮਾਰੇ ਜਾ ਚੁਕੇ ਹੋਣ !! ਹਿੰਮਤ ਵਿਖਾਉਣ ਦੇ ਬਾਅਦ ਹੁਣ ਡਰ ਦੇ ਮਾਰੇ ਕਾਇਰ ਹੋ ਚੁਕੇ ਗੁਆਂਢੀ ਨੇ ਕਿਹਾ, "ਤੁਸੀਂ ਲੈਟਰੀਨ ਕਰਨ ਦੇ ਬਹਾਨੇ ਡੱਬਾ ਲੇ ਕੇ ਚਲੀ ਜਾਓ।" ਲੈਟਰੀਨ ਕਰਨ ਦੇ ਬਹਾਨੇ ਤਿੰਨ ਬੱਚਿਆਂ ਨੂੰ ਨਾਲ ਲੈ ਕੇ ! ਨਿਕਲਣਾ ਹੀ ਪਿਆ, ਕਰਦੀ ਵੀ ਕੀ ? - ਇਹ ਦੱਸਦੇ ਹੋਏ ਸੁਰਜੀਤ ਕੌਰ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ।

ਦੋ ਦਿਨਾਂ ਤੋਂ ਤਿੰਨ ਬੱਚਿਆਂ ਦੇ ਨਾਲ ਛਿਪਦੀ-ਛੁਪਾਉਂਦੀ ਘੁੰਮ ਰਹੀ ਸੀ ਪਰ ਕਿਧਰੇ ਕੋਈ ਸਿਰ ਛੁਪਾਉਣ ਲਈ ਥਾਂ ਦੇਣ ਲਈ ਤਿਆਰ ਨਹੀਂ ਸੀ। ਹਾਰ ਕੇ ਇੱਕ ਗੁਆਂਢੀ ਨੂੰ ਤਰਸ ਆਇਆ ਅਤੇ ਸ਼ਰਨ ਵੀ ਮਿਲੀ ਪਰ ਉਨ੍ਹਾਂ ਨੇ ਵੀ ਰਾਤ ਦੇ ਦੋ ਵਜੇ ਘਰ ਤੋਂ ਨਿਕਲਣ ਲਈ ਮਜਬੂਰ ਕਰ ਦਿੱਤਾ। ਸਾਰਾ ਜ਼ਮਾਨਾ ਵੈਰੀ ਹੋ ਗਿਆ ਸੀ। ਦੰਗਾਈਆਂ ਦਾ ਰਾਜ ਹੋ ਚੁੱਕਾ ਸੀ ਅਤੇ ਕੋਈ ਛੋਟੇ-ਛੋਟੇ ਮਾਸੂਮ ਬੱਚਿਆਂ ਦੇ ਨਾਲ ਭਟਕ ਰਹੀ ਇੱਕ ਅਬਲਾ ਨੂੰ ਕੁਝ ਦੇਰ ਲਈ ਰੱਖਣ ਨੂੰ ਵੀ ਤਿਆਰ ਨਹੀਂ ਸੀ। ਤਿੰਨੇ ਬੱਚੇ ਮੁੰਡੇ ਸੀ ਪਰ ਅਜੇ ਉਮਰ ਛੋਟੀ ਸੀ, ਇਸ ਲਈ ਉਨ੍ਹਾਂ ਦੇ ਕੇਸ ਖੋਲ੍ਹ ਕੇ ਕੁੜੀਆਂ ਵਾਂਗ ਗੁੱਤ ਕਰ ਦਿੱਤੀ। ਇਨ੍ਹਾਂ ਵਿੱਚੋਂ ਦੋ ਬੱਚੇ ਹੀ ਸੁਰਜੀਤ ਕੌਰ ਦੇ ਆਪਣੇ ਸਨ। ਇੱਕ ਬੱਚਾ ਉਸਨੇ ਉਹ ਲੈ ਲਿਆ ਸੀ ਜਿਸਦਾ ਪਿਉ ਇਸ ਕਤਲੇਆਮ ਵਿੱਚ ਮਾਰਿਆ ਜਾ ਚੁੱਕਾ ਸੀ ਅਤੇ ਮਾਂ ਦਾ ਪਤਾ ਹੀ ਨਹੀਂ ਸੀ ਕਿ ਕਿਥੇ ਹੈ। "ਕੀ ਕਰਦੀ, ਦੁਨੀਆ ਨੇ ਭਲੇ ਹੀ ਇਸ ਮਾਸੂਮ ਦੇ ਲਈ ਦਰਵਾਜ਼ੇ ਬੰਦ ਕਰ ਦਿੱਤੇ ਸੀ ਪਰ ਉਸ ਕੋਲੋਂ ਬੱਚੇ ਦਾ ਰੋਣਾ ਵੇਖਿਆ ਨਹੀਂ ਗਿਆ। ਜਦੋਂ ਉਸ ਅਨਾਥ ਬੱਚੇ ਨੇ ਮਾਂ ਸਮਝ ਕੇ ਉਸਦੀ ਚੁੰਨੀ ਫੜ ਲਈ ਤਾਂ ਉਸਨੂੰ ਇਕੱਲਾ ਕਿਵੇਂ ਛੱਡ ਦਿੰਦੀ ?"

ਕਤਲੇਆਮ ਦੇ ਬਾਅਦ ਬਦਨਾਮ ਹੋ ਚੁਕੀ ਇਸ ਨੰਦ ਨਗਰੀ ਵਿੱਚ ਸੁਰਜੀਤ ਕੌਰ ਆਪਣੀਆਂ ਤਿੰਨ ਦਰਾਣੀਆਂ ਤੇ ਇੱਕ ਜਿਠਾਣੀ ਦੇ ਨਾਲ ਰਹਿੰਦੀ ਸੀ। ਪਰ ਦੰਗਾਈਆਂ ਨੇ ਕਿਸੇ ਦੇ ਵੀ ਆਦਮੀ ਨੂੰ ਨਹੀਂ ਛੱਡਿਆ। ਇੱਕੋ ਹੀ ਦਿਨ ਵਿੱਚ ਚਾਰੋਂ ਵਿਧਵਾ ਹੋ ਗਈਆਂ। ਦੋ ਜੁਆਨ ਭਤੀਜਿਆਂ ਨੂੰ ਵੀ ਦੰਗਾਈਆਂ ਨੇ ਜ਼ਿੰਦਾ ਸਾੜ ਦਿੱਤਾ ਸੀ। ਅੱਜ ਵੀ ਜਦੋਂ ਇਹ ਚਾਰੋਂ ਇਕੱਠੀਆਂ ਬਹਿ ਜਾਂਦੀਆਂ ਹਨ ਤਾਂ ਮਾਹੌਲ ਗ਼ਮਗੀਨ ਹੋ ਜਾਂਦਾ ਹੈ।

ਇੰਦਰਾ ਗਾਂਧੀ ਦੀ ਮੌਤ ਦੇ ਬਾਅਦ 1 ਨਵੰਬਰ ਦੀ ਸਵੇਰੇ ਵਹਿਸ਼ੀ ਭੀੜ ਨੇ ਹੱਲਾ ਬੋਲ ਦਿੱਤਾ ਸੀ। ਸਭ ਤੋਂ ਪਹਿਲਾ ਹਮਲਾ ਲੋਕਲ ਗੁਰਦੁਆਰੇ 'ਤੇ ਹੋਇਆ ਤਾਂ ਸੁਰਜੀਤ ਕੌਰ ਦੇ ਪਤੀ ਇਸ ਹਮਲੇ ਦਾ ਜਾਇਜ਼ਾ ਲੈਣ ਗੁਰਦੁਆਰੇ ਚਲੇ ਗਏ। ਸੋਚਿਆ ਕਿ ਕੁਝ ਨੁਕਸਾਨ ਪਹੁੰਚਾ ਗਏ ਹੋਣਗੇ। ਦੰਗਾਈ ਮਰਨ-ਮਾਰਨ ਉੱਤੇ ਉਤਾਰੂ ਨੇ, ਇਸਦਾ ਤਾਂ ਖ਼ਿਆਲ ਹੀ ਨਹੀਂ ਸੀ। ਗੁਰਦੁਆਰੇ ਦਾ ਹਾਲ ਜਾਣਨ ਗਏ ਨੂੰ ਦੰਗਾਈਆਂ ਨੇ ਗੁਰਦੁਆਰੇ ਦੀ ਛੱਤ 'ਤੇ ਹੀ ਪੈਰਾਂ ਤੋਂ ਘਸੀਟ ਕੇ ਹੇਠਾਂ ਸੁੱਟ ਦਿੱਤਾ ਤੇ ਥੱਲੇ ਖੜੀ ਭੀੜ ਨੇ ਬੁਰੀ ਤਰ੍ਹਾਂ ਕੋਹ-ਕੋਹ ਕੇ ਮਾਰ ਦਿੱਤਾ। ਇਧਰ ਡਰ ਦੇ ਮਾਰੇ ਔਰਤਾਂ ਨੇ ਘਰ ਦੇ ਬਾਕੀ ਸਾਰੇ ਬੰਦਿਆਂ ਨੂੰ ਘਰ ਦੇ ਹੀ ਕੋਨਿਆਂ, ਅਲਮਾਰੀ, ਬੈੱਡ ਆਦਿ ਵਿੱਚ ਲੁਕੋ ਦਿੱਤਾ।

ਗੁਰਦੁਆਰੇ ਨੂੰ ਅੱਗ ਲਾਉਣ ਦੇ ਬਾਅਦ ਹੁਣ ਦੰਗਾਈਆਂ ਨੇ ਸਿੱਖਾਂ ਦੇ ਘਰਾਂ ਵੱਲ ਰੁਖ ਕੀਤਾ। ਉਹ ਲਗਾਤਾਰ ਦਰਵਾਜ਼ੇ ਭੰਨ ਰਹੇ ਸੀ। ਉਨ੍ਹਾਂ ਦੀ ਇੱਕ ਹੀ ਮੰਗ ਸੀ, "ਸਰਦਾਰ ਲਿਆਓ"।

ਆਪਣੇ ਪਤੀ ਨੂੰ ਗੁਆ ਚੁਕੀ ਸੁਰਜੀਤ ਕੌਰ ਨੇ ਰੋਂਦਿਆਂ ਹੋਏ ਕਿਹਾ, "ਸਰਦਾਰ ਤਾਂ ਤੁਸੀਂ ਮਾਰ ਦਿੱਤਾ, ਹੁਣ ਕਿਥੋਂ ਲਿਆਈਏ।" ਫਿਰ ਉਹ ਥੋੜੇ ਚਿਰ ਲਈ ਚਲੇ ਗਏ ਪਰ ਅੱਧੇ ਘੰਟੇ ਬਾਅਦ ਵਾਪਸ ਆ ਗਏ। ਹੁਣ ਉਹ ਪਿਆਰ ਨਾਲ ਕਹਿਣ ਲੱਗੇ, "ਅਸੀਂ ਤਾਂ ਬਚਾਉਣ ਆਏ ਹਾਂ। ਪੰਜਾਬ ਚਲੇ ਜਾਓ, ਕੁਝ ਨਹੀਂ ਕਹਾਂਗੇ।"

ਸੁਰਜੀਤ ਕੌਰ ਦੱਸਦੀ ਹੈ ਕਿ ਉਨ੍ਹਾਂ ਦੇ ਜੇਠ ਅਲਮਾਰੀ ਵਿੱਚ ਬੰਦ ਸਨ। ਉਹ ਵਾਰ-ਵਾਰ ਪੁੱਛਦੇ, "ਦੰਗਾਈ ਚਲੇ ਗਏ।" ਮੈਂ ਕਹਿੰਦੀ, "ਨਹੀਂ ਜੀ, ਹੁਣੇ ਨਹੀਂ ਗਏ।" ਉਨ੍ਹਾਂ ਨੂੰ ਉਥੇ ਅਲਮਾਰੀ ਵਿੱਚ ਹੀ ਪੀਣ ਦਾ ਪਾਣੀ ਤੇ ਖਾਣ ਨੂੰ ਕੁਝ ਦੇ ਦਿੰਦੇ ਸੀ।

ਸੁਰਜੀਤ ਕੌਰ ਨੂੰ ਅਲਮਾਰੀ ਵਿੱਚ ਮੌਤ ਦੇ ਡਰ ਨਾਲ ਲੁਕੇ ਹੋਏ ਜੇਠ ਜੀ ਦੀ ਸ਼ਕਲ ਅੱਜ ਵੀ ਯਾਦ ਹੈ। ਹੁਣ ਬਾਹਰ ਦੰਗਾਈਆਂ ਦੇ ਸੁਰ ਫਿਰ ਬਦਲ ਗਏ, ਕਹਿਣ ਲੱਗੇ, "ਸਾਡੀ ਮਾਂ ਨੂੰ ਮਾਰਿਆ ਹੈ, ਅਸੀਂ ਨਹੀਂ ਛੱਡਾਂਗੇ।"

ਸੁਰਜੀਤ ਕੌਰ ਨੇ ਕਿਹਾ ਕਿ "ਪ੍ਰਧਾਨ ਮੰਤਰੀ ਤਾਂ ਪੂਰੇ ਦੇਸ਼ ਦੀ ਮਾਂ ਹੁੰਦੀ ਹੈ,

ਸਾਡੀ ਵੀ ਸੀ, ਅਸੀਂ ਤਾਂ ਇਸ ਦੁਖ ਦੇ ਕਰਕੇ ਰਾਤ ਰੋਟੀ ਵੀ ਨਹੀਂ ਖਾਧੀ।"

ਪਰ ਉਨ੍ਹਾਂ ਨੇ ਇੱਕ ਹੀ ਰਟ ਲਾਈ ਹੋਈ ਸੀ, "ਸਰਦਾਰ ਲਿਆਓ ਨਹੀਂ ਤਾਂ ਸਾਰਿਆਂ ਨੂੰ ਮਾਰ ਦੇਵਾਂਗੇ।"

ਅਖੀਰ ਕਦੋਂ ਤਕ ਅੜਦੇ, ਭੀੜ ਨੇ ਦਰਵਾਜ਼ੇ ਭੰਨ ਦਿੱਤੇ ਅਤੇ ਘਰ ਨੂੰ ਅੱਗ ਲਾਉਣੀ ਸ਼ੁਰੂ ਕਰ ਦਿੱਤੀ। ਕਿਸੇ ਭੇਤੀਏ ਨੇ ਦੱਸ ਦਿੱਤਾ ਸੀ ਕਿ ਬੰਦੇ ਘਰ ਵਿੱਚ ਹੀ ਛੁਪੇ ਹੋਏ ਨੇ। ਜ਼ਾਲਮਾਂ ਨੇ ਸਾਰਿਆਂ ਨੂੰ ਲੱਭ-ਲੱਭ ਕੇ ਅੱਗ ਦੇ ਹਵਾਲੇ ਕਰ ਦਿੱਤਾ। ਧੋਤੀਆਂ ਬੰਨ੍ਹ ਕੇ ਆਏ ਇਨ੍ਹਾਂ ਲੋਕਾਂ ਨੂੰ ਸੁਰਜੀਤ ਕੌਰ ਨੇ ਪਹਿਲਾਂ ਇਲਾਕੇ ਵਿੱਚ ਕਦੇ ਨਹੀਂ ਵੇਖਿਆ ਸੀ। ਦਰਾਣੀ ਦਾ ਪੁੱਤਰ ਹਰਪ੍ਰੀਤ ਸਿੰਘ ਰਿੱਕੀ ਤਿੰਨ ਸਾਲਾਂ ਦਾ ਸੀ, ਉਸਨੂੰ ਵੀ ਅੱਗ ਵਿੱਚ ਸੁੱਟ ਦਿੱਤਾ ਤਾਂ ਸੁਰਜੀਤ ਕੌਰ ਅੱਗ ਵਿੱਚ ਛਾਲ ਮਾਰ ਕੇ ਉਸਨੂੰ ਬਚਾ ਲਿਆਈ। ਰਿੱਕੀ ਦੇ ਪਿਉ 'ਤੇ ਇਨ੍ਹਾਂ ਧੋਤੀ ਵਾਲਿਆਂ ਨੇ ਪਹਿਲਾਂ ਗੋਡੇ 'ਤੇ ਵਾਰ ਕੀਤਾ ਤੇ ਜਦੋਂ ਉਹ ਡਿੱਗ ਗਏ ਤਾਂ ਸਿਰ 'ਤੇ ਸੱਟ ਮਾਰੀ। ਫਿਰ ਪਾਊਡਰ ਪਾ ਕੇ ਅੱਗ ਲਾ ਦਿੱਤੀ। ਬਾਕੀਆਂ ਨਾਲ ਵੀ ਇਹੀ ਸਭ ਕੁਝ ਹੋ ਰਿਹਾ ਸੀ, ਜਿਵੇਂ ਕਿ ਇਸਦੀ ਬਕਾਇਦਾ ਟਰੇਨਿੰਗ ਲੈ ਕੇ ਆਏ ਹੋਣ।

ਇੱਕ-ਇੱਕ ਕਰਕੇ ਘਰ ਦੇ ਬੰਦੇ ਮਾਰੇ ਜਾ ਰਹੇ ਸੀ ਤੇ ਹੁਣ ਸੁਰਜੀਤ ਕੌਰ ਨੂੰ ਆਪਣਾ ਪੁੱਤਰ ਤਰਵਿੰਦਰ ਵੀ ਨਜ਼ਰ ਨਹੀਂ ਸੀ ਆ ਰਿਹਾ। ਪਤਾ ਲੱਗਾ ਕਿ ਤਰਵਿੰਦਰ ਵੀ ਦੰਗਾਈਆਂ ਤੇ ਅੱਗ ਵਿੱਚ ਫੱਸ ਗਿਆ ਹੈ। ਸੁਰਜੀਤ ਕੌਰ ਨੂੰ ਘਰ ਦਾ ਚਿਰਾਗ ਵੀ ਬੁੱਝਦਾ ਨਜ਼ਰ ਆਇਆ ਤਾਂ ਉਹ ਉਸ ਪਾਸੇ ਵੱਲ ਭੱਜੀ ਜਿੱਥੇ ਉਹ ਤਰਵਿੰਦਰ ਨੂੰ ਛੱਡ ਕੇ ਆਈ ਸੀ। ਉਸਨੂੰ ਲੈਣ ਗਈ ਤਾਂ ਦੰਗਾਈਆਂ ਨੇ ਧੜਾ-ਧੜ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇੱਕ ਇੱਟ ਸਿੱਧਾ ਸਿਰ 'ਤੇ ਵੱਜੀ ਤੇ ਸਿਰ ਫੱਟ ਗਿਆ। ਖ਼ੂਨ ਦੀ ਧਾਰ ਵਗੁਣੀ ਸ਼ੁਰੂ ਹੋ ਗਈ, ਪਰ ਕੋਈ ਦਰਦ ਮਹਿਸੂਸ ਨਹੀਂ ਹੋ ਰਿਹਾ ਸੀ। ਇੰਜ ਲੱਗ ਰਿਹਾ ਸੀ ਜਿਵੇਂ ਸਾਰਾ ਸਰੀਰ ਸੁੰਨ ਹੋ ਚੁੱਕਾ ਹੈ। ਉਸਨੂੰ ਤਾਂ ਬਸ ਆਪਣੇ ਪੁੱਤਰ ਦੀ ਭਾਲ ਸੀ। ਪੁੱਤਰ ਨੂੰ ਬਚਾਉਣਾ ਜ਼ਰੂਰੀ ਸੀ, ਜ਼ਖ਼ਮ ਤਾਂ ਫਿਰ ਠੀਕ ਹੋ ਜਾਏਗਾ। 'ਤਰਵਿੰਦਰ-ਤਰਵਿੰਦਰ' ਆਵਾਜ਼ਾਂ ਮਾਰੀਆਂ ਤਾਂ ਡਰ ਦੇ ਮਾਰੇ ਪੌੜੀਆਂ ਹੇਠਾਂ ਛਿਪਿਆ ਜ਼ਖ਼ਮੀ ਪੁੱਤਰ ਸਾਹਮਣੇ ਆ ਗਿਆ। ਸੁਰਜੀਤ ਕੌਰ ਉਸਨੂੰ ਚੀਤੇ ਦੀ ਚਾਲ ਨਾਲ ਲੈ ਕੇ ਵਾਪਸ ਘਰ ਦੇ ਅੰਦਰ

ਚਲੀ ਗਈ। ਤਰਵਿੰਦਰ ਉਸ ਵਕਤ 13 ਸਾਲਾਂ ਦਾ ਸੀ।

ਜਦੋਂ ਸੁਰਜੀਤ ਕੌਰ ਇਸ ਕਤਲੇਆਮ ਦੇ ਬਾਰੇ ਗੱਲ ਕਰ ਰਹੀ ਸੀ ਤਾਂ ਉਹ ਕੋਲ ਆ ਕੇ ਬਹਿ ਗਿਆ। ਉਸ ਬਾਰੇ ਜ਼ਿਕਰ ਆਉਣ ਉੱਤੇ ਉਹ ਆਪਣੇ ਜ਼ਖ਼ਮਾਂ ਦੇ ਨਿਸ਼ਾਨ ਵਿਖਾਉਣ ਲੱਗਾ ਜੋ ਕਿ ਭੀੜ ਨੇ ਉਸਨੂੰ ਦਿੱਤੇ ਸੀ। ਕਹਿਣ ਲੱਗਾ ਕਿ "ਜ਼ਖ਼ਮ ਡੂੰਘੇ ਸੀ ਅਤੇ ਸਰਦੀਆਂ ਵਿੱਚ ਇਨ੍ਹਾਂ 'ਚ ਦਰਦ ਉੱਠਣ ਲਗਦਾ ਹੈ।" ਤਰਵਿੰਦਰ ਹੁਣ ਤਕ ਉਸ ਸਦਮੇ ਤੋਂ ਉਭਰ ਨਹੀਂ ਸਕਿਆ ਹੈ ਅਤੇ ਅਕਸਰ ਬੀਮਾਰ ਰਹਿੰਦਾ ਹੈ।

ਜਦੋਂ ਘਰ ਦੇ ਸਾਰੇ ਮਰਦ ਮਾਰੇ ਜਾ ਚੁੱਕੇ, ਤਾਂ ਔਰਤਾਂ ਨੇ ਵੇਖਿਆ ਕਿ ਇਲਾਕੇ ਦੇ ਇੱਕ ਸਿੱਖ ਬਜ਼ੁਰਗ ਜਿਨ੍ਹਾਂ ਨੂੰ ਸਾਰੇ 'ਮਾਮਾ ਜੀ' ਕਹਿੰਦੇ ਸਨ, ਸੜਕ 'ਤੇ ਬੁਰੀ ਤਰ੍ਹਾਂ ਜ਼ਖ਼ਮੀ ਪਏ ਹੋਏ ਹਨ। ਦੰਗਾਈ ਉਨ੍ਹਾਂ ਨੂੰ ਮੋਇਆ ਜਾਣ ਕੇ ਛੱਡ ਗਏ ਸਨ। ਉਨ੍ਹਾਂ ਨੂੰ ਔਰਤਾਂ ਘਰ ਲੈ ਆਈਆਂ। ਸਾਰੇ ਆਦਮੀ ਮਾਰੇ ਜਾ ਚੁੱਕੇ ਸਨ ਪਰ ਮਾਮਾ ਜੀ ਅਜੇ ਜ਼ਿੰਦਾ ਸਨ। ਲਾਲਚ ਵਿੱਚ ਅੰਨ੍ਹੀ ਉਹ ਭੀੜ ਵਾਰ-ਵਾਰ ਹਮਲਾ ਕਰਦੀ ਸੀ। ਇਸ ਵਾਰ ਵੀ ਬਚਿਆ-ਖੁਚਿਆ ਸਾਮਾਨ ਲੁੱਟਣ ਆਏ ਤਾਂ ਜ਼ਖ਼ਮੀ ਹੋਣ ਦੇ ਬਾਵਜੂਦ ਮਾਮਾ ਜੀ ਉਠ ਕੇ ਦਰਵਾਜ਼ੇ 'ਤੇ ਚਲੇ ਗਏ। ਕਹਿਣ ਲੱਗੇ, "ਮੇਰੇ ਜ਼ਿੰਦਾ ਰਹਿੰਦੇ ਇਨ੍ਹਾਂ ਔਰਤਾਂ ਨੂੰ ਕੋਈ ਕੁਝ ਨਹੀਂ ਕਹੇਗਾ।" ਦੰਗਾਈਆਂ ਨੇ ਉਨ੍ਹਾਂ ਨੂੰ ਬੇਰਹਿਮੀ ਨਾਲ ਦਰਵਾਜ਼ੇ 'ਤੇ ਹੀ ਕੋਹ-ਕੋਹ ਕੇ ਕਤਲ ਕਰ ਦਿੱਤਾ।

ਭੀੜ ਦੇ ਇਨ੍ਹਾਂ ਹਮਲਿਆਂ ਵਿੱਚ ਕਿਸੇ ਨੂੰ ਇਹ ਨਹੀਂ ਪਤਾ ਲੱਗਾ ਕਿ ਕੌਣ ਕਿੱਥੇ ਚਲਾ ਗਿਆ ਹੈ ? ਸੁਰਜੀਤ ਕੌਰ ਨੇ ਵੀ ਦੋਹਾਂ ਬੱਚਿਆਂ ਨੂੰ ਸਾਂਭਿਆ ਅਤੇ ਸ਼ਰਨ ਮੰਗਣ ਨਿਕਲ ਪਈ। ਉਥੇ ਰਾਹ ਵਿੱਚ ਹੀ ਇੱਕ ਹੋਰ ਅਨਾਥ ਬੱਚਾ ਮਿਲਿਆ ਜਿਸਨੂੰ ਨਾਲ ਲੈ ਲਿਆ ਸੀ। ਸ਼ਰਨ ਮਿਲੀ ਵੀ ਤਾਂ ਰਾਤ ਨੂੰ ਕੱਢ ਦਿੱਤਾ ਗਿਆ। ਸਰਦੀਆਂ ਸ਼ੁਰੂ ਹੋ ਚੁੱਕੀਆਂ ਸਨ।

ਬੱਚਿਆਂ ਨੂੰ ਲੈ ਕੇ ਘੁੰਮ ਰਹੀ ਸੀ ਤਾਂ ਇੱਕ ਥਾਂ 'ਤੇ ਰਾਤ ਨੂੰ ਕੁਝ ਲੋਕ ਅੱਗ ਸੇਕਦੇ ਵਿਖਾਈ ਦਿੱਤੇ। ਨੇੜੇ ਗਈ ਤਾਂ ਇੱਕ ਬਜ਼ੁਰਗ ਗੁਆਂਢੀ ਨੇ ਪਛਾਣ ਲਿਆ। ਕਿਹਾ, "ਬੇਟੀ, ਤੂੰ ਕਿੱਥੇ ਘੁੰਮ ਰਹੀ ਹੈਂ, ਚਲ ਤੈਨੂੰ ਉਥੇ ਛੱਡ ਕੇ ਆਂਦਾ ਹਾਂ ਜਿੱਥੇ ਬਾਕੀ ਲੋਕ ਹਨ।" ਇਸ ਬਜ਼ੁਰਗ ਨੇ ਸੁਰਜੀਤ ਕੌਰ ਨੂੰ ਉਥੇ ਛੱਡ ਦਿੱਤਾ

ਜਿਥੇ ਹੋਰ ਪੀੜਤ ਵਿਧਵਾਵਾਂ ਤੇ ਬੱਚੇ ਸਨ। ਪੀੜਤਾਂ ਨੂੰ ਜਮੁਨਾ ਦੇ ਕੰਢੇ ਰਖਿਆ ਗਿਆ ਸੀ। ਪਰ ਜਮੁਨਾ ਅੱਜ ਪਹਿਲਾਂ ਵਾਂਗ ਜਮੁਨਾ ਨਹੀਂ ਸੀ। ਇਸ ਵਿੱਚ ਸੁੱਟੀਆਂ ਹੋਈਆਂ ਸਿੱਖਾਂ ਦੀਆਂ ਲਾਸ਼ਾਂ ਨਜ਼ਰ ਆ ਰਹੀਆਂ ਸਨ। ਨਦੀ ਦਾ ਕੰਢਾ ਹੋਣ ਕਰਕੇ ਰੇਤ ਬਹੁਤ ਠੰਡੀ ਹੋ ਗਈ ਸੀ। ਸੁਰਜੀਤ ਕੌਰ ਨੇ ਅੱਧੀ ਦਰੀ ਹੇਠਾਂ ਵਿਛਾਈ ਤੇ ਅੱਧੀ ਬੱਚਿਆਂ ਉੱਤੇ ਪਾ ਦਿੱਤੀ। ਖ਼ੁਦ ਰਾਤ ਭਰ ਜਾਗਦੀ ਰਹੀ। ਕੁਝ ਦਿਨਾਂ ਬਾਅਦ ਹੀ ਇਥੇ ਉਸ ਬੱਚੇ ਦੀ ਅਭਾਗੀ ਮਾਂ ਮਿਲ ਗਈ ਜਿਸਦੇ ਪਤੀ ਨੂੰ ਦੰਗਾਈਆਂ ਨੇ ਮਾਰ ਦਿੱਤਾ ਸੀ। ਉਸਨੇ ਸੁਰਜੀਤ ਕੌਰ ਦੇ ਪੈਰ ਫੜ ਲਏ ਅਤੇ ਪਤਾ ਨਹੀਂ ਕਦੋਂ ਤਕ ਧੰਨਵਾਦ ਕਰਦੀ ਰਹੀ।

ਕਤਲੇਆਮ ਤੋਂ ਪਹਿਲਾਂ ਸੁਰਜੀਤ ਕੌਰ ਦੇ ਪਰਿਵਾਰ ਦਾ ਚੰਗਾ-ਭਲਾ ਕੰਮਕਾਜ ਸੀ। ਉਹ ਸਰਕਾਰ ਦੇ ਲਈ ਸ਼ੈਡ ਬਣਾਉਂਦੇ ਸਨ। ਪਰ ਹੁਣ ਸਭ ਕੁਝ ਲੁੱਟ ਗਿਆ ਸੀ। ਉਹ ਸ਼ੈਡ ਵੀ ਚੁੱਕ ਕੇ ਲੈ ਗਏ ਅਤੇ ਜਿੱਥੇ ਇਹ ਕੰਮ ਹੁੰਦਾ ਸੀ, ਉਥੇ ਵੀ ਕਬਜ਼ਾ ਹੋ ਗਿਆ। ਚਾਰੋਂ ਵਿਧਵਾਵਾਂ - ਦਰਾਣੀਆਂ ਤੇ ਜਿਠਾਨੀ, ਦੋ ਸਾਲਾਂ ਤਕ ਕਦੇ ਕਿਸੇ ਸਬੰਧੀ ਤੇ ਕਦੇ ਕਿਸੇ ਰਿਸ਼ਤੇਦਾਰ ਦੇ ਘਰ ਧੱਕੇ ਖਾਂਦੀਆਂ ਰਹੀਆਂ। ਘਰ ਦਾ ਕੋਈ ਆਦਮੀ ਨਹੀਂ ਬਚਿਆ ਸੀ। ਕੁਝ ਦਿਨਾਂ ਤਕ ਤਾਂ ਰਿਸ਼ਤੇਦਾਰ ਰੱਖ ਲੈਂਦੇ ਪਰ ਫਿਰ ਉਨ੍ਹਾਂ ਨੂੰ ਭਾਰ ਲੱਗਣ ਲਗਦਾ।

ਜਿਸ ਘਰ ਦੇ ਸਾਰੇ ਆਦਮੀ ਇੱਕ ਹੀ ਦਿਨ ਵਿੱਚ ਮਾਰ ਦਿੱਤੇ ਜਾਣ, ਉਹ ਬੱਚਿਆਂ ਨੂੰ ਚੰਗੀ ਜ਼ਿੰਦਗੀ ਕਿਥੋਂ ਦਿੰਦੀਆਂ ? ਇਨ੍ਹਾਂ ਔਰਤਾਂ ਨੇ ਕਦੇ ਘਰ ਤੋਂ ਬਾਹਰ ਬਿਨਾ ਕਾਰਣ ਕਦਮ ਵੀ ਨਹੀਂ ਰਖਿਆ ਸੀ। ਸਿਸਕਦੇ ਹੋਏ ਸੁਰਜੀਤ ਕੌਰ ਪੁੱਛਦੀ ਹੈ ਕਿ "ਅਖੀਰ ਸਾਡਾ ਕੀ ਦੋਸ਼ ਸੀ ? ਅਜੇ ਸਾਡੇ ਲਈ ਹੋਰ ਕਿੰਨੇ ਪਾਕਿਸਤਾਨ ਬਣਨੇ ਬਾਕੀ ਹਨ ?"

❖ ❖ ❖

ਇਹ ਕਤਲੇਆਮ ਸੀ, ਦੰਗੇ ਬਿਲਕੁਲ ਨਹੀਂ। ਦੰਗੇ ਕਿਸੇ ਭਾਵਨਾਤਮਕ ਮੁੱਦੇ 'ਤੇ ਦੋ ਪੱਖਾਂ ਦੇ ਆਮ੍ਹੋ-ਸਾਹਮਣੇ ਹੋ ਜਾਣ ਨਾਲ ਭੜਕਦੇ ਹਨ, ਜਿਸ ਨਾਲ ਦੋਵਾਂ ਪੱਖਾਂ ਦਾ ਨੁਕਸਾਨ ਹੁੰਦਾ ਹੈ। ਕਿਸੇ ਦਾ ਘੱਟ ਤੇ ਕਿਸੇ ਦਾ ਵਾਧੂ। ਪਰ ਇਥੇ ਤਾਂ ਸਭ ਕੁਝ ਪਲੈਨ ਕਰਕੇ ਕੀਤਾ ਗਿਆ ਸੀ। ਦੇਸ਼ ਭਰ ਵਿੱਚ 5000 ਤੋਂ ਵੱਧ ਤੇ ਰਾਜਧਾਨੀ ਵਿੱਚ 3000 ਤੋਂ ਵੱਧ ਨਿਰਦੋਸ਼ ਸਿੱਖ ਮਾਰੇ ਗਏ ਸੀ। ਦੰਗਾਈ ਕੋਈ ਮਰਨਾ ਤਾਂ ਕੀ ਸੀ, ਗ੍ਰਿਫ਼ਤਾਰ ਤਕ ਨਾ ਹੋਇਆ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ 24 ਘੰਟਿਆਂ ਬਾਅਦ ਤਕ ਕੋਈ ਸਿੱਖ ਨਹੀਂ ਮਾਰਿਆ ਗਿਆ। 31 ਅਕਤੂਬਰ 1984 ਦੀ ਸ਼ਾਮ ਏਮਸ ਹਸਪਤਾਲ ਦੇ ਬਾਹਰ ਕੁਝ ਸ਼ਰਾਰਤਾਂ ਤਾਂ ਹੋਈਆਂ ਪਰ ਇਹ ਸਿੱਖਾਂ ਦੀ ਪਗੜੀ ਉਛਾਲਣ, ਬੇਇੱਜ਼ਤ ਕਰਨ ਜਾਂ ਕੁਝ ਮਾਰ-ਕੁੱਟ ਕਰਨ ਤੋਂ ਅੱਗੇ ਨਹੀਂ ਵੱਧੀਆਂ। ਪਰ ਪੀੜਤਾਂ ਦੇ ਹਲਫ਼ਨਾਮੇ ਦੱਸਦੇ ਹਨ ਕਿ ਫਿਰ ਰਾਤ ਨੂੰ ਬਕਾਇਦਾ ਕਾਂਗਰਸ ਨੇਤਾਵਾਂ ਦੀਆਂ ਬੈਠਕਾਂ ਹੋਈਆਂ ਤੇ ਨਿਰਦੇਸ਼ ਆ ਚੁੱਕੇ ਸੀ ਕਿ ਹੁਣ ਪੂਰੀ ਸਿੱਖ ਕੌਮ ਨੂੰ ਸਬਕ ਸਿਖਾਉਣਾ ਹੈ।

ਸਿੱਖਾਂ ਤੇ ਉਨ੍ਹਾਂ ਦੇ ਘਰਾਂ ਨੂੰ ਸਾੜਣ ਲਈ ਬਕਾਇਦਾ ਤੇਜ਼ੀ ਨਾਲ ਅੱਗ ਫੜਣ ਵਾਲੇ ਚਿੱਟੇ ਪਾਊਡਰ ਦੀਆਂ ਬੋਰੀਆਂ ਮੰਗਵਾ ਕੇ ਦਿੱਲੀ ਵਿੱਚ ਵੰਡੀਆਂ ਗਈਆਂ। ਮਿੱਟੀ ਦੇ ਤੇਲ ਦੇ ਡਿਪੂਆਂ ਨੂੰ ਦੰਗਾਈਆਂ ਨੂੰ ਤੇਲ ਦੇਣ ਲਈ ਕਿਹਾ ਗਿਆ। ਸਿੱਖਾਂ ਦੇ ਘਰਾਂ ਦੀ ਵੋਟਰ ਲਿਸਟਾਂ ਵਿੱਚ ਨਿਸ਼ਾਨਦੇਹੀ ਕੀਤੀ ਗਈ। ਪੁਲਿਸ ਨੂੰ ਅੱਖਾਂ ਬੰਦ ਕਰਨ ਜਾਂ ਫਿਰ ਲੋੜ ਪੈਣ 'ਤੇ ਦੰਗਾਈਆਂ ਦਾ ਸਾਥ ਦੇਣ ਦੇ ਨਿਰਦੇਸ਼ ਦਿੱਤੇ ਗਏ। ਸਿੱਖਾਂ ਨੂੰ ਮਾਰਨ ਲਈ ਬਕਾਇਦਾ ਹਰਿਆਣਾ ਤੋਂ ਰੇਲ ਮੰਗਵਾਈ ਗਈ। ਡੀ.ਟੀ.ਸੀ. ਦੀਆਂ ਬਸਾਂ ਨੂੰ ਹਰਿਆਣਾ ਦੀਆਂ ਉਨ੍ਹਾਂ ਜਾਤਾਂ ਨੂੰ ਲਿਆਉਣ ਦੀ ਡਿਊਟੀ ਸੌਂਪੀ ਗਈ ਜੋ ਕਿ ਮਾਰ-ਕੁੱਟ ਤੇ ਲੁੱਟ-ਖਸੁੱਟ ਨੂੰ ਲੈ ਕੇ ਬਦਨਾਮ ਰਹੀਆਂ ਹਨ। ਜੋ ਝੁੱਗੀ-ਝੋਂਪੜੀਆਂ ਤੇ ਅਵੈਧ ਕਾਲੋਨੀਆਂ ਵੋਟ ਬੈਂਕ ਦੇ ਵਾਂਗ ਵਰਤੋਂ ਕਰਨ ਲਈ ਬਣਾਈਆਂ ਗਈਆਂ ਸਨ, ਉਥੋਂ ਦੇ ਲੋਕਾਂ ਨੂੰ ਲਾਲਚ ਵਿਖਾ ਕੇ ਲੁੱਟਣ ਤੇ ਮਾਰਨ ਨੂੰ ਕਿਹਾ ਗਿਆ। ਕਾਂਗਰਸੀ ਨੇਤਾਵਾਂ ਨੇ

ਜਦੋਂ ਪੂਰਾ ਇੰਤਜ਼ਾਮ ਕਰ ਲਿਆ ਤਾਂ ਫਿਰ ਭੀੜ ਨੂੰ ਭਾਸ਼ਣ ਦੇ ਕੇ ਕਤਲੇਆਮ ਲਈ ਪ੍ਰੇਰਿਤ ਕੀਤਾ ਗਿਆ। ਇਉਂ ਲੱਗਦਾ ਸੀ ਜਿਵੇਂ ਹਰੇਕ ਦੰਗਾਈ ਨੂੰ ਇਹ ਪਤਾ ਸੀ ਕਿ ਉਸਦਾ ਕੁਝ ਵਿਗੜਣ ਵਾਲਾ ਨਹੀਂ ਅਤੇ ਪੁਲਿਸ, ਪ੍ਰਸ਼ਾਸਨ ਤੇ ਸਰਕਾਰ ਉਨ੍ਹਾਂ ਦੇ ਨਾਲ ਹੈ।

ਆਲਮ ਇਹ ਸੀ ਕਿ ਜਦੋਂ ਪੁਲਿਸ ਕਤਲੇਆਮ ਵਾਲੀ ਥਾਂ 'ਤੇ ਆ ਜਾਂਦੀ ਤਾਂ ਦੰਗਾਈਆਂ ਨੂੰ ਜ਼ਿਆਦਾ ਤਸੱਲੀ ਹੋ ਜਾਂਦੀ। ਜੇਕਰ ਕਿਧਰੇ ਸਿੱਖਾਂ ਵੱਲੋਂ ਦੰਗਾਈਆਂ ਦੇ ਵਿਰੋਧ ਜਾਂ ਗੁਰਦੁਆਰੇ ਨੂੰ ਬਚਾਉਣ ਲਈ ਇਕੱਠਿਆਂ ਹੋਣ ਦੀ ਖ਼ਬਰ ਮਿਲਦੀ ਤਾਂ ਪੁਲਿਸ ਫ਼ੌਰਨ ਉਥੇ ਦੰਗਾਈਆਂ ਦਾ ਸਾਥ ਦੇਣ ਪਹੁੰਚ ਜਾਂਦੀ। ਜੇਕਰ ਕੋਈ ਸਿੱਖ ਪੁਲਿਸ ਥਾਣੇ ਪਹੁੰਚ ਗਿਆ ਤਾਂ ਉਸਨੂੰ ਖ਼ੁਦ ਪੁਲਿਸ ਨੇ ਗੋਲੀ ਮਾਰੀ ਜਾਂ ਫਿਰ ਥਾਣੇ ਤੋਂ ਭਜਾ ਦਿੱਤਾ।

ਜੇਕਰ ਕਿਸੇ ਨੇ ਬਚਾਉਣ ਦੇ ਲਈ ਫ਼ੋਨ ਕੀਤਾ ਤਾਂ ਕਿਹਾ ਗਿਆ ਕਿ "ਚਿੰਤਾ ਨਾ ਕਰੋ, ਤੁਹਾਨੂੰ ਸਾੜਣ ਵੀ ਆ ਰਹੇ ਨੇ।" ਦੰਗਾਈ ਕਤਲੇਆਮ ਕਰਦੇ ਰਹੇ ਪਰ ਥਾਣਿਆਂ ਦੀਆਂ 'ਲਾੱਗਬੁੱਕ' ਖਾਲੀਆਂ ਪਈਆਂ ਰਹੀਆਂ। ਵੇਲੇ ਦੇ ਪੁਲਿਸ ਕਮੀਸ਼ਨਰ ਨੇ ਆਪਣੀ ਲਾੱਗਬੁੱਕ ਜਾਂਚ ਕਮੀਸ਼ਨ ਨੂੰ ਨਹੀਂ ਦਿੱਤੀ। ਗ੍ਰਿਫ਼ਤਾਰੀ ਹੋਈ ਵੀ ਤਾਂ ਉਨ੍ਹਾਂ ਸਿੱਖਾਂ ਦੀ ਜਿਨ੍ਹਾਂ ਨੇ ਆਪਣੀ ਜਾਨ ਬਚਾਉਣ ਲਈ ਹਥਿਆਰ ਕੱਢ ਲਏ ਸੀ। ਇਸੇ ਨੂੰ ਬਹਾਦੁਰੀ ਦੱਸ ਕੇ ਬਾਅਦ ਵਿੱਚ ਬਹਾਦੁਰੀ ਦੇ ਰਾਸ਼ਟਰਪਤੀ ਮੈਡਲ ਦਿੱਤੇ ਗਏ। ਇਸ ਤੋਂ ਵੱਡੀ ਬੇਸ਼ਰਮੀ ਤੇ ਕਾਇਰਤਾ ਦੀ ਗੱਲ ਕੀ ਹੋ ਸਕਦੀ ਹੈ ?

ਦੰਗਾਈਆਂ ਦੇ ਖਿਲਾਫ਼ ਕੁਝ ਨਹੀਂ ਹੋ ਰਿਹਾ ਸੀ ਪਰ ਆਤਮ ਸੁਰੱਖਿਆ ਲਈ ਲਾਇਸੈਂਸੀ ਹਥਿਆਰ ਕੱਢਣ ਵਾਲੇ ਸਿੱਖਾਂ ਦੇ ਖਿਲਾਫ਼ ਹੱਤਿਆ ਦੇ ਮੁਕਦਮੇ ਕਰਾਏ ਗਏ। ਪੁਲਿਸ ਦਾ ਕੰਮ ਇਕੱਠੇ ਹੋ ਰਹੇ ਸਿੱਖਾਂ ਨੂੰ ਵੱਖ-ਵੱਖ ਕਰਨਾ ਤੇ ਹਥਿਆਰ ਜ਼ਬਤ ਕਰਨ ਦੇ ਬਾਅਦ ਭੀੜ ਨੂੰ ਹਮਲਾ ਕਰਨ ਦੇ ਹੁਕਮ ਜਾਰੀ ਕਰਨਾ ਹੀ ਰਹਿ ਗਿਆ ਸੀ।

ਇਸ ਕਤਲੇਆਮ ਦਾ ਤਰੀਕਾ ਪੂਰੀ ਦਿੱਲੀ ਵਿੱਚ ਇੱਕੋ ਜਿਹਾ ਹੀ ਸੀ। ਪਹਿਲੇ ਭੀੜ ਇਕੱਠੀ ਹੁੰਦੀ ਤੇ ਗੁਰਦੁਆਰੇ 'ਤੇ ਹਮਲਾ ਕਰਦੀ। ਜੇਕਰ ਵਿਰੋਧ ਹੁੰਦਾ ਤਾਂ ਪੁਲਿਸ ਆ ਕੇ ਸਹਿਯੋਗ ਕਰਦੀ। ਗੁਰਦੁਆਰੇ 'ਤੇ ਹਮਲਾ ਕਰਕੇ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੀ ਬੇਅਦਬੀ ਕੀਤੀ ਜਾਂਦੀ। ਦੁਨੀਆ ਨੂੰ ਸ਼ਾਂਤੀ ਤੇ ਪਿਆਰ ਦਾ ਉਪਦੇਸ਼ ਦੇਣ ਵਾਲੇ ਇਸ ਇਸ਼ਟ ਦੇ ਸਰੂਪ ਨੂੰ ਫਾੜਿਆ ਜਾਂਦਾ, ਅੱਗ ਲਾਈ ਜਾਂਦੀ ਤੇ ਇਥੋਂ ਤਕ ਕਿ ਮਲ-ਮੂਤਰ ਵੀ ਸੁੱਟਿਆ ਜਾਂਦਾ। ਇਹ 'ਸੈਕੂਲਰ ਭਾਰਤ' ਅੰਦਰ ਫਿਰਕੂਪਨੇ ਦੀ ਹੱਦ ਸੀ।

ਦੰਗਾਈਆਂ ਦੀ ਹੈਵਾਨੀਅਤ ਨੂੰ ਪ੍ਰਗਟ ਕਰਦੇ ਹੋਏ ਨੰਦਿਤਾ ਹਕਸਰ ਤੇ ਉਮਾ ਚਕਰਵਰਤੀ ਨੇ 'ਦਿੱਲੀ ਰਾਇਟਸ' ਵਿੱਚ ਇੱਕ ਘਟਨਾ ਦਾ ਜ਼ਿਕਰ ਕੀਤਾ ਹੈ। ਜਦੋਂ ਇੱਕ 10 ਸਾਲ ਦਾ ਸਿੱਖ ਬੱਚਾ ਜਾਨ ਬਚਾਉਣ ਲਈ ਕੇਸਾਂ ਦੀ ਗੁਤ ਕਰਕੇ ਤੇ ਸਲਵਾਰ-ਕਮੀਜ਼ ਪਾ ਕੇ ਸੜਕ 'ਤੇ ਜਾ ਰਿਹਾ ਸੀ ਤਾਂ ਦੰਗਾਈਆਂ ਨੇ ਉਸਨੂੰ ਪਛਾਣ ਲਿਆ ਅਤੇ ਕਿਹਾ ਕਿ "ਸਰਦਾਰ ਦਾ ਬੱਚਾ ਹੋਵੇਗਾ।" ਡਰੇ ਹੋਏ ਬੱਚੇ ਤੋਂ ਪੁੱਛਿਆ ਕਿ ਪਰਿਵਾਰ ਕਿੱਥੇ ਹੈ ਤਾਂ ਉਸਨੇ ਇੱਕ ਪਾਸੇ ਵੱਲ ਇਸ਼ਾਰਾ ਕੀਤਾ ਜਿੱਥੇ ਉਸਦੇ ਪਿਤਾ ਦੀ ਲਾਸ਼ ਪਈ ਹੋਈ ਸੀ। ਦੰਗਾਈਆਂ ਨੇ ਉਸ ਬੱਚੇ ਨੂੰ ਸੱਪ ਦਾ ਬੱਚਾ ਦੱਸਦੇ ਹੋਏ ਉਸਨੂੰ ਉਸਦੇ ਪਿਤਾ ਦੀ ਲਾਸ਼ 'ਤੇ ਸੁੱਟਿਆ ਅਤੇ ਅੱਗ ਲਾ ਦਿੱਤੀ।

ਸੁਆਲ ਉੱਠਦਾ ਹੈ ਕਿ ਆਖਰ ਅਜਿਹੇ ਭੇੜੀਏ ਅੱਜ ਤਕ ਖੁਲ੍ਹੇ ਕਿਉਂ ਘੁੰਮ ਰਹੇ ਹਨ ?

ਫ਼ੌਜ ਦਿੱਲੀ ਵਿੱਚ ਮੌਜੂਦ ਸੀ ਪਰ ਉਸਨੂੰ ਲਾਇਆ ਨਹੀਂ ਗਿਆ। ਉਸ ਵੇਲੇ ਦੇ ਫ਼ੌਜ ਦੇ ਮੁਖੀ ਜਨਰਲ ਏ.ਐਸ. ਵੈਦਯਾ ਦਾ ਹੀ ਕਹਿਣਾ ਸੀ ਕਿ 5000 ਸੈਨਿਕ 31 ਅਕਤੂਬਰ ਦੀ ਰਾਤ ਨੂੰ ਹੀ ਮੇਰਠ ਤੋਂ ਦਿੱਲੀ ਆ ਗਏ ਸੀ। ਪਰ ਉਨ੍ਹਾਂ ਨੂੰ ਤੈਨਾਤ ਨਹੀਂ ਕੀਤਾ ਗਿਆ। ਰਾਜਪਾਲ ਪੀ.ਜੀ. ਗੱਵਈ ਰਾਸ਼ਟਰਪਤੀ ਨੂੰ ਕਹਿ ਰਹੇ ਸੀ ਕਿ ਫ਼ੌਜ ਲਾਉਣ ਨਾਲ ਹਾਲਾਤ ਵਿਗੜ ਜਾਣਗੇ। ਇਸ ਤੋਂ ਵੱਡਾ ਨਿਰਲੱਜ ਕੁਤਰਕ ਕੀ ਹੋ ਸਕਦਾ ਸੀ। ਤਿੰਨ ਦਿਨਾਂ ਬਾਅਦ ਜਦੋਂ ਫ਼ੌਜ ਤੈਨਾਤ ਹੋਈ ਤਾਂ ਬਿਨਾ ਇੱਕ ਗੋਲੀ ਚਲਾਏ ਹੀ ਪੂਰਨ ਸ਼ਾਂਤੀ ਹੋ ਗਈ। ਕਾਨਪੁਰ ਵਿੱਚ ਜਿੱਥੇ ਫ਼ੌਜ ਹਮੇਸ਼ਾ ਮੌਜੂਦ ਰਹਿੰਦੀ ਹੈ, ਇੱਕ ਕੈਪਟਨ ਦੰਗਾਈਆਂ ਦੇ ਖਿਲਾਫ਼ ਕਾਰਵਾਈ ਕਰਨ ਦੀ ਇਜਾਜ਼ਤ ਮੰਗ ਰਿਹਾ ਸੀ, ਉਸ ਦੀਆਂ ਅੱਖਾਂ ਦੇ ਸਾਹਮਣੇ 25 ਸਿੱਖਾਂ ਨੂੰ ਘਰਾਂ ਵਿੱਚ ਸਾੜ ਦਿੱਤਾ ਗਿਆ ਪਰ ਡੀ.ਐਮ. ਨੇ ਕਾਰਵਾਈ ਦੀ ਇਜਾਜ਼ਤ ਨਹੀਂ ਦਿੱਤੀ।

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਸਹਾਇ ਸੀ ਜਾਂ ਫਿਰ ਡਰੇ ਹੋਏ ਸੀ। ਉਨ੍ਹਾਂ ਦੀ ਔਕਾਤ ਐਨੀ ਵੀ ਨਹੀਂ ਸੀ ਕਿ ਆਪਣੀ ਜਾਣ-ਪਛਾਣ ਦੇ ਮਾਰੇ ਗਏ ਇੱਕ ਵਿਅਕਤੀ ਦੀ ਲਾਸ਼ ਤਕ ਉਸਦੇ ਪਰਿਵਾਰ ਨੂੰ ਦਿਵਾ ਸਕਣ। ਗ੍ਰਹਿ ਮੰਤਰੀ ਨਰ ਸਿਮਹਾ ਰਾਓ ਦਾ ਵਤੀਰਾ ਅਜਿਹਾ ਸੀ ਜਿਵੇਂ ਕੁਝ ਹੋ ਹੀ ਨਹੀਂ ਰਿਹਾ ਸੀ। ਦੇਸ਼ ਦੀ ਰਾਜਧਾਨੀ ਵਿੱਚ ਕਤਲੇਆਮ ਹੋ ਰਿਹਾ ਸੀ ਤੇ ਉਹ ਅਪਰਾਧਿਕ ਚੁੱਪੀ ਸਾਧੇ ਬੈਠੇ ਹੋਏ ਸੀ। ਕਾਨੂੰਨ ਤੇ ਵਿਵਸਥਾ ਦਾ ਜ਼ਿੰਮਾ ਸ਼ਾਇਦ ਉਨ੍ਹਾਂ ਨੇ ਦੰਗਾਈਆਂ ਨੂੰ ਸੌਂਪ ਦਿੱਤਾ ਸੀ। ਤ੍ਰਿਲੋਕ ਪੁਰੀ ਦੇ ਨੇੜਲੇ ਚਿੱਲਾ ਪਿੰਡ ਤੋਂ ਆਏ ਦੰਗਾਈ ਜਿਸ ਤਰ੍ਹਾਂ ਸਿੱਖਾਂ ਨੂੰ ਮਾਰਨ ਦੇ ਬਾਅਦ ਉਨ੍ਹਾਂ ਦੀਆਂ ਕੁੜੀਆਂ ਨੂੰ ਚੁੱਕ ਕੇ ਲੈ ਗਏ, ਉਹ ਸਾਬਤ ਕਰਦਾ ਹੈ ਕਿ ਉਨ੍ਹਾਂ ਦੇ ਹੌਂਸਲੇ ਕਿੰਨੇ ਵੱਧ ਚੁੱਕੇ ਸੀ ਤੇ ਉਨ੍ਹਾਂ ਨੂੰ ਪੁਲਿਸ ਦਾ ਕੋਈ ਡਰ ਨਹੀਂ ਸੀ। ਤਿੰਨ ਦਿਨਾਂ ਤਕ ਸਿੱਖਾਂ ਨੂੰ ਮਾਰਨ, ਲੁੱਟਣ ਤੇ ਸਾੜ ਕੇ ਸਬਕ ਸਿਖਾਉਣ ਦੀ ਛੋਟ ਦਿੱਤੀ ਗਈ ਤੇ ਤੀਜੇ ਦਿਨ ਜਦੋਂ ਫ਼ੌਜ ਨੇ ਫ਼ਲੈਗ ਮਾਰਚ ਕੀਤਾ ਤਾਂ ਸਭ ਕੁਝ ਇਕਦਮ ਬੰਦ ਹੋ ਗਿਆ। ਫ਼ੌਜ ਨੂੰ ਇੱਕ ਗੋਲੀ ਤਕ ਚਲਾਉਣ ਦੀ ਲੋੜ ਨਹੀਂ ਪਈ।

ਕਤਲੇਆਮ ਜਿਸ ਯੋਜਨਾਬੱਧ ਤਰੀਕੇ ਨਾਲ ਹੋਇਆ, ਉਸਨੂੰ ਵੇਖ ਕੇ ਨਾਨਾਵਟੀ ਕਮੀਸ਼ਨ ਨੂੰ ਕਹਿਣਾ ਪਿਆ ਕਿ "ਕਤਲੇਆਮ ਸੰਗਠਿਤ ਤੇ ਸੁਨਿਯੋਜਿਤ ਢੰਗ ਨਾਲ ਕੀਤਾ ਗਿਆ ਸੀ।" ਇਸ ਦੌਰਾਨ ਨਿਰਦੋਸ਼ ਸਿੱਖਾਂ ਨੂੰ ਲੈ ਕੇ ਕਿਧਰੇ ਲੋਕਾਂ ਦੇ ਮਨਾਂ ਵਿੱਚ ਕੋਈ ਤਰਸ ਨਾ ਆ ਜਾਵੇ, ਇਸ ਲਈ ਬਕਾਇਦਾ ਅਫ਼ਵਾਹਾਂ ਫੈਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਇਹ ਕੰਮ ਪੁਲਿਸ ਨੇ ਆਪ ਕੀਤਾ। ਕਿਹਾ ਗਿਆ ਕਿ ਪੰਜਾਬ ਵਿੱਚ ਹਿੰਦੂਆਂ ਨੂੰ ਕੱਟ ਕੇ ਟਰੇਨ ਭੇਜੀ ਗਈ ਹੈ। ਕਿਸੇ ਨੇ ਇਸ ਅਫ਼ਵਾਹ ਦੀ ਸੱਚਾਈ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਹਾਂ, ਟਰੇਨਾਂ ਤੋਂ ਕੱਢ ਕੇ ਸਿੱਖਾਂ ਨੂੰ ਮਾਰਨ ਦਾ ਕੰਮ ਜ਼ਰੂਰ ਸ਼ੁਰੂ ਕਰ ਦਿੱਤਾ। ਅਫ਼ਵਾਹ ਇਹ ਵੀ ਫੈਲਾਈ ਗਈ ਕਿ ਸਿੱਖਾਂ ਨੇ ਹਿੰਦੂਆਂ ਨੂੰ ਮਾਰਨ ਲਈ ਦਿੱਲੀ ਦੇ ਪਾਣੀ ਵਿੱਚ ਜ਼ਹਿਰ ਮਿਲਾ ਦਿੱਤਾ ਹੈ। ਇਹ ਵੀ ਕਿਹਾ ਗਿਆ ਕਿ ਪੰਜਾਬ ਵਿੱਚ ਹਿੰਦੂਆਂ ਦੇ ਨਾਲ ਮਾਰ-ਕੁੱਟ ਹੋ ਰਹੀ ਹੈ। ਇਹ ਸਭ ਫਿਰਕੂ ਮਾਨਸਿਕਤਾ ਨੂੰ ਵਧਾਉਣ ਲਈ ਕੀਤਾ ਜਾ ਰਿਹਾ ਸੀ ਤਾਂ ਕਿ ਸਿੱਖਾਂ ਦੇ ਪ੍ਰਤੀ ਕੋਈ ਰਹਿਮ ਕਿਸੇ ਦੇ ਮਨ ਵਿੱਚ ਨਾ ਰਹੇ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪੰਜਾਬ ਹੀ ਇੱਕ ਅਜਿਹਾ ਰਾਜ ਹੈ ਜਿੱਥੇ ਸਿੱਖਾਂ ਤੇ ਹਿੰਦੂਆਂ ਦੀ

ਆਬਾਦੀ ਤਕਰੀਬਨ ਬਰਾਬਰ ਹੋਣ ਤੇ ਤਮਾਮ ਭੈੜੇ ਦੌਰਾਂ ਦੇ ਬਾਵਜੂਦ ਕੋਈ ਵੀ ਦੰਗਾ ਨਹੀਂ ਭੜਕਿਆ। ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ 5000 ਸਿੱਖਾਂ ਦੇ ਮਾਰੇ ਜਾਣ ਦੇ ਬਾਵਜੂਦ ਪੰਜਾਬ ਵਿੱਚ ਹਿੰਦੂਆਂ ਦੇ ਖਿਲਾਫ਼ ਦੰਗੇ ਨਹੀਂ ਹੋਏ।

ਦੂਰਦਰਸ਼ਨ ਕਤਲੇਆਮ ਭੜਕਾਉਣ ਦੀ ਆਪਣੀ ਭੂਮਿਕਾ ਪੂਰੀ ਸ਼ਿੱਦਤ ਨਾਲ ਨਿਭਾ ਰਿਹਾ ਸੀ। ਲਗਾਤਾਰ ਇੰਦਰਾ ਗਾਂਧੀ ਦਾ ਸਰੀਰ ਤੇ ਉਸਦੇ ਨੇੜੇ-ਤੇੜੇ "ਖ਼ੂਨ ਦਾ ਬਦਲਾ ਖ਼ੂਨ" ਦੇ ਲੱਗ ਰਹੇ ਨਾਅਰਿਆਂ ਨੂੰ ਪ੍ਰਸਾਰਿਤ ਕੀਤਾ ਗਿਆ ਸੀ। ਕੋਈ ਵੀ ਨੇਤਾ ਇਨ੍ਹਾਂ ਨਾਅਰੇ ਲਾਉਣ ਵਾਲਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ। ਉਸ ਵਕਤ ਟੀ.ਵੀ. ਦਾ ਇੱਕ ਹੀ ਚੈਨਲ ਸੀ ਤੇ ਇਸ ਦੂਰਦਰਸ਼ਨ ਨੇ ਜਿਸ ਤਰ੍ਹਾਂ ਨਾਲ ਇੰਦਰਾ ਗਾਂਧੀ ਦੀ ਹੱਤਿਆ ਅਤੇ ਫਿਰ ਕ੍ਰਿਆਕ੍ਰਮ ਦਾ ਪ੍ਰਸਾਰਣ ਕੀਤਾ। ਲੱਗ ਰਿਹਾ ਸੀ ਕਿ ਇਹ ਸਭ ਜਾਣ-ਬੁੱਝ ਕੇ ਕੀਤਾ ਜਾ ਰਿਹਾ ਹੈ। ਦੂਰਦਰਸ਼ਨ ਵਾਰ-ਵਾਰ 'ਸਿੱਖ ਸੁਰੱਖਿਆ-ਕਰਮੀਆਂ' ਵੱਲੋਂ ਹੱਤਿਆ ਦੀ ਗੱਲ ਨੂੰ ਦੁਹਰਾ ਰਿਹਾ ਸੀ।

ਦੂਰਦਰਸ਼ਨ 'ਤੇ ਸਿੱਖ ਕਤਲੇਆਮ ਦੀ ਇੱਕ ਖ਼ਬਰ ਤਕ ਨਹੀਂ ਵਿਖਾਈ ਗਈ। ਉਸਨੂੰ ਤਾਂ ਜਿਵੇਂ ਸੱਪ ਸੁੰਘ ਗਿਆ ਸੀ। ਬਾਕੀ ਅਖ਼ਬਾਰਾਂ ਵੀ ਸਹੀ ਖ਼ਬਰ ਦੇਣ ਦੇ ਆਪਣੇ ਧਰਮ ਨੂੰ ਭੁੱਲ ਚੁੱਕੀਆਂ ਸੀ। ਜਾਂ ਫਿਰ ਉਨ੍ਹਾਂ ਨੇ ਮੰਨ ਲਿਆ ਸੀ ਕਿ ਸਿੱਖਾਂ ਦਾ ਮਾਰਿਆ ਜਾਣਾ ਕੋਈ ਖ਼ਬਰ ਨਹੀਂ ਹੈ ਜਾਂ ਫਿਰ ਐਸੀ ਖ਼ਬਰ ਦੇਣ ਦਾ ਜੋਖ਼ਮ ਹੀ ਕੌਣ ਚੁੱਕੇ ? ਸਾਰੀ ਦਿੱਲੀ ਵਿੱਚ ਮਾਰ-ਕੁੱਟ ਹੋ ਰਹੀ ਸੀ ਤੇ ਅਖ਼ਬਾਰਾਂ ਸਿਰਫ਼ ਸ਼ੋਕ ਸੰਦੇਸ਼ ਹੀ ਦੇ ਰਹੀਆਂ ਸੀ। ਇਹ ਤਾਂ ਇੰਡੀਅਨ ਐਕਸਪ੍ਰੈਸ ਦੇ ਰਿਪੋਰਟਰ ਰਾਹੁਲ ਬੇਦੀ ਨੇ ਦੋ ਦਿਨਾਂ ਬਾਅਦ ਤ੍ਰਿਲੋਕਪੁਰੀ ਦੇ ਕਤਲੇਆਮ ਦੀ ਖ਼ਬਰ ਦਿੱਤੀ ਤਾਂ ਹੋਰ ਅਖ਼ਬਾਰਾਂ ਵਿੱਚ ਹਲਕੀ-ਫੁਲਕੀ ਖ਼ਬਰਾਂ ਆਈਆਂ। ਅਖ਼ਬਾਰਾਂ ਤੇ ਦੂਰਦਰਸ਼ਨ ਵੇਖਣ 'ਤੇ ਲੱਗਦਾ ਹੀ ਨਹੀਂ ਸੀ ਕਿ ਦੇਸ਼ ਦੀ ਰਾਜਧਾਨੀ ਵਿੱਚ ਨਿਰਦੋਸ਼ਾਂ ਦਾ ਕਤਲੇਆਮ ਹੋ ਰਿਹਾ ਹੈ। ਮੀਡੀਆ ਨੇ ਮਾਰੇ ਗਏ ਲੋਕਾਂ ਦੀਆਂ ਵਿਧਵਾਵਾਂ ਨਾਲ ਗੱਲ ਕਰਨਾ ਹੀ ਉਚਿਤ ਨਹੀਂ ਸਮਝਿਆ। ਛੋਟੀ ਤੋਂ ਛੋਟੀ ਘਟਨਾ 'ਤੇ ਮਨੁੱਖੀ ਖ਼ਬਰਾਂ ਦਾ ਏਂਗਲ ਲੱਭਣ ਵਾਲੇ ਮੀਡੀਆ 'ਤੇ ਵੀ ਸ਼ਾਇਦ ਫਿਰਕੂ ਰੰਗਤ ਚੜ੍ਹ ਚੁੱਕੀ ਸੀ। ਇੰਡੀਆ ਟੁੱਡੇ ਨੇ 30 ਨਵੰਬਰ ਨੂੰ ਤਕਰੀਬਨ ਇੱਕ ਮਹੀਨੇ ਬਾਅਦ ਇਸ ਕਤਲੇਆਮ ਦੇ ਸਬੰਧ ਵਿੱਚ ਲੋਕਲ ਕਾਂਗਰਸੀ ਆਗੂਆਂ ਤੇ ਪੁਲਿਸ ਨੂੰ ਕਟਘਰੇ ਵਿੱਚ ਲਿਆ ਕੇ ਖੜਾ ਕੀਤਾ।

ਰਾਜਨੀਤਕ ਵਿਰੋਧੀ ਪੱਖ ਨੇ ਵੀ ਜ਼ਬਾਨ ਸੀ ਲਈ ਸੀ।

ਕਤਲੇਆਮ ਸਿਰਫ਼ ਦਿੱਲੀ ਤਕ ਸੀਮਿਤ ਨਹੀਂ ਸੀ। ਕਾਨਪੁਰ ਵਿੱਚ 200 ਤੋਂ ਵੱਧ ਜਾਨਾਂ ਗਈਆਂ ਸੀ ਤੇ ਬਿਹਾਰ ਦੇ ਬੋਕਾਰੋ ਵਿੱਚ ਵੀ 200 ਸਿੱਖ ਮਾਰੇ ਗਏ ਸੀ। ਪਟਨਾ, ਡਾਲਟਨਗੰਜ, ਜਮਸ਼ੇਦਪੁਰ, ਭਾਗਲਪੁਰ, ਹਜ਼ਾਰੀ ਬਾਗ਼ ਤੇ ਝੁਮਰੀ-ਤਲੈਯਾ ਵਿੱਚ ਵੀ ਸਿੱਖਾਂ ਨੂੰ ਬਖ਼ਸ਼ਿਆ ਨਹੀਂ ਗਿਆ। ਦਿੱਲੀ, ਕਾਨਪੁਰ ਤੇ ਬੋਕਾਰੋ ਤੋਂ ਇਲਾਵਾ ਬਾਕੀ ਹਿੱਸਿਆਂ ਵਿੱਚ ਸਿੱਖਾਂ ਨਾਲ ਹੋਈ ਹਿੰਸਾ ਦੇ ਸਬੰਧ ਵਿੱਚ 'ਸਿੱਖਸ ਫ਼ਾਰ ਜਸਟਿਸ' ਨਾਂ ਦੀ ਸੰਸਥਾ ਦਸਤਾਵੇਜ਼ ਤਿਆਰ ਕਰ ਰਹੀ ਹੈ। ਲਖਨਊ ਵਿੱਚ ਅਫ਼ਵਾਹ ਫੈਲਾਈ ਗਈ ਕਿ ਪੰਜਾਬ ਦੇ ਸਿੱਖਾਂ ਨੇ ਲਖਨਊ ਮੇਲ ਵਿੱਚ ਹਿੰਦੂਆਂ ਦੀਆਂ ਲਾਸ਼ਾਂ ਭੇਜੀਆਂ ਹਨ, ਤੇ ਉਥੇ ਲਖਨਊ ਸਟੇਸ਼ਨ 'ਤੇ ਸਿੱਖ ਯਾਤਰੂਆਂ ਨੂੰ ਕੱਢ ਕੇ ਕਤਲ ਕਰ ਦਿੱਤਾ ਗਿਆ। ਗਾਜ਼ੀਆਬਾਦ ਵੀ ਇਸ ਤੋਂ ਅਛੋਹ ਨਹੀਂ ਰਿਹਾ। ਇਥੇ ਵੀ ਕਾਂਗਰਸੀ ਆਗੂਆਂ ਨੇ ਪੁਲਿਸ ਨਾਲ ਮਿਲ ਕੇ ਬਿਲਕੁਲ ਦਿੱਲੀ ਵਾਂਗ ਕਤਲੇਆਮ ਕੀਤਾ ਸੀ। ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿੱਚ ਵੀ ਜਿਥੇ ਕਾਂਗਰਸ ਮਜ਼ਬੂਤ ਸੀ, ਉਥੇ ਕਤਲੇਆਮ ਹੋਇਆ। ਪੱਛਮੀ ਬੰਗਾਲ ਵਿੱਚ ਵਾਮਪੰਥੀਆਂ ਨੇ ਇਸਨੂੰ ਕਾਬੂ ਕਰ ਲਿਆ ਤੇ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਨੇ ਵੀ ਇਸਨੂੰ ਰੋਕਣ ਵਿੱਚ ਕੁਝ ਭੂਮਿਕਾ ਨਿਭਾਈ ਸੀ।

ਖ਼ੁਸ਼ਵੰਤ ਸਿੰਘ ਨੇ ਰਾਜੀਵ ਗਾਂਧੀ ਦੇ ਸ਼ਾਸਨ ਦੇ ਪਹਿਲੇ 100 ਦਿਨਾਂ ਦੇ ਬਾਰੇ ਲਿਖਦਿਆਂ ਕਿਹਾ ਸੀ ਕਿ ਸਿਰਫ਼ ਦਿੱਲੀ ਵਿੱਚ ਹੀ 6000 ਤੋਂ ਵੱਧ ਸਿੱਖ ਮਾਰੇ ਗਏ ਸੀ। ਇੰਦਰਾ ਗਾਂਧੀ ਦੀ ਹੱਤਿਆ 31 ਅਕਤੂਬਰ ਨੂੰ ਹੋਈ ਤੇ ਅੰਤਮ ਸਸਕਾਰ ਦਾ ਸਮਾਂ 3 ਨਵੰਬਰ ਦੀ ਦੁਪਹਿਰ ਨੂੰ ਤੈਅ ਕੀਤਾ ਗਿਆ। ਦੁਨੀਆ ਭਰ ਤੋਂ ਵਿਦੇਸ਼ੀ ਪ੍ਰਤੀਨਿਧੀਆਂ ਤੇ ਮੀਡੀਆ ਨੇ ਆਉਣਾ ਸੀ, ਤਾਂ ਇਸ ਦਿਨ ਫ਼ੌਜ ਨੇ ਫ਼ਲੈਗ ਮਾਰਚ ਕੀਤਾ ਤੇ ਸਭ ਕੁਝ ਸ਼ਾਂਤ ਹੋ ਗਿਆ।

ਸਿੱਖਾਂ ਦੇ ਕਤਲੇਆਮ ਦੇ ਸਭ ਤੋਂ ਵੱਡੇ ਆਰੋਪੀ ਸਾਂਸਦ ਐਚ.ਕੇ.ਐਲ. ਭਗਤ ਨੂੰ ਜਮੁਨਾਪਾਰ ਦਾ ਸਭ ਤੋਂ ਵੱਡਾ ਗੁੰਡਾ ਮੰਨਿਆ ਜਾਂਦਾ ਸੀ। ਸਭ ਤੋਂ ਵੱਧ ਕਤਲੇਆਮ ਇਥੇ ਹੀ ਹੋਇਆ। ਤ੍ਰਿਲੋਕਪੁਰੀ, ਸੁਲਤਾਨਪੁਰੀ, ਜਹਾਂਗੀਰਪੁਰੀ ਵਰਗੇ ਇਲਾਕਿਆਂ ਵਿੱਚ ਸਭ ਤੋਂ ਵੱਧ ਤਬਾਹੀ ਮਚਾਈ ਗਈ ਸੀ।

ਤ੍ਰਿਲੋਕਪੁਰੀ ਦੇ ਇਕੱਲੇ 32 ਬਲਾਕ ਵਿੱਚ ਹੀ 500 ਤੋਂ ਵੱਧ ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ। ਇਸਦਾ ਇਨਾਮ ਭਗਤ ਨੂੰ ਰਾਜੀਵ ਗਾਂਧੀ ਦੀ ਸਰਕਾਰ ਵਿੱਚ ਕੈਬਿਨੇਟ ਮੰਤਰੀ ਬਣਾ ਕੇ ਦਿੱਤਾ ਗਿਆ।

ਇਸ ਤੋਂ ਬਾਅਦ ਬਾਹਰੀ ਦਿੱਲੀ ਵਿੱਚ ਪਾਲਮ, ਤੁਗਲਕਾਬਾਦ, ਟੋਡਰਪੁਰ ਤੇ ਇੰਦਰਪੁਰੀ ਵਰਗੇ ਇਲਾਕਿਆਂ ਵਿੱਚ ਮਾਰਕਾਟ ਹੋਈ। ਇਥੇ ਸੱਜਣ ਕੁਮਾਰ ਨੇ ਬਕਾਇਦਾ ਸਿੱਖਾਂ ਨੂੰ ਮਾਰਨ 'ਤੇ ਨਕਦ ਇਨਾਮ ਦੇਣ ਦਾ ਐਲਾਨ ਕਰ ਦਿੱਤਾ ਸੀ। ਗਵਾਹਾਂ ਦਾ ਕਹਿਣਾ ਹੈ ਕਿ ਉਹ ਪੁਲਿਸ ਦੀ ਜੀਪ ਵਿੱਚ ਬੈਠ ਕੇ ਦੰਗਾਈਆਂ ਦੀ ਭੀੜ ਦੀ ਅਗਵਾਈ ਕਰਦਾ ਸੀ। ਉਸ ਵਕਤ ਉਹ ਸਿਰਫ਼ ਨਗਰ ਨਿਗਮ ਦਾ ਇੱਕ ਕਾਊਂਸਲਰ ਹੀ ਸੀ। ਪਰ ਸਿੱਖਾਂ ਨੂੰ ਮਾਰਨ ਦੇ ਇਨਾਮ ਦੇ ਤੌਰ 'ਤੇ ਉਸਨੂੰ ਸਿੱਧਾ ਲੋਕ ਸਭਾ ਦੀ ਟਿਕਟ ਦੇ ਕੇ ਸਾਂਸਦ ਬਣਾ ਦਿੱਤਾ ਗਿਆ।

ਸਾਂਸਦ ਧਰਮ ਦਾਸ ਸ਼ਾਸਤਰੀ ਨੇ ਪਟੇਲ ਨਗਰ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਮਾਰ-ਕੁੱਟ ਕਰਾਈ ਤੇ ਜਗਦੀਸ਼ ਟਾਈਟਲਰ ਦੇ ਸਦਰ ਇਲਾਕੇ ਵਿੱਚ ਵੀ ਜ਼ਬਰਦਸਤ ਲੁੱਟ-ਖਸੁੱਟ ਹੋਈ। ਪੁਲਬੰਗਸ਼ ਇਲਾਕੇ ਵਿੱਚ ਗੁਰਦੁਆਰੇ ਨੂੰ ਸਾੜਣ ਤੇ ਦੋ ਸਿੱਖਾਂ ਨੂੰ ਜ਼ਿੰਦਾ ਸਾੜਣ ਦੀ ਘਟਨਾ ਲਈ ਪ੍ਰੇਰਿਤ ਕਰਨ ਦੇ ਦੋਸ਼ ਟਾਈਟਲਰ 'ਤੇ ਲੱਗੇ ਹਨ। ਜੇਕਰ ਪੁਲਿਸ ਨੇ ਦੰਗਾਈਆਂ ਨੂੰ ਫੜਿਆ ਵੀ, ਤਾਂ ਉਹ ਉਨ੍ਹਾਂ ਨੂੰ ਕਾਂਗਰਸੀ ਕਾਰਕੁੰਨ ਦੱਸਦੇ ਹੋਏ ਛਡਾਉਣ ਪਹੁੰਚ ਗਏ ਸੀ। ਟਾਈਟਲਰ ਨੂੰ ਵੀ ਇਸ ਮਾਰ-ਕੁੱਟ ਤੇ ਲੁੱਟ ਦਾ ਇਨਾਮ ਮਿਲਿਆ ਤੇ ਉਸਨੂੰ ਕੇਂਦਰ ਵਿੱਚ ਰਾਜ ਮੰਤਰੀ ਬਣਾ ਦਿੱਤਾ ਗਿਆ।

ਜਿਹੜੇ ਤਿੰਨ ਕਾਂਗਰਸੀ ਨੇਤਾਵਾਂ ਨੇ ਦਿੱਲੀ ਦੇ ਸਿੱਖਾਂ ਦੇ ਕਤਲੇਆਮ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਤਿੰਨਾਂ ਨੂੰ ਰਾਜੀਵ ਗਾਂਧੀ ਨੇ ਸੱਤਾ ਵਿੱਚ ਆਉਂਦਿਆਂ ਹੀ ਸਨਮਾਨਿਤ ਕੀਤਾ। ਐਸੇ ਹਾਲਾਤਾਂ ਵਿੱਚ ਪੁਲਿਸ, ਪ੍ਰਸ਼ਾਸਨ ਤੇ ਨਿਆਂ-ਤੰਤਰ ਕੀ ਕਰਦਾ, ਇਹ ਸਮਝਿਆ ਜਾ ਸਕਦਾ ਹੈ।

ਕੀ ਇਹ ਵਤੀਰਾ ਬਹੁਤ ਕੁਝ ਨਹੀਂ ਕਹਿੰਦਾ ? ਰਾਜੀਵ ਗਾਂਧੀ ਦਾ 19 ਨਵੰਬਰ ਨੂੰ ਇੰਡੀਆ ਗੇਟ ਦੇ ਸਾਹਮਣੇ ਜਨ-ਸਭਾ ਨੂੰ ਸਿੱਖ ਕਤਲੇਆਮ ਨੂੰ ਜਾਇਜ਼ ਠਹਿਰਾਉਂਦਿਆਂ ਇਹ ਕਹਿਣਾ ਕਿ "ਜਦੋਂ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ", ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲਾ ਸੀ। ਕਤਲੇ

ਆਮ ਦੇ ਬਾਅਦ ਪਹਿਲੀ ਵਾਰ ਸੰਸਦ ਦੀ ਬੈਠਕ ਹੋਈ ਪਰ ਕਿਸੇ ਨੇ ਵੀ ਸਾਬਕਾ ਪ੍ਰਧਾਨ ਮੰਤਰੀ ਦੀ ਮੌਤ ਦੇ ਸ਼ੋਕ ਤੋਂ ਇਲਾਵਾ ਇੱਕ ਵੀ ਸ਼ਬਦ ਨਹੀਂ ਬੋਲਿਆ। ਕੀ ਮਰਨ ਵਾਲੇ ਸਿੱਖ ਦੇਸ਼ ਦੇ ਨਾਗਰਿਕ ਨਹੀਂ ਸਨ ? ਅਖੀਰ ਸਭ ਦੀ ਜ਼ਮੀਰ ਮਰ ਕਿਉਂ ਗਈ ਸੀ ? ਆਖਿਰ ਕਤਲੇਆਮ ਕਰਾਉਣ ਵਾਲੇ ਖਲਨਾਇਕਾਂ ਨੂੰ ਸੱਤਾ ਦੀਆਂ ਰੇਵੜੀਆਂ ਕਿਉਂ ਵੰਡੀਆਂ ਜਾ ਰਹੀਆਂ ਸਨ ?

'ਪੀਪਲਸ ਯੂਨੀਅਨ ਆਫ਼ ਡੈਮੋਕਰੈਟਿਕ ਰਾਈਟਸ' ਤੇ 'ਪੀਪਲਸ ਯੂਨੀਅਨ ਫ਼ਾਰ ਸਿਵਿਲ ਲਿਬਰਟੀਜ਼' ਨੇ ਪਹਿਲੀ ਵਾਰ 'ਦੋਸ਼ੀ ਕੌਣ ?' ਨਾਮ ਦੀ ਰਿਪੋਰਟ ਵਿੱਚ ਸਿੱਖਾਂ ਦੀ ਵੱਡੇ ਪੈਮਾਨੇ 'ਤੇ ਹੱਤਿਆ ਅਤੇ ਉਸਦੇ ਪਿੱਛੇ ਕਾਂਗਰਸ ਤੇ ਪੁਲਿਸ ਦੀ ਭੂਮਿਕਾ ਨੂੰ ਵਿਸਤਾਰ ਨਾਲ ਛਾਪਿਆ। ਪਰ ਮਾਣਯੋਗ ਅਦਾਲਤ ਨੇ ਇਸ ਰਿਪੋਰਟ ਨੂੰ ਨੋਟਿਸ ਵਿੱਚ ਲੈਣ ਦੀ ਬਜਾਏ ਕਿਹਾ ਕਿ ਉਹ ਅਜਿਹੀ ਰਿਪੋਰਟਾਂ ਨੂੰ ਕੋਈ ਮਹੱਤਵ ਨਹੀਂ ਦਿੰਦੀ। ਜਨਵਰੀ 1985 ਵਿੱਚ 'ਸਿਟੀਜ਼ਨ ਫ਼ਾਰ ਡੈਮੋਕਰੈਸੀ' ਨੇ 'ਟਰੁੱਥ ਅਬਾਊਟ ਵਾਇਲੈਂਸ - ਰਿਪੋਰਟ ਟੂ ਦੀ ਨੇਸ਼ਨ' ਤਿਆਰ ਕੀਤੀ। ਇਨ੍ਹਾਂ ਨੇ ਕਾਂਗਰਸੀ ਨੇਤਾਵਾਂ ਤੇ ਪੁਲਿਸ ਦੀ ਭੂਮਿਕਾ ਦਾ ਪਰਦਾਫ਼ਾਸ਼ ਕਰ ਦਿੱਤਾ ਸੀ ਪਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।

ਇਹ ਗੱਲ ਸੱਚ ਹੈ ਕਿ ਜਦੋਂ ਸਾਡੇ ਘਰ ਵਿੱਚ ਕਿਸੇ ਦੀ ਮੌਤ ਹੋ ਜਾਏ ਤਾਂ ਰਿਸ਼ਤੇਦਾਰ ਵੀ ਘਰਵਾਲਿਆਂ ਨੂੰ ਤਸੱਲੀ ਦਿੰਦਿਆਂ ਕਹਿੰਦੇ ਨੇ ਕਿ ਹੁਣ ਜੋ ਹੋ ਗਿਆ, ਉਸਨੂੰ ਭੁੱਲ ਜਾਓ ਤੇ ਅੱਗੇ ਵੱਧਣ ਬਾਰੇ ਸੋਚੋ। ਪਰ ਇਹ ਤਾਂ ਹੁੰਦਾ ਹੈ ਜਦੋਂ ਮੌਤ ਸੁਭਾਵਿਕ ਹੋਵੇ। ਜੇਕਰ ਕਿਸੇ ਦਾ ਕਤਲ ਕੀਤਾ ਗਿਆ ਹੋਵੇ ਤਾਂ ਇੰਝ ਨਹੀਂ ਕਿਹਾ ਜਾਂਦਾ ਕਿ ਕਤਲ ਕਰਨ ਵਾਲੇ ਨੂੰ ਭੁੱਲ ਜਾਓ। ਕਾਂਗਰਸ ਗੁਜਰਾਤ ਦੇ ਦੰਗਿਆਂ ਲਈ ਮੁਸਲਮਾਨਾਂ ਨੂੰ ਸ਼ਾਇਦ ਹੀ ਭੁੱਲਣ ਲਈ ਕਹੇਗੀ। ਇਥੇ ਤਾਂ ਦੰਗਾ ਕਰਨ ਵਾਲਿਆਂ ਨੂੰ 'ਮੌਤ ਦੇ ਸੌਦਾਗਰ' ਕਹਿ ਕੇ ਚੇਤੇ ਕਰਵਾਇਆ ਜਾਂਦਾ ਹੈ। ਉੜੀਸਾ ਦੇ ਕੰਧਮਾਲ ਵਿੱਚ ਈਸਾਈਆਂ ਦੇ ਖਿਲਾਫ਼ ਹੋਈ ਹਿੰਸਾ ਨੂੰ ਵੀ ਸ਼ਾਇਦ ਹੀ ਭੁੱਲਣ ਲਈ ਕਿਹਾ ਜਾਏ। ਫਿਰ ਸਿੱਖਾਂ ਨੂੰ ਇਹ ਨਸੀਹਤ ਕਿਉਂ ਦਿੱਤੀ ਜਾ ਰਹੀ ਹੈ ? ਇਸ ਗੱਲ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਸਿੱਖ ਇਸੇ ਦੇਸ਼ ਦੇ ਬਰਾਬਰ ਦੇ ਨਾਗਰਿਕ ਹਨ। ਜੇਕਰ ਕਿਸੇ ਭੁਚਾਲ ਜਾਂ ਭਾਰੀ ਤੂਫ਼ਾਨ ਵਿੱਚ ਮਾਰੇ ਗਏ ਹੋਣ ਤਾਂ ਵੱਖਰੀ ਗੱਲ ਹੈ ਪਰ ਕਤਲੇਆਮ ਨੂੰ ਕਿਵੇਂ ਭੁੱਲ ਜਾਣ ? ਭੁੱਲ ਜਾਣਾ ਕੋਈ ਹਲ ਨਹੀਂ ਹੈ। ਇਤਿਹਾਸ ਤੋਂ ਸਬਕ ਲਿਆ ਜਾਂਦਾ ਹੈ, ਨਾ ਕਿ

ਉਸਨੂੰ ਭੁੱਲਿਆ ਜਾਂਦਾ ਹੈ। ਇਤਿਹਾਸ ਤੋਂ ਸਬਕ ਲੈਣਾ ਚਾਹੀਦਾ ਹੈ ਤਾਂ ਕਿ ਉਹੋ ਜਿਹੀਆਂ ਗਲਤੀਆਂ ਫਿਰ ਨਾ ਦੁਹਰਾਈਆਂ ਜਾਣ। ਲੋੜ ਭੁੱਲਣ ਦੀ ਨਹੀਂ ਬਲਕਿ ਨਿਆਂ ਕਰਨ ਦੀ ਹੈ। ਅਤਿਵਾਦ ਦੇ ਖਿਲਾਫ਼ ਕੜੇ ਕਾਨੂੰਨ ਵਾਂਗ ਹੀ ਫਿਰਕੂਪਨੇ ਦੇ ਖਿਲਾਫ਼ ਵੀ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ। ਜੇਕਰ ਸਿੱਖਾਂ ਨੂੰ ਭੁੱਲ ਜਾਣ ਦੀ ਨਸੀਹਤ ਦੇਣ ਦੀ ਬਜਾਏ ਨਿਆਂ ਦੇਣ ਦੀ ਰਾਜਨੀਤਕ ਇੱਛਾ ਸ਼ਕਤੀ ਵਿਖਾਈ ਜਾਏ, ਤੇ ਤਾਂ ਹੀ ਦੇਸ਼ ਅਤੇ ਕਾਂਗਰਸ ਦੇ ਮੱਥੇ 'ਤੇ ਲੱਗੀ ਇਸ ਕਾਲਖ ਨੂੰ ਘੱਟ ਕੀਤਾ ਜਾ ਸਕਦਾ ਹੈ। ਦੋ ਦੋਸ਼ੀਆਂ ਦੇ ਟਿਕਟ ਵਾਪਸ ਲੈ ਕੇ ਜੇ ਕਰ ਜਨ-ਭਾਵਨਾ ਦਾ ਸਤਿਕਾਰ ਕੀਤਾ ਗਿਆ ਹੈ ਤਾਂ ਹੁਣ ਦੋਸ਼ੀਆਂ ਨੂੰ ਸਜ਼ਾ ਦਿਵਾ ਕੇ ਦੇਸ਼ ਵਿੱਚ ਧਰਮ ਨਿਰਪੱਖਤਾ ਤੇ ਨਿਆਂ ਦੀਆਂ ਜੜ੍ਹਾਂ ਨੂੰ ਹੋਰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

❖ ❖ ❖

'ਹਿੰਦ ਦੀ ਚਾਦਰ' 'ਤੇ ਹਮਲਾ

ਤਕਰੀਬਨ 1995-96 ਦੀ ਗੱਲ ਹੋਵੇਗੀ। ਮੈਂ ਪੱਤਰਕਾਰਿਤਾ ਦਾ ਕੋਰਸ ਕਰਕੇ ਅਖ਼ਬਾਰਾਂ ਵਿੱਚ ਸੁਤੰਤਰ ਪੱਤਰਕਾਰ ਵਜੋਂ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸੇ ਦੌਰਾਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ ਆ ਗਿਆ ਤੇ ਮੈਂ ਵੀ ਇੱਕ ਸਿੱਖ ਹੋਣ ਦੇ ਨਾਤੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋਣ ਲਈ ਚਲਾ ਗਿਆ। ਇਹ ਉਹ ਥਾਂ ਹੈ ਜਿੱਥੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਹਿੰਦੂਆਂ ਦੇ ਜਬਰਨ ਧਰਮ ਬਦਲੀ ਦੀ ਮੁਹਿੰਮ ਦੇ ਖਿਲਾਫ਼ ਖੜਾ ਹੋਣ ਲਈ ਸ਼ਹੀਦ ਕੀਤਾ ਗਿਆ ਸੀ। ਇੱਕ ਧਰਮ

ਦੇ ਆਗੂ ਵੱਲੋਂ ਦੂਜੇ ਧਰਮ ਦੇ ਜਬਰਨ ਧਰਮ ਬਦਲਣ ਨੂੰ ਰੋਕਣ ਦੇ ਖਿਲਾਫ਼ ਸ਼ਹਾਦਤ ਦੇਣ ਦੀ ਇਹ ਘਟਨਾ ਦੁਨੀਆ ਦੇ ਇਤਿਹਾਸ ਵਿੱਚ ਅਦੁੱਤੀ ਹੀ ਹੈ। ਇਹ ਥਾਂ ਉਸ ਲਾਲ ਕਿਲੇ ਦੇ ਬਿਲਕੁਲ ਸਾਹਮਣੇ ਹੈ ਜਿੱਥੋਂ ਮੁਗ਼ਲ ਹਕੂਮਤ ਹਿੰਦੁਸਤਾਨ 'ਤੇ ਰਾਜ ਕਰਿਆ ਕਰਦੀ ਸੀ।

ਮੈਂ ਕੀਰਤਨ ਸੁਣ ਹੀ ਰਿਹਾ ਸੀ ਕਿ ਦੇਖਿਆ ਬਹੁਤ ਸਾਰੇ ਕਸ਼ਮੀਰੀ ਪੰਡਤ ਸਿਰ 'ਤੇ ਕਪੜਾ ਬੰਨ੍ਹ ਕੇ ਅੰਦਰ ਦਾਖਲ ਹੋਏ ਹਨ। ਪ੍ਰਬੰਧਕਾਂ ਨੂੰ ਸ਼ਾਇਦ ਇਸ ਬਾਰੇ ਪਹਿਲਾਂ ਤੋਂ ਹੀ ਪਤਾ ਸੀ। ਉਤਸੁਕਤਾ ਵੱਧ ਗਈ। ਹੁਣ ਉਨ੍ਹਾਂ ਦੇ ਆਗੂ ਅੱਗੇ ਆਏ ਤੇ ਮਾਈਕ ਸੰਭਾਲ ਲਿਆ।

ਦਰਅਸਲ ਹੁਣ ਕਸ਼ਮੀਰ ਵਿੱਚ ਅਤਿਵਾਦ ਹਿਲੋਰੇ ਮਾਰਨ ਲੱਗਾ ਸੀ ਅਤੇ ਕਸ਼ਮੀਰੀ ਪੰਡਤਾਂ ਨੂੰ ਉਥੋਂ ਬੇਘਰ ਕਰ ਦਿੱਤਾ ਗਿਆ ਸੀ। ਲੱਖਾਂ ਕਸ਼ਮੀਰੀ ਪੰਡਤ ਉਜੜ ਕੇ ਜੰਮੂ ਜਾਂ ਦਿੱਲੀ ਆ ਚੁੱਕੇ ਸੀ। ਉਨ੍ਹਾਂ ਦੀ ਜਾਨ ਨੂੰ ਖ਼ਤਰਾ ਸੀ ਤੇ ਅਤਿਵਾਦੀਆਂ ਨੇ ਸਾਰੇ ਕਸ਼ਮੀਰੀ ਪੰਡਤਾਂ ਨੂੰ ਉਥੋਂ ਕੱਢਣ ਦਾ ਫੈਸਲਾ ਕਰ ਲਿਆ ਸੀ। ਕਸ਼ਮੀਰੀ ਪੰਡਤਾਂ ਲਈ ਤਕਰੀਬਨ ਉਹੀ ਹਾਲਾਤ ਬਣ ਰਹੇ ਸਨ ਜੋ ਔਰੰਗਜ਼ੇਬ ਦੇ ਵਕਤ ਬਣੇ ਸਨ।

ਕਸ਼ਮੀਰੀ ਪੰਡਤਾਂ ਦੇ ਆਗੂ ਅੱਜ ਫੇਰ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਰਨ ਵਿੱਚ ਨਜ਼ਰ ਆ ਰਹੇ ਸੀ। ਉਨ੍ਹਾਂ ਨੇ ਇਤਿਹਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ, "ਉਹ ਇੱਕ ਵਾਰ ਫੇਰ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਕੌਮ ਦੀ ਸ਼ਰਨ ਵਿੱਚ ਆਏ ਹਨ।" ਉਨ੍ਹਾਂ ਦੀ ਆਵਾਜ਼ ਵਿੱਚ ਬੇਹਦ ਪੀੜਾ ਸੀ, ਪਰ ਅੱਜ ਹਾਲਾਤ ਬਦਲੇ ਹੋਏ ਸੀ।

ਮੈਂ ਮਹਿਸੂਸ ਕਰ ਰਿਹਾ ਸੀ ਕਿ ਆਖਰ ਇਹ ਕਿਨ੍ਹਾਂ ਤੋਂ ਸਹਾਇਤਾ ਮੰਗ ਰਹੇ ਹਨ ? ਜੋ ਅੱਜ ਖ਼ੁਦ ਪੀੜਤ ਹਨ। 1984 ਨੂੰ ਇਸੇ ਦੇਸ਼ ਵਿੱਚ 5000 ਤੋਂ ਵੱਧ ਸਿੱਖ ਭਰਾ ਕਤਲ ਕਰ ਦਿੱਤੇ ਗਏ ਤੇ ਇਹ ਖ਼ੁਦ ਆਪਣੇ ਲਈ ਨਿਆਂ ਨਹੀਂ ਲੈ ਪਾ ਰਹੇ। ਇਹ ਉਨ੍ਹਾਂ ਤੋਂ ਸਹਾਇਤਾ ਮੰਗ ਰਹੇ ਹਨ ? ਕੋਲ ਬੈਠੇ ਇੱਕ ਬਜ਼ੁਰਗ ਸਿੱਖ ਨੇ ਬੁਦਬੁਦਾਇਆ ਕਿ ਜਦ ਸਿੱਖਾਂ ਦੇ ਨਾਲ ਕਤਲੇਆਮ ਹੋ ਰਿਹਾ ਸੀ, ਤਾਂ ਇਹ ਕਸ਼ਮੀਰੀ ਪੰਡਤ ਕਿੱਥੇ ਚਲੇ ਗਏ ਸੀ ? ਉਹ ਮਦਦ ਲਈ ਅੱਗੇ ਕਿਉਂ ਨਹੀਂ ਆਏ ? ਆਖਰ ਇਨ੍ਹਾਂ ਨੂੰ ਇਤਿਹਾਸ ਕਿਉਂ ਭੁੱਲ ਗਿਆ ਸੀ ? ਇਥੋਂ ਤਕ ਕਿ

ਕੇਂਦਰ ਦੀ ਸਤਾ ਵਿੱਚ ਵੀ ਕਸ਼ਮੀਰੀ ਪੰਡਤ ਪ੍ਰਭਾਵਸ਼ਾਲੀ ਸੀ। ਇਸਦੇ ਬਾਵਜੂਦ ਸਿੱਖਾਂ ਦੇ ਨਾਲ ਇਹ ਅਨਿਆਂ ਕਿਵੇਂ ਹੋ ਗਿਆ ?

ਹੁਣ ਉਸ ਬਜੁਰਗ ਨੇ ਗੁਰਦੁਆਰਾ ਸੀਸ ਗੰਜ ਸਾਹਿਬ 'ਤੇ 1984 ਵਿੱਚ ਹੋਇਆ ਦੰਗਾਈ ਹਮਲਾ ਯਾਦ ਕਰਾ ਦਿੱਤਾ। ਕਹਿਣ ਲੱਗਾ, "ਇਹ ਤਾਂ ਸ਼ਾਬਾਸ਼ ਹੈ ਉਸ ਈਸਾਈ ਪੁਲਿਸ ਅਫ਼ਸਰ ਮੈਕਸਵੈਲ ਪਰੇਰਾ ਦਾ ਜਿਸਨੇ ਗੁਰਦੁਆਰਾ ਸੀਸ ਗੰਜ 'ਤੇ ਹੋਏ ਹਮਲੇ ਨੂੰ ਰੋਕਿਆ, ਨਹੀਂ ਤਾਂ ਅਜਿਹਾ ਦਾਗ਼ਦਾਰ ਇਤਿਹਾਸ ਲਿਖਿਆ ਜਾਂਦਾ ਜਿਸਦੀ ਟੀਸ ਸਦੀਆਂ ਤਕ ਕਾਇਮ ਰਹਿੰਦੀ। ਹਿੰਦੂਆਂ ਦੇ ਜਬਰਨ ਧਰਮ-ਪਰਿਵਰਤਨ ਨੂੰ ਰੋਕਣ ਵਾਲੇ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਸਥਾਨ 'ਤੇ ਦੰਗਾਈਆਂ ਦੀ ਭੀੜ ਹਮਲਾ ਕਰਨ ਪਹੁੰਚ ਚੁੱਕੀ ਸੀ। ਇਹ ਲੋਕ ਨੰਗੀਆਂ ਤਲਵਾਰਾਂ, ਲੋਹੇ ਦੀਆਂ ਰਾਡਾਂ, ਅੱਗ ਲਾਉਣ ਦਾ ਸਾਮਾਨ ਤੇ ਹੋਰ ਹਥਿਆਰਾਂ ਨਾਲ ਲੈਸ ਸੀ। ਪਰ ਗੁਰਦੁਆਰੇ ਵਿੱਚ ਮੌਜੂਦ ਸਿੱਖਾਂ ਨੇ ਵੀ ਇਸ ਸ਼ਹੀਦੀ ਸਥਾਨ ਲਈ ਸ਼ਹੀਦੀ ਪਾਉਣ ਦੀ ਠਾਣ ਲਈ। ਉਹ ਸਾਹਮਣੇ ਚਾਂਦਨੀ ਚੌਕ ਵਿੱਚ ਇਕੱਠਾ ਹੋ ਗਏ। ਭੀੜ ਤੇ ਸਿੱਖ ਆਮ੍ਹੋ-ਸਾਹਮਣੇ ਸੀ। ਮੈਕਸਵੈਲ ਪਰੇਰਾ ਨੂੰ ਲੱਗਿਆ ਕਿ ਹਾਲਾਤ ਹੱਥ ਵਿੱਚੋਂ ਨਿਕਲ ਜਾਣਗੇ। ਪਰ ਉਨ੍ਹਾਂ ਨੇ ਦਿੱਲੀ ਦੇ ਬਾਕੀ ਪੁਲਿਸ ਅਫ਼ਸਰਾਂ ਵਾਂਗ ਸਿੱਖਾਂ ਨੂੰ ਨਿਹੱਥਾ ਨਹੀਂ ਕੀਤਾ ਬਲਕਿ ਉਨ੍ਹਾਂ ਨੂੰ ਕਿਹਾ ਕਿ ਗੁਰਦੁਆਰੇ ਦੇ ਅੰਦਰ ਚਲੇ ਜਾਓ ਤੇ ਗੁਰਦੁਆਰੇ ਦੀ ਹਿਫ਼ਾਜ਼ਤ ਉਹ ਕਰਨਗੇ। ਸਿੱਖ ਉਨ੍ਹਾਂ ਦੇ ਬਾਰ-ਬਾਰ ਵਿਸ਼ਵਾਸ ਦਿਵਾਉਣ 'ਤੇ ਅੰਦਰ ਚਲੇ ਗਏ। ਜਿਵੇਂ ਹੀ ਸਿੱਖ ਅੰਦਰ ਗਏ, ਭੀੜ ਨੂੰ ਲੱਗਾ ਕਿ ਪੁਲਿਸ ਉਨ੍ਹਾਂ ਦੇ ਨਾਲ ਹੈ ਤੇ ਉਨ੍ਹਾਂ ਨੇ ਪਥਰਾਓ ਕਰਨਾ ਸ਼ੁਰੂ ਕਰ ਦਿੱਤਾ। ਕਿਉਂਕਿ ਪੂਰੀ ਦਿੱਲੀ ਵਿੱਚ ਪੁਲਿਸ ਇਸੇ ਤਰ੍ਹਾਂ ਸਿੱਖਾਂ ਨੂੰ ਨਿਹੱਥਿਆਂ ਕਰਕੇ ਵੱਖ-ਵੱਖ ਜਾਂ ਘਰਾਂ ਦੇ ਅੰਦਰ ਕਰ ਦਿੰਦੀ ਸੀ ਤੇ ਉਸਦੇ ਬਾਅਦ ਦੰਗਾਈ ਹਮਲਾ ਕਰਦੇ ਸੀ, ਇਸ ਲਈ ਇਥੇ ਵੀ ਐਵੇਂ ਹੀ ਸਮਝਿਆ ਗਿਆ। ਪਰ ਇਥੇ ਪੁਲਿਸ ਨੇ ਭੀੜ ਨੂੰ ਭਜਾਉਣਾ ਸ਼ੁਰੂ ਕਰ ਦਿੱਤਾ ਤੇ ਪਰੇ ਕਰਦੇ ਹੋਏ ਟਾਊਨ ਹਾਲ ਤਕ ਲੈ ਗਏ। ਪਤਾ ਲੱਗਾ ਕਿ ਦੰਗਾਈ ਦੂਜੇ ਪਾਸਿਓਂ ਆ ਚੁੱਕੇ ਹਨ ਤੇ ਉਨ੍ਹਾਂ ਨੇ ਗੁਰਦੁਆਰਾ ਸੀਸ ਗੰਜ ਨਾਲ ਲੱਗਦੀਆਂ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਾਉਣਾ ਤੇ ਲੁੱਟਣਾ ਸ਼ੁਰੂ ਕਰ ਦਿੱਤਾ ਹੈ।

ਪਰੇਰਾ ਪਰਤੇ ਤਾਂ ਵੇਖਿਆ ਕਿ ਇੱਕ ਸਿੱਖ ਦੀ 'ਅਮ੍ਰਿਤ ਵਾਂਚ ਕੰਪਨੀ' ਵਿੱਚ

ਅੱਗ ਲਾਈ ਗਈ ਹੈ। ਪਰੇਰਾ ਨੇ ਫ਼ੌਰਨ ਹਿੰਸਕ ਹੋ ਚੁੱਕੀ ਭੀੜ 'ਤੇ ਫਾਇਰਿੰਗ ਦਾ ਹੁਕਮ ਦੇ ਦਿੱਤਾ। ਇਹ ਪੂਰੀ ਦਿੱਲੀ ਵਿੱਚ ਦੰਗਾਈਆਂ ਦੇ ਵਿਰੁੱਧ ਫਾਇਰਿੰਗ ਦਾ ਇਕੱਲਾ ਆਰਡਰ ਸੀ। ਕਾਂਸਟੇਬਲ ਸ਼ਿਵ ਪਰਸਨ ਨੇ ਫਾਇਰ ਕੀਤਾ ਤੇ ਇੱਕ ਦੰਗਾਈ ਇਸ ਗੋਲੀ ਦਾ ਸ਼ਿਕਾਰ ਹੋ ਗਿਆ। ਕਾਨੂੰਨ ਤੇ ਵਿਵਸਥਾ ਨੂੰ ਸਰਬਉੱਚ ਬਣਾਏ ਰੱਖਣ ਲਈ ਪਰੇਰਾ ਨੇ ਉਸੇ ਵਕਤ ਸ਼ਿਵ ਪਰਸਨ ਲਈ 200 ਰੁਪਏ ਦੇ ਇਨਾਮ ਦਾ ਐਲਾਨ ਕੀਤਾ। ਪਰੇਰਾ ਦੇ ਇਸ ਕਦਮ ਨਾਲ ਭੀੜ ਨੇ ਉਥੋਂ ਨਿਕਲਣ ਵਿੱਚ ਹੀ ਭਲਾਈ ਸਮਝੀ ਤੇ ਹਿੰਦੁਸਤਾਨ ਇੱਕ ਅਜਿਹੇ ਦਾਗ਼ ਤੋਂ ਬਚ ਗਿਆ ਜੋ ਇਤਿਹਾਸ ਨੂੰ ਕਿਧਰੇ ਨਾ ਕਿਧਰੇ ਬਹੁਤ ਕਲੰਕਿਤ ਕਰਦਾ।"

ਕੁਸੁਮ ਲਤਾ ਮਿੱਤਲ ਨੇ ਜਦੋਂ ਪੁਲਿਸ ਦੀ ਭੂਮਿਕਾ 'ਤੇ ਜਾਂਚ ਦੀ ਰਿਪੋਰਟ ਦਿੱਤੀ ਤਾਂ ਪਰੇਰਾ ਨੂੰ ਸ਼ਾਬਾਸ਼ੀ ਦਿੰਦੇ ਹੋਏ ਲਿਖਿਆ ਸੀ ਕਿ ਉਸ ਵਕਤ ਸਹੀ ਕਦਮ ਚੁੱਕੇ ਜਾਣ ਕਰਕੇ ਹੀ ਭੀੜ ਉਥੋਂ ਭੱਜ ਗਈ ਤੇ ਜੇਕਰ ਪੂਰੀ ਦਿੱਲੀ ਵਿੱਚ ਪੁਲਿਸ ਨੇ ਇਸ ਤਰ੍ਹਾਂ ਜ਼ਰਾ ਵੀ ਤਾਕਤ ਦੀ ਵਰਤੋਂ ਕੀਤੀ ਹੁੰਦੀ ਤਾਂ ਸੰਭਵ ਹੈ ਕਿ ਕਤਲੇਆਮ ਨਹੀਂ ਹੁੰਦਾ।

ਗੁਰਦੁਆਰਾ ਸੀਸ ਗੰਜ ਉਹ ਸਥਾਨ ਹੈ ਜਿੱਥੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਕਲਮ ਕੀਤਾ ਗਿਆ ਸੀ। ਇਸ ਅਤਿਆਚਾਰ ਦੇ ਬਾਅਦ ਬਹੁਤ ਤੇਜ਼ ਹਨੇਰੀ ਆਈ ਅਤੇ ਤਮਾਸ਼ਬੀਨ ਤੇ ਅਤਿਆਚਾਰੀ ਤਿਤਰ-ਬਿਤਰ ਹੋ ਗਏ। ਇਸੇ ਮੌਕੇ ਦਾ ਫਾਇਦਾ ਚੁਕਦਿਆਂ ਭਾਈ ਜੈਤਾ ਜੀ ਗੁਰੂ ਦਾ ਸੀਸ ਚੁੱਕ ਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਸਾਹਿਬ ਲੈ ਗਏ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਜੋ ਕਿ ਵਾਪਾਰ ਕਰਦਾ ਸੀ, ਗੁਰੂ ਸਾਹਿਬ ਦੇ ਧੜ ਨੂੰ ਚੁੱਕ ਕੇ ਰਕਾਬ ਗੰਜ ਲੈ ਆਇਆ। ਉਸਨੇ ਆਪਣੇ ਘਰ ਵਿੱਚ ਗੁਰੂ ਜੀ ਦੀ ਚਿਤਾ ਸਜਾ ਕੇ ਘਰ ਨੂੰ ਅੱਗ ਲਾ ਦਿੱਤੀ ਸੀ। ਇਥੇ ਹੁਣ ਗੁਰਦੁਆਰਾ ਰਕਾਬ ਗੰਜ ਸਾਹਿਬ ਮੌਜੂਦ ਹੈ। ਜਦੋਂ ਅੰਗਰੇਜ਼ ਸਰਕਾਰ ਨੇ ਰਾਇਸੀਨਾ ਹਿਲਸ 'ਤੇ ਸੰਸਦ ਭਵਨ, ਰਾਸ਼ਟਰਪਤੀ ਭਵਨ ਤੇ ਸੈਂਟਰਲ ਸੈਕਟਰੀਏਟ ਬਣਾਉਣ ਦੀ ਗੱਲ ਸੋਚੀ ਤਾਂ ਗੁਰਦੁਆਰੇ ਦੀ ਜ਼ਮੀਨ 'ਤੇ ਜਬਰਨ ਕਬਜ਼ਾ ਕਰ ਲਿਆ ਸੀ। ਉਹ ਗੁਰਦੁਆਰੇ ਦੀ ਦੀਵਾਰ ਨੂੰ ਡੇਗ ਰਹੇ ਸੀ, ਤਾਂ ਸਿੱਖਾਂ ਨੇ ਇਸਦੇ ਖਿਲਾਫ਼ ਜ਼ਬਰਦਸਤ ਮੋਰਚਾ ਲਾਇਆ ਤੇ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਲਹਿਰ ਨੇ ਅੰਗ੍ਰੇਜ਼ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਤੇ ਉਸਨੇ ਦੀਵਾਰ ਨੂੰ ਡੇਗਣ ਦਾ ਫੈਸਲਾ ਵਾਪਸ ਲੈ ਲਿਆ ਸੀ।

ਹੁਣ 1 ਨਵੰਬਰ 1984 ਨੂੰ ਬਲਿਦਾਨ ਦੇ ਇਸੇ ਇੱਕ ਹੋਰ ਪ੍ਰਤੀਕ ਦੇ ਬਾਹਰ ਦੋ ਤੋਂ ਚਾਰ ਹਜ਼ਾਰ ਦੰਗਾਈਆਂ ਦੀ ਭੀੜ ਇਸਨੂੰ ਡੇਗਣ ਲਈ ਖੜੀ ਸੀ। ਪੰਜ ਘੰਟਿਆਂ ਤਕ ਇਹ ਭੀੜ ਇਥੇ ਰਹੀ। ਗੁਰਦੁਆਰੇ 'ਤੇ ਹਮਲਾ ਕੀਤਾ ਪਰ ਮੁੱਖ ਦਰਵਾਜ਼ਾ ਮਜਬੂਤ ਹੋਣ ਕਰਕੇ ਅੰਦਰ ਦਾਖਲ ਨਹੀਂ ਹੋ ਸਕੀ।

ਨਾਨਾਵਟੀ ਕਮੀਸ਼ਨ ਵਿੱਚ ਆਏ ਹਲਫ਼ਨਾਮੇ ਦੱਸਦੇ ਹਨ ਕਿ ਕਾਂਗਰਸ ਦੇ ਵੱਡੇ ਆਗੂ ਕਮਲਨਾਥ ਇਸ ਵਿੱਚ ਮੌਜੂਦ ਸੀ। ਇਥੋਂ ਤਕ ਕਿ ਪੁਲਿਸ ਕਮੀਸ਼ਨਰ ਸੁਭਾਸ਼ ਟੰਡਨ ਤੇ ਐਡੀਸ਼ਨਲ ਪੁਲਿਸ ਕਮੀਸ਼ਨਰ ਗੌਤਮ ਕੌਲ ਵੀ ਇਥੇ ਹੀ ਸਨ। ਲੇਕਿਨ ਮੈਕਸਵੈਲ ਪਰੇਰਾ ਵਾਂਗ ਇਨ੍ਹਾਂ ਨੇ ਭੀੜ ਨੂੰ ਤਿਤਰ-ਬਿਤਰ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ।

ਨਾਨਾਵਟੀ ਕਮੀਸ਼ਨ ਨੂੰ ਦਿੱਤਾ ਗਿਆ ਮੁਖਤਿਆਰ ਸਿੰਘ ਦਾ ਹਲਫ਼ਨਾਮਾ ਦੱਸਦਾ ਹੈ ਕਿ ਸਵੇਰੇ ਤਕਰੀਬਨ 11 ਵਜੇ ਗੁਰਦੁਆਰੇ ਉੱਤੇ ਭਾਰੀ ਭੀੜ ਨੇ ਹਮਲਾ ਕੀਤਾ। ਇਹ ਲੋਕ ਸਿੱਖ ਵਿਰੋਧੀ ਨਾਅਰੇ ਲਾ ਰਹੇ ਸੀ। ਹਮਲਾ ਤਕਰੀਬਨ ਅੱਧੇ ਘੰਟੇ ਤਕ ਚਲਿਆ ਪਰ ਉਥੇ ਮੌਜੂਦ ਪੁਲਿਸ ਨੇ ਕੁਝ ਵੀ ਨਹੀਂ ਕੀਤਾ। ਭੀੜ ਜਦੋਂ ਗੁਰਦੁਆਰੇ ਦੇ ਅੰਦਰ ਆ ਗਈ ਤਾਂ ਸੇਵਾਦਾਰਾਂ ਤੇ ਸ਼ਰਧਾਲੂਆਂ ਨੇ ਮਿਲ ਕੇ ਉਸਨੂੰ ਬਾਹਰ ਵੱਲ ਧੱਕ ਦਿੱਤਾ। ਇਸਦੇ ਬਾਅਦ ਹੀ ਇੱਕ ਬਜੁਰਗ ਸਿੱਖ ਨੇ ਹੱਥ ਜੋੜ ਕੇ ਭੀੜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਿਸਨੂੰ ਫੜ ਕੇ ਦੰਗਾਈਆਂ ਨੇ ਅੱਗ ਲਾ ਦਿੱਤੀ। ਪੁੱਤਰ ਬਚਾਉਣ ਗਿਆ ਤਾਂ ਉਸਨੂੰ ਵੀ ਅੱਗ ਲਾ ਦਿੱਤੀ। ਬਜੁਰਗ ਦੀ ਤਾਂ ਉਸੇ ਸਮੇਂ ਮੌਤ ਹੋ ਗਈ ਪਰ ਪੁੱਤਰ ਦੇ ਸਾਹ ਅਜੇ ਬਾਕੀ ਸਨ। ਸੇਵਾਦਾਰ ਉਸਨੂੰ ਅੰਦਰ ਲੈ ਆਏ। ਪੁਲਿਸ ਨੂੰ ਬੇਨਤੀ ਕੀਤੀ ਗਈ ਕਿ ਉਸਨੂੰ ਹਸਪਤਾਲ ਪਹੁੰਚਾ ਦੇਣ। ਪਰ ਖ਼ੁਦ ਹਿੰਸਕ ਤੇ ਦੰਗਾਈ ਮਾਨਸਿਕਤਾ ਨਾਲ ਭਰ ਚੁੱਕੀ ਪੁਲਿਸ ਨੂੰ ਹਸਪਤਾਲ ਲਈ ਬੇਨਤੀ ਕਰਨਾ ਜਿਵੇਂ ਅਸਮਾਨ ਤੋਂ ਤਾਰੇ ਤੋੜਣ ਵਰਗੀ ਮੰਗ ਸੀ। ਉਹ ਨੌਜੁਆਨ ਵੀ ਆਪਣੇ ਜ਼ਖ਼ਮਾਂ ਦੀ ਤਾਬ ਨਾ ਝੱਲ ਸਕਿਆ ਤੇ ਦੋ-ਤਿੰਨ ਘੰਟਿਆਂ ਬਾਅਦ ਦਮ ਤੋੜ ਗਿਆ।

ਇਹ ਭੀੜ ਤੀਨ ਮੂਰਤੀ ਵਿੱਚ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਦੇ ਪ੍ਰਤੀ ਸਨਮਾਨ ਜਤਾ ਕੇ ਪਰਤ ਰਹੀ ਸੀ। ਮੁਖਤਿਆਰ ਸਿੰਘ ਦੀ ਮੰਨੀਏ ਤਾਂ ਕਾਂਗਰਸੀ ਨੇਤਾਵਾਂ ਦੀ ਹਿਦਾਇਤ 'ਤੇ ਹੀ ਪੁਲਿਸ ਨੇ ਗੁਰਦੁਆਰੇ ਦੇ ਵੱਲ ਕਈ ਰਾਊਂਡ

ਗੋਲੀਆਂ ਚਲਾਈਆਂ। ਇਥੋਂ ਤਕ ਕਿ ਐਸ.ਆਈ. ਹੋਸ਼ਿਆਰ ਸਿੰਘ ਨੇ ਇੱਕ ਦੰਗਾਈ ਨੂੰ ਆਪਣੀ ਸਰਵਿਸ ਰਿਵਾਲਵਰ ਖ਼ੁਦ ਦੇ ਕੇ ਗੋਲੀਆਂ ਚਲਾਉਣ ਲਈ ਕਿਹਾ।

ਇੰਡੀਅਨ ਐਕਸਪ੍ਰੈਸ ਦੇ ਰਿਪੋਰਟਰ ਸੰਜੇ ਸੂਰੀ ਉਥੇ ਮੌਜੂਦ ਸੀ ਤੇ ਉਨ੍ਹਾਂ ਨੇ ਇਸ ਪੂਰੀ ਘਟਨਾ ਨੂੰ ਅਗਲੇ ਦਿਨ ਅਖ਼ਬਾਰ ਵਿੱਚ ਰਿਪੋਰਟ ਵੀ ਕੀਤਾ। ਨਾਨਾਵਟੀ ਕਮੀਸ਼ਨ ਨੂੰ ਦਿੱਤਾ ਗਿਆ ਉਨ੍ਹਾਂ ਦਾ ਹਲਫ਼ਨਾਮਾ ਕਹਿੰਦਾ ਹੈ ਕਿ "ਉਥੇ ਭੀੜ ਨੂੰ ਕਮਲਨਾਥ ਨਿਯੰਤਰਿਤ ਕਰ ਰਿਹਾ ਸੀ। ਕਮਲਨਾਥ ਇਸ ਭੀੜ ਦੇ ਨਾਲ ਦੋ ਘੰਟੇ ਤਕ ਇਥੇ ਹੀ ਰਿਹਾ।" ਸੰਜੇ ਸੂਰੀ ਤੇ ਪੁਲਿਸ ਕਮੀਸ਼ਨਰ ਟੰਡਨ ਨੇ ਵੀ ਮੰਨਿਆ ਹੈ ਕਿ ਕਮਲਨਾਥ ਉਥੇ ਮੌਜੂਦ ਸੀ, ਇਸ ਲਈ ਨਾਨਾਵਟੀ ਕਮੀਸ਼ਨ ਨੇ ਕਮਲਨਾਥ ਤੋਂ ਜੁਆਬ ਮੰਗਿਆ। ਕਮੀਸ਼ਨ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ "ਕਮਲਨਾਥ ਸੰਤੋਖਜਨਕ ਜੁਆਬ ਨਹੀਂ ਦੇ ਸਕੇ ਕਿ ਉਹ ਉਸ ਵਕਤ ਭੀੜ ਨਾਲ ਐਨੀ ਦੇਰ ਤਕ ਕੀ ਕਰ ਰਹੇ ਸੀ ?"

ਕਮੀਸ਼ਨ ਨੇ ਇਸ ਗੱਲ 'ਤੇ ਵੀ ਹੈਰਾਨੀ ਪ੍ਰਗਟਾਈ ਕਿ ਅਖੀਰ ਉਹ ਪੁਲਿਸ ਨਾਲ ਗੱਲ ਕੀਤੇ ਬਿਨਾ ਉਥੋਂ ਫਿਰ ਨਿਕਲ ਕਿਵੇਂ ਗਏ ? ਦਰਵਾਜ਼ੇ ਮਜਬੂਤ ਹੋਣ ਕਰਕੇ ਗੁਰਦੁਆਰੇ ਦੀ ਇਮਾਰਤ ਤਾਂ ਬਚ ਗਈ ਪਰ ਗੁਰਦੁਆਰਾ ਰਕਾਬ ਗੰਜ 'ਤੇ ਹਮਲਾ ਇਤਿਹਾਸ ਨੂੰ ਦਾਗ਼ਦਾਰ ਕਰ ਚੁੱਕਾ ਹੈ।

ਹਿੰਦੂ ਧਰਮ ਨੂੰ ਜਬਰਨ ਧਰਮ-ਤਬਦੀਲੀ ਤੋਂ ਬਚਾਉਣ ਲਈ ਬਲਿਦਾਨ ਦੇਣ ਵਾਲੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਹੀਦੀ ਸਥਾਨ ਗੁਰਦੁਆਰਾ ਸੀਸ ਗੰਜ ਤੇ ਉਨ੍ਹਾਂ ਦੇ ਸਸਕਾਰ ਦੇ ਅਸਥਾਨ ਰਕਾਬ ਗੰਜ ਦੇ ਇਤਿਹਾਸਕ ਗੁਰਦੁਆਰਿਆਂ ਸਮੇ ਤ ਸੈਂਕੜੇ ਗੁਰਦੁਆਰਿਆਂ 'ਤੇ ਹਮਲਾ ਹੋਇਆ। 131 ਗੁਰਦੁਆਰਿਆਂ ਦੀ ਮੁਰੰਮਤ ਦਾ ਦਾਅਵਾ ਤਾਂ ਦਿੱਲੀ ਵਿਕਾਸ ਪ੍ਰਾਧਿਕਰਣ ਨੇ ਖ਼ੁਦ ਕੀਤਾ ਹੈ। ਰੰਗਨਾਥ ਮਿਸ਼ਰਾ ਕਮੀਸ਼ਨ ਨੂੰ ਭੇਜੀ ਜਾਣਕਾਰੀ ਵਿੱਚ ਡੀ.ਡੀ.ਏ. ਨੇ ਇਹ ਗੱਲ ਦੱਸੀ ਹੈ। ਇਨ੍ਹਾਂ ਹਮਲਿਆਂ ਨੂੰ ਮਹਿਮੂਦ ਗ਼ਜ਼ਨੀ ਦੇ ਹਮਲਿਆਂ ਤੋਂ ਘੱਟ ਨਹੀਂ ਕਿਹਾ ਜਾ ਸਕਦਾ। ਜੇਕਰ ਉਨ੍ਹਾਂ ਨੇ ਉਥੇ ਆ ਕੇ ਮੰਦਰਾਂ ਨੂੰ ਤੋੜਿਆ ਤਾਂ ਇਥੇ ਸਿੱਖਾਂ ਦੇ ਗੁਰਦੁਆਰਿਆਂ ਨੂੰ ਨਸ਼ਟ ਕਰਨ ਦਾ ਨਾ-ਖਿਮਾ ਯੋਗ ਅਪਰਾਧ ਹੋਇਆ।

❖ ❖ ❖

ਘਰ ਦੇ 10 ਬੰਦਿਆਂ ਨੂੰ ਦੰਗਾਈ ਜਿਊਂਦਾ ਸਾੜ ਚੁੱਕੇ ਸਨ। ਮੁਹੱਲੇ ਵਿੱਚ ਅੱਧੇ ਘੰਟੇ ਦੇ ਅੰਦਰ 500 ਔਰਤਾਂ ਵਿਧਵਾ ਹੋ ਗਈਆਂ। ਆਪਣੇ ਸੁਹਾਗ ਆਪਣੀਆਂ ਅੱਖਾਂ ਨਾਲ ਤੜਫ਼-ਤੜਫ਼ ਕੇ ਉਜੜਦੇ ਵੇਖੇ। ਜਿਸ ਸਰਦਾਰ ਜੀ ਨੂੰ ਵੇਖ-ਵੇਖ ਕੇ ਜਿਊਂਦੀਆਂ ਸੀ, ਉਨ੍ਹਾਂ ਨੂੰ ਵੇਖਦਿਆਂ ਹੀ ਵੇਖਦਿਆਂ ਜਿਊਂਦਾ ਸਾੜ ਦਿੱਤਾ ਗਿਆ। ਪਰ ਇਸ ਅਨਰਥ ਦੇ ਬਾਅਦ ਵੀ ਅਨਾਥ ਬੱਚਿਆਂ ਨੂੰ ਗੋਦ ਵਿੱਚ ਚੁੱਕੀਂ, ਤ੍ਰਿਲੋਕ ਪੁਰੀ ਦੇ 32 ਬਲਾਕ ਵਿੱਚ ਸਿਮਟੀ ਬੈਠੀਆਂ ਇਨ੍ਹਾਂ ਅਬਲਾਵਾਂ ਉੱਤੇ ਅਜੇ ਹੋਰ ਕਹਿਰ ਵਰਸਣਾ ਬਾਕੀ ਸੀ।

"ਸਵੇਰੇ ਅੱਖਾਂ ਦੇ ਸਾਹਮਣੇ ਆਪਣੇ ਪਤੀ ਤੇ ਪਰਿਵਾਰ ਦੇ 10 ਜੀਆਂ ਨੂੰ ਦੰਗਾਈਆਂ ਦੇ ਹੱਥਾਂ ਨਾਲ ਕੱਟਦੇ-ਮਰਦੇ ਵੇਖਿਆ ਸੀ ਤੇ ਹੁਣ ਰਾਤ ਨੂੰ ਇਹੀ ਕਮੀਨੇ ਸਾਡੀ ਇੱਜ਼ਤ ਲੁੱਟਣ ਆ ਗਏ ਸੀ।" ਇਹ ਕਹਿੰਦੇ ਹੋਏ ਭਾਗੀ ਕੌਰ ਦੇ ਅੰਦਰ ਜਿਵੇਂ ਜਵਾਲਾਮੁਖੀ ਫੱਟਣ ਲੱਗ ਪੈਂਦਾ ਹੈ।

"ਦਰਿੰਦਿਆਂ ਨੇ ਸਾਰੀਆਂ ਔਰਤਾਂ ਨੂੰ ਨੰਗਿਆਂ ਕਰ ਦਿੱਤਾ। ਅਸੀਂ ਮਜਬੂਰ, ਅਸਹਾਇ ਔਰਤਾਂ ਦੇ ਨਾਲ ਕਿੰਨੇ ਲੋਕਾਂ ਨੇ ਬਲਾਤਕਾਰ ਕੀਤਾ, ਯਾਦ ਨਹੀਂ ਹੈ। ਔਰਤਾਂ ਬੇਹੋਸ਼ ਹੋ ਗਈਆਂ ਸੀ। ਸ਼ਰਾਬ ਦੇ ਨਸ਼ੇ ਵਿੱਚ ਚੂਰ ਕਮੀਨੇ ਆਪਣੀ ਹਵਸ ਪੂਰੀ ਕਰਦੇ ਰਹੇ। ਇਨ੍ਹਾਂ ਕਮੀਨਿਆਂ ਨੇ ਕਿਸੇ ਔਰਤ ਨੂੰ ਪੂਰੀ ਰਾਤ ਕਪੜਾ ਤਕ ਨਹੀਂ ਪਾਉਣ ਦਿੱਤਾ।" ਇਹ ਕਹਿੰਦੇ ਹੋਏ ਉਹ ਫਫਕਣ ਲੱਗ ਪੈਂਦੀ ਹੈ।

ਨਾਲ ਬੈਠੀ ਗੋਪੀ ਕੌਰ ਵੀ ਉਸਦੀ ਹਾਂ ਵਿੱਚ ਹਾਂ ਮਿਲਾਉਂਦੇ ਹੋਏ ਉਸ ਮੰਜਰ ਨੂੰ ਚੇਤੇ ਕਰਦੀ ਹੈ ਤਾਂ ਚੁੰਨੀ ਉਨ੍ਹਾਂ ਹੰਝੂਆਂ ਨੂੰ ਪੂੰਝਣ ਲਈ ਘੱਟ ਪੈ ਜਾਂਦੀ ਹੈ। ਕਿਸੇ ਨੂੰ ਨਹੀਂ ਬਖਸ਼ਿਆ, ਭਾਵੇਂ ਕੋਈ ਬੁੱਢੀ ਹੈ ਜਾਂ ਛੋਟੀ ਬੱਚੀ। ਸ਼ਾਇਦ ਸੈਂਕੜੇ ਕਮੀਨਿਆਂ ਨੇ ਆਪਣੀ ਹਵਸ ਪੂਰੀ ਕੀਤੀ ਹੋਵੇਗੀ। ਹੈਵਾਨੀਅਤ ਦਾ ਉਹ ਨੰਗਾ ਨਾਚ, ਇਹ ਵਿਧਵਾਵਾਂ ਕਦੇ ਨਹੀਂ ਭੁੱਲ ਸਕਦੀਆਂ। ਜਦੋਂ ਕੋਈ 1984 ਨੂੰ ਭੁੱਲਣ ਦੀ ਗੱਲ ਕਰਦਾ ਹੈ ਤਾਂ ਇਨ੍ਹਾਂ ਦੇ ਤਨ-ਮਨ ਵਿੱਚ ਅੱਗ ਲੱਗ ਜਾਂਦੀ ਹੈ।

ਐਨਾ ਬੇਬਸ ਤੇ ਲਾਚਾਰ ਹੋ ਚੁਕੀਆਂ ਸੀ ਕਿ ਚੀਖਾਂ ਮਾਰਣ ਦੀ ਹਿੰਮਤ ਵੀ

ਜੁਆਬ ਦੇ ਗਈ। ਚੀਖਾਂ ਮਾਰ ਕੇ ਬੁਲਾਉਂਦੀਆਂ ਵੀ ਤਾਂ ਕਿਸਨੂੰ ? ਪੂਰੇ ਸਿੱਖ ਮੁਹੱਲੇ ਵਿੱਚ 500 ਬੰਦਿਆਂ ਨੂੰ ਜਿਊਂਦਾ ਸਾੜ ਦਿੱਤਾ ਗਿਆ ਸੀ। ਜਿਸ ਔਰਤ ਨੇ ਹੱਥ-ਪੈਰ ਜੋੜ ਕੇ ਛੱਡ ਦੇਣ ਦੀ ਫ਼ਰਿਆਦ ਕੀਤੀ ਤਾਂ ਕਹਿੰਦੇ, "ਹੁਣ ਆਦਮੀ ਤਾਂ ਰਹੇ ਨਹੀਂ, ਕਿਸ ਤੋਂ ਸ਼ਰਮ ਕਰਦੀ ਹੈਂ।"

ਵਿਰੋਧ ਕਰਨ ਉੱਤੇ ਕਹਿੰਦੇ ਕਿ "ਨੰਗੀ ਭੱਜ ਕੇ ਕਿੱਥੇ ਜਾਓਗੀਆਂ ? ਜੇਕਰ ਕੋਸ਼ਿਸ਼ ਵੀ ਕੀਤੀ ਤਾਂ ਤੁਹਾਡੀ ਛਾਤੀ ਕੱਟ ਕੇ ਛੱਡ ਦੇਵਾਂਗੇ।" ਇਨਸਾਨੀਅਤ ਸ਼ਾਇਦ ਇਸ ਤੋਂ ਹੇਠਾਂ ਨਹੀਂ ਡਿੱਗ ਸਕਦੀ ਸੀ।

ਅਗਲੇ ਦਿਨ ਬਚੀਆਂ ਹੋਈਆਂ ਬੇਇੱਜ਼ਤ ਔਰਤਾਂ ਨੇ ਸਿਰਫ਼ ਪਤਲੀਆਂ-ਪਤਲੀਆਂ ਚਾਦਰਾਂ ਲਪੇਟੇ ਘਰ ਛੱਡਿਆ, ਕਪੜੇ ਸਾੜ ਜੋ ਦਿੱਤੇ ਸੀ।

ਭਾਗੀ ਕੌਰ ਦੱਸਦੀ ਹੈ ਕਿ, "ਅਸੀਂ ਤਾਂ ਇਹੀ ਸਿੱਖ ਇਤਿਹਾਸ ਸੁਣਦੇ ਹੋਏ ਪਲੇ -ਵਧੇ ਸੀ ਕਿ ਕਿਵੇਂ ਸਿੱਖ ਦੂਜਿਆਂ ਦੀਆਂ ਨੂੰਹਾਂ-ਧੀਆਂ ਨੂੰ ਬਚਾਉਣ ਲਈ ਆਪਣੀ ਜਾਨ ਦੇ ਦਿੰਦੇ ਰਹੇ। ਕਿਵੇਂ ਅਹਿਮਦ ਸ਼ਾਹ ਅਬਦਾਲੀ ਦੇ ਸੈਨਿਕ ਕਾਫ਼ਲੇ ਉੱਤੇ ਹਮਲਾ ਕਰਕੇ ਬੰਦੀ ਬਣਾ ਕੇ ਲੈ ਜਾਈਆਂ ਜਾ ਰਹੀਆਂ ਹਿੰਦੁਸਤਾਨ ਦੀਆਂ ਬਹੂ-ਬੇਟੀਆਂ ਨੂੰ ਬਚਾਇਆ ਕਰਦੇ ਸੀ, ਤਾਂ ਕਿ ਇਹ ਜ਼ੁਲਮੀ ਇਨ੍ਹਾਂ ਨੂੰ ਕਾਬੁਲ-ਕੰਧਾਰ ਦੇ ਬਾਜ਼ਾਰਾਂ ਵਿੱਚ ਦੋ-ਦੋ ਟਕੇ ਵਿੱਚ ਨਾ ਵੇਚ ਦੇਵੇ। ਕਿਵੇਂ ਇਹ ਗੱਲਾਂ ਸੁਣਦੇ ਹੋਏ ਵੱਡੇ ਹੋਏ ਸੀ ਕਿ ਪਹਿਲਾਂ ਜੇਕਰ ਕੋਈ ਰੇਲ ਦੇ ਡੱਬੇ ਜਾਂ ਬਸ ਵਿੱਚ ਸਿੱਖ ਚੜ੍ਹ ਜਾਏ ਤਾਂ ਔਰਤਾਂ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰਨ ਲਗਦੀਆਂ ਸੀ।"

ਪਰ ਅੱਜ ਇਹ ਕੀ ਹੋ ਗਿਆ ? ਇਸੇ ਦੇਸ਼ ਦੀ ਰਾਜਧਾਨੀ ਵਿੱਚ ਸਿੱਖਾਂ ਦੀ ਅਸਹਾਇ ਅਬਲਾਵਾਂ ਨਾਲ ਸਾਰੀ ਰਾਤ ਕੁਕਰਮ ਹੁੰਦਾ ਰਿਹਾ। ਧਰਤੀ ਕਿਉਂ ਨਹੀਂ ਫਟ ਗਈ ? ਹਮਲਾਵਰ ਬਾਬਰ ਦੇ ਜ਼ੁਲਮ ਵੇਖ ਕੇ ਤਾਂ ਗੁਰੂ ਨਾਨਕ ਸਾਹਿਬ ਨੇ ਕਹਿ ਦਿੱਤਾ, "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ", ਪਰ ਇਥੇ ਤਾਂ ਕਿਸੇ ਨੇ 'ਆਹ' ਦੀ ਆਵਾਜ਼ ਤਕ ਨਹੀਂ ਮਾਰੀ।

ਐਨੇ ਵੱਡੇ ਜ਼ੁਲਮ ਦੇ ਬਾਅਦ ਵੀ ਆਲੇ-ਦੁਆਲੇ ਸ਼ਮਸ਼ਾਨ ਵਾਂਗੂੰ ਸ਼ਾਂਤੀ ਬਣੀ ਹੋਈ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਮੀਡੀਆ ਚੁਪ ਸੀ ਅਤੇ ਟੀ. ਵੀ. 'ਤੇ ਸਿਰਫ਼ ਇੰਦਰਾ ਗਾਂਧੀ ਦੇ ਮਰਨ ਉੱਤੇ ਸ਼ੋਕ ਸੰਦੇਸ਼ ਹੀ ਆ ਰਹੇ ਹਨ। 3000

ਨਿਰਦੋਸ਼ ਸਿੱਖ ਰਾਜਧਾਨੀ ਵਿੱਚ ਹੀ ਕਤਲ ਹੋ ਗਏ ਅਤੇ ਖ਼ਬਰ ਤਕ ਨਹੀਂ ! ਕੀ ਲੋਕਤੰਤਰ ਦਾ ਇਹ ਚੌਥਾ ਥੰਮ੍ਹ ਸੱਤਾ ਦਾ ਗ਼ੁਲਾਮ ਹੋ ਗਿਆ ਸੀ ਜਾਂ ਇਸਨੇ ਵੀ ਮੰਨ ਲਿਆ ਸੀ ਕਿ ਸਿੱਖਾਂ ਦੇ ਨਾਲ ਠੀਕ ਹੋ ਰਿਹਾ ਹੈ। ਇਹ ਤਾਂ ਇੰਡੀਅਨ ਐਕਸਪ੍ਰੈਸ ਦੇ ਰਾਹੁਲ ਬੇਦੀ ਸੰਜੋਗ ਨਾਲ 32 ਬਲਾਕ ਤ੍ਰਿਲੋਕਪੁਰੀ ਪਹੁੰਚੇ ਤਾਂ ਪਹਿਲੀ ਖ਼ਬਰ ਆਈ। ਹਾਲਾਂਕਿ ਪੁਲਿਸ ਨੇ ਰਾਹ ਵਿੱਚ ਇਨ੍ਹਾਂ ਨੂੰ ਵਾਪਸ ਜਾਣ ਅਤੇ ਉਥੇ 'ਪੂਰਨ ਸ਼ਾਂਤੀ' ਹੋਣ ਦੀ ਗੱਲ ਕਹੀ ਸੀ।

ਭਾਗੀ ਕੌਰ ਦੱਸਦੀ ਹੈ ਕਿ ਇੰਦਰਾ ਗਾਂਧੀ ਦੀ ਮੌਤ ਦੇ ਬਾਅਦ ਟੀ. ਵੀ. ਉੱਤੇ ਲਗਾਤਾਰ 'ਖ਼ੂਨ ਦਾ ਬਦਲਾ ਖ਼ੂਨ' ਤੇ 'ਸਰਦਾਰੋਂ ਕੋ ਮਾਰੋ' ਜਿਹੇ ਨਾਅਰੇ ਲਗ ਰਹੇ ਸੀ। ਘਬਰਾ ਕੇ ਭਰਾ ਇੰਦਰ ਸਿੰਘ ਤੋਂ ਪੁੱਛਿਆ, "ਵੀਰ ਜੀ ! ਇਹ ਕੀ ਹੋ ਰਿਹਾ ਹੈ ?"

ਉਨ੍ਹਾਂ ਨੇ ਕਿਹਾ, "ਜੋ ਕਿਸਮਤ ਵਿੱਚ ਹੋਏਗਾ, ਵੇਖਿਆ ਜਾਏਗਾ।"

ਪੂਰਾ ਬਲਾਕ ਸਿੱਖਾਂ ਦਾ ਸੀ ਤੇ ਜਦੋਂ 400-500 ਸਿੱਖ ਇਕੱਠੇ ਹੋਣ ਤਾਂ ਕੀ ਮਜਾਲ ਕਿ ਕੋਈ ਟੇਢੀ ਨਜ਼ਰ ਨਾਲ ਵੀ ਵੇਖ ਜਾਏ। ਪਰ ਐਨੇ ਵਿੱਚ ਮਹੱਲੇ ਦੇ ਬਾਹਰ ਭੀੜ ਵੱਧਣ ਲੱਗੀ ਤੇ ਪੱਥਰਾਂ ਦੀ ਵਰਖਾ ਸ਼ੁਰੂ ਹੋ ਗਈ। ਪੱਥਰ ਐਨੇ ਜ਼ਿਆਦਾ ਸੀ ਕਿ ਉਨ੍ਹਾਂ ਨੂੰ ਮੰਜੀਆਂ ਨਾਲ ਰੋਕਣਾ ਪਿਆ। ਫਿਰ ਪਤਾ ਲੱਗਾ ਕਿ ਤਿੰਨ-ਚਾਰ ਸਿੱਖ ਜੋ ਮਹੱਲੇ ਤੋਂ ਥੋੜਾ ਦੂਰ ਸੀ, ਉਨ੍ਹਾਂ ਨੂੰ ਮਾਰ ਦਿੱਤਾ ਗਿਆ ਹੈ। ਸਾਰਿਆਂ ਨੇ ਤੁਰੰਤ ਫ਼ੈਸਲਾ ਕੀਤਾ ਕਿ ਇੰਦਰ ਸਿੰਘ ਦੇ ਘਰ ਇਕੱਠਿਆਂ ਹੋ ਜਾਈਏ। ਦੰਗਾਈਆਂ ਤੋਂ ਬਚਣ ਲਈ ਮੁਕਾਬਲਾ ਸ਼ੁਰੂ ਹੋ ਗਿਆ ਸੀ।

ਪਰ ਹੁਣ ਉਹ ਪੁਲਿਸ ਆ ਗਈ ਜੋ ਸਵੇਰ ਤੋਂ ਨਜ਼ਰ ਨਹੀਂ ਆ ਰਹੀ ਸੀ। ਪੁਲਿਸ ਆਈ ਤਾਂ ਲੱਗਾ ਕਿ ਹੁਣ ਗੱਲ ਬਣ ਜਾਏਗੀ। ਪੁਲਿਸ ਇਸ ਹਿੰਸਕ ਭੀੜ ਨੂੰ ਤਾਂ ਇਥੋਂ ਹਟਾਏਗੀ ਹੀ। ਪਰ ਕੀ ਪਤਾ ਸੀ ਕਿ ਕਾਨੂੰਨ ਦੇ ਰਖਵਾਲੇ ਹੀ ਜਾਨ ਦੇ ਦੁਸ਼ਮਨ ਬਣ ਚੁਕੇ ਹਨ।

ਹੁਣ ਐਸ.ਐਚ.ਓ. ਸ਼ੂਰਵੀਰ ਸਿੰਘ ਤਿਆਗੀ ਤੇ ਚੌਂਕੀ ਇੰਚਾਰਜ ਸ਼ਰਮਾ ਆਏ ਅਤੇ ਕਹਿਣ ਲੱਗੇ ਕਿ "ਤੁਸੀਂ ਲੋਕ ਇਕੱਠੇ ਨਾ ਹੋਵੋ, ਆਪੋ-ਆਪਣੇ ਘਰਾਂ ਵਿੱਚ ਚਲੇ ਜਾਓ।"

ਸਿੱਖ ਵੱਖ-ਵੱਖ ਨਹੀਂ ਹੋਣਾ ਚਾਹੁੰਦੇ ਸੀ ਪਰ ਪੁਲਿਸ ਨੇ ਖ਼ੁਦ ਹਿਫ਼ਾਜ਼ਤ ਕਰਨ ਦੀ ਗੱਲ ਕਹਿ ਕੇ ਮਜਬੂਰ ਕਰ ਦਿੱਤਾ। ਪੁਲਿਸ ਚਾਹੁੰਦੀ ਸੀ ਕਿ ਸਿੱਖ ਵੰਡੇ ਜਾਣ ਤੇ ਇਹ ਇਕੱਠ ਟੁੱਟ ਜਾਵੇ। ਉਨ੍ਹਾਂ ਨੇ ਖਾਕੀ ਵਰਦੀ ਉੱਤੇ ਵਿਸ਼ਵਾਸ ਕਰ ਲਿਆ। ਇਹ ਭਰੋਸਾ ਐਨਾ ਮਹਿੰਗਾ ਪਿਆ ਕਿ ਪੂਰੇ ਮਹੱਲੇ ਦੀਆਂ ਔਰਤਾਂ ਵਿਧਵਾ ਹੋ ਗਈਆਂ।

ਭਾਗੀ ਕੌਰ ਨੇ ਦੱਸਿਆ ਕਿ, ਜਿਵੇਂ ਹੀ ਪੁਲਿਸ ਦੇ ਕਹਿਣ ਉੱਤੇ ਸਿੱਖ ਆਪੋ-ਆਪਣੇ ਘਰਾਂ ਵਿੱਚ ਗਏ, ਤਾਂ ਨੇੜੇ ਦੇ ਚਿੱਲਾ ਪਿੰਡ ਤੋਂ ਆਈ ਹਿੰਸਕ ਭੀੜ ਨੇ ਫਿਰ ਹਮਲਾ ਬੋਲ ਦਿੱਤਾ। ਹੁਣ ਤਾਂ ਪੁਲਿਸ ਵੀ ਉਨ੍ਹਾਂ ਦੇ ਨਾਲ ਸੀ। ਇਨ੍ਹਾਂ ਨੇ ਘਰਾਂ ਦੇ ਪਾਣੀ ਦੇ ਪਾਈਪ ਤੋੜ ਦਿੱਤੇ, ਬਿਜਲੀ ਦੀਆਂ ਨੰਗੀਆਂ ਤਾਰਾਂ ਕਰੰਟ ਫੈਲਾਉਣ ਲਈ ਘਰਾਂ ਦੇ ਅੰਦਰ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ।

ਹੁਣ ਭੀੜ ਨੇ ਭਰਾ, ਸਮੁੰਦਰ ਸਿੰਘ ਨੂੰ ਵੇਖ ਲਿਆ ਤੇ ਕਹਿਣ ਲੱਗੇ ਕਿ "ਇਧਰ ਆ, ਤੇਰੇ ਵਾਲ ਕੱਟ ਕੇ ਤੈਨੂੰ ਛੱਡ ਦੇਵਾਂਗੇ।"

ਵੇਚਾਰਾ ਮੈਨੂੰ ਇਹ ਕਹਿ ਕੇ ਚਲਾ ਗਿਆ, "ਭੈਣੇ ! ਜੇਕਰ ਮੈਂ ਮਰ ਗਿਆ ਤਾਂ ਮੇਰੇ ਬੱਚਿਆਂ ਨੂੰ ਵੇਖ ਲਈਂ।" ਇਹ ਕਹਿੰਦੇ ਹੋਏ ਭਾਗੀ ਕੌਰ ਫਿਰ ਸਿਸਕਣ ਲੱਗ ਪੈਂਦੀ ਹੈ।

ਬਾਹਰ ਜਾਂਦਿਆਂ ਹੀ ਭੀੜ ਨੇ ਉਸਨੂੰ ਘੇਰ ਕੇ ਮਾਰਣਾ ਸ਼ੁਰੂ ਕਰ ਦਿੱਤਾ ਤਾਂ ਭਰਜਾਈ ਭੱਜ ਕੇ ਉਸ ਉੱਤੇ ਲੇਟ ਗਈ। ਵਹਿਸ਼ੀਆਂ ਨੇ ਉਸਨੂੰ ਚੁੱਕ ਕੇ ਦੂਜੇ ਪਾਸੇ ਪਟਕਿਆ ਤੇ ਸਮੁੰਦਰ ਸਿੰਘ ਨੂੰ ਮਾਰ ਦਿੱਤਾ।

ਦੂਜੇ ਭਰਾ ਸੋਹਣ ਸਿੰਘ ਨੂੰ ਟੀ.ਵੀ. ਦੇ ਵੱਡੇ ਕੈਬਿਨੇਟ ਵਿੱਚ ਲੁਕੋ ਦਿੱਤਾ ਪਰ ਉਸਨੂੰ ਬਰਛੇ ਮਾਰ ਕੇ ਖ਼ਤਮ ਕਰ ਦਿੱਤਾ।

ਜਵਾਈ ਗੁਰਮੁਖ ਸਿੰਘ ਨੂੰ ਬਿਸਤਰਿਆਂ ਵਿੱਚ ਛਿਪਾਇਆ ਹੋਇਆ ਸੀ। ਉਸੇ ਬਿਸਤਰ ਵਿੱਚ ਹੀ ਉਸਦੇ ਇੱਕ ਸਾਲ ਦੇ ਪੁੱਤਰ ਹੁਸ਼ਿਆਰ ਸਿੰਘ ਨੂੰ ਵੀ ਇਸ ਤਰ੍ਹਾਂ ਪਾ ਦਿੱਤਾ ਜਿਵੇਂ ਉਹੀ ਸੌਂ ਰਿਹਾ ਹੋਵੇ। ਪਰ ਭੀੜ ਨੂੰ ਪਤਾ ਲਗ ਗਿਆ ਤੇ ਉਨ੍ਹਾਂ ਨੇ ਗੁਰਮੁਖ ਸਿੰਘ ਨੂੰ ਮਾਰ ਦਿੱਤਾ ਤੇ ਉਸਦੇ ਪੁੱਤਰ ਨੂੰ ਅੱਗ ਵਿੱਚ ਸੁੱਟ ਦਿੱਤਾ। ਕਹਿ ਰਹੇ ਸੀ, "ਸੱਪ ਦਾ ਬੱਚਾ ਹੈ, ਇਸਨੂੰ ਵੀ ਖ਼ਤਮ ਕਰ ਦੇਵੋ, ਨਹੀਂ ਤਾਂ ਵੱਡਾ

ਹੋ ਕੇ ਸਾਨੂੰ ਹੀ ਡੱਸੇਗਾ।" ਭਾਗੀ ਕੌਰ ਨੇ ਬੜੀ ਮੁਸ਼ਕਿਲਾਂ ਨਾਲ ਉਸਨੂੰ ਅੱਗ ਵਿਚੋਂ ਬਾਹਰ ਕੱਢਿਆ।

ਹੁਣ ਭੀੜ ਨੇ ਭਰਾ ਇੰਦਰ ਸਿੰਘ ਤੇ ਉਸਦੇ ਪੁੱਤਰ ਮਨੋਹਰ ਸਿੰਘ ਨੂੰ ਖਿੱਚ ਲਿਆ। ਉਹ ਅੰਮ੍ਰਿਤਧਾਰੀ ਸਿੱਖ ਸੀ। ਇਸ ਲਈ ਉਸਨੂੰ ਜ਼ਲੀਲ ਕਰਨ ਲਈ ਪਹਿਲਾਂ ਕੇਸ ਕੱਟਣ ਲਈ ਕਿਹਾ। ਉਸਨੇ ਮਨਾ ਕਰ ਦਿੱਤਾ ਤੇ ਕਿਹਾ, "ਜਾਨ ਜਾਂਦੀ ਹੈ ਤਾਂ ਚਲੀ ਜਾਏ ਪਰ ਸਿੱਖੀ ਤੋਂ ਪਿੱਛੇ ਨਹੀਂ ਹਟਾਂਗਾ।" ਦਰਿੰਦੇ ਉਸਨੂੰ ਤੇ ਉਸਦੇ ਪੁੱਤਰ ਨੂੰ ਚੁੱਕ ਕੇ ਲੈ ਗਏ ਤੇ ਨੇੜੇ ਦੀ ਪੀਲੀ ਕੋਠੀ ਵਿੱਚ ਚੀਰ-ਚੀਰ ਕੇ ਮਾਰ ਸੁੱਟਿਆ।

ਜਮੁਨਾ ਪਾਰ ਵਿੱਚ ਕਾਂਗਰਸ ਦੇ ਸਭ ਤੋਂ ਵੱਡੇ ਗੁੰਡੇ ਦੀ ਉਪਾਧੀ ਨਾਲ ਸਨਮਾਨਿਤ ਹਰਕਿਸ਼ਨ ਲਾਲ ਭਗਤ ਨੇ ਖ਼ੁਦ ਭੀੜ ਦੀ ਅਗਵਾਈ ਕੀਤੀ ਸੀ। ਭਾਗੀ ਕੌਰ ਦੱਸਦੀ ਹੈ, "ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਕੁਰਤਾ ਪਜਾਮਾ ਪਾ ਕੇ ਤੇ ਕਰੀਮ ਰੰਗ ਦੀ ਸ਼ਾਲ ਲੈ ਕੇ ਉਹ ਆਇਆ ਤੇ ਕਹਿਣ ਲੱਗਾ, "ਸਾਲਾ ਕੋਈ ਸਰਦਾਰ ਨਹੀਂ ਬਚਣਾ ਚਾਹੀਏ। ਪੁਲਿਸ ਕੁਝ ਨਹੀਂ ਕਹੇਗੀ, ਜੋ ਲੁੱਟਣਾ ਹੈ ਲੁੱਟ ਲਓ।" ਇਸ ਭੀੜ ਵਿੱਚ ਉਹ ਕਿਸ਼ੋਰੀ ਲਾਲ ਕਸਾਈ ਵੀ ਸੀ ਜਿਸਨੇ ਜਾਨਵਰ ਕੱਟਣ ਵਾਲੇ ਆਪਣੇ ਛੁਰੇ ਨਾਲ ਪਤਾ ਨਹੀਂ ਕਿੰਨੇ ਸਿੱਖਾਂ ਨੂੰ ਜਿਉਂਦੇ ਕੱਟ ਦਿੱਤਾ। 5000 ਤੋਂ ਵੱਧ ਸਿੱਖਾਂ ਦੇ ਕਤਲ ਵਿੱਚ ਸਿਰਫ਼ ਇੱਕ ਕਿਸ਼ੋਰੀ ਲਾਲ ਨੂੰ ਫਾਂਸੀ ਦੀ ਸਜ਼ਾ ਹੋਈ ਸੀ, ਉਸਨੂੰ ਵੀ ਅਦਾਲਤ ਨੇ ਉਮਰ-ਕੈਦ ਕਰ ਦਿੱਤਾ। ਕਹਿੰਦੇ ਹਨ ਕਿ ਇਹ ਕਸਾਈ ਸਿੱਖਾਂ ਨੂੰ ਆਪਣੀ ਦਾਤਰੀ ਨਾਲ ਕੱਟ ਕੇ ਖ਼ੂਨ ਨੂੰ ਮੂੰਹ ਨਾਲ ਲਾਉਂਦਾ ਸੀ।

ਇਨ੍ਹਾਂ ਵਿੱਚ ਹੀ ਸ਼ਾਮਿਲ ਸੀ ਉਹ ਡਾਕਟਰ ਬਨਾਮ ਅਸ਼ੋਕ ਬਨਾਮ ਲੰਬੂ ਜਿਸਨੇ ਨਾ ਸਿਰਫ਼ ਸਿੱਖਾਂ ਨੂੰ ਮਾਰਣ ਵਿੱਚ ਭੂਮਿਕਾ ਨਿਭਾਈ, ਬਲਕਿ ਇਥੋਂ ਤਕ ਦੋਸ਼ ਲੱਗੇ ਕਿ ਉਸਨੇ ਅੱਧਮਰੇ ਸਿਸਕਦੇ ਹੋਏ ਸਿੱਖਾਂ ਦੀਆਂ ਅੱਖਾਂ ਕੱਢ ਲਈਆਂ ਤਾਂ ਕਿ ਉਨ੍ਹਾਂ ਦੀ ਬਾਅਦ ਵਿੱਚ ਵਰਤੋਂ ਕੀਤੀ ਜਾ ਸਕੇ। ਕਾਂਗਰਸ ਦੀ ਟਿਕਟ ਉੱਤੇ ਬਾਅਦ ਵਿੱਚ ਉਹ ਕਾਊਂਸਲਰ ਬਣਿਆ।"

ਭੀੜ ਸਿੱਖ ਆਦਮੀਆਂ ਤੇ ਮੁੰਡਿਆਂ ਵਿੱਚੋਂ ਕਿਸੇ ਨੂੰ ਵੀ ਨਹੀਂ ਬਖ਼ਸ਼ ਰਹੀ ਸੀ। ਭਾਗੀ ਕੌਰ ਦੇ ਦੋ ਪੁੱਤਰ ਸੀ - ਪੰਜ ਸਾਲ ਦਾ ਬਲਵੰਤ ਸਿੰਘ ਤੇ ਦੋ ਸਾਲ ਦਾ

ਬਲਬੀਰ, ਦੋ ਧੀਆਂ - ਚਾਰ ਸਾਲ ਦੀ ਅਨੀਤਾ ਕੌਰ ਤੇ ਛੇ ਮਹੀਨਿਆਂ ਦੀ ਪਿੰਕੀ। ਬਲਵੰਤ ਤੇ ਬਲਬੀਰ ਦੇ ਸਿਰ 'ਤੇ ਜੂੜੇ ਦੇ ਬਦਲੇ ਗੁੱਤਾਂ ਕਰਕੇ ਉਨ੍ਹਾਂ ਨੂੰ ਕੁੜੀਆਂ ਦੇ ਕਪੜੇ ਪੁਆ ਦਿੱਤੇ।

ਬਲਵੰਤ ਸਿੰਘ ਹੁਣ 31 ਸਾਲਾਂ ਦਾ ਹੈ ਪਰ ਸਾਰਾ ਦਿਨ ਨਸ਼ੇ ਦੀਆਂ ਨੀਲੇ ਰੰਗ ਦੀਆਂ ਪ੍ਰੋਕਸੀਵੈਨ ਦੀਆਂ ਗੋਲੀਆਂ ਫੱਕਦਾ ਰਹਿੰਦਾ ਹੈ। ਗੁਰਦੁਆਰਾ ਕਮੇਟੀ ਵਿੱਚ ਉਸਨੂੰ ਨੌਕਰੀ ਮਿਲੀ ਹੋਈ ਹੈ ਪਰ ਉਹ ਨਸ਼ੇ ਵਿੱਚ ਹੀ ਧੁੱਤ ਰਹਿੰਦਾ ਹੈ। ਦੂਜਾ ਪੁੱਤਰ ਬਲਬੀਰ ਸਿੰਘ ਜੋ ਉਸ ਵਕਤ ਦੋ ਸਾਲਾਂ ਦਾ ਸੀ ਅਤੇ ਉਸਨੂੰ ਬਲ੍ਹਦੀ ਅੱਗ ਤੋਂ ਬਚਾਇਆ ਸੀ, ਉਹ ਵੀ ਵੱਡਾ ਹੋਣ 'ਤੇ ਨਸ਼ੇ ਵਿੱਚ ਫੱਸ ਗਿਆ ਤੇ ਉਸਨੇ ਖ਼ੁਦਕੁਸ਼ੀ ਕਰ ਲਈ। ਸ਼ਾਇਦ ਉਸਨੇ ਨਸ਼ੇ ਦੀਆਂ ਵਾਧੂ ਗੋਲੀਆਂ ਖਾ ਲਈਆਂ ਸੀ। ਇੱਕ ਦਿਨ ਭਾਗੀ ਕੌਰ ਜਦੋਂ ਆਪਣੀ ਨੌਕਰੀ ਤੋਂ ਘਰ ਵਾਪਸ ਆਈ ਤਾਂ ਵੇਖਿਆ ਕਿ ਉਹ ਮਰ ਚੁੱਕਾ ਹੈ।

ਭਾਗੀ ਕੌਰ ਦੇ ਪਤੀ ਲੱਛੂ ਸਿੰਘ 1 ਨਵੰਬਰ ਦੇ ਹਮਲੇ ਤੋਂ ਬਾਅਦ ਵੀ ਕਿਸੇ ਤਰ੍ਹਾਂ ਜ਼ਿੰਦਾ ਬਚ ਗਏ ਸੀ। ਅਗਲੇ ਦਿਨ ਉਹ ਸਾਰੀਆਂ ਔਰਤਾਂ ਨੂੰ ਲੈ ਕੇ ਨਾਲੇ ਦੇ ਕੰਢੇ-ਕੰਢੇ ਕਲਿਆਨ ਪੁਰੀ ਪੁਲਿਸ ਚੌਂਕੀ ਦੇ ਵੱਲ ਤੁਰ ਪਏ। ਪਰ ਇੱਲਾਂ ਵਾਂਗ ਸਿੱਖਾਂ ਨੂੰ ਲੱਭ ਰਹੇ ਦੰਗਾਈਆਂ ਨੇ ਇਨ੍ਹਾਂ ਨੂੰ ਮਯੂਰ ਵਿਹਾਰ ਦੇ ਕੋਲ ਵੇਖ ਲਿਆ ਤੇ ਉਥੇ ਨਾਲੇ ਦੇ ਕੋਲ ਹੀ ਮਾਰ ਦਿੱਤਾ ਸੀ। ਪਤੀ ਦੀ ਲਾਸ਼ ਨੂੰ ਉਥੇ ਹੀ ਛੱਡ ਕੇ ਭਾਗੀ ਕੌਰ ਬਾਕੀ ਵਿਧਵਾਵਾਂ ਦੇ ਨਾਲ ਕਲਿਆਨ ਪੁਰੀ ਥਾਣੇ ਪੁੱਜੀ ਤਾਂ ਹੋਰ ਸਹਿਮ ਗਈ। ਸਿੱਖਾਂ ਦੀਆਂ ਅੱਧ-ਸੜੀਆਂ ਲਾਸ਼ਾਂ ਨਾਲ ਭਰੀ ਗੱਡੀ ਹੁਣੇ-ਹੁਣੇ ਉਥੇ ਪਹੁੰਚੀ ਸੀ। ਉਸਦੀ ਬਦਬੂ ਅਸਹਿਣਯੋਗ ਸੀ। ਸੈਂਕੜਾਂ ਲਾਸ਼ਾਂ ਇੱਕੋ ਹੀ ਗੱਡੀ ਵਿੱਚ ਭਰੀਆਂ ਪਈਆਂ ਸੀ। ਕਿਸੇ ਤਰ੍ਹਾਂ ਉਥੋਂ ਝਿਲਮਿਲ ਕਾਲੋਨੀ ਫਰਸ਼ ਬਾਜ਼ਾਰ ਵਿੱਚ ਲੱਗੇ ਰਾਹਤ ਕੈਂਪ ਪੁੱਜੇ ਜਿੱਥੇ ਉਨ੍ਹਾਂ ਨੇ ਅਠ ਮਹੀਨਿਆਂ ਤਕ ਬੇਹਦ ਤੰਗੀ ਵਾਲੀ ਤੇ ਅਪਮਾਨਿਤ ਜ਼ਿੰਦਗੀ ਵੇਖੀ।

ਭਾਗੀ ਕੌਰ ਜਦੋਂ ਤਿਲਕ ਵਿਹਾਰ ਵਿੱਚ ਮਿਲੇ 40 ਗਜ ਦੇ ਫਲੈਟ ਵਿੱਚ ਰਹਿਣ ਆਈ ਤਾਂ ਉਸ ਕੋਲ ਬੱਚਿਆਂ ਤੋਂ ਇਲਾਵਾ ਇੱਕ ਮਾਚਿਸ ਦੀ ਡੱਬੀ ਤੇ ਮੋਮਬੱਤੀ ਨੂੰ ਛੱਡ ਕੇ ਹੋਰ ਕੁਝ ਨਹੀਂ ਸੀ। ਪਤੀ ਕੁਲੀ ਦਾ ਕੰਮ ਕਰਦੇ ਸਨ, ਇਸ ਲਈ ਕੋਈ ਜਮਾਪੂੰਜੀ ਵੀ ਨਹੀਂ ਸੀ। ਬੱਚੇ ਪੜ੍ਹ-ਲਿਖ ਨਹੀਂ ਸਕੇ, ਰੋਜ਼ਗਾਰ ਨਹੀਂ

ਮਿਲਿਆ ਤੇ ਨਸ਼ਿਆਂ ਵਿੱਚ ਫੱਸ ਗਏ।

ਸਿਸਕਦੇ ਹੋਏ ਭਾਗੀ ਕੌਰ ਹੁਣ ਕਹਿੰਦੀ ਹੈ, "ਕੀ ਮੇਰੇ ਭਾਗਾਂ ਵਿੱਚ ਇਹੀ ਲਿਖਿਆ ਸੀ ਜਾਂ ਭਾਗ-ਵਿਧਾਤਾ ਵੀ ਉਸਦਾ ਭਾਗ ਲਿਖਣ ਦੇ ਬਾਅਦ ਭੁੱਲ ਗਿਆ।"

ਦੰਗਾਈਆਂ ਦਾ ਸਾਥ ਦੇ ਰਹੀ ਪੁਲਿਸ ਤੋਂ ਇਨ੍ਹਾਂ ਵਿਧਵਾਵਾਂ ਨੇ ਕੁਝ ਹਦ ਤਕ ਤਾਂ ਬਦਲਾ ਲਿਆ ਜਦੋਂ ਪੁਲਿਸ ਇੰਸਪੈਕਟਰ ਸ਼ਰਮਾ ਨੂੰ ਐਸ.ਐਚ.ਓ. ਬਣਾ ਕੇ ਤਿਲਕ ਵਿਹਾਰ ਵੱਲ ਭੇਜਿਆ ਗਿਆ। ਤ੍ਰਿਲੋਕਪੁਰੀ ਵਿੱਚ ਮਾਰੇ ਗਏ ਸਿੱਖਾਂ ਦੀਆਂ ਵਿਧਵਾਵਾਂ ਦੀ ਬਸਤੀ ਇਥੇ ਹੀ ਵਸਾਈ ਗਈ ਸੀ। 1986 ਦੀ ਗੱਲ ਹੈ। ਕਾਲੋਨੀ ਵਿੱਚ ਦੰਗਾ ਪੀੜਿਤ ਕੋਈ ਪ੍ਰੋਗਰਾਮ ਕਰ ਰਹੇ ਸੀ ਤਾਂ ਇਹ ਪੁਲਿਸ ਬਲ ਲੈ ਕੇ ਆ ਪਹੁੰਚਿਆ। ਵਿਧਵਾਵਾਂ ਨੇ ਇਸਨੂੰ ਪਛਾਣ ਲਿਆ। ਭੁੱਲਦੀਆਂ ਵੀ ਕਿਵੇਂ ? ਉਹ ਚਿਹਰੇ ਭੁੱਲਣ ਲਾਇਕ ਨਹੀਂ ਸੀ। ਇਸਦੇ ਬਾਅਦ ਸਾਰੀਆਂ ਔਰਤਾਂ ਨੇ ਇਸਨੂੰ ਘੇਰ ਕੇ ਜੁੱਤੀਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਵਰਦੀ ਪਾੜ ਦਿੱਤੀ ਤੇ ਟੋਪੀ ਲਾਹ ਕੇ ਸੁੱਟ ਦਿੱਤੀ। ਬੜੀ ਮੁਸ਼ਕਿਲ ਨਾਲ ਜਾਨ ਬਚਾ ਕੇ ਭੱਜਣ ਲਈ ਮਜਬੂਰ ਹੋਇਆ। ਇਸ ਤੋਂ ਬਾਅਦ ਡੀ.ਐਸ.ਪੀ. ਫੋਰਸ ਲੈ ਕੇ ਆ ਗਿਆ। ਅਖੀਰ ਉਸਦੇ ਥੱਲੇ ਆਉਂਦੇ ਐਸ.ਐਚ.ਓ. ਦੀ ਸਰੇਆਮ ਪਿਟਾਈ ਕੀਤੀ ਗਈ ਸੀ। ਉਹ ਪੁਲਿਸ ਬਲ ਦੇ ਨਾਲ ਆ ਕੇ ਰੋਹਬ ਪਾਉਣ ਲੱਗਾ ਅਤੇ ਉਨ੍ਹਾਂ ਔਰਤਾਂ ਦੇ ਨਾਂ ਪੁੱਛਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੇ ਜੁੱਤੀਆਂ ਮਾਰੀਆਂ ਸੀ। ਸਾਰੀਆਂ ਨੇ ਇੱਕ ਹੀ ਜੁਆਬ ਦਿੱਤਾ, "ਜਿਸਦੇ ਆਦਮੀ ਹੀ ਨਹੀਂ ਰਹੇ, ਉਸਦਾ ਨਾਮ ਹੀ ਕੀ ਰਿਹਾ।" ਇਹ ਜੁਆਬ ਸੁਣ ਕੇ ਉਹ ਆਪਣਾ ਜਿਹਾ ਮੂੰਹ ਲੈ ਕੇ ਪਰਤ ਗਿਆ।

ਕਾਤਲਾਂ ਦੀ ਟਰੇਨ

ਇਹ ਕਾਤਲਾਂ ਦੀ ਟਰੇਨ ਸੀ ਤੇ ਰੋਹਤਕ ਤੋਂ ਆਈ ਸੀ। ਜਦੋਂ ਤਕ ਇਹ ਟਰੇਨ ਨਹੀਂ ਆਈ ਸੀ, ਉਦੋਂ ਤਕ ਨਾਂਗਲੋਈ ਦੇ ਸਿੱਖ ਆਪਣੇ ਲੋਕਲ ਗੁਰਦੁਆਰੇ ਵਿੱਚ ਇਕੱਠਿਆਂ ਹੋ ਕੇ ਦੰਗਾਈਆਂ ਨਾਲ ਪੂਰਾ ਲੋਹਾ ਲੈ ਰਹੇ ਸੀ। ਦੰਗਾਈਆਂ ਦੀ ਗਿਣਤੀ ਵਾਧੂ ਹੋਣ ਦੇ ਬਾਵਜੂਦ ਉਹ ਗੁਰਦੁਆਰੇ ਵਿੱਚ ਨਹੀਂ ਵੜ ਸਕੇ ਸੀ। ਪਰ 1 ਨਵੰਬਰ ਦੀ ਦੁਪਹਿਰ 12 ਵਜੇ ਕਾਤਲਾਂ ਦੀ ਰੇਲ ਦੇ ਆਉਂਦਿਆਂ ਹੀ ਪਾਸਾ ਪਲਟ ਗਿਆ। ਲੋਹੇ ਦੀਆਂ ਰਾਡਾਂ, ਡਾਂਗਾਂ, ਤਲਵਾਰਾਂ, ਹੋਰ ਹਥਿਆਰਾਂ ਤੇ ਚਿੱਟੇ ਪਾਊਡਰ ਨਾਲ ਲੈਸ ਇਨ੍ਹਾਂ ਸੈਂਕੜਾਂ ਕਾਤਲਾਂ ਦੇ ਅੱਗੇ ਇਲਾਕੇ ਦੇ ਮੁੱਠੀ ਭਰ ਸਿੱਖ ਬੇਬਸ ਹੋ ਗਏ ਸਨ। ਸਿੱਖ ਕਤਲੇਆਮ ਕਿੰਨਾ ਯੋਜਨਾਬੱਧ ਸੀ, ਇਹ ਨਾਂਗਲੋਈ ਵਿੱਚ ਸਿੱਖਾਂ ਨੂੰ ਮਾਰਨ ਆਈ ਇਹ ਰੇਲ ਚੰਗੀ ਤਰ੍ਹਾਂ ਸਾਫ਼ ਕਰ ਦਿੰਦੀ ਹੈ। ਦੰਗਿਆਂ ਨੂੰ ਅੰਜਾਮ ਦੇ ਰਹੇ ਨੇਤਾਵਾਂ ਨੂੰ ਪਲ-ਪਲ ਪਤਾ ਲੱਗ ਰਿਹਾ ਸੀ ਕਿ ਕਿੱਥੇ ਸਿੱਖ ਵਿਰੋਧ ਕਰ ਰਹੇ ਨੇ ਤੇ ਕਿੱਥੇ ਨਹੀਂ ? ਜਿਵੇਂ ਹੀ ਨਾਂਗਲੋਈ ਦੇ ਗੁਰਦੁਆਰੇ ਵਿੱਚ ਸਿੱਖਾਂ ਨੇ ਇਕੱਠਿਆਂ ਹੋ ਕੇ ਮੁਕਾਬਲਾ ਕਰਨ ਦਾ ਪਤਾ ਲੱਗਿਆ, ਤਾਂ ਰੋਹਤਕ ਤੋਂ ਰੇਲ ਭਿਜਵਾ ਦਿੱਤੀ।

ਕਤਲੇਆਮ ਦੇ ਵਕਤ ਨਾਂਗਲੋਈ ਦੀ ਜੇ.ਜੇ. ਕਾਲੋਨੀ ਵਿੱਚ ਰਹਿਣ ਵਾਲੀ ਗੁਰਬਚਨ ਕੌਰ ਦੱਸਦੀ ਹੈ ਕਿ ਜਦੋਂ ਇੰਦਰਾ ਗਾਂਧੀ ਦੀ ਮੌਤ ਦੇ ਬਾਅਦ ਸਿੱਖਾਂ 'ਤੇ ਹਮਲੇ ਦੀ ਗੱਲ ਫੈਲਣ ਲੱਗੀ ਤਾਂ ਗੁਰਦੁਆਰੇ ਦੇ ਗ੍ਰੰਥੀ ਸਾਹਿਬ ਨੇ ਸਾਰਿਆਂ ਸਿੱਖਾਂ ਨੂੰ ਗੁਰਦੁਆਰੇ ਵਿੱਚ ਇਕੱਠਿਆਂ ਹੋਣ ਲਈ ਲਾਊਡ-ਸਪੀਕਰ 'ਤੇ ਕਹਿ ਦਿੱਤਾ। ਵੇਖਦੇ ਹੀ ਵੇਖਦੇ ਤਕਰੀਬਨ ਸਾਰੇ ਸਿੱਖ ਮਰਦ ਉਥੇ ਇਕੱਠੇ ਹੋ ਗਏ। ਭੀੜ ਨੇ ਗੁਰਦੁਆਰੇ ਉੱਤੇ ਹਮਲਾ ਕਰ ਦਿੱਤਾ। ਮੁਕਾਬਲਾ ਚਾਲੂ ਹੋ ਗਿਆ ਤੇ ਸਿੱਖਾਂ ਨੇ ਭੀੜ ਨੂੰ ਗੁਰਦੁਆਰੇ ਵਿੱਚ ਵੜਣ ਨਹੀਂ ਦਿੱਤਾ। ਲਗਾਤਾਰ ਪੱਥਰ-ਇੱਟਾਂ ਚਲ ਰਹੇ ਸੀ ਤੇ ਸਿੱਖ ਪੂਰੇ ਜੋਸ਼ ਨਾਲ ਮੁਕਾਬਲਾ ਕਰ ਰਹੇ ਸੀ। ਇਹ ਸਭ ਕੁਝ ਤਿੰਨ-ਚਾਰ ਘੰਟੇ ਚਲਦਾ ਰਿਹਾ। ਤਦੇ 12 ਵਜੇ ਦੇ ਕਰੀਬ ਰੋਹਤਕ ਤੋਂ ਇੱਕ ਰੇਲਗੱਡੀ ਨੇੜੇ ਦੀ ਰੇਲਵੇ ਲਾਈਨ 'ਤੇ ਆ ਕੇ ਰੁੱਕੀ ਤੇ ਉਸ ਵਿੱਚੋਂ ਸੈਂਕੜੇ ਦੰਗਾਈ, ਜਿਨ੍ਹਾਂ ਦੇ ਹੱਥਾਂ ਵਿੱਚ ਮੌਤ ਦਾ ਪੂਰਾ ਸਾਮਾਨ ਸੀ, ਉਤਰੇ ਤੇ ਹਮਲਾ ਕਰ ਦਿੱਤਾ। ਇਨ੍ਹਾਂ

ਦੇ ਕੋਲ ਇੱਕ ਐਸਾ ਚਿੱਟਾ ਪਾਊਡਰ ਸੀ ਜਿਸਨੂੰ ਸੁੱਟਦਿਆਂ ਹੀ ਡੋਰਨ ਅੱਗ ਲਗ ਜਾਂਦੀ ਸੀ। ਇਸ ਨਾਲ ਛੇਤੀ ਅੱਗ ਫੜੀ ਜਾਂਦੀ ਸੀ। ਹੁਣ ਇਨ੍ਹਾਂ ਨੇ ਸਿੱਖਾਂ ਦੇ ਘਰਾਂ ਤੇ ਗੁਰਦੁਆਰੇ ਵਿੱਚ ਇਹ ਪਾਊਡਰ ਸੁੱਟ ਕੇ ਅੱਗ ਲਾਉਣੀ ਸ਼ੁਰੂ ਕਰ ਦਿੱਤੀ ਸੀ।

ਗੁਰਬਚਨ ਕੌਰ ਆਪਣੀ ਜਾਨ ਬਚਾਉਣ ਲਈ ਨੇੜੇ ਹੀ ਇੱਕ ਮੁਸਲਮਾਨ ਹਮੀਦ ਦੇ ਘਰ ਚਲੀ ਗਈ, ਜਦਕਿ ਉਸਦਾ ਪੁੱਤਰ ਹਰਭਜਨ ਸਿੰਘ ਗੁਰਦੁਆਰੇ ਵਿੱਚ ਹੀ ਸੀ। ਹੁਣ ਹਜ਼ਾਰਾਂ ਦੀ ਭੀੜ ਤੇ ਗੁਰਦੁਆਰੇ ਵਿੱਚ ਅੱਗ ਲਗ ਜਾਣ ਨਾਲ ਮੁਕਾਬਲਾ ਮੁਸ਼ਕਿਲ ਹੋ ਗਿਆ। ਹੌਲੇ-ਹੌਲੇ ਦੰਗਾਈਆਂ ਨੇ ਗੁਰਦੁਆਰੇ ਵਿੱਚ ਮੌਜੂਦ ਸਾਰੇ ਬੰਦਿਆਂ ਦਾ ਕਤਲ ਕਰ ਦਿੱਤਾ। ਪੁੱਤਰ ਹਰਭਜਨ ਸਿੰਘ ਵੀ ਮਾਰਿਆ ਗਿਆ। ਪਤੀ ਸ਼ੇਰ ਸਿੰਘ ਕਿਸੇ ਤਰ੍ਹਾਂ ਛਿਪਦੇ-ਛੁਪਾਉਂਦੇ ਹਮੀਦ ਦੇ ਘਰ ਆ ਗਏ ਸੀ। ਪਰ 2 ਨਵੰਬਰ ਨੂੰ ਉਨ੍ਹਾਂ ਨੂੰ ਵੀ ਘਰੋਂ ਬਾਹਰ ਕੱਢ ਕੇ ਮਾਰ ਦਿੱਤਾ ਗਿਆ।


ਜੇਕਰ ਇਹ ਟਰੇਨ ਨਾ ਆਉਂਦੀ ਤਾਂ ਗੁਰਦੁਆਰੇ ਵਿੱਚ ਕੋਈ ਨਾ ਮਾਰਿਆ ਜਾਂਦਾ। ਪਰ ਇਸ ਰੇਲ ਦੇ ਆਉਣ ਦੇ ਬਾਅਦ, ਪਹਿਲਾਂ ਤੋਂ ਦੰਗਾ ਕਰ ਰਹੇ ਦੰਗਾਈਆਂ ਦੇ ਹੌਂਸਲੇ ਹੋਰ ਵੀ ਵੱਧ ਗਏ ਸਨ। ਬਿਸ਼ਨ ਕੌਰ ਦੇ ਪਤੀ ਕੁਲਵੰਤ ਸਿੰਘ ਵੀ ਇਸੇ ਗੁਰਦੁਆਰੇ ਵਿੱਚ ਮਾਰੇ ਗਏ ਸੀ।

ਮਹਿੰਦਰ ਕੌਰ ਰੋਹਤਕ ਦੀ ਇਸੀ ਖ਼ੂਨੀ ਟਰੇਨ ਵਿੱਚ ਆਏ ਕਾਤਲਾਂ ਬਾਰੇ ਹੋਰ ਵਿਸਤਾਰ ਵਿੱਚ ਦੱਸਦੀ ਹੈ। ਉਸਦਾ ਕਹਿਣਾ ਹੈ ਕਿ "ਉਹ ਅਪਰਾਧੀ ਕਿਸਮ ਦੇ ਵਿਅਕਤੀ ਸੀ ਤੇ ਲੋਕਾਂ ਨੂੰ ਮਾਰਨ ਵਿੱਚ ਪੂਰੀ ਤਰ੍ਹਾਂ ਸਿਖੇ ਹੋਏ ਲੱਗ ਰਹੇ ਸੀ। ਉਹ ਇੱਕ ਹੀ ਵਾਰ ਵਿੱਚ ਆਦਮੀ ਨੂੰ ਖ਼ਤਮ ਕਰ ਦਿੰਦੇ ਸੀ। ਐਵੇਂ ਲੱਗਦਾ ਸੀ ਜਿਵੇਂ ਇਹ ਲੋਕ ਮਾਰਨ ਦਾ ਕੰਮ ਪਹਿਲਾਂ ਵੀ ਕਰ ਚੁੱਕੇ ਸੀ। ਸ਼ਾਇਦ ਅਪਰਾਧੀਆਂ, ਕਾਤਲਾਂ ਤੇ ਲੁਟੇਰਿਆਂ ਨੂੰ ਚੁਣ-ਚੁਣ ਕੇ ਇਸ ਰੇਲ ਵਿੱਚ ਭੇਜਿਆ ਗਿਆ ਸੀ। ਸਿੱਖਾਂ ਨੂੰ ਮਾਰਨ ਦੇ ਬਾਅਦ ਇਨ੍ਹਾਂ ਨੂੰ ਲੁੱਟ-ਖੁਸੱਟ ਕਰਨ ਦੀ ਪੂਰੀ ਛੋਟ ਸੀ।"

ਰੋਹਤਕ ਤੋਂ ਆਈ ਇਹ ਟਰੇਨ ਸਾਫ਼ ਸੰਕੇਤ ਕਰਦੀ ਹੈ ਕਿ ਹਰਿਆਣਾ ਦੇ ਵੱਲੋਂ ਕਿਸ ਤਰ੍ਹਾਂ ਕਾਂਗਰਸੀ ਨੇਤਾ ਅਪਰਾਧੀ ਕਿਸਮ ਦੇ ਲੋਕਾਂ ਨੂੰ ਬਸਾਂ ਤੇ ਰੇਲਾਂ ਵਿੱਚ

ਭਰ ਕੇ ਭੇਜ ਰਹੇ ਸੀ। ਮਿਸ਼ਰਾ ਕਮੀਸ਼ਨ ਨੂੰ ਦਿੱਤੇ ਹਲਫ਼ਨਾਮੇ ਵਿੱਚ ਗੁਰਬਚਨ ਸਿੰਘ ਦੱਸਦੇ ਹਨ ਕਿ ਕਿਵੇਂ ਸਵੇਰ ਤੋਂ ਹੀ ਉਹ ਦੰਗਾਈਆਂ ਦੇ ਖਿਲਾਫ਼ ਲੜ ਰਹੇ ਸੀ, ਤਦੇ ਵੇਖਿਆ ਕਿ ਡੀ.ਟੀ.ਸੀ. ਤੇ ਹਰਿਆਣਾ ਰੋਡਵੇਅਜ਼ ਦੀਆਂ ਬਸਾਂ ਵਿੱਚ ਭਰ ਕੇ ਸੈਂਕੜੇ ਦੰਗਾਈ ਭੇਜੇ ਗਏ ਸੀ। ਇਸਦੇ ਬਾਵਜੂਦ ਸਿੱਖ ਉਨ੍ਹਾਂ ਦਾ ਮੁਕਾਬਲਾ ਕਰਦੇ ਰਹੇ ਪਰ ਦੁਪਹਿਰ ਨੂੰ ਜਦੋਂ ਰੋਹਤਕ ਤੋਂ ਆਈ ਰੇਲ ਵਿੱਚ 2000 ਦੇ ਕਰੀਬ ਹਤਿਆਰੇ ਮੌਤ ਦਾ ਸਾਮਾਨ ਲੈ ਕੇ ਉਤਰੇ ਤਾਂ ਫਿਰ ਸਾਰਾ ਪਾਸਾ ਹੀ ਪਲਟ ਗਿਆ। ਇਹ ਸਿਰ 'ਤੇ ਡਾਂਗਾਂ ਦਾ ਜ਼ਬਰਦਸਤ ਵਾਰ ਕਰਦੇ ਤੇ ਫਿਰ ਮਿੱਟੀ ਦਾ ਤੇਲ ਤੇ ਚਿੱਟਾ ਪਾਊਡਰ ਪਾ ਕੇ ਅੱਗ ਲਾ ਦਿੰਦੇ ਸੀ।

1984: ਸਿੱਖ ਕਤਲੇਆਮ ਦਾ ਸੱਚ



ਜਰਨੈਲ ਸਿੰਘ

3

ਸਰਕਾਰ ਕਾਤਲਾਂ ਦੇ ਨਾਲ

ਘਰ ਬਣਿਆ ਸਰਹਦ, ਕਦੋਂ ਕੱਟੇਗੀ ਚੌਰਾਸੀ

75 ਸਾਲ ਦੀ ਬਖਸ਼ੀਸ਼ ਕੌਰ ਥੋੜੀ-ਥੋੜੀ ਦੇਰ ਬਾਅਦ ਬਿਨਾ ਕਾਰਣ ਰੋਣ ਲੱਗ ਪੈਂਦੀ ਹੈ। ਘਰ ਵਾਲਿਆਂ ਦੇ ਲਈ ਉਸਦਾ ਇਸ ਤਰ੍ਹਾਂ ਦਿਨ ਵਿੱਚ ਕਈ ਵਾਰ ਰੋਣਾ ਜੀਵਨ ਦਾ ਇੱਕ ਹਿੱਸਾ ਬਣ ਚੁਕਿਆ ਹੈ।

ਜਦੋਂ ਮੈਂ ਇਨ੍ਹਾਂ ਦੇ ਘਰ ਪਹੁੰਚਿਆ ਤਾਂ ਉਸ ਵਕਤ ਵੀ ਬਖਸ਼ੀਸ਼ ਕੌਰ ਰੋ ਰਹੀ ਸੀ। ਉਹ ਬਹੁਤ ਮੁਸ਼ਕਿਲ ਨਾਲ ਹੀ ਕਿਸੇ ਨੂੰ ਪਛਾਣਦੀ ਹੈ। ਦੇਖ ਕੇ ਲੱਗਦਾ ਹੈ ਜਿਵੇਂ 1984 ਦੇ ਕਤਲੇਆਮ ਤੋਂ ਮਿਲੇ ਦਰਦ ਦੀ ਜਿਉਂਦੀ-ਜਾਗਦੀ ਤਸਵੀਰ ਹੋਵੇ। 1984 ਦੇ ਕਤਲੇਆਮ ਵਿੱਚ ਪਤੀ ਤੇ ਪੁੱਤਰ ਨੂੰ ਗੁਆਉਣ ਦੇ ਬਾਅਦ ਜਦੋਂ ਬਾਕੀ ਦੋ ਪੁੱਤਰ ਵੀ ਨਸ਼ਿਆਂ ਵਿੱਚ ਫੱਸ ਕੇ ਦਮ ਤੋੜ ਗਏ ਤਾਂ ਮਾਨਸਿਕ ਹਾਲਤ ਵਿਗੜਦੀ ਹੀ ਚਲੀ ਗਈ।

ਪ੍ਰਕਾਸ਼ ਮਹੱਲੇ ਦੇ ਕੋਲ ਗੜ੍ਹੀ ਦੀ ਵਿਧਵਾ ਕਾਲੋਨੀ ਵਿੱਚ ਰਹਿ ਰਿਹਾ ਬਖਸ਼ੀਸ਼ ਕੌਰ ਦਾ ਪਰਿਵਾਰ ਜਮਨਾ ਪਾਰ ਦੇ ਉਸ ਮਨਹੂਸ ਸਕੂਲ ਬਲਾਕ ਵਿੱਚ ਰਹਿੰਦਾ ਸੀ ਜਿੱਥੇ ਸਿੱਖਾਂ ਦਾ ਕੋਈ ਅਜਿਹਾ ਘਰ ਨਹੀਂ ਬਚਿਆ ਜਿੱਥੇ ਕਿਸੇ ਆਦਮੀ ਦੀ ਮੌਤ ਨਾ ਹੋਈ ਹੋਵੇ। ਬਖਸ਼ੀਸ਼ ਕੌਰ ਦੇ ਪਤੀ ਮਹਾਂ ਸਿੰਘ ਫ਼ੌਜ ਤੋਂ ਰਿਟਾਇਰ ਹਵਲਦਾਰ ਸਨ। ਇਹ ਜਿਸ ਸਿੱਖ ਮਕਾਨ ਮਾਲਕ ਦੇ ਘਰ ਵਿੱਚ ਰਹਿੰਦੇ ਸਨ, ਉਸਦੇ ਪਰਿਵਾਰ ਦਾ ਵੀ ਕੋਈ ਜੀਅ ਨਹੀਂ ਸੀ ਬਚਿਆ।

1965 ਤੇ 1971 ਦੀਆਂ ਜੰਗਾਂ ਵਿੱਚ ਦੁਸ਼ਮਣਾਂ ਨਾਲ ਲੋਹਾ ਲੈ ਚੁੱਕੇ ਮਹਾਂ ਸਿੰਘ ਨੂੰ ਨਹੀਂ ਪਤਾ ਸੀ ਕਿ 1984 ਵਿੱਚ ਉਸਦਾ ਆਪਣਾ ਘਰ ਵੀ ਇੱਕ ਸਰਹਦ ਬਣ ਜਾਵੇਗਾ ਅਤੇ ਉਸ ਪਾਰ ਉਹ ਦੇਸ਼ਵਾਸੀ ਹੀ ਦੁਸ਼ਮਣਾਂ ਦੇ ਤੌਰ 'ਤੇ ਖੜੇ ਹੋ ਜਾਣਗੇ ਜਿਨ੍ਹਾਂ ਦੀ ਸੁਰੱਖਿਆ ਲਈ ਉਸਨੇ ਜੰਗਾਂ ਵਿੱਚ ਜਾਨ ਦੀ ਬਾਜ਼ੀ ਲਾ ਦਿੱਤੀ ਸੀ। ਪੁੱਤਰ ਇੰਦਰਪਾਲ ਸਿੰਘ 13 ਸਾਲਾਂ ਦਾ ਸੀ ਜਦੋਂ 31 ਅਕਤੂਬਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਦੇ ਬਾਅਦ ਇੱਕ ਅਜੀਬ ਜਿਹਾ ਡਰ ਫੈਲਣ ਲੱਗਾ। ਲੇਕਿਨ ਉਸ ਦਿਨ ਕੁਝ ਨਾ ਹੋਇਆ। ਵੈਸੇ ਵੀ ਜੇਕਰ ਇਹ ਦੰਗਾ ਹੁੰਦਾ ਤਾਂ ਤੁਰੰਤ ਕੁਝ ਹੁੰਦਾ ? ਅਗਲੇ ਦਿਨ ਵੀ ਸਵੇਰ ਤਕ ਸਭ ਕੁਝ ਆਮ ਦੀ ਤਰ੍ਹਾਂ ਹੀ ਲੱਗ ਰਿਹਾ ਸੀ ਕਿ ਮਹਾਂ ਸਿੰਘ ਆਪਣੇ ਘਰ ਦੇ ਬਾਹਰ ਕੁਝ ਹੋਰ ਲੋਕਾਂ ਨਾਲ ਬੈਠ ਕੇ ਮਾਹੌਲ ਦੇ ਬਾਰੇ ਗੱਲਾਂ ਕਰਨ ਲੱਗੇ। ਇਹ ਸੋਚਿਆ ਹੀ ਨਹੀਂ ਸੀ ਕਿ ਕੋਈ ਹਮਲਾ ਵੀ ਕਰ ਸਕਦਾ ਹੈ। ਪਰ ਜਦੋਂ ਅਚਾਨਕ ਸੈਂਕੜਿਆਂ ਦੀ ਤਦਾਦ ਵਿੱਚ ਟਿੱਡੀ ਦਲ ਵਾਂਗੂੰ ਭੀੜ ਨੇ ਹੱਲਾ ਬੋਲਿਆ ਤਾਂ ਮਹਾਂ ਸਿੰਘ ਚਾਰੇ ਪਾਸਿਓਂ ਘਿਰ ਗਏ। ਵਹਿਸ਼ੀ ਹੋਈ ਭੀੜ ਨੇ ਭਾਰਤੀ ਫ਼ੌਜ ਤੋਂ ਰਿਟਾਇਰ ਇਸ ਹਵਲਦਾਰ ਦੀ ਪੱਗ ਉਛਾਲ ਦਿੱਤੀ। ਚੁੱਕਣ ਲਈ ਝੁਕੇ ਤਾਂ ਤਾਬੜਤੋੜ ਲੱਤਾਂ ਤੇ ਮੁੱਕੇ ਚਲਣੇ ਸ਼ੁਰੂ ਹੋ ਗਏ। ਇੰਦਰਪਾਲ ਸਿੰਘ ਆਪਣੇ ਛੋਟੇ ਭਰਾ ਹਰਕੀਰਤ ਸਿੰਘ ਨਾਲ ਛਤ 'ਤੇ ਚੜ੍ਹ ਗਿਆ ਸੀ ਤੇ ਇਹ ਨਜ਼ਾਰਾ ਵੇਖ ਰਿਹਾ ਸੀ।

ਹਿੰਸਕ ਭੀੜ ਨਾਅਰੇ ਲਾ ਰਹੀ ਸੀ, "ਮਾਰੋ ਇਨ ਸਰਦਾਰੋਂ ਕੋ, ਦੇਸ਼ ਕੇ ਗੱਦਾਰੋਂ ਕੋ"। ਜਦੋਂ ਭੀੜ ਨੇ ਮਹਾਂ ਸਿੰਘ ਨੂੰ ਬੁਰੀ ਤਰ੍ਹਾਂ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਕੁਝ ਗੁਆਂਢੀਆਂ ਨੇ ਅੱਗੇ ਆ ਕੇ ਕਿਹਾ, "ਭਈ ਯੇਹ ਤੋ ਪੁਰਾਣੇ ਫ਼ੌਜੀ ਹੈਂ, ਦੇਸ਼ ਕੇ ਲੀਯੇ ਲੜੇ ਹੈਂ।"

ਹੁਣ ਭੀੜ ਵਿੱਚੋਂ ਇੱਕ ਆਵਾਜ਼ ਆਈ, "ਫ਼ੌਜ ਮੇਂ ਥੇ ਤੋ ਕਿਯਾ ਹੁਆ, ਹੈਂ ਤੋ ਸਰਦਾਰ ਹੀ। ਸਰਦਾਰ ਗੱਦਾਰ ਹੀ ਹੋਤਾ ਹੈ।"

ਕੋਈ ਸੁਣਨ ਵਾਲਾ ਨਹੀਂ ਸੀ। ਭੀੜ ਦੇ ਸਿਰ 'ਤੇ ਤਾਂ ਜਿਵੇਂ ਖ਼ੂਨ ਸਵਾਰ ਸੀ। ਉਨ੍ਹਾਂ ਨੇ ਮਹਾਂ ਸਿੰਘ ਦੇ ਸਿਰ 'ਤੇ ਸੰਬਲ ਮਾਰ ਕੇ ਉਸਨੂੰ ਡੇਗ ਦਿੱਤਾ।

ਪਿਉ ਨੂੰ ਭੀੜ ਦੇ ਹੱਥਾਂ ਵਿੱਚ ਇਸ ਤਰ੍ਹਾਂ ਮਾਰ ਖਾਂਦੇ ਵੇਖ ਛੋਟੇ ਪੁੱਤਰ ਹਰਕੀਰਤ ਸਿੰਘ ਤੋਂ ਨਹੀਂ ਰਿਹਾ ਗਿਆ। ਜਿਹੜੇ ਹੱਥਾਂ ਨੇ ਪਾਲਿਆ-ਪੋਸਿਆ ਸੀ, ਉਨ੍ਹਾਂ ਹੱਥਾਂ ਨੂੰ ਟੁੱਟਦਿਆਂ ਨਹੀਂ ਵੇਖ ਪਾ ਰਿਹਾ ਸੀ। ਜਿਸ ਪਿਉ ਦੀ ਛਾਤੀ 'ਤੇ ਫ਼ੌਜ ਦੇ ਮੈਡਲ ਵੇਖ ਕੇ ਮਨ ਮਾਣ ਮਹਿਸੂਸ ਕਰਦਾ ਸੀ, ਉਸੇ ਛਾਤੀ 'ਤੇ ਭੀੜ ਡਾਂਗਾਂ ਮਾਰ ਰਹੀ ਸੀ। ਹੁਣ ਉਹ ਪਿਤਾ ਨੂੰ ਭੀੜ ਦੇ ਹੱਥਾਂ ਵਿੱਚ ਮਰਦੇ ਹੋਏ ਨਹੀਂ ਵੇਖ ਸਕਦਾ ਸੀ। ਉਸਨੇ ਪਿਉ ਨੂੰ ਬਚਾਉਣ ਲਈ ਛੱਤ ਤੋਂ ਹੀ ਛਾਲ ਮਾਰ ਦਿੱਤੀ। ਇੱਕ ਪੁੱਤਰ ਨੇ ਆਪਣੇ ਪਿਉ ਦੇ ਲਈ ਫ਼ਰਜ਼ ਅਦਾ ਕਰ ਦਿੱਤਾ ਸੀ। ਪਰ ਦੰਗਾਈਆਂ ਨੂੰ ਪਿਤਾ ਦੇ ਲਈ ਪੁੱਤਰ ਦਾ ਇਹ ਸਮਰਪਣ ਤੇ ਪਿਆਰ ਨਜ਼ਰ ਨਹੀਂ ਆਇਆ। ਉਨ੍ਹਾਂ ਨੂੰ ਤਾਂ ਇਸ ਗੱਲ ਦੀ ਖ਼ੁਸ਼ੀ ਸੀ ਕਿ "ਚਲੋ ਏਕ ਔਰ ਸਰਦਾਰ ਮਿਲ ਗਿਆ"। ਹਿੰਸਕ ਭੀੜ ਨੇ ਮਾਸੂਮ ਹਰਕੀਰਤ ਸਿੰਘ ਦੇ ਸਰੀਰ ਦੇ ਤਿੰਨ ਟੁਕੜੇ ਕਰ ਦਿੱਤੇ।

ਇੰਦਰਪਾਲ ਸਿੰਘ ਪਿਉ ਤੇ ਭਰਾ ਦੋਵਾਂ ਨੂੰ ਇਸ ਤਰ੍ਹਾਂ ਲਾਸ਼ਾਂ ਵਿੱਚ ਤਬਦੀਲ ਹੁੰਦਿਆਂ ਵੇਖਦਾ ਹੀ ਰਹਿ ਗਿਆ। ਹਰਕੀਰਤ ਸਿੰਘ ਦਾ ਤਿੰਨ ਹਿੱਸਿਆਂ ਵਿੱਚ ਪਏ ਉਸ ਸਰੀਰ ਨੂੰ ਚੇਤਿਆਂ ਕਰ ਇੰਦਰਪਾਲ ਦਾ ਅੱਜ ਵੀ ਕਾਂਬਾ ਛੁੱਟ ਜਾਂਦਾ ਹੈ। ਘੱਟ ਤੋਂ ਘੱਟ 500 ਲੋਕਾਂ ਦੀ ਭੀੜ ਸੀ ਪਰ ਜਾਣਿਆ-ਪਛਾਣਿਆ ਚਿਹਰਾ ਇੱਕ ਵੀ ਨਹੀਂ ਸੀ। ਗੁਆਂਢੀਆਂ ਨੇ ਮਿੰਨਤ ਜ਼ਰੂਰ ਕੀਤੀ ਕਿ "ਭਲੇ ਲੁੱਟ-ਖਸੁੱਟ ਕਰ ਲਵੋ ਪਰ ਇਨ੍ਹਾਂ ਨੂੰ ਮਾਰੋ ਨਾ"। ਪਰ ਸਭ ਕੁਝ ਬੇਅਸਰ। ਵੈਸੇ ਜੇਕਰ ਗੁਆਂਢੀ ਲੜ੍ਹਣ ਦੀ ਕੁਝ ਹਿੰਮਤ ਜੁਟਾਉਂਦੇ ਤਾਂ ਸ਼ਾਇਦ ਗੱਲ ਬਣ ਜਾਂਦੀ। ਉਨ੍ਹਾਂ ਨੇ ਭੀੜ ਨੂੰ ਵੇਖ ਕੇ ਜਾਨ ਬਖ਼ਸ਼ਣ ਦੀ ਮਿੰਨਤ ਕਰਕੇ ਹੀ ਫ਼ਰਜ਼ ਪੂਰਾ ਕਰ ਲਿਆ ਸੀ।

ਭੀੜ ਪਹਿਲਾਂ ਸਿੱਖਾਂ ਦੇ ਕੇਸ ਕੱਟਦੀ, ਬੇਇੱਜ਼ਤ ਕਰਦੀ ਅਤੇ ਫਿਰ ਉਨ੍ਹਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਜਾਂਦਾ। ਇਨਸਾਨਾਂ ਨੂੰ ਅੱਗ ਦੇ ਹਵਾਲੇ ਕਰਦੇ ਹੋਏ ਇਨ੍ਹਾਂ ਦੇ ਮਨਾਂ ਵਿੱਚ ਜ਼ਰਾ ਵੀ ਖ਼ੌਫ਼ ਨਹੀਂ ਆ ਰਿਹਾ ਸੀ। ਸਿੱਖ ਜਦੋਂ ਅੱਗ ਲੱਗਣ

ਨਾਲ ਤੜਫ ਕੇ ਭੱਜਦੇ ਤਾਂ ਇਹ ਹੱਸਦੇ ਹੋਏ ਕਹਿੰਦੇ ਕਿ "ਦੇਖੋ ਸਿਖੜਾ ਭੰਗੜਾ ਕਰ ਰਹਾ ਹੈ"।

ਹਾਲਤ ਖ਼ਰਾਬ ਵੇਖ ਕੇ ਘਰ ਦੀਆਂ ਜਨਾਨੀਆਂ ਨੂੰ ਦੀਵਾਰ ਟਪਾ ਕੇ ਨਾਲ ਦੇ ਧੋਬੀਆਂ ਦੇ ਘਰ ਭੇਜ ਦਿੱਤਾ ਗਿਆ। ਬਾਅਦ ਵਿੱਚ ਇਥੋਂ ਦੀ ਹੋ ਕੇ ਉਹ ਮੇਨ ਰੋਡ ਚੁੰਗੀ ਕੋਲ ਪਹੁੰਚੀਆਂ ਜਿੱਥੇ ਕੁਝ ਫ਼ੌਜ ਵਾਲੇ ਮੌਜੂਦ ਸੀ। ਫ਼ੌਜ ਨੂੰ ਦੱਸਿਆ ਕਿ ਸਿੱਖਾਂ ਨੂੰ ਮਾਰਿਆ-ਲੁੱਟਿਆ ਜਾ ਰਿਹਾ ਹੈ ਅਤੇ ਫ਼ੌਜ ਦੇ ਹੀ ਰਿਟਾਇਰਡ ਹਵਲਦਾਰ ਦਾ ਘਰ ਤਬਾਹ ਕਰ ਦਿੱਤਾ ਗਿਆ ਹੈ। ਪਰ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਫ਼ੌਜ ਮਜਬੂਰ ਸੀ। ਫ਼ੌਜ ਹੁਕਮ ਮਿਲਣ 'ਤੇ ਹਰਿਮੰਦਰ ਸਾਹਿਬ ਤੇ ਤਾਂ ਹੱਲਾ ਬੋਲ ਸਕਦੀ ਸੀ ਪਰ ਦੰਗਾਈਆਂ ਦੇ ਖ਼ਿਲਾਫ਼ ਖ਼ੁਦ ਕਾਰਵਾਈ ਨਹੀਂ ਕਰ ਸਕਦੀ ਸੀ।

ਕੇਸ ਕੱਟੇ ਹੋਣ ਤੇ ਕਲੀਨਸ਼ੇਵ ਹੋ ਜਾਣ ਕਰਕੇ ਇੰਦਰਪਾਲ ਬਚ ਗਿਆ ਸੀ। ਭਰਾ ਹਰਭਜਨ ਸਿੰਘ ਵੀ ਪਾਣੀ ਦੀ ਟੈਂਕੀ ਦੇ ਪਿੱਛੇ ਹੋਣ ਕਰਕੇ ਕਿਸੇ ਨੂੰ ਨਜ਼ਰ ਨਹੀਂ ਆਇਆ। ਹੁਣ ਦੋਵੇਂ ਭਰਾ ਮਕਾਨਾਂ ਦੀਆਂ ਛੱਤਾਂ ਟੱਪਦੇ ਹੋਏ ਮੇਨ ਰੋਡ 'ਤੇ ਪੁੱਜ ਗਏ। ਕੰਢੇ-ਕੰਢੇ ਚਲੀ ਜਾ ਰਹੇ ਸੀ ਕਿ ਕਿਸਮਤ ਨਾਲ ਇੱਕ ਟੈਕਸੀ ਕੋਲ ਆ ਕੇ ਖਲੋਅ ਗਈ। ਉਸ ਵਿੱਚ ਇੱਕ ਮਿੱਤਰ ਸੀ ਜੋ ਟੈਕਸੀ ਚਲਾ ਰਿਹਾ ਸੀ। ਉਸਨੇ ਫ਼ੌਰਨ ਪਹਿਲਾਂ ਤੋਂ ਬੈਠੀ ਸਵਾਰੀ ਨੂੰ ਉਤਾਰਿਆ ਤੇ ਇਨ੍ਹਾਂ ਨੂੰ ਲੈ ਕੇ ਤੀਜੇ ਭਰਾ ਕੁਲਵੰਤ ਸਿੰਘ ਕੋਲ ਅੰਬੇਡਕਰ ਨਗਰ ਪਹੁੰਚਾ ਦਿੱਤਾ। ਬਾਅਦ ਵਿੱਚ ਕੁਝ ਸ਼ਾਂਤੀ ਹੋਈ ਤਾਂ ਮਾਂ ਤੇ ਭੈਣ ਨੂੰ ਵੀ ਸ਼ਾਹਦਰਾ ਕੋਲ ਲੱਗੇ ਰਾਹਤ ਕੈਂਪ ਤੋਂ ਘਰ ਲੈ ਆਏ। ਪਰਿਵਾਰ ਗੜ੍ਹੀ ਦੀ ਇਸ ਵਿਧਵਾ ਕਾਲੋਨੀ ਵਿੱਚ ਪਹੁੰਚ ਗਿਆ। ਪਰ ਚੌਰਾਸੀ ਦੀ ਮਾਰ ਅਜੇ ਖ਼ਤਮ ਨਹੀਂ ਹੋਈ ਸੀ।

ਪਿਉ, ਭਰਾ ਤੇ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਤੋਂ ਵਿਚਲਿਤ ਹਰਭਜਨ ਸਿੰਘ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿੱਚ ਨਹੀਂ ਰੱਖ ਪਾਉਂਦਾ ਸੀ। ਉਹ ਸਿੱਖਾਂ ਨਾਲ ਹੋਈ ਨਾ-ਇਨਸਾਫ਼ੀ ਬਾਰੇ ਖੁਲ੍ਹ ਕੇ ਗੱਲ ਕਰਦਾ ਤਾਂ ਬਖਸ਼ੀਸ਼ ਕੌਰ ਨੂੰ ਡਰ ਲੱਗਣ ਲੱਗ ਗਿਆ। ਮਾਂ ਕਹਿੰਦੀ, "ਪੁੱਤਰ ! ਜਜ਼ਬਾਤਾਂ ਨੂੰ ਕਾਬੂ ਵਿੱਚ ਰਖਿਆ ਕਰ।" ਇਸ ਉੱਤੇ ਉਹ ਕਤਲੇਆਮ ਤੇ ਇਨਸਾਫ਼ ਨੂੰ ਲੈ ਕੇ ਐਸੇ ਸੁਆਲ ਕਰਦਾ ਜਿਸਦਾ ਜੁਆਬ ਮਾਂ ਕੋਲ ਨਹੀਂ ਸੀ।

ਹਰਭਜਨ ਸਿੰਘ ਨੇ ਹੁਣ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਸੀ ਪਰ ਭਾਵਨਾਵਾਂ ਜ਼ਰੂਰ ਕਦੇ-ਕਦੇ ਉਛਾਲ ਮਾਰਦੀਆਂ ਸੀ। ਮਾਂ ਨੇ ਸੋਚਿਆ ਕਿ ਇਸਦਾ ਵਿਆਹ ਕਰ ਦਿੰਦੇ ਹਾਂ, ਫਿਰ ਘਰ-ਪਰਿਵਾਰ ਵਿੱਚ ਰੁੱਝ ਜਾਵੇਗਾ। ਵਿਆਹ ਹੋਏ ਅਜੇ ਇੱਕ ਹੀ ਸਾਲ ਹੋਇਆ ਸੀ ਕਿ ਉਹ ਰਾਜਵਿੰਦਰ ਸਿੰਘ ਦੇ ਨਾਲ ਦਿੱਲੀ ਵਿੱਚ ਇੱਕ ਪੁਲਿਸ ਮੁਠਭੇੜ ਦਾ ਸ਼ਿਕਾਰ ਹੋ ਗਿਆ।

ਇੰਦਰਪਾਲ ਸਿੰਘ ਦੱਸਦਾ ਹੈ ਕਿ ਉਸਦਾ ਭਰਾ ਹਰਭਜਨ ਸਿੰਘ ਹਥਿਆਰ ਚੁੱਕਣ ਵਾਲੇ ਕੁਝ ਨੌਜੁਆਨਾਂ ਨੂੰ ਜਾਣਦਾ ਸੀ ਕਿਉਂਕਿ ਉਹ ਇਕੱਠੇ ਪੜ੍ਹੇ-ਲਿਖੇ ਸੀ ਪਰ ਉਹ ਉਨ੍ਹਾਂ ਨਾਲ ਕਿਸੇ ਵਾਰਦਾਤ ਵਿੱਚ ਸ਼ਾਮਲ ਨਹੀਂ ਹੋਇਆ ਸੀ। ਉਹ ਨੌਕਰੀ ਕਰਦਾ ਸੀ ਤੇ ਉਸਦਾ ਅਜੇ ਨਵਾਂ-ਨਵਾਂ ਹੀ ਵਿਆਹ ਹੋਇਆ ਸੀ। ਉਸਨੂੰ ਪੁਲਿਸ ਨੇ ਮੁਠਭੇੜ ਵਿੱਚ ਮਾਰ ਦਿੱਤਾ ਅਤੇ ਮੌਤ ਪ੍ਰਮਾਣ ਪੱਤਰ ਵੀ ਨਹੀਂ ਦਿੱਤਾ। ਹਰਭਜਨ ਦੀ ਪਤਨੀ ਦੇ ਸੁਪਨੇ ਟੁੱਟ ਚੁੱਕੇ ਸਨ। ਉਹ ਵਿਆਹ ਦੇ ਇੱਕ ਸਾਲ ਬਾਅਦ ਹੀ ਵਿਧਵਾ ਹੋ ਗਈ ਸੀ।

ਲਗਾਤਾਰ ਪੁਲਿਸ ਦੀ ਪਰੇਸ਼ਾਨੀ, ਆਰਥਿਕ ਤੰਗੀ ਤੇ ਬੇਰੋਜ਼ਗਾਰੀ ਨੇ ਦੋ ਭਰਾਵਾਂ ਗੁਰਬਖਸ਼ ਸਿੰਘ ਤੇ ਕੁਲਵੰਤ ਸਿੰਘ ਨੂੰ ਨਸ਼ਿਆਂ ਦੀ ਲਤ ਵੱਲ ਧਕੇਲ ਦਿੱਤਾ। ਦੋਵੇਂ ਜੁਆਨੀ ਵਿੱਚ ਹੀ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਗੁਰਬਖਸ਼ ਦਾ ਤਾਂ ਵਿਆਹ ਹੀ ਨਹੀਂ ਹੋਇਆ ਸੀ ਪਰ ਕੁਲਵੰਤ ਦਾ ਪਰਿਵਾਰ ਹੁਣ ਸੰਕਟ ਵਿੱਚ ਫੱਸ ਗਿਆ ਹੈ।

ਜ਼ੁਲਮ ਦੀ ਹੱਦ ਕਰਨ ਵਾਲਿਆਂ ਨੂੰ ਸ਼ਾਇਦ ਐਨਾ ਜ਼ੁਲਮ ਕਰਨ ਦੇ ਬਾਅਦ ਵੀ ਸੰਤੋਖ ਨਹੀਂ ਹੋਇਆ ਸੀ। ਲੀਡਰਾਂ ਨੇ ਇਨ੍ਹਾਂ ਦੰਗਾ-ਪੀੜਤਾਂ ਨੂੰ ਤੰਗ ਕਰਨ ਦੇ ਅਜਿਹੇ ਹਥਕੰਡੇ ਅਪਣਾਏ ਕਿ ਸ਼ਰਮ ਨੂੰ ਵੀ ਸ਼ਰਮ ਆਉਣ ਲੱਗ ਪਵੇ। ਚੂੰਕਿ ਇਹ ਵਿਧਵਾ ਕਾਲੋਨੀ 1984 ਦੇ ਦੰਗਾਂ-ਪੀੜਤਾਂ ਦੀ ਸੀ, ਇਸ ਲਈ 13 ਸਾਲਾਂ ਤਕ ਇਥੇ ਪਾਣੀ ਦੀਆਂ ਪਾਈਪਾਂ ਤਾਂ ਵਿਛਾਈਆਂ ਲੇਕਿਨ ਪਾਣੀ ਨਹੀਂ ਆਉਣ ਦਿੱਤਾ ਗਿਆ। ਕੋਈ ਕੀ ਕਰ ਸਕਦਾ ਸੀ ? ਜਦੋਂ ਰਹਿਬਰ ਹੀ ਦੁਸ਼ਮਣ ਹੋ ਜਾਏ ਤਾਂ ਕਿਸ ਤੋਂ ਇਨਸਾਫ਼ ਦੀ ਆਸ ਕਰਦੇ ? ਨਹਾਉਣ-ਧੋਣ ਤੋਂ ਲੈ ਕੇ ਪੀਣ ਦਾ ਪਾਣੀ ਤਕ ਦੂਰ ਟੈਂਕਰਾਂ ਤੋਂ ਭਰ ਕੇ ਲਿਆਉਣਾ ਪੈਂਦਾ, ਜਿਵੇਂ ਇਹ ਸਮਾਜ ਤੋਂ ਕੱਢੇ ਹੋਏ ਲੋਕ ਹੋਣ। ਇਨ੍ਹਾਂ ਨੂੰ ਕਤਲੇਆਮ ਦੇ ਪੀੜਿਤ ਹੋਣ ਦੀ ਸਜ਼ਾ

ਦਿੱਤੀ ਜਾ ਰਹੀ ਸੀ। ਲਗਾਤਾਰ ਕਈ ਸਾਲਾਂ ਤਕ ਪਾਣੀ ਭਰਨ ਕਰਕੇ ਔਰਤਾਂ ਦੀ ਕਮਰ ਦਰਦ ਨਾਲ ਦੋਹਰੀ ਹੋ ਗਈ ਪਰ ਨੇਤਾਵਾਂ ਨੂੰ ਸ਼ਰਮ ਨਹੀਂ ਆਈ।

ਅਸਲ ਵਿੱਚ ਇਸ ਕਾਲੋਨੀ ਨੂੰ 'ਦੂਜੀ ਪਾਰਟੀ ਦਾ ਵੋਟ ਬੈਂਕ' ਮੰਨ ਲਿਆ ਗਿਆ ਸੀ। ਇਸ ਲਈ ਨਾ ਤਾਂ ਸੀਵਰ ਸਾਫ਼ ਕੀਤੇ ਜਾਂਦੇ ਸਨ ਅਤੇ ਨਾ ਹੀ ਪਾਣੀ ਦੇਣ ਦੀ ਲੋੜ ਸਮਝੀ ਗਈ। ਪਾਣੀ ਨਹੀਂ ਆਇਆ ਪਰ ਪਾਣੀ ਦਾ ਬਿਲ ਕਈ ਹਜ਼ਾਰ ਰੁਪਏ ਜ਼ਰੂਰ ਆ ਜਾਂਦਾ ਸੀ। ਇਹ ਜ਼ੁਲਮ ਅਜੇ ਵੀ ਬੰਦ ਨਹੀਂ ਹੋਇਆ ਹੈ।

25 ਸਾਲ ਪਹਿਲਾਂ ਇਨ੍ਹਾਂ ਨੂੰ ਪੀੜਤਾਂ ਦੇ ਨਾਂ 'ਤੇ ਵਸਾਉਣ ਦੇ ਬਾਅਦ ਹੁਣ 32 ਗਜ ਦੇ ਇਨ੍ਹਾਂ ਫਲੈਟਾਂ, ਜਿਥੇ ਕੋਈ ਠੀਕ ਤਰ੍ਹਾਂ ਪਸਰ ਵੀ ਨਹੀਂ ਸਕਦਾ, ਦੀ ਕੀਮਤ ਅਦਾ ਕਰਨ ਦੇ ਨੋਟਿਸ ਭੇਜੇ ਜਾ ਰਹੇ ਹਨ। ਸਲਮ ਵਿਭਾਗ ਨੇ ਇਨ੍ਹਾਂ ਪੀੜਿਤਾਂ ਨੂੰ ਮਿਲੇ ਫਲੈਟਾਂ ਦੀ ਕੀਮਤ 32,942 ਰੁਪਏ ਪ੍ਰਤੀ ਫਲੈਟ ਤੈਅ ਕਰਕੇ ਹੁਣ ਤਕ ਇਨ੍ਹਾਂ 'ਤੇ 18 ਫ਼ੀਸਦੀ ਬਿਆਜ ਵਸੂਲਣ ਦੇ ਆਦੇਸ਼ ਦੇ ਦਿੱਤੇ ਹਨ। ਇਹ ਰਕਮ ਲੱਖਾਂ ਵਿੱਚ ਜਾ ਬਣਦੀ ਹੈ।

ਗਰੀਬੀ, ਮੁਫ਼ਲਿਸੀ, ਬੇਰੋਜ਼ਗਾਰੀ ਵਿੱਚ ਫੱਸੇ ਇਨ੍ਹਾਂ ਲੋਕਾਂ ਨੂੰ ਇਹ ਨੋਟਿਸ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਂਗ ਲੱਗ ਰਹੇ ਹਨ। ਨੇਤਾਵਾਂ ਦੇ ਚੱਕਰ ਕੱਟ ਲਏ ਪਰ ਕੁਝ ਵੀ ਨਾ ਹੋਇਆ। ਇੰਦਰਪਾਲ ਸਿੰਘ, ਜੋ ਕਿ ਕਤਲੇਆਮ ਦੇ ਬਾਅਦ ਬਿਲਕੁਲ ਪੜ੍ਹ-ਲਿਖ ਨਹੀਂ ਸਕਿਆ, ਸੁਆਲ ਕਰਦਾ ਹੈ ਕਿ ਅਖ਼ੀਰ ਸਾਡੀ ਚੌਰਾਸੀ ਕਦ ਕੱਟੇਗੀ ?

ਅਸਹਾਇ ਰਾਸ਼ਟਰਪਤੀ, ਮੌਨ ਗ੍ਰਿਹ ਮੰਤਰੀ

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅੱਜ ਬਹੁਤ ਪਰੇਸ਼ਾਨ ਸੀ। ਰਹਿ-ਰਹਿ ਕੇ ਆਪਣੇ ਹੇਠਲੇ ਕਰਮੀਆਂ ਨੂੰ ਪੁੱਛਦੇ ਕਿ ਕੀ ਮੈਂ ਦੇਸ਼ ਦਾ ਰਾਸ਼ਟਰਪਤੀ ਹਾਂ ? ਮੇਰੇ ਹੱਥ ਵਿੱਚ ਕੁਝ ਹੈ ਵੀ ? ਦਰਅਸਲ ਪਰੇਸ਼ਾਨ ਤਾਂ ਉਹ ਉਦੋਂ ਤੋਂ ਸੀ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਲ ਇੰਡੀਆ ਇੰਸਟਿਚਿਊਟ ਆਫ਼ ਮੈਡੀਕਲ ਸਾਇੰਸਿਸ (ਏਮਸ) ਗਏ ਤੇ ਦੰਗਾਈਆਂ ਨੇ ਉਨ੍ਹਾਂ ਦੇ ਕਾਫ਼ਲੇ 'ਤੇ ਹਮਲਾ ਕਰ ਦਿੱਤਾ ਸੀ।

ਹੁਣ ਉਨ੍ਹਾਂ ਨੂੰ ਪੀ.ਐਸ.ਈ.ਬੀ. ਦੇ ਚੇਅਰਮੈਨ ਐਨ.ਐਸ. ਬਸੰਤ ਦੇ ਘਰ ਤੋਂ ਫ਼ੋਨ ਆਇਆ ਸੀ। ਉਨ੍ਹਾਂ ਦੇ ਜਵਾਈ ਕਰਤਾਰ ਸਿੰਘ ਵਿਰਦੀ ਨੂੰ ਪਟੇਲ ਨਗਰ ਵਿੱਚ ਦੰਗਾਈਆਂ ਨੇ ਜ਼ਿੰਦਾ ਸਾੜ ਦਿੱਤਾ ਸੀ। ਸਰਦਾਰਨੀ ਬਸੰਤ ਆਪਣੇ ਜਵਾਈ ਦੀ ਲਾਸ਼ ਚਾਹੁੰਦੀ ਸੀ ਤਾਂਕਿ ਉਸਦਾ ਸਸਕਾਰ ਕੀਤਾ ਜਾ ਸਕੇ। ਇਸ ਲਈ ਉਨ੍ਹਾਂ ਨੂੰ ਰਾਸ਼ਟਰਪਤੀ ਦਾ ਦਰਵਾਜ਼ਾ ਖਟਕਾਉਣਾ ਪਿਆ ਸੀ। ਪਰ ਇਹ ਕੀ ? ਰਾਸ਼ਟਰਪਤੀ ਖ਼ੁਦ ਨੂੰ ਵਿਰਦੀ ਦਾ ਸਨਮਾਨ ਦੇ ਨਾਲ ਸਸਕਾਰ ਕਰਾ ਸਕਣ ਵਿੱਚ ਅਸਮਰਥ ਵੀ ਮਹਿਸੂਸ ਕਰ ਰਹੇ ਸੀ।

ਹੁਣ ਗਿਆਨੀ ਜੀ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਸ਼ਾਇਦ ਗ੍ਰਿਹ ਮੰਤਰਾਲੇ ਨੂੰ ਫ਼ੋਨ ਕਰਕੇ ਥੱਕ ਚੁੱਕੇ ਸੀ। ਜਦੋਂ ਕੋਈ ਰਾਹ ਨਾ ਸੁੱਝਿਆ ਤਾਂ ਭਾਜਪਾ ਨੇਤਾ ਮਦਨ ਲਾਲ ਖੁਰਾਣਾ ਨੂੰ ਮਦਦ ਲਈ ਫ਼ੋਨ ਲਗਾਇਆ। ਦੇਸ਼ ਦਾ ਰਾਸ਼ਟਰਪਤੀ ਵਿਰੋਧੀ ਪਾਰਟੀ ਦੇ ਇੱਕ ਆਗੂ ਤੋਂ ਦੇਸ਼ ਦੀ ਰਾਜਧਾਨੀ ਵਿੱਚ ਆਪਣੇ ਇੱਕ ਨਜ਼ਦੀਕੀ ਦੀ ਲਾਸ਼ ਹਾਸਲ ਕਰਨ ਲਈ ਜੋਦੜੀ ਕਰ ਰਿਹਾ ਸੀ। ਫਿਰ ਖੁਰਾਣਾ ਪਟੇਲ ਨਗਰ ਪੁਲਿਸ ਥਾਣੇ ਗਏ ਤੇ ਏ.ਸੀ.ਪੀ. ਰਾਮਮੂਰਤੀ ਨੂੰ ਮਿਲੇ। ਰਾਮਮੂਰਤੀ ਨੇ ਸਾਫ਼ ਕਹਿ ਦਿੱਤਾ ਕਿ ਉਨ੍ਹਾਂ ਲਈ ਮ੍ਰਿਤਕ ਦਾ ਸਰੀਰ ਸੌਂਪਣਾ ਬਿਲਕੁਲ ਸੰਭਵ ਨਹੀਂ ਹੈ। ਜਦੋਂ ਕਿਹਾ ਗਿਆ ਕਿ ਰਾਸ਼ਟਰਪਤੀ ਜੀ ਨੇ ਬੇਨਤੀ ਕੀਤੀ ਹੈ ਤਾਂ ਰਾਮਮੂਰਤੀ ਨੇ ਕਿਹਾ ਕਿ ਸਰੀਰ ਤਾਂ ਨਹੀਂ ਦੇਵਾਂਗੇ ਪਰ ਜਿੱਥੇ ਅੰਤਮ ਸਸਕਾਰ ਹੋ ਰਿਹਾ ਹੋਵੇਗਾ, ਉਥੇ ਦਾ ਪਤਾ ਤੇ ਸਮਾਂ ਦੱਸ ਦੇਵਾਂਗੇ, ਚੁਪ-ਚੁਪੀਤੇ ਆ ਜਾਣਾ।

ਦੇਸ਼ ਦੀਆਂ ਤਿੰਨੇ ਸੈਨਾਵਾਂ ਦੇ ਸੁਪਰੀਮ ਕਮਾਂਡਰ ਤੇ ਦੇਸ਼ ਦੇ ਪਹਿਲੇ

ਨਾਗਰਿਕ ਦੀ ਇਹ ਅਸਹਾਇ ਹਾਲਤ ਉਸ ਵਕਤ ਦੇ ਹਾਲਾਤ ਬਿਆਨ ਕਰਨ ਲਈ ਕਾਫ਼ੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਆਰ.ਐਸ. ਨਰੂਲਾ ਤੇ ਖੁਰਾਣਾ ਦੋਵਾਂ ਨੇ ਹੀ ਇਸ ਘਟਨਾ ਦੀ ਤਸਦੀਕ ਕੀਤੀ ਹੈ। ਜਸਟਿਸ ਨਰੂਲਾ ਦਾ ਤਾਂ ਇਥੋਂ ਤਕ ਕਹਿਣਾ ਹੈ ਕਿ ਗਿਆਨੀ ਜ਼ੈਲ ਸਿੰਘ ਡਰ ਦੇ ਮਾਰੇ ਰਾਸ਼ਟਰਪਤੀ ਭਵਨ ਤੋਂ ਬਾਹਰ ਹੀ ਨਹੀਂ ਨਿਕਲ ਰਹੇ ਸੀ।

ਅਖਾਣ ਹੈ ਕਿ ਜਦੋਂ ਰੋਮ ਜਲ ਰਿਹਾ ਸੀ ਤਾਂ ਨੀਰੋ ਚੈਨ ਦੀ ਬੰਸੀ ਵਜਾ ਰਿਹਾ ਸੀ। ਪਰ ਜਦੋਂ ਦਿੱਲੀ, ਕਾਨਪੁਰ ਤੇ ਬੋਕਾਰੋ ਦੀਆਂ ਗਲੀਆਂ ਵਿੱਚ ਨਿਰਦੋਸ਼ਾਂ ਦਾ ਖ਼ੂਨ ਵਗ੍ਹ ਰਿਹਾ ਸੀ ਤਾਂ ਰਾਸ਼ਟਰਪਤੀ ਖ਼ੁਦ ਨੂੰ ਅਸਹਾਇ ਦੱਸ ਰਹੇ ਸੀ ਤੇ ਸ਼ਾਇਦ ਡਰੇ ਹੋਏ ਸੀ। ਪ੍ਰਸਿੱਧ ਪੱਤਰਕਾਰ ਪਤਵੰਤ ਸਿੰਘ ਜਦੋਂ 1 ਨਵੰਬਰ ਨੂੰ ਗਿਆਨੀ ਜ਼ੈਲ ਸਿੰਘ ਨੂੰ ਮਿਲੇ ਤੇ ਹਿੰਸਾ ਰੁਕਵਾਉਣ ਲਈ ਕਿਹਾ ਤਾਂ ਉਨ੍ਹਾਂ ਦਾ ਜੁਆਬ ਸੀ, "ਮੈਨੂੰ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ।"

ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਦੇਸ਼ ਅੱਗ ਵਿੱਚ ਬਲ੍ਹ ਰਿਹਾ ਹੈ, ਨਿਰਦੋਸ਼ ਸਿੱਖਾਂ ਨੂੰ ਗਲੀਆਂ ਵਿੱਚ ਕੱਟਿਆ ਤੇ ਸਾੜਿਆ ਜਾ ਰਿਹਾ ਹੈ, ਤਾਂ ਕੀ ਤੁਹਾਡੇ ਕੋਲ ਅਰਾਜਕਤਾ ਤੇ ਖ਼ੂਨ-ਖਰਾਬੇ ਨੂੰ ਰੋਕਣ ਦਾ ਕੋਈ ਅਧਿਕਾਰ ਨਹੀਂ ਹੈ ? ਹੁਣ ਕੁਝ ਕਹਿਣ ਦੀ ਬਜਾਏ ਉਹ ਇਧਰ-ਉਧਰ ਵੇਖਣ ਲੱਗ ਪਏ।

ਸਿੱਖਾਂ ਦੇ ਕਤਲੇਆਮ ਤੋਂ ਆਹਤ ਬੰਗਲਾਦੇਸ਼ ਲੜਾਈ ਦੇ ਨਾਇਕ ਲੈਫ਼ਟੀਨੈਂਟ ਜਨਰਲ ਜੇ.ਐਸ. ਅਰੋੜਾ ਨੇ ਜਦੋਂ ਗਿਆਨੀ ਜੀ ਨੂੰ ਗੁੱਸੇ ਵਿੱਚ ਕਿਹਾ ਕਿ "ਫ਼ੌਜ ਅਖੀਰ ਕਦੋਂ ਸੱਦੀ ਜਾਵੇਗੀ ?" ਤਾਂ ਜੁਆਬ ਆਇਆ ਕਿ "ਮੈਂ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਦੇ ਨਾਲ ਸੰਪਰਕ ਵਿੱਚ ਨਹੀਂ ਹਾਂ।" ਜਨਰਲ ਅਰੋੜਾ ਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ। ਬੰਗਲਾਦੇਸ਼ ਲੜਾਈ ਵਿੱਚ ਪਾਕਿਸਤਾਨੀ ਫ਼ੌਜ ਦੇ ਲੈਫ਼ਟੀਨੈਂਟ ਜਨਰਲ ਨਿਯਾਜੀ ਤੇ ਉਸਦੀ 90,000 ਤੋਂ ਵੱਧ ਪਾਕਿਸਤਾਨੀ ਫ਼ੌਜ ਨੂੰ ਹਥਿਆਰ ਸੁਟਾ ਕੇ ਦੇਸ਼ ਦਾ ਮਾਣ ਵਧਾਉਣ ਵਾਲੇ ਜਨਰਲ ਅਰੋੜਾ ਹੈਰਾਨ ਰਹਿ ਗਏ। ਬੰਗਲਾਦੇਸ਼ੀਆਂ ਨੂੰ ਪਾਕਿਸਤਾਨੀ ਫ਼ੌਜ ਦੇ ਜ਼ੁਲਮ-ਿਤਮ ਨੂੰ ਬਚਾਉਣ ਲਈ ਲੜਣ ਵਾਲੇ ਇਸ ਜਨਰਲ ਤੋਂ ਨਿਰਦੋਸ਼ ਸਿੱਖਾਂ ਦੀਆਂ ਹੱਤਿਆਵਾਂ ਬਰਦਾਸ਼ਤ ਨਹੀਂ ਹੋ ਰਹੀਆਂ ਸੀ। ਜਨਰਲ ਅਰੋੜਾ ਬਾਅਦ ਵਿੱਚ ਉਸ ਜਸਟਿਸ ਨਰੂਲਾ ਕਮੇਟੀ ਵਿੱਚ ਸ਼ਾਮਲ ਹੋਏ ਜਿਸਨੇ 1984 ਦੇ

ਦੰਗਿਆਂ ਦੀ ਜਾਂਚ ਕੀਤੀ ਸੀ। ਇਸ ਅਨਿਆਂ ਦੇ ਖਿਲਾਫ਼ ਉਨ੍ਹਾਂ ਨੇ 'ਸਿੱਖ ਫੋਰਮ' ਕਾਇਮ ਕਰਕੇ ਬਾਅਦ ਵਿੱਚ ਵੀ ਵਿਰੋਧ ਜਾਰੀ ਰਖਿਆ। ਨਿਆਂ ਦੇ ਲਈ ਉਨ੍ਹਾਂ ਦੀ ਇਹ ਜੰਗ ਕੇਂਦਰ ਸਰਕਾਰ ਨੂੰ ਪਸੰਦ ਨਹੀਂ ਆਈ ਸੀ। ਬੰਗਲਾਦੇਸ਼ ਜੰਗ ਦੇ ਹੀਰੋ ਤੇ ਸਰਕਾਰ ਦੇ ਸਬੰਧਾਂ ਵਿੱਚ ਖਟਾਸ ਆ ਗਈ। ਸ਼ਾਇਦ ਇਹੀ ਕਾਰਣ ਸੀ ਕਿ ਜਦੋਂ ਬੰਗਲਾਦੇਸ਼ ਲੜਾਈ ਦਾ ਹੀਰੋ ਇਸ ਦੁਨੀਆ ਤੋਂ ਗਿਆ ਤਾਂ ਸਰਕਾਰ ਨੇ ਜ਼ਿਆਦਾ ਧਿਆਨ ਨਹੀਂ ਦਿੱਤਾ। ਇਹ ਭਾਰਤੀ ਫ਼ੌਜ ਤੇ ਉਸਦੇ ਲਈ ਜਿੱਤ ਹਾਸਲ ਕਰਨ ਵਾਲੇ ਜਾਂਬਾਜ ਦੇ ਨਾਲ ਘੋਰ ਅਨਿਆਂ ਸੀ।

ਵਿਸ਼ਵਾਸ ਕਰਨਾ ਮੁਸ਼ਕਿਲ ਹੁੰਦਾ ਹੈ ਪਰ ਅਜਿਹੇ ਹਾਲਾਤ ਵਿੱਚ ਜਦੋਂ ਰਾਜਧਾਨੀ ਵਿੱਚ ਕਤਲੇਆਮ ਹੋ ਰਿਹਾ ਸੀ ਤਾਂ ਰਾਸ਼ਟਰਪਤੀ ਦਾ ਗ੍ਰਹਿ ਮੰਤਰੀ ਨਾਲ ਸੰਪਰਕ ਨਹੀਂ ਹੋ ਪਾ ਰਿਹਾ ਸੀ।

ਕੀ ਸਿੱਖਾਂ ਦੇ ਗ਼ੁਨਾਹਗਾਰ ਤੇ ਬਾਅਦ ਵਿੱਚ ਬਾਬਰੀ ਮਸਜਿਦ ਢਾਹੁਣ ਦੇ ਵਕਤ ਕੇਂਦਰ ਵਿੱਚ ਪ੍ਰਧਾਨ ਮੰਤਰੀ ਰਹੇ ਨਰਸਿਮਹਾ ਰਾਓ ਉਸ ਵਕਤ ਗਿਆਨੀ ਜ਼ੈਲ ਸਿੰਘ ਨੂੰ ਅਣਸੁਣਾ ਕਰ ਰਹੇ ਸੀ ?

ਕੌਮੀ ਘੱਟ ਗਿਣਤੀ ਕਮੀਸ਼ਨ ਦੇ ਸਾਬਕਾ ਪ੍ਰਧਾਨ ਤਰਲੋਚਨ ਸਿੰਘ ਜੋ ਕਿ ਉਸ ਵਕਤ ਗਿਆਨੀ ਜ਼ੈਲ ਸਿੰਘ ਦੇ ਨਿਜੀ ਸਕੱਤਰ ਸੀ, ਨੇ ਆਪਣੇ ਸਹੁੰ ਪੱਤਰ ਵਿੱਚ ਕਿਹਾ ਹੈ ਕਿ ਜਦੋਂ ਰਾਸ਼ਟਰਪਤੀ ਦੇ ਕਾਫ਼ਲੇ 'ਤੇ ਹਮਲਾ ਹੋਇਆ ਤਾਂ ਰਾਸ਼ਟਰਪਤੀ ਨੇ ਦਿੱਲੀ ਦੇ ਉਪ-ਰਾਜਪਾਲ ਪੀ.ਜੀ. ਗਵਈ ਨੂੰ ਫ਼ੋਨ 'ਤੇ ਕਿਹਾ, "ਹਾਲਾਤ ਐਨੇ ਖਰਾਬ ਹਨ ਤਾਂ ਫਿਰ ਫ਼ੌਜ ਕਿਉਂ ਨਹੀਂ ਬੁਲਾਈ ਜਾਂਦੀ ?"

ਜੁਆਬ ਆਇਆ ਕਿ "ਫ਼ੌਜ ਸੱਦਾਂਗੇ ਤਾਂ ਸਥਿਤੀ ਹੋਰ ਵਿਗੜ ਜਾਏਗੀ।" ਇਹ ਇੱਕ ਅਜਿਹਾ ਜੁਆਬ ਸੀ ਜਿਸਦੇ ਅੱਗੇ ਸਾਰੇ ਤਰਕ ਨਤਮਸਤਕ ਹੋ ਜਾਂਦੇ ਹਨ।

ਭਾਜਪਾ ਨੇਤਾ ਵਿਜੈ ਕੁਮਾਰ ਮਲਹੋਤਰਾ ਨੇ ਗਿਆਨੀ ਜੀ ਨਾਲ ਗੱਲ ਕੀਤੀ ਤੇ ਤਾਂ ਵੀ ਇਹੀ ਕਿਹਾ "ਮੈਂ ਅਸਹਾਇ ਹਾਂ, ਕੁਝ ਨਹੀਂ ਕਰ ਸਕਦਾ।"

ਸ਼ਰਦ ਯਾਦਵ, ਕਪੂਰੀ ਠਾਕੁਰ ਹੋਵੇ ਜਾਂ ਚੌਧਰੀ ਚਰਨ ਸਿੰਘ ਸਾਰਿਆਂ ਨੂੰ ਇਹੀ ਜੁਆਬ ਸੀ।

ਕੁਲਦੀਪ ਨਈਅਰ ਜਦੋਂ ਰਾਸ਼ਟਰਪਤੀ ਨੂੰ ਮਿਲੇ ਤਾਂ ਉਨ੍ਹਾਂ ਨੇ ਕਿਹਾ, "ਕੁਲਦੀਪ, ਮੈਨੂੰ ਨਾ ਤਾਂ ਦੰਗਿਆਂ ਦੇ ਬਾਰੇ ਵਿੱਚ ਦੱਸਿਆ ਜਾ ਰਿਹਾ ਹੈ ਤੇ ਨਾ ਹੀ ਕੋਈ ਕਾਗ਼ਜ਼ਾਤ ਭੇਜੇ ਜਾ ਰਹੇ ਨੇ। ਜੇਕਰ ਕੋਈ ਜਾਣਕਾਰੀ ਮਿਲ ਵੀ ਰਹੀ ਹੈ ਤਾਂ ਤੁਹਾਡੇ ਵਰਗੇ ਦੋਸਤਾਂ ਤੋਂ।" ਇਸ ਤੋਂ ਬਾਅਦ ਦੁਖੀ ਹੁੰਦੇ ਹੋਏ ਕਿਹਾ, "ਮੈਂ ਨਹੀਂ ਜਾਣਦਾ ਕਿ ਆਉਣ ਵਾਲੀਆਂ ਪੀੜ੍ਹੀਆਂ ਮੈਨੂੰ ਕਿਸ ਤਰ੍ਹਾਂ ਆਕਣਗੀਆਂ ?"

ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੀ ਰਾਸ਼ਟਰਪਤੀ ਭਵਨ ਤੋਂ ਨਿਰਾਸ਼ ਹੋ ਕੇ ਪਰਤੇ।

ਮੈਨੂੰ ਯਾਦ ਹੈ ਕਿ ਬਾਅਦ ਵਿੱਚ ਲੰਮੇ ਵਕਤ ਤਕ ਸਿੱਖਾਂ ਵਿੱਚ ਗਿਆਨੀ ਜੀ ਨੂੰ ਲੈ ਕੇ ਭਾਰੀ ਰੋਸ ਰਿਹਾ। ਸਿੱਖ ਆਮ ਗੱਲਬਾਤ ਵਿੱਚ ਉਨ੍ਹਾਂ ਲਈ ਘਟੀਆ ਸ਼ਬਦਾਵਲੀ ਵਰਤਣ ਵਿੱਚ ਵੀ ਸੰਕੋਚ ਨਹੀਂ ਕਰਦੇ ਸੀ। ਆਮ ਸਿੱਖਾਂ ਨੂੰ ਲਗਦਾ ਸੀ ਕਿ ਜਦੋਂ ਉਹ ਦੇਸ਼ ਦੇ ਰਾਸ਼ਟਰਪਤੀ ਸੀ ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਮਾਰੀ ਗਈ ਤਾਂ ਘੱਟ ਤੋਂ ਘੱਟ ਦੇਸ਼ ਦੇ ਹਾਲਾਤ ਸੰਭਲਣ ਤਕ ਉਹ ਦੇਸ਼ ਦੀ ਕਮਾਨ ਆਪਣੇ ਹੱਥਾਂ ਵਿੱਚ ਰਖਦੇ। ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਐਨੀ ਛੇਤੀ ਕਿਉਂ ਸੀ ?

ਗਿਆਨੀ ਜੀ ਨੇ ਬਾਅਦ ਵਿੱਚ ਮੰਨਿਆ ਕਿ ਉਹ ਐਸਾ ਕਰਕੇ ਗਾਂਧੀ ਪਰਿਵਾਰ ਦੇ ਪ੍ਰਤੀ ਆਪਣੀ ਸੁਆਮੀ ਭਗਤੀ ਦਰਸਾਉਣਾ ਚਾਹੁੰਦੇ ਸੀ। ਇੱਕ ਸਿੱਖ ਦੇ ਦੇਸ਼ ਦਾ ਰਾਸ਼ਟਰਪਤੀ ਹੋਣਾ ਤੇ ਨਿਰਦੋਸ਼ ਸਿੱਖਾਂ ਦੇ ਕਤਲੇਆਮ ਨੂੰ ਨਾ ਰੋਕ ਸਕਣ ਦੀ ਇਹ ਟੀਸ ਸਿੱਖਾਂ ਦੇ ਮਨਾਂ ਤੋਂ ਆਸਾਨੀ ਨਾਲ ਜਾਣ ਵਾਲੀ ਨਹੀਂ ਹੈ।

ਜਿਸ ਵਕਤ ਰਾਸ਼ਟਰਪਤੀ ਖ਼ੁਦ ਨੂੰ ਅਸਹਾਇ ਦੱਸ ਰਹੇ ਸੀ, ਉਸ ਵੇਲੇ ਗ੍ਰਹਿ ਮੰਤਰੀ 'ਭਾਵ ਵਿਹੂਣਾ' ਤੇ 'ਮੌਨ' ਸੀ। ਪ੍ਰਸਿੱਧ ਵਕੀਲ ਰਾਮ ਜੇਠਮਲਾਨੀ ਜਦੋਂ ਸਿੱਖਾਂ ਦੇ ਕਤਲੇਆਮ ਦੀ ਗੱਲ ਲੈ ਕੇ ਉਨ੍ਹਾਂ ਨੂੰ ਮਿਲਣ ਗਏ ਤਾਂ ਲੱਗਿਆ ਕਿ ਜਿਵੇਂ ਉਨ੍ਹਾਂ ਨੂੰ ਇਸ ਨਾਲ ਕੋਈ ਮਤਲਬ ਹੀ ਨਹੀਂ ਹੈ। ਨਾ ਤਾਂ ਉਹ ਦੰਗਿਆਂ ਨੂੰ ਰੋਕਣ ਦੇ ਲਈ ਕਿਸੇ ਅਧਿਕਾਰੀ ਨਾਲ ਗੱਲ ਕਰ ਰਹੇ ਸੀ ਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਨਿਯੰਤਰਣ ਸੈੱਲ ਹੀ ਬਣਾਇਆ ਗਿਆ ਸੀ। ਜੇਠਮਲਾਨੀ ਨੇ ਜਦੋਂ ਕਿਹਾ ਕਿ ਕਤਲੇਆਮ ਰੋਕਣ ਲਈ ਕੁਝ ਕਰੋ ਤਾਂ ਜੁਆਬ ਆਇਆ ਕਿ

'ਵੇਖਾਂਗੇ'। ਇਹ ਦੇਸ਼ ਦੇ ਗ੍ਰਹਿ ਮੰਤਰੀ ਦੀ ਹਾਲਤ ਸੀ ਜਿਸਦੇ ਜ਼ਿੰਮੇ ਦੇਸ਼ ਦੀ ਅੰਦਰੂਨੀ ਸੁਰੱਖਿਆ ਹੁੰਦੀ ਹੈ।

ਰੰਗਨਾਥ ਮਿਸ਼ਰਾ ਕਮੀਸ਼ਨ ਨੇ ਹੀ ਆਪਣੀ ਰਿਪੋਰਟ ਦੇ ਪੰਨਾ ਨੰਬਰ 42 'ਤੇ ਕਿਹਾ ਹੈ ਕਿ "ਜੇਕਰ ਫ਼ੌਜ ਨੂੰ 1 ਨਵੰਬਰ ਦੀ ਸਵੇਰ ਤਕ ਵੀ ਸੱਦ ਲਿਆ ਜਾਂਦਾ ਤਾਂ ਘੱਟ ਤੋਂ ਘੱਟ 2000 ਨਿਰਦੋਸ਼ ਸਿੱਖਾਂ ਦੀ ਜਾਨ ਬਚ ਸਕਦੀ ਸੀ।"

ਹਾਲਾਂਕਿ ਫ਼ੌਜ ਨੂੰ ਸੱਦਣ ਲਈ ਕੌਣ ਜ਼ਿੰਮੇਵਾਰ ਸੀ, ਉਸ 'ਤੇ ਕਮੀਸ਼ਨ ਨੇ ਚੁੱਪੀ ਸਾਧ ਲਈ ਹੈ ਪਰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਹਿਲ ਤਾਂ ਗ੍ਰਹਿ ਮੰਤਰਾਲੇ ਨੂੰ ਹੀ ਕਰਨੀ ਸੀ।

ਮਿਸ਼ਰਾ ਕਮੀਸ਼ਨ ਦੇ ਅੰਕ 1 ਦੇ ਪੰਨਾ ਨੰਬਰ 41 'ਤੇ ਲਿਖਿਆ ਹੈ ਕਿ "ਪੁਲਿਸ ਕਮੀਸ਼ਨਰ ਟੰਡਨ ਦੀ ਇਸ ਗੱਲ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਉਸ ਵਕਤ ਲੋੜੀਂਦੀ ਫ਼ੌਜੀ ਤਾਕਤ ਮੌਜੂਦ ਸੀ।

ਫ਼ੌਜੀ ਤਾਕਤ ਦਿੱਲੀ ਵਿੱਚ ਮੌਜੂਦ ਹੋਣ ਦੇ ਸਬੰਧ ਵਿੱਚ ਥਲ ਸੈਨਾ ਮੁਖੀ ਜਨਰਲ ਏ.ਐਸ. ਵੈਦਯਾ ਦਾ ਬਿਆਨ ਹੀ ਕਾਫ਼ੀ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ 31 ਅਕਤੂਬਰ 1984 ਦੀ ਅੱਧੀ ਰਾਤ ਨੂੰ ਹੀ ਮੇਰਠ ਤੋਂ ਇੱਕ ਬ੍ਰਿਗੇਡ ਦਿੱਲੀ ਪਹੁੰਚ ਗਈ ਸੀ। ਜਨਰਲ ਦੇ ਇਸ ਬਿਆਨ ਨੂੰ ਗਲਤ ਨਹੀਂ ਮੰਨਿਆ ਜਾ ਸਕਦਾ। ਇਸਦਾ ਮਤਲਬ ਹੈ ਕਿ ਉਸ ਵਕਤ 31 ਅਕਤੂਬਰ ਦੀ ਰਾਤ ਹੀ ਤਕਰੀਬਨ 5000 ਸੈਨਿਕ ਦਿੱਲੀ ਵਿੱਚ ਮੌਜੂਦ ਸਨ। ਜਨਰਲ ਵੈਦਯਾ ਨੇ ਕਮੀਸ਼ਨ ਨੂੰ ਦੱਸਿਆ ਸੀ ਕਿ 31 ਅਕਤੂਬਰ ਦੀ ਰਾਤ ਸਾਢੇ ਦਸ ਵਜੇ ਇੱਕ ਬ੍ਰਿਗੇਡ ਦਿੱਲੀ ਆ ਗਈ ਸੀ। ਬਾਅਦ ਵਿੱਚ ਫ਼ੌਜ ਨੂੰ ਤੈਨਾਤ ਕਰਨ ਦੀ ਦੇਰੀ ਨੂੰ ਲੈ ਕੇ ਉਪ-ਰਾਜਪਾਲ ਪੀ.ਜੀ. ਗਵਈ ਨੂੰ ਬਲੀ ਦਾ ਬਕਰਾ ਬਣਾਉਣ ਦੀ ਕੋਸ਼ਿਸ਼ ਹੋਈ ਪਰ ਸਮਝਿਆ ਜਾ ਸਕਦਾ ਹੈ ਕਿ ਅਸਲ ਦੋਸ਼ੀ ਕੌਣ ਸੀ ?

ਆਖਰ ਇਹ ਸਭ ਕੁਝ ਦਿੱਲੀ ਵਿੱਚ ਹੀ ਤਾਂ ਹੋ ਰਿਹਾ ਸੀ, ਪੂਰਬ-ਉਤਰ ਦੇ ਕਿਸੇ ਦੂਰ-ਦੁਰਾਡੇ ਇਲਾਕੇ ਵਿੱਚ ਤਾਂ ਨਹੀਂ। ਆਖਰ ਫ਼ੌਜ ਨੂੰ ਤੈਨਾਤ ਕਰਨ ਵਿੱਚ ਦੇਰੀ ਕਿਉਂ ਕੀਤੀ ਜਾ ਰਹੀ ਸੀ ? ਦੋ ਦਿਨਾਂ ਤਕ ਦੰਗਾਈਆਂ ਨੂੰ ਆਗਜ਼ਨੀ, ਲੁੱਟ-ਖਸੁੱਟ ਤੇ ਸਿੱਖਾਂ ਦੇ ਕਤਲੇਆਮ ਦੀ ਛੋਟ ਦੇਣ ਦੇ ਬਾਅਦ ਹੀ ਫ਼ੌਜ ਤੈਨਾਤ ਕਿਉਂ ਕੀਤੀ ਗਈ ?

ਸਰਾਏ ਰੋਹਿਲਾ ਦੇ ਸਿੱਖਾਂ ਵਿੱਚ ਵੀ ਘਬਰਾਹਟ ਫੈਲ ਰਹੀ ਸੀ, ਤਾਂ ਗੁਰਦੁਆਰੇ ਦੇ ਗ੍ਰੰਥੀ ਨੇ ਸਾਰੇ ਸਿੱਖਾਂ ਨੂੰ ਦੁਪਹਿਰ ਨੂੰ ਗੁਰਦੁਆਰੇ ਕੋਲ ਇਕੱਠਿਆਂ ਹੋ ਜਾਣ ਲਈ ਕਿਹਾ। ਭੀੜ ਨੇ ਸੱਤ ਵਾਰੀ ਹਮਲਾ ਕੀਤਾ ਪਰ ਹਰ ਵਾਰ ਸਿੱਖਾਂ ਨੇ ਅਜਿਹੇ ਹੱਥ ਵਿਖਾਏ ਕਿ ਉਨ੍ਹਾਂ ਦੇ ਮਨਸੂਬੇ ਕਾਮਯਾਬ ਨਾ ਹੋ ਸਕੇ।

ਹੁਣ ਦੁਪਹਿਰ ਨੂੰ ਤਿੰਨ ਵਜੇ ਦੇ ਕਰੀਬ ਪੁਲਿਸ ਵਾਰਦਾਤ ਦੀ ਥਾਂ 'ਤੇ ਪਹੁੰਚੀ। ਸਿੱਖਾਂ ਨੂੰ ਲੱਗਾ ਕਿ ਲੰਮੇ ਸਮੇਂ ਤੋਂ ਜੋ ਸੰਘਰਸ਼ ਚਲ ਰਿਹਾ ਹੈ, ਹੁਣ ਉਹ ਖ਼ਤਮ ਹੋਇਆ। ਪੁਲਿਸ ਆ ਗਈ ਹੈ ਤੇ ਹਾਲਾਤ ਨੂੰ ਸਾਂਭ ਲਵੇਗੀ। ਪੁਲਿਸ ਨੇ ਆਉਂਦਿਆਂ ਹੀ ਸਿੱਖਾਂ ਨੂੰ ਕਿਹਾ ਕਿ ਉਹ ਗੁਰਦੁਆਰੇ ਦੇ ਇੱਕ ਕੋਨੇ 'ਤੇ ਚਲੇ ਜਾਣ, ਹੁਣ ਪੁਲਿਸ ਗੁਰਦੁਆਰੇ ਦੀ ਸੁਰੱਖਿਆ ਕਰੇਗੀ। ਸਿੱਖ ਪੁਲਿਸ 'ਤੇ ਭਰੋਸਾ ਕਰਕੇ ਅੰਦਰ ਚਲੇ ਗਏ।

ਅੱਖਾਂ ਤਾਂ ਖੁਲੀਆਂ ਰਹਿ ਗਈਆਂ ਜਦੋਂ ਦੰਗਿਆਂ 'ਤੇ ਕਾਬੂ ਪਾਉਣ ਲਈ ਨਾਲ ਆਈ ਰਿਜ਼ਰਵ ਪੁਲਿਸ ਫ਼ੋਰਸ ਨੇ ਗੁਰਦੁਆਰੇ 'ਤੇ ਉਸੇ ਪਾਸੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਥੇ ਸਿੱਖਾਂ ਨੂੰ ਇਕੱਠਿਆਂ ਕੀਤਾ ਗਿਆ ਸੀ। ਪੰਜ ਸਿੱਖ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਇਹ ਉਹ ਭੂਮਿਕਾ ਸੀ ਜੋ ਪੁਲਿਸ ਤੇ ਹੋਰ ਸੁਰੱਖਿਆ ਬਲ ਨਿਭਾ ਰਹੇ ਸੀ।

ਦੁਨੀਆ ਦੇ ਇਤਿਹਾਸ ਵਿੱਚ ਐਸੀ ਮਿਸਾਲ ਕਿਧਰੇ ਨਹੀਂ ਮਿਲੇਗੀ ਜਦੋਂ ਪੁਲਿਸ ਕਤਲੇਆਮ ਕਰਨ ਵਾਲਿਆਂ ਦੇ ਨਾਲ ਸੀ। ਜਿਥੇ ਦੰਗਾਈਆਂ ਨਾਲ ਮੁਕਾਬਲਾ ਹੁੰਦਾ, ਉਥੇ ਖ਼ੁਦ ਅੱਗੇ ਹੋ ਕੇ ਦੰਗਾਈਆਂ ਨਾਲ ਜੂਝ ਰਹੇ ਲੋਕਾਂ ਨੂੰ ਨਿਹੱਥਿਆਂ ਕਰਦੀ। ਕਿਧਰੇ ਸਿੱਖ ਇਕੱਠਿਆਂ ਹੋ ਕੇ ਮੁਕਾਬਲਾ ਨਾ ਕਰ ਸਕਣ, ਇਸ ਲਈ ਸਾਰਿਆਂ ਨੂੰ ਵੱਖ-ਵੱਖ ਕਰ ਦਿੱਤਾ ਜਾਂਦਾ। ਕਿਹਾ ਜਾਂਦਾ ਕਿ ਪੁਲਿਸ ਉਨ੍ਹਾਂ ਦੀ ਸੁਰੱਖਿਆ ਕਰੇਗੀ, ਆਪੋ-ਆਪਣੇ ਘਰ ਜਾਓ। ਇਸਦੇ ਫ਼ੌਰਨ ਬਾਅਦ ਦੰਗਾਈ ਹਮਲਾ ਕਰਦੇ ਤੇ ਬੇਰਹਿਮੀ ਨਾਲ ਸਿੱਖਾਂ ਨੂੰ ਮਾਰ ਦਿੱਤਾ ਜਾਂਦਾ। ਜੇਕਰ ਕਿਧਰੇ ਫਿਰ ਵੀ ਮੁਕਾਬਲਾ ਹੁੰਦਾ ਤਾਂ ਪੁਲਿਸ ਬਚਾਅ ਕਰ ਰਹੇ ਲੋਕਾਂ ਨੂੰ ਖ਼ੁਦ ਮਾਰਦੀ। ਪੂਰੀ ਦਿੱਲੀ ਵਿੱਚ 3000 ਲੋਕ ਮਾਰੇ ਗਏ ਪਰ ਪੁਲਿਸ ਦੰਗਾਈਆਂ ਦੇ

ਨਾਲ ਸੀ। ਉਸਦਾ ਕੰਮ ਗੁਰਦੁਆਰੇ ਵਿੱਚ ਅੱਗ ਲਾਉਣਾ, ਜਾਨ ਬਚਾਉਣ ਲਈ ਫਰਿਆਦ ਕਰ ਰਹੇ ਸਿੱਖਾਂ 'ਤੇ ਗੋਲੀ ਚਲਾਉਣਾ, ਨਿਹੱਥਿਆਂ ਕਰਨਾ ਤੇ ਜਿੱਥੇ ਦੰਗਾਈਆਂ ਕੋਲ ਹਥਿਆਰ ਨਾ ਹੋਣ ਤਾਂ ਉਪਲਬਧ ਕਰਾਉਣਾ ਰਹਿ ਗਿਆ ਸੀ। ਕਤਲੇਆਮ ਹੋ ਗਿਆ ਤਾਂ ਐਫ਼.ਆਈ.ਆਰ. ਦਰਜ ਕਰਾਉਣ ਆਉਣ ਵਾਲਿਆਂ ਨੂੰ ਧਮਕਾਉਣਾ, ਮਾਰਨਾ-ਕੁੱਟਣਾ, ਨੇਤਾਵਾਂ ਤੇ ਪੁਲਿਸ ਦਾ ਨਾਮ ਨਾ ਲੈਣ ਦਾ ਦਬਾਅ ਪਾਉਣਾ ਅਤੇ ਇਥੋਂ ਤਕ ਕਿ ਝੂਠੇ ਮੁਕਦਮਿਆਂ ਵਿੱਚ ਫਸਾਉਣ ਦਾ ਕੰਮ ਕੀਤਾ ਜਾਂਦਾ ਰਿਹਾ।

ਦਿੱਲੀ ਕੈਂਟ ਇਲਾਕੇ ਵਿੱਚ 340 ਤੋਂ ਵੱਧ ਸਿੱਖ ਮਾਰੇ ਗਏ ਪਰ ਪੁਲਿਸ ਨੇ ਸਿਰਫ਼ ਪੰਜ ਐਫ਼.ਆਈ.ਆਰ. ਦਰਜ ਕੀਤੀਆਂ ਜਿਸ ਵਿੱਚ ਕਿਸੇ ਦੋਸ਼ੀ ਦਾ ਨਾਂ ਨਹੀਂ ਲਿਖਿਆ। ਐਫ਼.ਆਈ.ਆਰ. ਦੀ ਭਾਸ਼ਾ ਇਹੀ ਸੀ ਕਿ "ਦੰਗਾਈਆਂ ਨੇ ਐਨੇ ਸਿੱਖਾਂ ਨੂੰ ਮਾਰ ਦਿੱਤਾ।" ਬਸ ਨਾ ਜਾਂਚ ਤੇ ਨਾ ਹੀ ਕਿਸੇ ਆਰੋਪੀ ਦਾ ਨਾਮ। ਐਸੀ ਐਫ਼.ਆਈ.ਆਰ. ਦੇ ਆਧਾਰ 'ਤੇ ਕਦੇ ਕੋਈ ਮਾਮਲਾ ਦੁਨੀਆ ਦੀ ਕਿਸੇ ਅਦਾਲਤ ਵਿੱਚ ਠਹਿਰ ਹੀ ਨਹੀਂ ਸਕਦਾ। ਪੀੜਤ ਚੀਖ-ਚੀਖ ਕੇ ਆਰੋਪੀਆਂ ਦਾ ਨਾਂ ਲੈਂਦੇ ਰਹੇ ਪਰ ਪੁਲਿਸ ਨੇ ਉਹੀ ਕੀਤਾ ਜੋ ਉਸਨੇ ਕਰਨਾ ਸੀ।

ਨਾਰਾਇਣਾ ਵਿਹਾਰ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਦੇ ਸਕੱਤਰ ਮਲਕੀਅਤ ਸਿੰਘ ਨੇ ਜਦੋਂ ਗੁਰਦੁਆਰੇ 'ਤੇ ਹੋਏ ਹਮਲੇ ਨੂੰ ਲੈ ਕੇ ਪੁਲਿਸ ਨੂੰ ਸੰਪਰਕ ਕੀਤਾ ਤਾਂ ਅੱਗੋਂ ਪੁਲਿਸ ਨੇ ਕਿਹਾ, "ਠੀਕ ਹੀ ਤਾਂ ਹੋ ਰਿਹਾ ਹੈ। ਇੰਤਜ਼ਾਰ ਕਰੋ, ਤੁਹਾਨੂੰ ਵੀ ਜਲਾਇਆ ਜਾਏਗਾ।"

ਮਹਾਰਾਣੀ ਬਾਗ਼ ਇਲਾਕੇ ਵਿੱਚ ਰਹਿਣ ਵਾਲੇ ਸੰਤੋਖ ਸਿੰਘ ਨੇ ਨਾਨਾਵਟੀ ਕਮੀਸ਼ਨ ਨੂੰ ਦੱਸਿਆ ਕਿ ਕਿਵੇਂ ਉਥੇ ਐਸ.ਐਚ.ਓ. ਆਪਣੇ ਦੋ ਐਸ.ਆਈ. ਤੇ ਕਾਂਸਟੇਬਲਾਂ ਨਾਲ ਆਇਆ ਤੇ ਲਾਊਡਸਪੀਕਰ 'ਤੇ ਕਹਿਣ ਲੱਗਾ ਕਿ "ਸਿੱਖਾਂ ਦੀ ਹੱਤਿਆ ਕਰ ਦਿਉ ਤੇ ਉਨ੍ਹਾਂ ਦੀ ਸੰਪਤੀ ਸਾੜ ਦਿਉ।" ਸ਼ਾਇਦ ਪੁਲਿਸ ਵਿੱਚ ਦਾਖਲ ਹੁੰਦਿਆਂ ਇਨ੍ਹਾਂ ਨੂੰ ਇਸੇ ਤਰ੍ਹਾਂ ਨਾਲ ਕਾਨੂੰਨ ਤੇ ਵਿਵਸਥਾ ਬਣਾਏ ਰੱਖਣ ਦੀ ਕਸਮ ਖੁਆਈ ਗਈ ਸੀ। ਪੁਲਿਸ ਨੇ ਉਥੇ ਗੋਲੀਆਂ ਵੀ ਚਲਾਈਆਂ ਤਾਂ ਉਸ ਪਾਸੇ ਜਿੱਥੇ ਸਿੱਖ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕਰ ਰਹੇ ਸੀ।

ਨਿਜ਼ਾਮੁਦੀਨ ਦੇ ਨੇੜੇ ਭੋਗਲ ਐਸਾ ਇਲਾਕਾ ਹੈ ਜਿੱਥੇ ਸਿੱਖਾਂ ਦੀ ਕਾਫ਼ੀ

ਤਦਾਦ ਹੈ। ਇਥੇ ਸਿੱਖਾਂ ਨੇ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਇਨ੍ਹਾਂ ਨੂੰ ਤਿਤਰ-ਬਿਤਰ ਕਰ ਦਿੱਤਾ। ਇਥੇ ਸਿੱਖਾਂ ਦੇ 66 ਟਰੱਕ, 5 ਬਸਾਂ, 7 ਕਾਰਾਂ, 5 ਸਕੂਟਰ, 10 ਮੋਟਰ-ਸਾਈਕਲਾਂ, ਮੈਟਾਡੋਰ ਤੇ ਜੀਪਾਂ ਸਾੜੀਆਂ ਗਈਆਂ। ਬਾਅਦ ਵਿੱਚ ਇਨ੍ਹਾਂ ਨੂੰ ਕੋਈ ਬੀਮਾ ਰਾਸ਼ੀ ਵੀ ਨਹੀਂ ਮਿਲ ਸਕੀ ਕਿਉਂਕਿ ਸਰਕਾਰ ਨੇ ਸਿੱਖਾਂ ਦੀ ਇਸ ਬੇਨਤੀ ਨੂੰ ਵੀ ਠੁਕਰਾ ਦਿੱਤਾ ਸੀ ਕਿ ਬੀਮਾ ਕੰਪਨੀਆਂ ਦੰਗਿਆਂ ਵਿੱਚ ਹੋਏ ਨੁਕਸਾਨ ਦਾ ਹਰਜਾਨਾ ਦੇਣ।

ਦਿੱਲੀ ਦੇ ਵਰਿੰਦਰ ਨਗਰ ਵਿੱਚ ਰਹਿ ਰਹੀ ਗੁਰਦੀਪ ਕੌਰ ਉਸ ਘੜੀ ਨੂੰ ਕੋਸਦੀ ਹੈ ਜਦੋਂ ਉਸਦੇ ਪਤੀ ਗੁਰਮੀਤ ਸਿੰਘ ਨੂੰ 17 ਹੋਰ ਨਿਰਦੋਸ਼ ਸਿੱਖਾਂ ਦੇ ਨਾਲ ਟਰੇਨ ਵਿੱਚੋਂ ਕੱਢ ਕੇ ਮਾਰ ਦਿੱਤਾ ਗਿਆ। ਸਾਂਭ ਕੇ ਰਖੀ ਗਈ ਐਫ.ਆਈ.ਆਰ. ਦੱਸਦੀ ਹੈ ਕਿ "ਮੁੰਬਈ ਰਾਜਧਾਨੀ ਐਕਸਪ੍ਰੈਸ 1 ਨਵੰਬਰ 1984 ਨੂੰ ਮੁੰਬਈ ਤੋਂ ਚਲੀ ਤੇ ਉਸਨੇ 2 ਨਵੰਬਰ ਨੂੰ ਨਵੀਂ ਦਿੱਲੀ ਪਹੁੰਚਣਾ ਸੀ। ਉਸਨੂੰ ਦੰਗਾਈ ਭੀੜ ਨੇ ਜ਼ਬਰਦਸਤੀ ਤੁਗਲਕਾਬਾਦ ਸਟੇਸ਼ਨ 'ਤੇ ਹੀ ਰੋਕ ਲਿਆ। ਹਿੰਸਕ ਭੀੜ ਨੇ ਯਾਤਰੂਆਂ ਨੂੰ ਖਿੱਚ ਲਿਆ ਤੇ ਕੁੱਟ-ਕੁੱਟ ਕੇ ਮਾਰ ਦਿੱਤਾ। ਕੁਲ ਮਿਲਾ ਕੇ 18 ਯਾਤਰੂਆਂ ਦੀਆਂ ਜਾਨਾਂ ਗਈਆਂ।"

ਐਫ.ਆਈ.ਆਰ. ਵਿੱਚ ਇਹ ਵੀ ਨਹੀਂ ਲਿਖਿਆ ਗਿਆ ਕਿ ਸਿਰਫ਼ ਸਿੱਖ ਯਾਤਰੂਆਂ ਨੂੰ ਕੱਢ ਕੇ ਮਾਰਿਆ। ਅਤੇ ਨਾ ਹੀ ਇਹ ਕਿ ਦੰਗਾਈ ਭੀੜ ਕਿੱਥੋਂ ਆਈ ਸੀ ਤੇ ਇਸਦੀ ਅਗਵਾਈ ਕੌਣ ਕਰ ਰਿਹਾ ਸੀ ? ਪੁਲਿਸ ਨੇ ਕੀ ਸ਼ੁਰੂਆਤੀ ਜਾਂਚ ਕੀਤੀ ! ਇਸ ਮਾਮਲੇ ਵਿੱਚ ਅੱਜ ਤਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਪਤੀ ਦੀ ਮੌਤ ਦੀ ਖ਼ਬਰ ਇੱਕ ਹਫ਼ਤੇ ਬਾਅਦ ਦਿੱਤੀ ਤੇ ਜਦੋਂ ਉਹ ਉਥੇ ਪਹੁੰਚੀ ਤਾਂ ਉਸਨੂੰ ਸੁਆਹ ਤਕ ਨਾ ਮਿਲੀ। ਇਹ ਜਾਣਕਾਰੀ ਵੀ ਇਸ ਲਈ ਮਿਲ ਗਈ ਕਿਉਂਕਿ ਉਹ ਰਾਖਵਾਂ ਡੱਬਾ ਸੀ।

ਜਦੋਂ ਤੁਗਲਕਾਬਾਦ ਸਟੇਸ਼ਨ ਤੋਂ ਕੁਲ 46 ਸਿੱਖ ਯਾਤਰੂਆਂ ਦੇ ਮਾਰੇ ਜਾਣ ਦੀ ਖ਼ਬਰ ਆਈ ਤਾਂ ਦੂਰਦਰਸ਼ਨ ਇਸਦਾ ਖੰਡਨ ਕਰ ਰਿਹਾ ਸੀ। ਗੁਰਮੀਤ ਸਿੰਘ ਦੇ ਨਾਲ ਉਸਦਾ ਇੱਕ ਹਿੰਦੂ ਦੋਸਤ ਦਮਨ ਵੀ ਸੀ ਪਰ ਉਹ ਕਲੀਨ-ਸ਼ੇਵ ਹੋਣ ਕਰਕੇ ਨਿਕਲ ਗਿਆ। ਉਹ ਐਨੀ ਦਹਿਸ਼ਤ ਵਿੱਚ ਰਿਹਾ ਕਿ ਉਸਨੇ ਉਸ ਤੋਂ ਬਾਅਦ ਕਦੇ ਗੁਰਮੀਤ ਸਿੰਘ ਦੇ ਘਰ ਵੱਲ ਮੂੰਹ ਨਹੀਂ ਕੀਤਾ। ਇਥੋਂ ਤਕ ਕਿ ਗੁਰਦੀਪ

ਕੌਰ ਨੂੰ ਉਸਦੇ ਪਤੀ ਦੇ ਕਤਲ ਦੀ ਖ਼ਬਰ ਤਕ ਨਹੀਂ ਦਿੱਤੀ। ਹੁਣ 25 ਸਾਲਾਂ ਬਾਅਦ ਵੀ ਗੁਰਦੀਪ ਕੌਰ ਨੂੰ ਵਿਧਵਾ ਪੈਨਸ਼ਨ ਲਈ ਧੱਕੇ ਖਾਣੇ ਪੈ ਰਹੇ ਹਨ। ਅਜੇ ਤਕ ਪੈਨਸ਼ਨ ਸ਼ੁਰੂ ਨਹੀਂ ਹੋਈ। ਤਿੰਨ ਬੱਚਿਆਂ ਦੇ ਨਾਲ 22 ਸਾਲ ਦੀ ਉਮਰ ਵਿੱਚ ਵਿਧਵਾ ਹੋਈ ਗੁਰਦੀਪ ਕੌਰ ਥੋੜਾ ਜਿਹਾ ਕੁਰੇਦਣ 'ਤੇ ਜ਼ਾਰ-ਜ਼ਾਰ ਰੋਣ ਲੱਗ ਪੈਂਦੀ ਹੈ।

ਸ਼ਾਹਦਰਾ ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਐਮ.ਐਸ. ਸਪਰਾ ਨੇ ਜਦੋਂ ਦੰਗਾਈਆਂ ਦੀ ਭੀੜ ਨੂੰ ਬੇਕਾਬੂ ਹੁੰਦਿਆਂ ਵੇਖਿਆ ਤਾਂ ਥੋੜੀ ਸਖਤੀ ਨਾਲ ਪੇਸ਼ ਆਉਣ ਦਾ ਫੈਸਲਾ ਕੀਤਾ। ਉਹ ਇੱਕ ਸਿੱਖ ਪੁਲਿਸ ਅਫ਼ਸਰ ਸੀ। ਉਨ੍ਹਾਂ ਨੇ ਛੱਜੂਪੁਰ ਵਿੱਚ ਇਕੱਠੀ ਹੋ ਰਹੀ ਭੀੜ ਨੂੰ ਤਿਤਰ-ਬਿਤਰ ਕਰ ਦਿੱਤਾ। ਬਾਅਦ ਵਿੱਚ ਭੀੜ ਵੱਧਣ ਲੱਗੀ ਤਾਂ ਏ.ਸੀ.ਪੀ. ਤੇ ਡੀ.ਸੀ.ਪੀ. ਨੇ ਉਨ੍ਹਾਂ ਨੂੰ ਵਾਪਸ ਥਾਣੇ ਜਾਣ ਨੂੰ ਕਿਹਾ ਕਿਉਂਕਿ ਉਹ ਪੁਲਿਸ ਦੀ ਉਹ ਭੂਮਿਕਾ ਨਿਭਾ ਰਹੇ ਸੀ ਜੋ ਕਿ ਨਿਭਾਉਣੀ ਚਾਹੀਦੀ ਸੀ। ਇਥੋਂ ਤਕ ਕਿ ਸਪਰਾ ਨੂੰ ਇਨ੍ਹਾਂ ਪੁਲਿਸ ਅਧਿਕਾਰੀਆਂ ਨੇ ਭੀੜ ਦੇ ਸਾਹਮਣੇ ਬੇਇੱਜ਼ਤ ਕਰਕੇ ਹਟਾਇਆ। ਇਸ ਤੋਂ ਬਾਅਦ ਹੀ ਭੀੜ ਭੜਕ ਗਈ ਅਤੇ ਤਕਸ਼ਿਲਾ ਪਬਲਿਕ ਸਕੂਲ ਤੇ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੇ ਡੇਰੇ 'ਤੇ ਹਮਲਾ ਕਰ ਦਿੱਤਾ।

ਸਪਰਾ ਨੇ ਆਪਣੇ ਹਲਫ਼ਨਾਮੇ ਵਿੱਚ ਮੰਨਿਆ ਹੈ ਕਿ ਵਾਰਦਾਤ ਦੀ ਥਾਂ 'ਤੇ ਪੀੜਤ ਅਮਰਜੀਤ ਕੌਰ ਨੇ ਜਿਨ੍ਹਾਂ ਨੌ ਲੋਕਾਂ ਦੇ ਨਾਮ ਬਿਆਨ ਵਿੱਚ ਦਰਜ ਕਰਾਏ ਸੀ, ਉਨ੍ਹਾਂ ਦੇ ਖਿਲਾਫ਼ ਚਾਲਾਨ ਨਹੀਂ ਕੀਤਾ ਗਿਆ। ਇਸ ਤਰ੍ਹਾਂ ਕਿਉਂ ਹੋਇਆ, ਉਹ ਦੱਸ ਨਹੀਂ ਸਕੇ।

ਪੁਲਿਸ ਦੀ ਭੂਮਿਕਾ ਦਾ ਸੱਚ ਸਮਰਾਟ ਇਨਕਲੇਵ ਦੀ ਇਹ ਘਟਨਾ ਪੂਰੀ ਤਰ੍ਹਾਂ ਨਾਲ ਪਰਦਾਫਾਸ਼ ਕਰਦੀ ਹੈ। 1 ਨਵੰਬਰ ਨੂੰ ਪੁਲਿਸ ਨੂੰ ਸਮਰਾਟ ਇਨਕਲੇਵ ਵਿੱਚ ਸਿੱਖਾਂ ਵੱਲੋਂ ਦੰਗਾਈ ਭੀੜ ਤੋਂ ਬਚਣ ਲਈ ਗੋਲੀ ਚਲਾਏ ਜਾਣ ਦੀ ਸੂਚਨਾ ਮਿਲੀ। ਇਸ ਤੋਂ ਪਹਿਲਾਂ ਦੰਗਾਈ ਉਥੇ ਨੰਗਾ-ਨਾਚ ਕਰ ਰਹੇ ਸੀ ਪਰ ਤਾਂ ਪੁਲਿਸ ਨਹੀਂ ਜਾਗੀ। ਪਰ ਜਿਵੇਂ ਹੀ ਇਹ ਖ਼ਬਰ ਮਿਲੀ ਤੇ ਇਹ ਉਥੇ ਪਹੁੰਚ ਗਈ ਜਿੱਥੇ ਸਿੱਖਾਂ ਦੇ ਇੱਕ ਘਰ ਨੂੰ 1000 ਤੋਂ ਵੱਧ ਦੰਗਾਈਆਂ ਨੇ ਘੇਰਾ ਪਾਇਆ ਹੋਇਆ ਸੀ। ਨਾ ਦੰਗਾਈ ਪੁਲਿਸ ਤੋਂ ਡਰੇ ਤੇ ਨਾ ਹੀ ਪੁਲਿਸ ਨੂੰ ਦੰਗਾਈਆਂ ਤੋਂ

ਕੋਈ ਡਰ ਸੀ।

ਪੁਲਿਸ ਨੇ ਪਹੁੰਚਦਿਆਂ ਹੀ ਭੀੜ 'ਤੇ ਨਹੀਂ ਬਲਕਿ ਘਰ ਦੇ ਵੱਲ 303 ਬੰਦੂਕ ਦੇ 52 ਰਾਊਂਡ ਤੇ ਰਿਵਾਲਵਰ ਤੋਂ 9 ਰਾਊਂਡ ਗੋਲੀਆਂ ਚਲਾਈਆਂ। ਜਦੋਂ ਪੁਲਿਸ ਅੰਦਰ ਦਾਖਲ ਹੋਈ ਤਾਂ ਤਿੰਨ ਸਿੱਖਾਂ ਦੇ ਮ੍ਰਿਤਕ ਸਰੀਰ ਮਿਲੇ। ਦੋ ਬੰਦੇ ਸੀ ਤੇ ਇੱਕ ਔਰਤ। ਅਨਾਥ ਹੋ ਚੁੱਕੇ ਬੱਚੇ ਬਰਸਾਤੀ ਵਿੱਚ ਛਿਪੇ ਹੋਏ ਸੀ। ਉਨ੍ਹਾਂ ਨੂੰ ਬਾਅਦ ਵਿੱਚ ਗੁਰੂ ਨਾਨਕ ਪਬਲਿਕ ਸਕੂਲ ਲਿਜਾਇਆ ਗਿਆ।

ਆਖਰ ਪੁਲਿਸ ਨੇ ਇਨ੍ਹਾਂ ਨੂੰ ਭੀੜ ਤੋਂ ਬਚਾਉਣ ਦੀ ਬਜਾਏ ਇਨ੍ਹਾਂ 'ਤੇ ਗੋਲੀਆਂ ਚਲਾ ਕੇ ਮਾਰਿਆ ਕਿਉਂ ? ਪੁਲਿਸ ਦਾ ਕੰਮ ਦੰਗਾਈਆਂ ਤੋਂ ਬਚਾਉਣਾ ਸੀ ਜਾਂ ਖ਼ੁਦ ਦੰਗਾਈ ਬਣ ਕੇ ਇਨ੍ਹਾਂ ਲੋਕਾਂ ਦੀ ਜਾਨ ਲੈਣਾ ? ਪੁਲਿਸ ਨੇ ਭੀੜ ਨੂੰ ਤਿਤਰ-ਬਿਤਰ ਕਰਨ ਲਈ ਇੱਕ ਵੀ ਗੋਲੀ ਨਹੀਂ ਚਲਾਈ ਪਰ ਆਪਣਾ ਬਚਾਓ ਕਰ ਰਹੇ ਸਿੱਖਾਂ ਦੇ ਪਰਿਵਾਰਾਂ ਨੂੰ ਖ਼ਤਮ ਕਰ ਦਿੱਤਾ। ਕੀ ਇਹੀ ਡਿਊਟੀ ਸੀ ਜੋ ਪੁਲਿਸ ਉਸ ਵਕਤ ਨਿਭਾ ਰਹੀ ਸੀ ?

ਸੁਲਤਾਨਪੁਰੀ ਦੇ ਬੀ ਬਲਾਕ ਵਿੱਚ ਰਹਿਣ ਵਾਲੀ ਜੋਗਿੰਦਰ ਕੌਰ ਦੱਸਦੀ ਹੈ ਕਿ ਇਸ ਹਿੰਸਾ ਦੌਰਾਨ ਸੱਜਣ ਕੁਮਾਰ ਦੇ ਨਾਲ ਚਲ ਰਹੇ ਐਸ.ਐਚ.ਓ. ਨੇ ਆਪਣੇ ਰਿਵਾਲਵਰ ਨਾਲ ਤਿੰਨ ਸਿੱਖਾਂ ਨੂੰ ਗੋਲੀ ਮਾਰੀ ਸੀ।

ਨਾਂਗਲੋਈ ਵਿੱਚ ਜਿੱਥੇ ਪੁਲਿਸ ਦੇ ਨਾਲ ਮਿਲ ਕੇ ਦੰਗਾਈਆਂ ਨੇ ਕਈ ਸਿੱਖਾਂ ਦੇ ਪਰਿਵਾਰ ਖ਼ਤਮ ਕਰ ਦਿੱਤੇ, ਉਥੇ ਗੁਰਬਚਨ ਸਿੰਘ ਬਚਦੇ-ਬਚਾਉਂਦੇ ਥਾਣੇ ਪਹੁੰਚ ਗਏ। ਉਨ੍ਹਾਂ ਨੇ ਉਥੇ ਸ਼ਿਕਾਇਤ ਦਰਜ ਕਰਨ ਨੂੰ ਕਿਹਾ ਤਾਂ ਗਾਲਾਂ ਕੱਢਦਿਆਂ ਐਸ.ਐਚ.ਓ. ਨੇ ਕਿਹਾ, "ਇਹ ਸਾਲਾ ਕਿਥੋਂ ਬਚ ਗਿਆ ?"

ਗੁਰਚਰਨ ਕੌਰ ਨੇ ਜਦੋਂ ਸ਼ਿਕਾਇਤ ਦਰਜ ਕਰਾਉਣੀ ਚਾਹੀ ਤਾਂ ਉਸਨੂੰ 'ਸਿੱਖ ਕੁੱਤੀ' ਕਹਿ ਕੇ ਥਾਣੇ ਤੋਂ ਭਜਾ ਦਿੱਤਾ ਗਿਆ।

ਨਾਂਗਲੋਈ ਦੇ ਗੁਰਬਚਨ ਸਿੰਘ ਦਾ ਰੰਗਨਾਥ ਮਿਸ਼ਰਾ ਕਮੀਸ਼ਨ ਨੂੰ ਦਿੱਤਾ ਹਲਫ਼ਨਾਮਾ ਦੱਸਦਾ ਹੈ ਕਿ ਉਹ ਕਿਸ ਤਰ੍ਹਾਂ ਸੱਜਣ ਕੁਮਾਰ ਦਾ ਨਾਮ ਲੈਂਦੇ ਰਹੇ ਪਰ ਐਫ਼.ਆਈ.ਆਰ. ਵਿੱਚ ਨਾਂ ਦਰਜ ਨਹੀਂ ਕੀਤਾ ਗਿਆ। ਕਤਲੇਆਮ ਦੇ ਇੱਕ ਮਹੀਨੇ ਬਾਅਦ ਐਸ.ਐਚ.ਓ. ਰਾਮਪਾਲ ਰਾਣਾ ਨੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ

ਭਰਾ ਨੂੰ ਬਾਹਰ ਮਾਰਕੀਟ ਤੋਂ ਚੁਕਵਾ ਕੇ ਅਠ ਘੰਟੇ ਥਾਣੇ ਵਿੱਚ ਬੰਦ ਰਖਿਆ ਅਤੇ ਧਮਕਾਇਆ ਕਿ ਜੇਕਰ ਦੋਸ਼ੀਆਂ ਦਾ ਨਾਮ ਲਿਆ ਤਾਂ ਪਿਤਾ ਸਰੂਪ ਸਿੰਘ ਤੇ ਦੋ ਸਾਲਿਆਂ ਅਮਰੀਕ ਸਿੰਘ ਤੇ ਤਰਲੋਚਨ ਸਿੰਘ ਵਾਂਗ ਉਨ੍ਹਾਂ ਨੂੰ ਵੀ ਮਾਰ ਦਿੱਤਾ ਜਾਏਗਾ। ਇਹੀ ਨਹੀਂ, ਥਾਣੇ ਵਿੱਚ ਇੱਕ ਨਾਈ ਵੀ ਸੱਦਿਆ ਹੋਇਆ ਸੀ ਤੇ ਗੁਰਬਚਨ ਸਿੰਘ ਦੇ ਭਰਾ ਦੇ ਜ਼ਬਰਦਸਤੀ ਕੇਸ ਕੱਟ ਦਿੱਤੇ ਗਏ। ਕਤਲੇਆਮ ਵਿੱਚ ਕਾਤਲਾਂ ਦਾ ਸਾਥ ਦੇਣ ਵਾਲੀ ਪੁਲਿਸ ਹੁਣ ਕਾਤਲਾਂ ਨੂੰ ਬਚਾਉਣ ਦੇ ਕੰਮ ਵਿੱਚ ਜੁਟੀ ਹੋਈ ਸੀ।

ਚਾਣਕਿਆ ਪੁਰੀ ਦੀ ਪੁਲਿਸ ਨੂੰ ਜਦੋਂ ਇਹ ਪਤਾ ਲੱਗਾ ਕਿ ਅਕਬਰ ਹੋਟਲ ਦੇ ਪਿੱਛੇ ਬਣੇ ਪੁਲ ਦੇ ਹੇਠਾਂ ਜੰਗਲ ਵਿੱਚ ਕੁਝ ਸਿੱਖ ਆਪਣੀ ਜਾਨ ਬਚਾਉਣ ਲਈ ਛਿਪੇ ਹੋਏ ਹਨ ਤਾਂ ਐਸ.ਐਚ.ਓ. ਮਹਿਪਾਲ ਸਿੰਘ ਪੁਲਿਸ ਟੁਕੜੀ ਲੈ ਕੇ ਉਥੇ ਪਹੁੰਚ ਗਿਆ। ਮਹਿਪਾਲ ਸਿੰਘ ਦੇਰ ਤਕ ਉਸ ਪਾਸੇ ਵੱਲ ਗੋਲੀਆਂ ਚਲਾਉਂਦਾ ਰਿਹਾ ਜਿਥੇ ਸਿੱਖਾਂ ਦੇ ਛਿਪੇ ਹੋਣ ਦੀ ਜਾਣਕਾਰੀ ਸੀ। ਹੁਣ ਏ.ਸੀ.ਪੀ. ਵੀ ਆ ਗਏ ਤੇ ਉਨ੍ਹਾਂ ਨੇ ਵੀ ਅਠ ਰਾਊਂਡ ਫਾਇਰ ਕੀਤੇ। ਤਲਾਸ਼ੀ ਲੈਣ ਮਗਰੋਂ ਪਤਾ ਲੱਗਾ ਕਿ ਉਥੇ ਸਿੱਖ ਨਹੀਂ ਛਿਪੇ ਹਨ।

ਸੁਆਲ ਇਹ ਉੱਠਦਾ ਹੈ ਕਿ ਕੀ ਸਿੱਖ ਹੋਣਾ ਕੋਈ ਗ਼ੁਨਾਹ ਹੋ ਚੁੱਕਾ ਸੀ ? ਜੇਕਰ ਦੰਗਾਈਆਂ ਤੋਂ ਬਚਣ ਲਈ ਲੁੱਕ ਵੀ ਰਹੇ ਸੀ ਤਾਂ ਪੁਲਿਸ ਨੂੰ ਕਿਉਂ ਇਹ ਆਪਣਾ ਫ਼ਰਜ਼ ਮਹਿਸੂਸ ਹੋਇਆ ਕਿ ਇਹ ਬਚਣੇ ਨਹੀਂ ਚਾਹੀਦੇ ? ਪੁਲਿਸ ਦਾ ਫ਼ਰਜ਼ ਉਨ੍ਹਾਂ ਨੂੰ ਬਚਾਉਣ ਦਾ ਸੀ ਜਾਂ ਮਾਰਨ ਦਾ ? ਨਾ ਤਾਂ ਇਨ੍ਹਾਂ ਸਿੱਖਾਂ ਨੇ ਕਿਸੇ ਦੀ ਹੱਤਿਆ ਕੀਤੀ ਸੀ ਤੇ ਨਾ ਹੀ ਕਿਸੇ ਨੂੰ ਨੁਕਸਾਨ ਪਹੁੰਚਾਇਆ ਸੀ । ਸਿਰਫ਼ ਜਾਨ ਬਚਾਉਣ ਲਈ ਛਿਪ ਰਹੇ ਸੀ, ਬਸ ਇਹੀ ਦੋਸ਼ ਸੀ ਜਿਸ ਕਰਕੇ ਪੁਲਿਸ ਇਨ੍ਹਾਂ ਨੂੰ ਗੋਲੀ ਮਾਰ ਕੇ ਖ਼ਤਮ ਕਰ ਦੇਣਾ ਚਾਹੁੰਦੀ ਸੀ।

ਕਰੋਲ ਬਾਗ਼ ਵਿੱਚ 5 ਨਵੰਬਰ ਨੂੰ ਜੋ ਹੋਇਆ, ਉਹ ਪੁਲਿਸ ਦੇ ਦਾਮਨ 'ਤੇ ਬੇਹਦ ਬਦਨੁਮਾ ਦਾਗ਼ ਹੈ ਅਤੇ ਜ਼ਾਹਰ ਕਰਦਾ ਹੈ ਕਿ ਉਸ ਵਕਤ ਕਿਸ ਤਰ੍ਹਾਂ ਨਾਲ ਸਿੱਖ ਪੁਲਿਸ ਅਫ਼ਸਰਾਂ ਨਾਲ ਸਲੂਕ ਕੀਤਾ ਜਾ ਰਿਹਾ ਸੀ।

ਇਥੇ ਐਸ.ਐਚ.ਓ. ਨੇ ਲੁੱਟੀ ਹੋਈ ਸੰਪਤੀ ਨੂੰ ਬਰਾਮਦ ਕਰਨ ਤੇ ਦੰਗਾਈਆਂ ਨੂੰ ਗ੍ਰਿਫ਼ਤਾਰ ਕਰਨ ਦੀ ਵਿਆਪਕ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ 20

ਲੱਖ ਰੁਪਏ ਦੀ ਸੰਪਤੀ ਬਰਾਮਦ ਕਰ ਲਈ ਤੇ 24 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਅਫ਼ਸਰ ਦੀ ਐਨੀ ਜੁਰੱਅਤ ! ਬਸ ਕਾਂਗਰਸ ਦੇ ਸਾਂਸਦ ਧਰਮਦਾਸ ਸ਼ਾਸਤਰੀ, ਐਮ.ਐਲ. ਬਕੋਲੀਆ ਤੇ ਹੋਰ ਕਾਊਂਸਲਰਾਂ ਨੂੰ ਨਾਲ ਲੈ ਕੇ ਥਾਣੇ ਪਹੁੰਚ ਗਏ।

ਸ਼ਾਸਤਰੀ ਨੇ ਆਉਂਦਿਆਂ ਹੀ ਪੁਲਿਸ ਨੂੰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਕਿਹਾ ਕਿ "ਜਿਨ੍ਹਾਂ ਨੂੰ ਫੜਿਆ ਹੈ, ਉਹ ਅਪਰਾਧੀ ਨਹੀਂ ਹਨ।" ਧਮਕਾਇਆ ਕਿ ਜੇਕਰ ਇਨ੍ਹਾਂ ਨੂੰ ਰਿਹਾ ਨਾ ਕੀਤਾ ਤਾਂ ਭੈੜੇ ਨਤੀਜਿਆਂ ਲਈ ਤਿਆਰ ਰਹਿਣ।

ਉਸ ਵਕਤ ਏ.ਸੀ.ਪੀ. ਐਚ.ਸੀ. ਜਾਟਵ ਤੇ ਡੀ.ਸੀ.ਪੀ. ਅਮੋਦ ਕੰਠ ਵੀ ਉਥੇ ਮੌਜੂਦ ਸੀ। ਇਹੀ ਅਮੋਦ ਕੰਠ ਬਾਅਦ ਵਿੱਚ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਦੀ ਚੋਣ ਵੀ ਲੜੇ।

ਦੰਗਾਈਆਂ ਤੇ ਉਨ੍ਹਾਂ ਦੇ ਸਰਪ੍ਰਸਤਾਂ ਦੇ ਹੌਂਸਲੇ ਐਨੇ ਬੁਲੰਦ ਸੀ ਕਿ ਬਕੋਲੀਆ ਨੇ ਉਥੇ ਥਾਣੇ ਵਿੱਚ ਹੀ ਥਾਣੇਦਾਰ ਨੂੰ ਕੁੱਟਣਾ ਚਾਹਿਆ।

ਐਚ.ਸੀ. ਜਾਟਵ ਨੇ ਥਾਣੇਦਾਰ ਨੂੰ ਕਿਹਾ ਕਿ ਰਾਜਨੀਤਕ ਲੋਕਾਂ ਨਾਲ ਗੱਲ ਕਰਨ ਦਾ ਇਹ ਤਰੀਕਾ ਗਲਤ ਹੈ। ਜਾਟਵ ਇੱਕ ਅਜਿਹੇ ਪੁਲਿਸ ਅਧਿਕਾਰੀ ਨੇ ਜਿਨ੍ਹਾਂ ਦੀ ਤਮਾਮ ਹਲਫ਼ਨਾਮਿਆਂ ਵਿੱਚ ਇੱਕ ਅਜਿਹੇ ਪੁਲਿਸ ਅਫ਼ਸਰ ਦੀ ਛਵੀ ਉਭਰ ਕੇ ਸਾਹਮਣੇ ਆਉਂਦੀ ਹੈ ਜੋ ਪੂਰੇ ਦਿਲ ਨਾਲ ਦੰਗਾਈਆਂ ਨੂੰ ਬਚਾਉਣ ਵਿੱਚ ਜੁਟੇ ਹੋਏ ਸੀ। ਜੇਕਰ ਇੰਦਰਾ ਮਾਰਕੀਟ ਵਿੱਚ ਪੁਲਿਸ ਨੇ ਛੇ ਦੰਗਾਈਆਂ ਨੂੰ ਫੜ ਵੀ ਲਿਆ ਸੀ ਤਾਂ ਇਹ ਉਥੇ ਵੀ ਉਨ੍ਹਾਂ ਨੂੰ ਛਡਾਉਣ ਪਹੁੰਚ ਗਏ। ਹਰਬੀਰ ਸਿੰਘ ਨੇ ਕਰੋਲ ਬਾਗ਼ ਦੀ ਇਸ ਘਟਨਾ ਦਾ ਹਵਾਲਾ ਦਿੱਤਾ ਹੈ।

ਪਟੇਲ ਨਗਰ ਦੇ ਬੰਗਲਾ ਨੰਬਰ 9 ਵਿੱਚ ਰਹਿਣ ਵਾਲੇ ਏਅਰ ਫ਼ੋਰਸ ਦੇ ਗਰੁੱਪ ਕੈਪਟਨ ਮਨਮੋਹਨ ਸਿੰਘ ਨੂੰ ਉਹ ਨਜ਼ਾਰਾ ਨਹੀਂ ਭੁੱਲਦਾ ਜਦੋਂ ਉਸਦੇ ਘਰ 'ਤੇ ਦੰਗਾਈਆਂ ਦੀ ਭੀੜ ਨੇ ਹਮਲਾ ਕਰ ਦਿੱਤਾ ਸੀ।

ਸਵੇਰੇ ਸਾਢੇ ਨੌ ਵਜੇ ਭੀੜ ਆਈ ਅਤੇ ਉਨ੍ਹਾਂ ਦਾ ਮਕਾਨ ਤੇ ਦੁਕਾਨ ਨੂੰ ਸਾੜਣ ਦੀ ਕੋਸ਼ਿਸ਼ ਕਰਨ ਲੱਗੀ ਤਾਂ ਗੁਆਂਢੀ ਵਿਚਕਾਰ ਪੈ ਗਏ। ਭੀੜ ਘੱਟ

ਸੀ, ਇਸ ਲਈ ਵਾਪਸ ਚਲੀ ਗਈ। ਪਰ ਫਿਰ ਸਾਢੇ ਗਿਆਰਾਂ ਵਜੇ ਪਰਤ ਆਈ ਤੇ ਘਰ ਦੇ ਨਾਲ ਉਨ੍ਹਾਂ ਦੀ ਫਰਨੀਚਰ ਦੀ ਦੁਕਾਨ 'ਤੇ ਅੱਗ ਲਾ ਦਿੱਤੀ। ਹੁਣ ਭੀੜ ਨੇ ਘਰ 'ਤੇ ਹਮਲਾ ਕੀਤਾ ਤਾਂ ਗੁਆਂਢੀਆਂ ਨੇ ਫਿਰ ਸਾਥ ਦਿੱਤਾ ਤੇ ਉਨ੍ਹਾਂ ਦੇ ਸਮਝਾਉਣ 'ਤੇ ਦੰਗਾਈ ਵਾਪਸ ਚਲੇ ਗਏ। ਪਰਿਵਾਰ ਦੇ ਜੀਅ ਹੁਣ ਪਿਛਲੇ ਪਾਸੇ ਵੱਲ ਚਲੇ ਗਏ ਤੇ ਸੋਚਿਆ ਕਿ ਭੀੜ ਹੁਣ ਦੁਕਾਨ ਲੁੱਟ ਕੇ ਚਲੀ ਗਈ ਹੈ। ਪਰ ਸਵਾ ਚਾਰ ਵਜੇ ਦੇ ਕਰੀਬ ਭੀੜ ਨੇ ਮਕਾਨ ਦੇ ਪਿੱਛੇ ਬਰਾਮਦੇ ਦੇ ਦਰਵਾਜ਼ੇ ਨੂੰ ਭੰਨ ਕੇ ਹੱਲਾ ਬੋਲ ਦਿੱਤਾ। ਇੱਕ ਦੰਗਾਈ ਨੇ ਜਦੋਂ ਮਨਮੋਹਨ ਸਿੰਘ ਉੱਤੇ ਲੋਹੇ ਦੀ ਰਾਡ ਨਾਲ ਵਾਰ ਕੀਤਾ ਤਾਂ ਉਨ੍ਹਾਂ ਨੂੰ ਲੱਗਿਆ ਕਿ ਹੁਣ ਬਚਣਾ ਮੁਸ਼ਕਿਲ ਹੈ।

ਹੁਣ ਤਕ ਸੰਜਮ ਰਖ ਰਹੇ ਮਨਮੋਹਨ ਸਿੰਘ ਨੇ ਆਪਣਾ ਲਾਇਸੈਂਸੀ ਰਿਵਾਲਵਰ ਕੱਢ ਲਿਆ। ਵੈਸੇ ਵੀ ਭਾਰਤੀ ਵਾਯੂ ਸੈਨਾ ਵਿੱਚ ਰਹਿੰਦਿਆਂ ਦੁਸ਼ਮਣ ਨਾਲ ਲੜਣ ਦੇ ਗੁਰ ਸਿਖ ਹੀ ਚੁੱਕੇ ਸੀ। ਉਨ੍ਹਾਂ ਨੇ ਭੀੜ ਦੇ ਵੱਲ ਗੋਲੀ ਚਲਾ ਦਿੱਤੀ। ਜੁਆਬ ਵਿੱਚ ਭੀੜ ਨੇ ਘਰ ਦੇ ਵੱਲ ਅੱਗ ਦੇ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ ਜਿਸ ਨਾਲ ਬਰਸਾਤੀ ਵਿੱਚ ਅੱਗ ਲੱਗ ਚੁੱਕੀ ਸੀ। ਦੰਗਾਈ ਵਾਰ-ਵਾਰ ਹਮਲਾ ਕਰ ਰਹੇ ਸੀ। ਹੁਣ ਉਨ੍ਹਾਂ ਨੇ ਵੀ ਭੀੜ ਨੂੰ ਰੋਕਣ ਲਈ ਫਾਇਰ ਕਰਨਾ ਜਾਰੀ ਰਖਿਆ।

ਤਕਰੀਬਨ ਸਾਢੇ ਅਠ ਵਜੇ ਪੁਲਿਸ ਆਈ ਤੇ ਹਥਿਆਰ ਸੁੱਟਣ ਨੂੰ ਕਿਹਾ। ਇਸ ਵਕਤ ਏ.ਸੀ.ਪੀ. ਅਮੋਦ ਕੰਠ ਵੀ ਇਥੇ ਪਹੁੰਚ ਗਏ ਤੇ ਉਨ੍ਹਾਂ ਨੂੰ ਹਥਿਆਰ ਸੁੱਟਣ ਲਈ ਕਿਹਾ। ਤਾਂ ਉਨ੍ਹਾਂ ਨੇ ਕਿਹਾ ਕਿ ਉਹ ਫ਼ੌਜ ਦੇ ਸਾਹਮਣੇ ਹੀ ਹਥਿਆਰ ਸੁੱਟਣਗੇ। ਫਿਰ ਪੁਲਿਸ ਅਫ਼ਸਰ ਤੇ ਫ਼ੌਜ ਦਾ ਇੱਕ ਮੇਜਰ ਉਥੇ ਆਇਆ ਤਾਂ ਉਨ੍ਹਾਂ ਨੇ ਆਤਮ-ਸਮਰਪਣ ਕਰ ਦਿੱਤਾ। ਆਤਮ ਰੱਖਿਆ ਲਈ ਚਲਾਈਆਂ ਗੋਲੀਆਂ ਨਾਲ 5 ਦੰਗਾਈਆਂ ਦੀ ਮੌਤ ਹੋ ਗਈ ਸੀ।

ਪੁਲਿਸ ਨੇ ਦੰਗਾਈਆਂ ਦੇ ਖਿਲਾਫ਼ ਕੁਝ ਨਹੀਂ ਕੀਤਾ ਸਗੋਂ ਉਨ੍ਹਾਂ ਦੇ ਖਿਲਾਫ਼ ਹੱਤਿਆ ਦਾ ਮੁਕਦਮਾ ਦਰਜ ਕਰ ਦਿੱਤਾ ਗਿਆ। ਅਮੋਦ ਕੰਠ ਨੂੰ ਇਸੀ ਭੂਮਿਕਾ ਲਈ ਰਾਸ਼ਟਪਤੀ ਮੈਡਲ ਨਾਲ ਨਿਵਾਜਿਆ ਗਿਆ ਤੇ ਕਾਂਗਰਸ ਵੱਲੋਂ ਵਿਧਾਨ ਸਭਾ ਚੋਣ ਦੀ ਟਿਕਟ ਵੀ ਦਿੱਤੀ ਗਈ।

ਪੁਲਿਸ ਦੀ ਇਸ ਭੂਮਿਕਾ ਦੀ ਪੜਤਾਲ ਕਰਨ ਤੋਂ ਬਾਅਦ ਸਾਬ੍ਕਾ

ਆਈ.ਏ.ਐਸ. ਅਧਿਕਾਰੀ ਕੁਸੁਮ ਲਤਾ ਮਿੱਤਲ ਕਮੇਟੀ ਨੂੰ ਕਹਿਣਾ ਪਿਆ ਕਿ ਪੁਲਿਸ ਨੇ ਜੋ ਕੀਤਾ, ਉਹ ਸ਼ਰਮਨਾਕ ਹੈ।

ਕਮੇਟੀ ਨੇ ਉਸ ਐਸ.ਐਚ.ਓ. ਸ਼ੂਰਵੀਰ ਸਿੰਘ ਤਿਆਗੀ ਨੂੰ ਪੁਲਿਸ ਦੇ ਨਾਂ 'ਤੇ 'ਜੀਵਤ ਸ਼ਰਮ' ਕਰਾਰ ਦਿੱਤਾ ਜਿਸਨੇ ਤ੍ਰਿਲੋਕਪੁਰੀ ਵਿੱਚ 500 ਸਿੱਖਾਂ ਦੀ ਹੱਤਿਆ ਕਰਵਾਈ। ਉਸਨੇ ਮੁਕਾਬਲਾ ਕਰ ਰਹੇ ਸਿੱਖਾਂ ਨੂੰ ਪੁਲਸੀਏ ਦਬਾਅ ਵਿੱਖ ਵੱਖ-ਵੱਖ ਕਰਵਾ ਕੇ ਦੰਗਾਈਆਂ ਤੋਂ ਹਮਲਾ ਕਰਵਾ ਦਿੱਤਾ। ਤਿਆਗੀ ਨੇ ਸਾਰੇ ਗਵਾਹਾਂ ਨੂੰ ਐਨਾ ਡਰਾ-ਧਮਕਾ ਦਿੱਤਾ ਕਿ ਉਹ ਅੱਗੇ ਆਉਣ ਦੀ ਹਿੰਮਤ ਹੀ ਨਹੀਂ ਜੁਟਾ ਸਕੇ।

ਮਿੱਤਲ ਕਮੇਟੀ ਨੇ ਲਿਖਿਆ ਹੈ ਕਿ ਉਸਨੇ ਦਬਾਅ ਪਾ ਕੇ ਆਪਣੇ ਹੱਕ ਵਿੱਚ ਹਲਫ਼ਨਾਮੇ ਲਿਖਵਾ ਲਏ ਹਨ ਅਤੇ ਲੱਗਦਾ ਨਹੀਂ ਕਿ ਕੋਈ ਉਸਦੇ ਖਿਲਾਫ਼ ਗਵਾਹੀ ਦੇਣ ਦੀ ਹਿੰਮਤ ਕਰ ਸਕੇਗਾ। ਸਜ਼ਾ ਹੋਣ ਦੀ ਬਜਾਏ ਉਹ ਏ.ਸੀ.ਪੀ. ਬਣਾ ਦਿੱਤਾ ਗਿਆ।

ਇਹ ਉਹੀ ਤਿਆਗੀ ਸੀ ਜਿਸਦੇ ਬਾਰੇ ਵਿੱਚ ਕਲਿਆਣਪੁਰੀ ਦੇ ਸੰਤਾ ਸਿੰਘ ਨੇ ਦੱਸਿਆ ਸੀ ਕਿ "ਜਦੋਂ ਉਹ ਆਪਣਾ ਲਾਇਸੈਂਸੀ ਰਿਵਾਲਵਰ ਪੁਲਿਸ ਨੂੰ ਨਹੀਂ ਦੇਣਾ ਚਾਹੁੰਦਾ ਸੀ ਤਾਂ ਤਿਆਗੀ ਨੇ ਆਪਣਾ ਰਿਵਾਲਵਰ ਉਸ 'ਤੇ ਤਾਨ ਦਿੱਤਾ ਸੀ।" ਪੁਲਿਸ ਨੇ ਸੰਤਾ ਸਿੰਘ ਤੇ ਉਸਦੇ ਪੁੱਤਰ ਨੂੰ ਥਾਣੇ ਵਿੱਚ ਬੰਦ ਕਰ ਦਿੱਤਾ ਤੇ ਇਸੇ ਦੌਰਾਨ ਭੀੜ ਨੇ ਆਰਾਮ ਨਾਲ ਇਨ੍ਹਾਂ ਦੇ ਘਰ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਤ੍ਰਿਲੋਕਪੁਰੀ ਵਿੱਚ ਜਿੱਥੇ 500 ਸਿੱਖ ਮਾਰ ਦਿੱਤੇ ਗਏ, ਇੱਕ ਵੀ ਦੰਗਾਈ ਗ੍ਰਿਫ਼ਤਾਰ ਨਹੀਂ ਹੋਇਆ। ਪਰ ਨਾਲ ਵਾਲੇ ਬਲਾਕ 11 ਵਿੱਚ ਉਨ੍ਹਾਂ 25 ਸਿੱਖਾਂ ਨੂੰ ਫੜ ਕੇ ਬੰਦ ਕਰ ਦਿੱਤਾ ਗਿਆ ਜਿਨ੍ਹਾਂ ਕੋਲ ਆਪਣੀ ਰੱਖਿਆ ਲਈ ਹਥਿਆਰ ਸਨ।

ਡੀ.ਸੀ.ਪੀ. ਸੇਵਾ ਦਾਸ ਜੋ ਤਿਆਗੀ ਦਾ ਬੌਸ ਸੀ, ਉਸ ਬਾਰੇ ਕਮੇਟੀ ਨੇ ਲਿਖਿਆ ਹੈ ਕਿ ਉਹ ਪੁਲਿਸ ਦੇ ਚਿਹਰੇ 'ਤੇ 'ਬਦਨੁਮਾ ਦਾਗ਼' ਹੈ। ਉਸਨੇ ਦੰਗਿਆਂ ਨੂੰ ਰੋਕਣ ਦੀ ਬਜਾਏ ਦੰਗਾਈਆਂ ਨੂੰ ਖੁਲ੍ਹਾ ਹੱਥ ਦੇਣ ਲਈ ਸਿੱਖ ਪੁਲਿਸ ਅਫ਼ਸਰਾਂ ਨੂੰ ਡਿਊਟੀ ਤੋਂ ਹਟਾਉਣ ਦਾ ਕੰਮ ਕੀਤਾ। ਇਸਨੇ ਆਪਣੇ ਹੇਠਾਂ ਆਉਂਦੇ ਅਧਿਕਾਰੀਆਂ ਨੂੰ ਸਾਫ਼ ਕਿਹਾ ਸੀ ਕਿ ਮਾਮਲਾ ਦਰਜ ਕਰਨ ਦੀ ਕੋਈ ਲੋੜ ਹੀ

ਨਹੀਂ ਹੈ। ਪਰ ਪੁਲਿਸ ਦੇ ਇਸ ਬਦਨੁਮਾ ਦਾਗ਼ ਦੇ ਖਿਲਾਫ਼ ਕੋਈ ਕਾਰਵਾਈ ਹੋਣ ਦੀ ਬਜਾਏ ਉਸਨੂੰ ਦਿੱਲੀ ਪੁਲਿਸ ਵਿੱਚ ਸਪੈਸ਼ਲ ਕਮੀਸ਼ਨਰ ਬਣਾ ਦਿੱਤਾ ਗਿਆ।

ਆਪਣੇ ਹੇਠਾਂ ਆਉਂਦੇ ਅਫ਼ਸਰਾਂ ਵੱਲੋਂ ਉਨ੍ਹਾਂ ਨੂੰ ਕੁਝ ਨਾ ਦੱਸੇ ਜਾਣ ਦੀ ਸ਼ਰਮਨਾਕ ਦਲੀਲ ਦੇਣ ਵਾਲੇ ਪੁਲਿਸ ਕਮੀਸ਼ਨਰ ਸੁਭਾਸ਼ ਟੰਡਨ ਨੇ ਕਤਲੇਆਮ ਦੇ ਵਕਤ ਆਪਣੀ 'ਲਾੱਗ ਬੁੱਕ' ਮਿੱਤਲ ਕਮੇਟੀ ਨੂੰ ਦੇਣ ਤੋਂ ਹੀ ਮਨਾ ਕਰ ਦਿੱਤਾ।

ਪਟੇਲ ਨਗਰ ਦੇ ਐਸ.ਐਚ.ਓ. ਅਮਰੀਕ ਸਿੰਘ ਭੁੱਲਰ ਨੂੰ ਕਿਹਾ ਗਿਆ ਕਿ 115 ਸ਼ਿਕਾਇਤਾਂ ਦੀ ਇੱਕ ਹੀ ਐਫ਼.ਆਈ.ਆਰ. ਬਣਾਉਣ ਜਿਸ ਵਿੱਚ ਕਿਸੇ ਦੋਸ਼ੀ ਦਾ ਨਾਮ ਨਾ ਹੋਵੇ।

ਸਰਕਾਰਾਂ ਕਿਸ ਤਰ੍ਹਾਂ ਕੰਮ ਕਰ ਰਹੀਆਂ ਸਨ, ਇਸਦਾ ਅੰਦਾਜ਼ਾ ਪੁਲਿਸ ਦੀ ਹੀ ਭੂਮਿਕਾ ਨੂੰ ਲੈ ਕੇ ਦਿੱਲੀ ਦੇ ਹੀ ਵੱਡੇ ਪੁਲਿਸ ਅਧਿਕਾਰੀ ਵੇਦ ਮਾਰਵਾਹ ਦੀ ਜਾਂਚ ਦਾ ਹੋਇਆ ਹਾਲ ਦੱਸ ਦਿੰਦਾ ਹੈ।

ਇਹ ਇੱਕ ਐਸੇ ਪੁਲਿਸ ਅਧਿਕਾਰੀ ਸੀ ਜਿਨ੍ਹਾਂ ਨੇ ਪੁਲਿਸ ਦੀ ਭੂਮਿਕਾ ਨੂੰ ਲੈ ਕੇ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ ਇਹ ਜਾਂਚ ਸ਼ੁਰੂ ਕਰਦਿਆਂ ਹੀ ਸਾਰੇ ਥਾਣਿਆਂ ਦੇ ਦੰਗਿਆਂ ਦੇ ਵਕਤ ਦੇ ਰਿਕਾਰਡ ਜ਼ਬਤ ਕਰਨੇ ਸ਼ੁਰੂ ਦਿੱਤੇ ਸੀ। ਘਬਰਾਹਟ ਫੈਲਣ ਲੱਗੀ। ਦੋਸ਼ੀ ਪੁਲਿਸ ਅਧਿਕਾਰੀਆਂ ਨੇ ਸਰਕਾਰ ਦੇ ਦੁਆਰ 'ਤੇ ਦੁਹਾਈ ਦੇਣੀ ਸ਼ੁਰੂ ਕਰ ਦਿੱਤੀ ਸੀ। ਇਹ ਰਿਕਾਰਡ ਦੱਸਦੇ ਹਨ ਕਿ ਦੰਗਿਆਂ ਦੇ ਵਕਤ ਪੁਲਿਸ ਅਧਿਕਾਰੀ ਥਾਣਿਆਂ ਤੋਂ ਗਾਇਬ ਹੋ ਗਏ ਸਨ। ਸ਼ਿਕਾਇਤਾਂ ਆ ਰਹੀਆਂ ਸਨ ਪਰ ਉਨ੍ਹਾਂ ਨੂੰ ਦਰਜ ਕਰਕੇ ਕਾਰਵਾਈ ਨਹੀਂ ਕੀਤੀ ਜਾ ਰਹੀ ਸੀ।

ਵੇਦ ਮਾਰਵਾਹ ਦੱਸਦੇ ਹਨ ਕਿ "ਜਿਹੜੇ ਪੁਲਿਸ ਅਫ਼ਸਰਾਂ ਦਾ ਨਾਮ ਇਨ੍ਹਾਂ ਦੰਗਿਆਂ ਵਿੱਚ ਮੁੱਖ ਤੌਰ 'ਤੇ ਆ ਰਿਹਾ ਸੀ, ਉਨ੍ਹਾਂ ਨੇ ਜਾਂਚ ਰੁਕਵਾਉਣ ਲਈ ਹਾਈ ਕੋਰਟ ਵਿੱਚ ਜਾਚਿਕਾ ਦਾਇਰ ਕਰ ਦਿੱਤੀ। ਪਰ ਹਾਈ ਕੋਰਟ ਨੇ ਜਾਂਚ ਰੋਕਣ ਤੋਂ ਮਨਾ ਕਰ ਦਿੱਤਾ। ਉਹ ਆਪਣੀ ਜਾਂਚ ਪੂਰੀ ਕਰ ਚੁੱਕੇ ਸੀ ਅਤੇ ਸਿਰਫ਼ ਲਿਖਤ ਵਿੱਚ ਹੀ ਲਿਆਉਣਾ ਬਾਕੀ ਰਹਿ ਗਿਆ ਸੀ ਕਿ ਉਨ੍ਹਾਂ ਨੂੰ ਜਾਂਚ ਬੰਦ ਕਰਨ ਦੇ ਹੁਕਮ ਮਿਲ ਗਏ।" ਕਿਸਨੇ ਦਿੱਤੇ ਇਹ ਹੁਕਮ ?

ਇਹ ਹੁਕਮ ਪੁਲਿਸ ਕਮੀਸ਼ਨਰ ਨੇ ਦਿੱਤੇ ਸੀ ਜੋ ਕਿ ਜ਼ਾਹਰ ਹੈ ਕਿ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਦਿੱਤੇ ਗਏ ਸੀ।

ਵੇਦ ਮਾਰਵਾਹ ਨੂੰ ਪੁਲਿਸ ਦੀ ਭੂਮਿਕਾ ਦੀ ਜਾਂਚ ਨੂੰ ਸਹੀ ਦਿਸ਼ਾ ਵਿੱਚ ਲਿਜਾਉਣ ਦਾ ਇਹ ਇਨਾਮ ਮਿਲਿਆ ਕਿ ਉਨ੍ਹਾਂ ਦੇ ਖਿਲਾਫ਼ ਦੇਸ਼ ਭਰ ਵਿੱਚ ਫ਼ਰਜ਼ੀ ਮੁਕਦਮੇ ਦਰਜ ਕਰਾ ਦਿੱਤੇ ਗਏ। ਬਾਅਦ ਵਿੱਚ ਉਹ ਮਨੀਪੁਰ ਤੇ ਝਾਰਖੰਡ ਦੇ ਰਾਜਪਾਲ ਵੀ ਬਣੇ ਪਰ ਅੱਜ ਵੀ ਕਦੇ-ਕਦੇ ਉਨ੍ਹਾਂ ਨੂੰ ਫ਼ਰਜ਼ੀ ਮਾਮਲਿਆਂ ਦੇ ਸੰਮਨ ਆ ਹੀ ਜਾਂਦੇ ਹਨ।

ਜਦੋਂ ਉਹ ਪੁਲਿਸ ਕਮੀਸ਼ਨਰ ਸਨ ਤਾਂ ਕਿਸੇ ਤਰ੍ਹਾਂ ਦਾ ਇੱਕ ਆਰਡਰ ਜਾਰੀ ਹੋ ਗਿਆ ਕਿ ਦਿੱਲੀ ਵਿੱਚ ਸਿੱਖ ਅਫ਼ਸਰਾਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਨਾ ਦਿੱਤੀਆਂ ਜਾਣ, ਜਿਸਨੂੰ ਉਨ੍ਹਾਂ ਨੇ ਧਾਰਜ ਕਰ ਦਿੱਤਾ ਸੀ। ਵੇਦ ਮਾਰਵਾਹ ਨੂੰ ਕੋਈ ਸ਼ੱਕ ਨਹੀਂ ਹੈ ਕਿ ਦੇਸ਼ ਦੀ ਰਾਜਧਾਨੀ ਵਿੱਚ ਐਨੇ ਵੱਡੇ ਪੈਮਾਨੇ 'ਤੇ ਦੰਗਾ ਹੋ ਹੀ ਨਹੀਂ ਸਕਦਾ ਸੀ। ਜੇਕਰ ਪੁਲਿਸ ਨੇ ਜ਼ਰਾ ਜਿਹੀ ਵੀ ਤਾਕਤ ਦੀ ਵਰਤੋਂ ਕੀਤੀ ਹੁੰਦੀ ਤਾਂ ਦੰਗਾਈ ਆਸਾਨੀ ਨਾਲ ਤਿਤਰ-ਬਿਤਰ ਹੋ ਜਾਂਦੇ। ਸ਼ਾਇਦ ਇਹੀ ਤਾਂ ਪੁਲਿਸ ਤੇ ਉਨ੍ਹਾਂ ਦੇ ਰਾਜਨੀਤਕ ਆਕਾ ਨਹੀਂ ਚਾਹੁੰਦੇ ਸਨ।

ਜੇਕਰ ਸਿੱਖ ਪੁਲਿਸ ਅਫ਼ਸਰਾਂ ਨੇ ਕੁਝ ਕਾਰਵਾਈ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਰੋਕ ਦਿੱਤਾ ਗਿਆ। ਵੇਦ ਮਾਰਵਾਹ ਜਦੋਂ ਦਿੱਲੀ ਦੇ ਪੁਲਿਸ ਕਮੀਸ਼ਨਰ ਬਣੇ ਤਾਂ ਉਨ੍ਹਾਂ ਨੇ ਉਸ ਆਰਡਰ ਨੂੰ ਵਾਪਸ ਕਰਵਾਇਆ ਜਿਸ ਵਿੱਚ ਸਿੱਖ ਪੁਲਿਸ ਅਫ਼ਸਰਾਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਨਾ ਸੌਂਪਣ ਨੂੰ ਕਿਹਾ ਗਿਆ ਸੀ।

ਵੇਦ ਮਾਰਵਾਹ ਨੇ 'ਤਹਿਲਕਾ' ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਹੈ ਕਿ "An order had somehow gone that Sikh officers should be withdrawn from key positions in Delhi after the riots. As Police Commissioner I re-sidened the order in 1985."

❖ ❖ ❖

ਭਾਰਤੀ ਫ਼ੌਜ ਦੀ ਮਰਾਠਾ ਇਨਫੈਂਟਰੀ ਦੇ ਕੈਪਟਨ ਬੇਰੇਥ ਨੂੰ ਕਾਨਪੁਰ ਦੇ ਜ਼ਿਲਾਧਿਕਾਰੀ (ਡੀ.ਐਮ.) ਬ੍ਰਿਜੇਂਦਰ ਯਾਦਵ ਦੇ ਲਫ਼ਜ਼ਾਂ 'ਤੇ ਵਿਸ਼ਵਾਸ ਨਹੀਂ ਹੋ ਰਿਹਾ ਸੀ। ਦੰਗਾਈ ਸਿੱਖਾਂ ਦਾ ਘਰ ਸਾੜਣ ਜਾ ਰਹੇ ਸੀ ਪਰ ਯਾਦਵ ਨੇ ਫ਼ੋਰਸ ਦੀ ਵਰਤੋਂ ਕਰਨ ਤੋਂ ਮਨਾ ਕਰ ਦਿੱਤਾ।

ਜਦੋਂ ਕੁਝ ਵਿਰੋਧ ਕੀਤਾ ਤਾਂ ਕਿਹਾ, "ਇਥੋਂ ਫ਼ੌਜ ਲੈ ਕੇ ਜਿੱਥੇ ਮਰਜ਼ੀ ਚਲੇ ਜਾਓ, ਅਸੀਂ ਖ਼ੁਦ ਨਿਪਟ ਲਵਾਂਗੇ।"

ਫਿਰ ਉਹੀ ਹੋਇਆ ਜੋ ਹੋਣਾ ਸੀ। ਭੀੜ ਨੇ ਦੋ ਸਿੱਖ ਪਰਿਵਾਰਾਂ ਨੂੰ ਔਰਤਾਂ ਤੇ ਬੱਚਿਆਂ ਸਮੇਤ ਜ਼ਿੰਦਾ ਸਾੜ ਦਿੱਤਾ। ਤਕਰੀਬਨ 25 ਸਿੱਖਾਂ ਦੀ ਮੌਤ ਹੋ ਗਈ।

ਇਹ ਦਰਦਨਾਕ ਘਟਨਾ ਉਸ ਕਾਨਪੁਰ ਸ਼ਹਿਰ ਦੀ ਹੈ ਜਿੱਥੇ ਕਤਲੇਆਮ ਦੇ ਸਭ ਤੋਂ ਵੱਡੇ ਦੋਸ਼ੀ ਦੇ ਤੌਰ 'ਤੇ ਉਭਰ ਕੇ ਆਏ ਜ਼ਿਲਾਧਿਕਾਰੀ ਬ੍ਰਿਜੇਂਦਰ ਦੇ ਖਿਲਾਫ਼ ਰੰਗਨਾਥ ਮਿਸ਼ਰਾ ਕਮੀਸ਼ਨ ਨੇ ਰਿਟਾਇਰਡ ਜੱਜ ਤੋਂ ਜਾਂਚ ਕਰਾਉਣ ਤਕ ਦੀ ਸਿਫ਼ਾਰਸ਼ ਕੀਤੀ। ਪਰ ਇਹ ਸਿਫ਼ਾਰਸ਼ ਕੂੜੇ ਦੇ ਡੱਬੇ ਵਿੱਚ ਗਈ ਤੇ ਬ੍ਰਿਜੇਂਦਰ ਨੂੰ ਤਰੱਕੀ ਮਿਲਦੀ ਚਲੀ ਗਈ।

ਕੈਪਟਨ ਬੇਰੇਥ ਨੇ ਜੋ ਅੱਖੀਂ ਵੇਖਿਆ ਹਾਲ ਰੰਗਨਾਥ ਮਿਸ਼ਰਾ ਕਮੀਸ਼ਨ ਨੂੰ ਦੱਸਿਆ, ਉਸ ਵਿੱਚ ਕਿਹਾ ਹੈ ਕਿ "ਉਹ 1 ਨਵੰਬਰ 1984 ਦਾ ਦਿਨ ਤੇ ਤਕਰੀਬਨ ਸਾਢੇ ਦਸ ਵਜੇ ਦਾ ਵਕਤ ਰਿਹਾ ਹੋਵੇਗਾ। ਮੇਰੇ ਐਡਜੁਟੈਂਟ ਅਧਿਕਾਰੀ ਨੇ ਮੈਨੂੰ ਕੋਤਵਾਲੀ ਪੁਲਿਸ ਸਟੇਸ਼ਨ ਜਾਣ ਨੂੰ ਕਿਹਾ ਜਿੱਥੇ ਸਥਿਤੀ ਨਾਲ ਨਜਿੱਠਣ ਲਈ ਪੁਲਿਸ ਤੇ ਫ਼ੌਜ ਦਾ 'ਸੰਜੁਕਤ ਨਿਯੰਤਰਣ ਸੈੱਲ' ਬਣਾ ਦਿੱਤਾ ਗਿਆ ਸੀ।

ਉਥੇ ਪੁੱਜੇ ਤਾਂ ਆਫੀਸ਼ਿਏਟਿੰਗ ਅਧਿਕਾਰੀ ਮੇਜਰ ਪੀ. ਐਨ. ਪੰਡਿਤ ਨੇ ਮੈਨੂੰ ਲੇਡੀ ਮੈਜਿਸਟ੍ਰੇਟ ਤੋਮਰ ਦੇ ਨਾਲ ਸ਼ਹਿਰ ਵਿੱਚ ਜਾਣ ਤੇ ਇਨ੍ਹਾਂ ਦੇ ਨਿਰਦੇਸ਼ਾਂ ਦੀ ਪਾਲਨਾ ਕਰਦੇ ਹੋਏ ਸਥਿਤੀ ਨੂੰ ਕਾਬੂ ਵਿੱਚ ਕਰਨ ਲਈ ਕਿਹਾ। ਮੇਰੇ ਕੋਲ ਇੱਕ ਫ਼ੌਜੀ ਟੁਕੜੀ ਸੀ ਤੇ ਅਸੀਂ ਕਿਦਵਈ ਨਗਰ ਦੇ ਵੱਲ ਚਲ ਪਏ।

ਇਥੇ ਰਾਹ ਵਿੱਚ ਹੀ ਸਾਨੂੰ ਜ਼ਿਲਾਧਿਕਾਰੀ ਬ੍ਰਿਜੇਂਦਰ ਮਿਲ ਗਏ ਜਿਨ੍ਹਾਂ ਨੇ ਕਿਹਾ ਕਿ ਉਹ ਨਾਲ ਚਲਣਗੇ। 11 ਤੋਂ ਸਾਢੇ 11 ਵਜੇ ਦੇ ਵਿਚਕਾਰ ਅਸੀਂ ਕਿਦਵਈ ਨਗਰ ਪਹੁੰਚ ਚੁੱਕੇ ਸੀ। ਮੈਂ ਇਥੇ ਬਹੁਤ ਭੀੜ ਵੇਖੀ ਜੋ ਕਿ ਹਿੰਸਕ ਹੁੰਦੀ ਨਜ਼ਰ ਆ ਰਹੀ ਸੀ। ਬ੍ਰਿਜੇਂਦਰ ਨੇ ਸਾਨੂੰ ਇਥੇ ਆਪੋ-ਆਪਣੀਆਂ ਗੱਡੀਆਂ ਤੋਂ ਉਤਰਨ ਲਈ ਕਿਹਾ। ਮੈਂ ਤੇ ਮੇਰੀ ਫ਼ੌਜੀ ਟੁਕੜੀ ਨੇ ਫ਼ੌਰਨ ਪੋਜ਼ੀਸ਼ਨ ਲੈਣੀ ਸ਼ੁਰੂ ਕਰ ਦਿੱਤੀ। ਅਸੀਂ ਮੇਨ ਰੋਡ ਛੱਡ ਕੇ ਉਸ ਮੈਦਾਨ ਵੱਲ ਆ ਗਏ ਜਿਸਦੇ ਬਿਲਕੁਲ ਵਿਚਕਾਰ ਘਰ ਸਨ ਤੇ ਭੀੜ ਨੇ ਉਨ੍ਹਾਂ ਨੂੰ ਘੇਰਾ ਪਾਇਆ ਹੋਇਆ ਸੀ।

ਜਦੋਂ ਫ਼ੌਜ ਨੂੰ ਉਥੇ ਆਉਂਦਿਆਂ ਵੇਖਿਆ ਤਾਂ ਪਤਾ ਨਹੀਂ ਕਿਧਰੋਂ ਇੱਕ ਵਿਅਕਤੀ ਆਇਆ ਤੇ ਬੇਨਤੀ ਕਰਨ ਲੱਗਾ ਕਿ ਸਾਹਮਣੇ ਘਰਾਂ ਵਿੱਚੋਂ ਲੋਕਾਂ ਨੂੰ ਬਚਾ ਲਵੋ। ਮੈਂ ਵੇਖਿਆ ਕਿ ਤਕਰੀਬਨ 5000 ਲੋਕਾਂ ਦੀ ਭੀੜ ਰਹੀ ਹੋਵੇਗੀ।

ਫਿਰ ਜ਼ਿਲਾਧਿਕਾਰੀ ਮੇਰੇ ਕੋਲ ਆਏ ਤੇ ਮੇਰੀ ਰਾਇ ਜਾਣਨ ਦੀ ਕੋਸ਼ਿਸ਼ ਕੀਤੀ। ਉਹ ਜਾਣਨਾ ਚਾਹੁੰਦੇ ਸੀ ਕਿ ਘਰ ਦੇ ਲੋਕਾਂ ਨੂੰ ਬਚਾਉਣ ਲਈ ਅੱਗੇ ਜਾਈਏ ਜਾਂ ਨਹੀਂ।

ਮੈਂ ਸਾਫ਼ ਕਿਹਾ ਕਿ "ਪਹਿਲਾਂ ਇਸ ਭੀੜ ਨੂੰ ਇਥੋਂ ਤਿਤਰ-ਬਿਤਰ ਕਰਨਾ ਹੋਵੇਗਾ। ਕਰਫ਼ਿਊ ਤਾਂ ਲੱਗਿਆ ਹੀ ਹੈ ਤੇ ਜੇਕਰ ਉਸਨੂੰ ਸਖਤੀ ਨਾਲ ਲਾਗੂ ਕਰ ਦਿੱਤਾ ਜਾਵੇ ਤਾਂ ਭੀੜ ਹਟ ਜਾਏਗੀ। ਜੇਕਰ ਤਿਤਰ-ਬਿਤਰ ਨਾ ਹੋਈ ਤਾਂ ਘੱਟ ਤੋਂ ਘੱਟ ਇਨ੍ਹਾਂ ਘਰਾਂ ਤੋਂ 500 ਗਜ ਦੂਰ ਤਾਂ ਹੋ ਹੀ ਜਾਵੇਗੀ, ਫਿਰ ਫ਼ੌਜੀ ਟੁਕੜੀ ਫੱਸੇ ਹੋਏ ਲੋਕਾਂ ਦੀ ਜਾਨ ਬਚਾਉਣ ਲਈ ਘਰਾਂ ਵਿੱਚ ਚਲੀ ਜਾਏਗੀ।"

ਅਸਲ ਵਿੱਚ ਮੈਂ ਸਿੱਧੇ ਫ਼ੌਜੀ ਟੁਕੜੀ ਨੂੰ ਘਰਾਂ ਵੱਲ ਭੇਜ ਕੇ ਉਨ੍ਹਾਂ ਦੀ ਜਾਨ ਨੂੰ ਜੋਖਮ ਵਿੱਚ ਨਹੀਂ ਪਾਉਣਾ ਚਾਹੁੰਦਾ ਸੀ। ਫਿਰ ਜ਼ਿਲਾਧਿਕਾਰੀ ਮੈਨੂੰ ਛੱਡ ਕੇ ਸਿੱਧੇ ਭੀੜ ਦੇ ਕੋਲ ਚਲੇ ਗਏ ਤੇ ਉਨ੍ਹਾਂ ਨਾਲ ਗੱਲ ਕਰਨ ਲੱਗੇ। ਮੈਂ ਨਹੀਂ ਜਾਣਦਾ ਕਿ ਉਨ੍ਹਾਂ ਨਾਲ ਕੀ ਗੱਲਬਾਤ ਕੀਤੀ ਪਰ ਇਸਦੇ ਬਾਅਦ ਉਹ ਪਰਤੇ ਤੇ ਪੁਲਿਸ ਨੇ ਕੁਝ ਹਵਾਈ ਫਾਇਰ ਕੀਤੇ। ਇਸ ਫਾਇਰਿੰਗ ਦਾ ਕੋਈ ਅਸਰ ਨਹੀਂ ਹੋਇਆ ਤੇ ਭੀੜ ਉਥੇ ਦੀ ਉਥੇ ਹੀ ਜੰਮੀ ਰਹੀ।

ਜਦੋਂ ਭੀੜ ਨਾ ਹਟੀ ਤਾਂ ਮੈਂ ਆਈ.ਐਫ.ਡੀ. 908 ਦੇ ਤਹਿਤ ਗ਼ੈਰ-ਆਮ ਹਾਲਾਤ ਵਿੱਚ ਫ਼ੌਜੀ ਬਲ ਦੀ ਵਰਤੋਂ ਕਰਨ ਦਾ ਫਾਰਮ ਭਰ ਕੇ ਅਜਿਹਾ ਕਰਨ

ਦੀ ਇਜਾਜ਼ਤ ਮੰਗੀ। ਜ਼ਿਲਾਧਿਕਾਰੀ ਨੇ ਇਹ ਸੁਣਦਿਆਂ ਹੀ ਫ਼ੌਜੀ ਤਾਕਤ ਦੀ ਵਰਤੋਂ ਕਰਨ ਤੋਂ ਮਨਾ ਕਰ ਦਿੱਤਾ ਤੇ ਲੇਡੀ ਮੈਜਿਸਟ੍ਰੇਟ ਨੂੰ ਵੀ ਕਹਿ ਦਿੱਤਾ ਕਿ ਦਸਤਖਤ ਨਹੀਂ ਕਰਨੇ ਹਨ।

ਫਿਰ ਉਨ੍ਹਾਂ ਨੇ ਮੇਰੇ ਵੱਲ ਮੁਖ਼ਾਤਬ ਹੋ ਕੇ ਕਿਹਾ ਕਿ ਇਥੋਂ ਚਲੇ ਜਾਓ, ਅਸੀਂ ਖ਼ੁਦ ਵੇਖ ਲਵਾਂਗੇ। ਇਸਦੇ ਕੁਝ ਚਿਰ ਬਾਅਦ ਹੀ ਦੋ ਘਰਾਂ ਦੇ ਲੋਕਾਂ ਨੂੰ ਮਾਰ ਦਿੱਤਾ ਗਿਆ ਅਤੇ ਭੀੜ ਨੇ ਉਨ੍ਹਾਂ ਦੀ ਸੰਪਤੀ ਲੁੱਟ ਲਈ ਤੇ ਘਰ ਸਾੜ ਦਿੱਤਾ।"

ਮਿਸ਼ਰਾ ਕਮੀਸ਼ਨ ਨੇ ਕੈਪਟਨ ਬੇਰੇਥ ਦੀ ਗਵਾਹੀ ਨੂੰ ਸਹੀ ਮੰਨਦੇ ਹੋਏ ਬ੍ਰਿਜੇਂਦਰ ਦੇ ਖਿਲਾਫ਼ ਰਿਟਾਇਰਡ ਜੱਜ ਤੋਂ ਜਾਂਚ ਕਰਾਉਣ ਨੂੰ ਕਿਹਾ ਸੀ ਪਰ ਸ਼ਾਇਦ ਸਤਾ ਵਿੱਚ ਬੈਠੇ ਲੋਕ ਉਨ੍ਹਾਂ ਦੇ ਇਸ ਕੀਤੇ ਤੋਂ ਨਾਰਾਜ਼ ਨਹੀਂ ਬਲਕਿ ਖ਼ੁਸ਼ ਸੀ। ਬ੍ਰਿਜੇਂਦਰ ਸਫਲਤਾ ਦੀਆਂ ਪੌੜੀਆਂ ਚੜਦੇ ਗਏ।

ਇਥੇ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ 5000 ਦੀ ਹਿੰਸਕ ਭੀੜ ਹੋਣ ਦੇ ਬਾਵਜੂਦ ਬ੍ਰਿਜੇਂਦਰ ਬਿਨਾ ਕਿਸੇ ਡਰ ਦੇ ਭੀੜ ਕੋਲ ਜਾ ਕੇ ਗੱਲਬਾਤ ਕਰਦੇ ਰਹੇ। ਕੀ ਆਪਸ ਵਿੱਚ ਪਹਿਲਾਂ ਤੋਂ ਹੀ ਕੋਈ ਸਮਝ ਨਹੀਂ ਸੀ ?

ਸਿਰਫ਼ ਕਾਨਪੁਰ ਸ਼ਹਿਰ ਵਿੱਚ 200 ਤੋਂ ਵੱਧ ਸਿੱਖਾਂ ਨੂੰ ਮਾਰਿਆ ਗਿਆ ਸੀ। ਸਰਕਾਰੀ ਰਿਕਾਰਡ ਦੇ ਮੁਤਾਬਿਕ ਇਹ ਗਿਣਤੀ 127 ਦੀ ਹੈ। ਅਹਿਮ ਗੱਲ ਇਹ ਹੈ ਕਿ ਕਾਨਪੁਰ ਇੱਕ ਐਸਾ ਸ਼ਹਿਰ ਹੈ ਜਿੱਥੇ ਕੈਂਟ ਏਰੀਆ ਵਿੱਚ ਫ਼ੌਜ ਪਹਿਲਾਂ ਤੋਂ ਹੀ ਮੌਜਦ ਸੀ। ਬ੍ਰਿਗੇਡੀਅਰ ਪੀ.ਆਰ. ਕੋਹਲੀ ਦੇ ਮੁਤਾਬਿਕ ਉਸ ਵਕਤ ਸ਼ਹਿਰ ਵਿੱਚ ਹੀ 65 ਅਫ਼ਸਰ, 159 ਜੂਨੀਅਰ ਕਮੀਸ਼ੰਡ ਅਫ਼ਸਰ ਤੇ 2366 ਸੈਨਿਕ ਮੌਜੂਦ ਸਨ।

ਪਰ ਨਾ ਤਾਂ ਫ਼ੌਜ ਦੀ ਵਕਤ ਸਿਰ ਵਰਤੋਂ ਕੀਤੀ ਗਈ ਤੇ ਨਾ ਹੀ ਬ੍ਰਿਜੇਂਦਰ ਨੇ ਧਾਰਾ 144 ਲੱਗਣ ਦਿੱਤੀ। ਜੇਕਰ ਕਰਫ਼ਿਊ ਲਾਇਆ ਵੀ ਗਿਆ ਤਾਂ ਪੁਲਿਸ ਨੇ ਉਸਦੀ ਸਖਤੀ ਨਾਲ ਪਾਲਨਾ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇਸਦੇ ਬਜਾਏ ਪੁਲਿਸ ਦਾ ਰਵਈਆ ਦੰਗਾਈਆਂ ਨਾਲ ਹਮਦਰਦੀ ਵਾਲਾ ਸੀ।

ਰੰਗਨਾਥ ਮਿਸ਼ਰਾ ਕਮੀਸ਼ਨ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਕਿ ਜਦ

ਫ਼ੌਜ ਪਹਿਲਾਂ ਤੋਂ ਹੀ ਮੌਜੂਦ ਸੀ ਤਾਂ ਉਸਨੂੰ 31 ਅਕਤੂਬਰ ਦੀ ਰਾਤ ਨੂੰ ਹੀ ਕਿਉਂ ਨਹੀਂ ਲਾਇਆ ਗਿਆ ? ਜੇਕਰ ਫ਼ੌਜ ਭੇਜੀ ਵੀ ਗਈ ਤਾਂ ਉਸਨੂੰ ਤਾਕਤ ਦੀ ਵਰਤੋਂ ਨਹੀਂ ਕਰਨ ਦਿੱਤੀ।

ਕੋਲਕਾਤਾ ਵਿੱਚ 31 ਅਕਤੂਬਰ ਨੂੰ ਹੀ ਫ਼ੌਜ ਲਗਾਏ ਜਾਣ ਨਾਲ ਉਥੇ ਕਤਲੇ ਆਮ ਨਹੀਂ ਹੋ ਸਕਿਆ ਸੀ। ਬ੍ਰਿਗੇਡੀਅਰ ਕੋਹਲੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਫ਼ਲੈਗ-ਮਾਰਚ ਕੀਤਾ ਤੇ ਗਸ਼ਤ ਵੀ ਕੀਤੀ ਪਰ ਦੰਗਾਈਆਂ ਦੇ ਖਿਲਾਫ਼ ਕਾਰਵਾਈ ਕਰਨ ਦਾ ਅਧਿਕਾਰ ਨਹੀਂ ਦਿੱਤਾ ਗਿਆ ਸੀ। ਫ਼ੌਜ ਮੈਜਿਸਟ੍ਰੇਟ ਤੋਂ ਇਜਾਜ਼ਤ ਲਏ ਬਗ਼ੈਰ ਕ਼ਾਰਵਾਈ ਨਹੀਂ ਕਰ ਸਕਦੀ ਸੀ।

ਪ੍ਰਸ਼ਾਸਨਿਕ ਅਧਿਕਾਰੀ ਕੀ ਕਰ ਰਹੇ ਸਨ, ਇਸਦਾ ਖੁਲਾਸਾ ਕਰਦੇ ਹੋਏ ਪਾਂਡੂ ਨਗਰ ਦੇ ਵਿਨੋਦ ਕੁਮਾਰ ਸੋਂਧੀ ਨੇ ਦੱਸਿਆ ਕਿ "ਉਸ ਵਕਤ ਉਹ ਪਨਕੀ ਵਿੱਚ ਆਈ.ਈ.ਸੀ. ਕੰਪਨੀ ਵਿੱਚ ਇੰਜੀਨੀਅਰ ਸੀ। ਉਹ ਕੰਮ ਤੋਂ ਘਰ ਪਰਤੇ ਤਾਂ ਵੇਖਿਆ ਕਿ ਉਨ੍ਹਾਂ ਦਾ ਮਕਾਨ ਮਾਲਿਕ ਜੋ ਕਿ ਇੱਕ ਸਿੱਖ ਸੀ, ਉਨ੍ਹਾਂ ਦੇ ਘਰ 'ਤੇ ਦੰਗਾਈਆਂ ਨੇ ਘੇਰਾ ਪਾਇਆ ਹੋਇਆ ਹੈ। ਕੋਲ ਹੀ ਪੁਲਿਸ ਖੜੀ ਸੀ ਤੇ ਸਿਟੀ ਮੈਜਿਸਟ੍ਰੇਟ ਗੁਪਤਾ ਵੀ। ਪਰ ਇਹ ਭੀੜ ਨੂੰ ਹਟਾਉਣ ਜਾਂ ਘਰ ਨੂੰ ਬਚਾਉਣ ਲਈ ਕੁਝ ਨਹੀਂ ਕਰ ਰਹੇ ਸੀ। ਹੋਰ ਤਾਂ ਹੋਰ ਨੇੜੇ ਹੀ ਆਪਣੀ ਫ਼ੌਜੀ ਟੁਕੜੀ ਦੇ ਨਾਲ ਖੜੇ ਮਰਾਠਾ ਰੈਜੀਮੈਂਟ ਦੇ ਮੇਜਰ ਨਾਇਰ ਵੀ ਹੱਥ 'ਤੇ ਹੱਥ ਰਖੇ ਬੈਠੇ ਸੀ। ਉਹ ਸਿਟੀ ਮੈਜਿਸਟ੍ਰੇਟ ਕੋਲ ਗਿਆ ਤੇ ਬੇਨਤੀ ਕੀਤੀ ਕਿ ਘਰ ਨੂੰ ਬਚਾਇਆ ਜਾਏ।"

ਜੁਆਬ ਮਿਲਿਆ, "ਸ਼ੁਕਰ ਕਰੋ ਕਿ ਤੁਸੀਂ ਬਚ ਗਏ ਹੋ।"

ਹੁਣ ਮੇਜਰ ਨਾਇਰ ਨੂੰ ਮਦਦ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਮਜਬੂਰੀ ਦਰਸਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਸਿਰਫ਼ ਫ਼ਲੈਗ-ਮਾਰਚ ਕਰਨ ਦਾ ਹੀ ਹੁਕਮ ਮਿਲਿਆ ਹੈ, ਦੰਗਾਈਆਂ ਦੇ ਖਿਲਾਫ਼ ਕਾਰਵਾਈ ਕਰਨ ਦਾ ਨਹੀਂ। ਇਥੋਂ ਤਕ ਕਿ ਉਹ ਪ੍ਰਸ਼ਾਸਕੀ ਹੁਕਮ ਤੋਂ ਬਿਨਾ ਆਪਣੀ ਗੱਡੀ ਤੋਂ ਉਤਰ ਵੀ ਨਹੀਂ ਸਕਦੇ।

ਫਿਰ ਉਸਨੂੰ ਕੁਝ ਨਹੀਂ ਸੁੱਝਾ ਤੇ ਉਹ ਘਰ ਦੇ ਵੱਲ ਭੱਜਿਆ ਤੇ ਭੀੜ ਨੂੰ ਕਹਿਣ ਲੱਗਾ, "ਪੁਲਿਸ ਆ ਗਈ, ਪੁਲਿਸ ਆ ਗਈ, ਗੋਲੀ ਚਲਾਉਣ ਵਾਲੀ ਹੈ, ਭੱਜੋ।" ਉਸਦਾ ਸਿਰਫ਼ ਐਨਾ ਕਹਿਣ ਦਾ ਹੀ ਜਾਦੂਈ ਅਸਰ ਹੋਇਆ ਤੇ ਭੀੜ

ਉਥੋਂ ਤਿਤਰ-ਬਿਤਰ ਹੋ ਗਈ।"

ਜ਼ਾਹਰ ਹੈ ਕਿ ਜੇਕਰ ਪੁਲਿਸ ਤੇ ਗੋਲੀ ਦਾ ਡਰ ਦੇਣ 'ਤੇ ਹੀ ਭੀੜ ਭੱਜ ਗਈ ਤਾਂ ਜੇਕਰ ਪੁਲਿਸ ਤੇ ਪ੍ਰਸ਼ਾਸਨ ਨੇ ਥੋੜਾ ਵੀ ਕਦਮ ਚੁੱਕਿਆ ਹੁੰਦਾ ਤਾਂ ਸੈਂਕੜਿਆਂ ਲੋਕਾਂ ਦੀ ਜਾਨ, ਮਾਲ ਤੇ ਅਸਬਾਬ ਬਚ ਜਾਂਦਾ।

ਆਪਣੇ ਪਰਿਵਾਰ ਨੂੰ ਕਤਲੇਆਮ ਵਿੱਚ ਗੁਆਉਣ ਵਾਲੇ ਸੁਰਜੀਤ ਸਿੰਘ ਦਾ ਕਹਿਣਾ ਹੈ ਕਿ "ਜ਼ਿਲਾਧਿਕਾਰੀ ਬ੍ਰਿਜੇਂਦਰ ਪੂਰੀ ਤਰ੍ਹਾਂ ਨਾਲ ਦੰਗਾਈਆਂ ਦੇ ਨਾਲ ਮਿਲਿਆ ਹੋਇਆ ਸੀ।"

ਜਾਂਚ ਕਮੀਸ਼ਨ ਵਿੱਚ ਦਿੱਤੇ ਹਲਫ਼ਨਾਮੇ ਵਿੱਚ ਉਨ੍ਹਾਂ ਨੇ ਆਰੋਪ ਲਾਇਆ ਹੈ ਕਿ "ਬ੍ਰਿਜੇਂਦਰ ਸਿੱਖਾਂ ਦੇ ਨਾਲ ਵੈਰ ਭਾਵ ਰੱਖਦਾ ਸੀ। ਕਾਨਪੁਰ ਵਿੱਚ ਸਿੱਖਾਂ ਦੇ ਲਈ ਲੋਕਾਂ ਨੂੰ ਹਮਦਰਦੀ ਨਾ ਹੋ ਜਾਵੇ, ਇਸ ਲਈ ਜਾਣ-ਬੁੱਝ ਕੇ ਝੂਠੀ ਅਫ਼ਵਾਹ ਫੈਲਾ ਦਿੱਤੀ ਗਈ ਕਿ ਸਿੱਖ ਫ਼ੌਜੀਆਂ ਨੇ ਕੈਂਟ ਇਲਾਕੇ ਤੋਂ ਨਿਕਲ ਕੇ ਨੇੜੇ ਦੇ ਪਿੰਡ ਵਿੱਚ ਹਿੰਦੂਆਂ ਨੂੰ ਗੋਲੀ ਮਾਰ ਦਿੱਤੀ ਹੈ।"

ਰਤਨਲਾਲ ਨਗਰ ਦੇ ਨੇੜੇ ਦਾਮੋਲੀ ਵਿੱਚ ਆਪਣੇ ਪਰਿਵਾਰ ਦੇ ਸਤ ਜੀਆਂ ਨੂੰ ਗੁਆਉਣ ਵਾਲੇ ਅਵਤਾਰ ਸਿੰਘ ਜਦੋਂ ਵੀ ਉਸ ਕਤਲੇਆਮ ਨੂੰ ਚੇਤੇ ਕਰਦੇ ਹਨ ਤਾਂ ਅੰਦਰ ਪੀੜਾ ਦਾ ਲਾਵਾ ਉਬਾਲ ਮਾਰਣ ਲਗਦਾ ਹੈ। ਉਨ੍ਹਾਂ ਦੇ ਪਿਤਾ ਵਿਸਾਖਾ ਸਿੰਘ, ਮਾਂ ਸਵਰਨ ਕੌਰ, ਭਰਾ ਜਤਿੰਦਰ ਸਿੰਘ, ਗੁਰਚਰਨ ਸਿੰਘ, ਛਤਰਪਾਲ ਸਿੰਘ, ਗੁਰਮੁਖ ਸਿੰਘ ਤੇ ਭੈਣ ਗੁਰਬਚਨ ਕੌਰ ਨੂੰ ਭੀੜ ਨੇ ਪਹਿਲਾਂ ਕੁੱਟ-ਕੁੱਟ ਕੇ ਅਧਮਰਾ ਕਰ ਦਿੱਤਾ ਅਤੇ ਫਿਰ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ।

ਆਪਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਉਨ੍ਹਾਂ ਨੇ ਮੈਨੂੰ ਦੱਸਿਆ, "ਸਾਨੂੰ ਤਾਂ ਅੰਦਾਜ਼ਾ ਹੀ ਨਹੀਂ ਸੀ ਕਿ ਅਜਿਹਾ ਕੁਝ ਹੋਣ ਜਾ ਰਿਹਾ ਹੈ। 31 ਅਕਤੂਬਰ ਦੀ ਰਾਤ ਅਸੀਂ ਆਰਾਮ ਨਾਲ ਸੁੱਤੇ ਤੇ ਸਵੇਰੇ ਦੁੱਧ ਵਗੈਰਾ ਲੈ ਕੇ ਆਏ। ਫਿਰ ਨਾਸ਼ਤਾ ਕੀਤਾ ਪਰ 1 ਨਵੰਬਰ ਨੂੰ ਸੇਵੇਰੇ 8 ਵਜੇ ਹੀ ਪਤਾ ਨਹੀਂ ਕਿੱਥੋਂ ਦੰਗਾਈਆਂ ਦਾ ਹਜੂਮ ਆ ਗਿਆ। ਅਸੀਂ ਉਨ੍ਹਾਂ ਦਾ ਮੁਕਾਬਲਾ ਕਰਨ ਦਾ ਫੈਸਲਾ ਕਰ ਲਿਆ। ਸੋਚਿਆ ਕਿ ਮੁਕਾਬਲਾ ਕਰਦੇ ਹਾਂ, ਤਾਂ ਤਕ ਪੁਲਿਸ ਆ ਜਾਵੇਗੀ। ਪਰ ਕੀ ਪਤਾ ਸੀ ਕਿ ਕੋਈ ਬਚਾਉਣ ਨਹੀਂ ਆਏਗਾ। ਪੁਲਿਸ ਖ਼ੁਦ ਇਨ੍ਹਾਂ ਦੇ ਨਾਲ ਮਿਲੀ ਹੋਈ

ਹੈ। ਇਨ੍ਹਾਂ ਲੋਕਾਂ ਨੇ ਜਦੋਂ ਮੁਕਾਬਲਾ ਹੁੰਦਾ ਵੇਖਿਆ ਤਾਂ ਘਰ ਵਿੱਚ ਅੱਗ ਦੇ ਗੋਲੇ ਬਣਾ ਕੇ ਸੁੱਟਣੇ ਸ਼ੁਰੂ ਕਰ ਦਿੱਤੇ। ਫਿਰ ਘਰ ਵਿੱਚ ਅੱਗ ਲਗ ਗਈ ਤੇ ਧੂੰਆ ਭਰਨ ਲੱਗਾ। ਦਮ ਘੁੱਟ ਰਿਹਾ ਸੀ। ਸੋਚਿਆ ਕਿ ਇਸ ਤਰ੍ਹਾਂ ਮਰਨ ਤੋਂ ਚੰਗਾ ਤਾਂ ਲੜ ਕੇ ਮਰਨਾ ਠੀਕ ਹੈ। ਵੱਡਾ ਭਰਾ ਬਾਹਰ ਨਿਕਲਿਆ ਤੇ ਭੱਜਣ ਦੀ ਕੋਸ਼ਿਸ਼ ਕੀਤੀ। ਉਹ ਕੁਝ ਦੂਰ ਹੀ ਭੱਜਿਆ ਸੀ ਕਿ ਭੀੜ ਨੇ ਉਸਨੂੰ ਫੜ ਕੇ ਡਾਂਗਾਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ। ਇਸਦੇ ਬਾਅਦ ਦੂਜੇ ਭਰਾ ਨਾਲ ਵੀ ਐਸਾ ਹੀ ਹੋਇਆ। ਮਾਂ-ਪਿਉ ਘਰ ਦੇ ਦਰਵਾਜ਼ੇ 'ਤੇ ਹੀ ਮਾਰੇ ਗਏ। ਇਸ ਤੋਂ ਪਹਿਲਾਂ ਪਿਤਾ ਜੀ ਨੇ ਮੈਨੂੰ ਕਿਰਪਾਨ ਦੇ ਕੇ ਭੱਜਣ ਲਈ ਕਿਹਾ ਸੀ। ਮੇਰੇ ਹੱਥ ਵਿੱਚ ਕਿਰਪਾਨ ਸੀ, ਇਸ ਲਈ ਭੀੜ ਡਰ ਕੇ ਥੋੜਾ ਪਿੱਛੇ ਹਟ ਗਈ ਤੇ ਮੈਂ ਥਾਣੇ ਦੇ ਵੱਲ ਭੱਜਾ। ਥਾਣੇ ਪਹੁੰਚਿਆ ਤਾਂ ਪੁਲਿਸ ਵਾਲਿਆਂ ਨੇ ਮੈਨੂੰ ਬਚਾਉਣ ਦੀ ਬਜਾਏ ਕਿਰਪਾਨ ਖਿੱਚ ਲਈ। ਫਿਰ ਗਾਲਾਂ ਕੱਢਦਿਆਂ ਕਿਹਾ ਕਿ ਇਥੋਂ ਭੱਜ ਜਾਓ। ਹੁਣ ਮੇਰੇ ਕੋਲ ਕੋਈ ਹੋਰ ਚਾਰਾ ਨਹੀਂ ਸੀ। ਨੇੜੇ ਹੀ ਇੱਕ ਖਡੰਹਰ ਮਕਾਨ ਵੇਖਿਆ ਤਾਂ ਉਸ ਵਿੱਚ ਚਲਾ ਗਿਆ। ਸੋਚਿਆ ਕਿ ਰੱਬ ਚਾਹੇ ਗਾ ਤਾਂ ਬਚ ਜਾਵਾਂਗਾ। ਕਿਸਮਤ ਨਾਲ ਭੀੜ ਨੂੰ ਇਸ ਥਾਂ ਬਾਰੇ ਪਤਾ ਨਹੀਂ ਲੱਗਾ ਤੇ ਮੈਂ ਬਚ ਗਿਆ। ਪਰ ਮੇਰਾ ਪਰਿਵਾਰ ਖ਼ਤਮ ਹੋ ਚੁੱਕਾ ਸੀ। ਬਾਅਦ ਵਿੱਚ ਐਫ.ਆਈ.ਆਰ. ਲਿਖਵਾਈ ਪਰ ਪੁਲਿਸ ਨੇ ਕੋਈ ਜਾਂਚ ਨਹੀਂ ਕੀਤੀ। ਘਰ ਦੇ ਸਭ ਜੀਅ ਚਲੇ ਗਏ ਪਰ ਨਾ ਕੋਈ ਕੇਸ ਚਲਿਆ ਤੇ ਨਾ ਹੀ ਕਦੇ ਗਵਾਹੀ ਹੋਈ। ਮਾਰੇ ਗਏ ਤਿੰਨ ਭਰਾ ਤੇ ਇੱਕ ਭੈਣ ਵਿਆਹੇ ਹੋਏ ਸੀ। ਬਾਅਦ ਵਿੱਚ ਇਨ੍ਹਾਂ ਦੇ ਬੱਚੇ ਤੇ ਪਰਿਵਾਰ ਨੂੰ ਜਿਵੇਂ-ਤਿਵੇਂ ਪਾਲਿਆ। ਪਰ ਸਾਡੇ ਨਾਲ ਜੋ ਇਹ ਅਨਿਆਂ ਹੋਇਆ ਹੈ, ਉਸਨੂੰ ਮੈਂ ਕਦੇ ਭੁੱਲ ਨਹੀਂ ਸਕਦਾ।"

ਕਹਿਣ ਨੂੰ ਤਾਂ ਦਿੱਲੀ ਵਿੱਚ ਫ਼ੌਜ 1 ਨਵੰਬਰ ਨੂੰ ਲਾ ਦਿੱਤੀ ਗਈ ਸੀ ਪਰ ਉਸਨੂੰ 3 ਨਵੰਬਰ ਦੀ ਸ਼ਾਮ ਤੋਂ ਪਹਿਲਾਂ ਕਾਰਵਾਈ ਕਰਨ ਦੇ ਹੁਕਮ ਨਹੀਂ ਦਿੱਤੇ ਗਏ। ਰੰਗਨਾਥ ਮਿਸ਼ਰਾ ਕਮੀਸ਼ਨ ਨੂੰ ਦਿੱਤੇ ਹਲਫ਼ਨਾਮੇ ਵਿੱਚ ਅਵਤਾਰ ਸਿੰਘ ਬੀਰ ਜੋ ਕਿ ਕਰੋਲ ਬਾਗ਼ ਰਹਿੰਦੇ ਸੀ, ਉਨ੍ਹਾਂ ਨੇ ਉਸ ਵਕਤ ਦੇ ਦਿੱਲੀ ਕੈਂਟ ਏਰੀਆ ਦੇ ਜਨਰਲ ਅਫ਼ਸਰ ਕਮਾਂਡਿੰਗ ਜੀ.ਓ.ਸੀ. ਮੇਜਰ ਜਨਰਲ ਜਾਮਵਾਲ ਦੇ ਨਾਲ 2 ਨਵੰਬਰ ਨੂੰ ਗੱਲ ਕੀਤੀ। ਉਨ੍ਹਾਂ ਨੇ ਦੱਸਿਆ ਕਿ ਫ਼ੌਜ ਨੂੰ ਕਾਰਵਾਈ ਕਰਨ ਦੇ ਹੁਕਮ ਨਹੀਂ ਦਿੱਤੇ ਗਏ ਹਨ ਤੇ ਲਿਖਤ ਹੁਕਮਾਂ ਦੇ ਬਿਨਾ ਉਹ ਕੁਝ ਨਹੀਂ ਕਰ

ਸਕਦੇ। ਵਾਕਈ ਹੁਕਮ ਮਿਲਣ ਉੱਤੇ ਹਰਿਮੰਦਰ ਸਾਹਿਬ 'ਤੇ ਹਮਲਾ ਬੋਲਣ ਵਾਲੀ ਫ਼ੌਜ ਨੇ ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਬਚਾਉਣ ਲਈ ਇੱਕ ਗੋਲੀ ਤਕ ਨਹੀਂ ਚਲਾਈ।

4

ਕਤਲੇਆਮ ਦੇ ਦੋਸ਼ੀ

ਭਗਤ ਤੋਂ ਬਦਲਾ

ਅੱਜ ਜਸਟਿਸ ਢੀਂਗਰਾ ਦੀ ਅਦਾਲਤ ਵਿੱਚ ਖ਼ਾਸੀ ਗਹਿਮਾ-ਗਹਿਮੀ ਸੀ। ਸਿੱਖ ਕਤਲੇਆਮ ਦਾ ਸਭ ਤੋਂ ਵੱਡਾ ਦੋਖੀ ਹਰਕਿਸ਼ਨ ਲਾਲ ਭਗਤ, ਜਸਟਿਸ ਢੀਂਗਰਾ ਦੇ ਕੋਰਟ ਵਿੱਚ ਇਹੋ ਜਿਹੇ ਕਈ ਲੋਕਾਂ ਨਾਲ ਖੜਾ ਸੀ ਜਿਨ੍ਹਾਂ ਨੇ ਉਸੇ ਦੀ ਤਰ੍ਹਾਂ ਕਾਲਾ ਚਸ਼ਮਾ ਲਾਇਆ ਤੇ ਕੁਰਤਾ-ਪਾਜਾਮਾ ਪਾਇਆ ਹੋਇਆ ਸੀ।

ਇਸ ਤੋਂ ਪਹਿਲਾਂ ਭਗਤ ਦੇ ਖਿਲਾਫ਼ ਗਵਾਹੀ ਦੇਣ ਵਾਲੀ ਸਤਨਾਮੀ ਬਾਈ ਆਪਣੇ ਬਿਆਨ ਤੋਂ ਮੁਕਰ ਚੁੱਕੀ ਸੀ। ਉਸਨੂੰ ਖ਼ਰੀਦ ਲਿਆ ਗਿਆ ਸੀ।

ਹੁਣ ਦਰਸ਼ਨ ਕੌਰ ਦੀ ਵਾਰੀ ਸੀ ਭਗਤ ਨੂੰ ਪਛਾਣਨ ਦੀ। ਪਹਿਲਾਂ ਤਾਂ ਭਗਤ ਦੇ ਵਕੀਲ ਨੇ ਜੱਜ ਨੂੰ ਕਿਹਾ, "ਦਰਸ਼ਨ ਕੌਰ ਨੇ ਟੀ.ਵੀ. ਵਿੱਚ ਭਗਤ

ਨੂੰ ਵੇਖਿਆ ਹੋਵੇਗਾ।"

ਇਸ 'ਤੇ ਦਰਸ਼ਨ ਕੌਰ ਬੋਲੀ, "ਸਾਡੇ ਘਰ ਵਿੱਚ ਟੀ.ਵੀ. ਹੀ ਨਹੀਂ ਸੀ ਤਾਂ ਕਿਥੋਂ ਵੇਖਦੀ ?"

ਜਸਟਿਸ ਢੀਂਗਰਾ ਨੇ ਕਿਹਾ, "ਜੇਕਰ ਸਾਹਮਣੇ ਆਏ ਤਾਂ ਪਛਾਣ ਲਵੇਂਗੀ ?"

ਕਿਹਾ, "ਹਾਂ ਜੀ, ਪਛਾਣ ਲਵਾਂਗੀ।"

"ਵੇਖੋ ਚੈਂਬਰ ਵਿੱਚ ਕਿਧਰੇ ਹੈ ?"

ਦਰਸ਼ਨ ਕੌਰ ਨੇ ਦੱਸਿਆ, "ਮੈਂ ਸਰਸਰੀ ਤੌਰ 'ਤੇ ਵੇਖਿਆ ਤਾਂ ਮੈਨੂੰ ਨਜ਼ਰ ਨਹੀਂ ਆਇਆ। ਮੈਂ ਕਿਹਾ ਕਿ ਨਹੀਂ ਜੀ, ਦਿਖ ਨਹੀਂ ਰਿਹਾ।"

ਜੱਜ ਸਾਹਿਬ ਨੇ ਕਿਹਾ, "ਛੇਤੀ ਨਾ ਕਰੋ ਤੇ ਆਪਣਾ ਸਮਾਂ ਲੈ ਕੇ ਪਛਾਣ ਕਰੋ।"

"ਫਿਰ ਮੈਂ ਧਿਆਨ ਨਾਲ ਵੇਖਿਆ, ਉਹ ਆਪਣੇ ਵਰਗੇ ਕਪੜੇ ਪਾਏ ਕੁਝ ਲੋਕਾਂ ਦੀ ਓਟ ਵਿੱਚ ਖੜਾ ਸੀ। ਮੈਂ ਉਸਨੂੰ ਪਛਾਣ ਲਿਆ। ਪਛਾਣਨ ਦੇ ਨਾਲ ਹੀ ਪਤਾ ਨਹੀਂ ਮੈਨੂੰ ਕੀ ਹੋਇਆ ਕਿ ਮੈਂ ਉਸਨੂੰ ਦੋਵੇਂ ਹੱਥਾਂ ਨਾਲ ਧੱਕਾ ਦੇ ਦਿੱਤਾ। ਉਹ ਜ਼ਮੀਨ ਉੱਤੇ ਡਿੱਗ ਚੁੱਕਾ ਸੀ। ਉਹ ਹਜ਼ਾਰਾਂ ਸਿੱਖਾਂ ਦਾ ਕਾਤਲ ਹੁਣ ਭਰੀ ਅਦਾਲਤ ਵਿੱਚ ਭਿੱਗੀ ਬਿੱਲੀ ਬਣਿਆ ਹੋਇਆ ਸੀ। ਫਿਰ ਮੈਂ ਆਪਣੀ ਚਪਲ ਲਾਹ ਲਈ ਸੀ।"

ਇਹ ਉਹੀ ਭਗਤ ਸੀ ਜੋ ਪਹਿਲੀ ਪੇਸ਼ੀ 'ਤੇ ਹਜ਼ਾਰਾਂ ਸਮਰਥਕਾਂ ਨਾਲ ਆਇਆ ਸੀ ਤੇ ਜੱਜ ਨੂੰ ਨਮਸਤੇ ਕਹਿਣ ਲਈ ਕਿਹਾ ਸੀ।

ਭਗਤ ਨੂੰ ਵੇਖਦਿਆਂ ਹੀ ਦਰਸ਼ਨ ਕੌਰ ਦੀਆਂ ਅੱਖਾਂ ਦੇ ਸਾਹਮਣੇ ਉਹ ਪੂਰਾ ਦ੍ਰਿਸ਼ ਘੁੰਮ ਗਿਆ ਜਦੋਂ ਕਰੀਮ ਰੰਗ ਦੀ ਸ਼ਾਲ ਵਿੱਚ ਆਏ ਇਸ ਦਰਿੰਦੇ ਨੇ ਉਸਦੇ ਘਰ ਦੇ ਬਾਹਰ ਚੌਂਕ ਵਿੱਚ ਭੀੜ ਨੂੰ ਹਮਲਾ ਕਰਨ ਲਈ ਉਕਸਾਇਆ ਸੀ। ਉਸਦਾ ਕਿਹਾ ਇੱਕ-ਇੱਕ ਲਫ਼ਜ਼ ਉਸਨੂੰ ਯਾਦ ਆ ਰਿਹਾ ਸੀ।

ਭਗਤ ਕਹਿ ਰਿਹਾ ਸੀ, "ਕਿਸੇ ਸਰਦਾਰ ਨੂੰ ਨਾ ਛੱਡੋ। ਇਹ ਗੱਦਾਰ ਹਨ।

ਮਿੱਟੀ ਦਾ ਤੇਲ, ਹਥਿਆਰ ਸਭ ਕੁਝ ਹੈ, ਪੁਲਿਸ ਤੁਹਾਡੇ ਨਾਲ ਹੈ। ਸਰਦਾਰਾਂ ਨੂੰ ਕੁਚਲ ਦੇਵੋ।"

ਉਸਨੂੰ ਯਾਦ ਆ ਰਿਹਾ ਸੀ ਕਿ ਕਿਵੇਂ ਉਸਦੇ ਘਰ ਦੇ 12 ਜੀਅ ਇਸ ਦਰਿੰਦੇ ਦੇ ਇਸ਼ਾਰੇ ਉੱਤੇ ਜਿਉਂਦਾ ਸਾੜ ਦਿੱਤੇ ਗਏ ਸੀ। ਅੱਖਾਂ ਦੇ ਸਾਹਮਣੇ ਪਤੀ ਨੂੰ ਗਲੇ ਵਿੱਚ ਟਾਇਰ ਬੰਨ੍ਹ ਕੇ ਸਾੜ ਦਿੱਤਾ ਅਤੇ ਕਿਹਾ ਕਿ "ਦੇਖੋ, ਸਰਦਾਰ ਭੰਗੜਾ ਕਰ ਰਿਹਾ ਹੈ।" ਜੇਠ ਗਿਆਨ ਸਿੰਘ ਦੀਆਂ ਆਂਤੜੀਆਂ ਕਿਵੇਂ ਤਲਵਾਰ ਨਾਲ ਚੀਰ ਦੇਣ ਕਰਕੇ ਬਾਹਰ ਆ ਗਈਆਂ ਸਨ। ਲੱਗ ਰਿਹਾ ਸੀ ਕਿ ਅਜੇ ਵੀ ਖ਼ੂਨ ਸਿਮ ਰਿਹਾ ਹੈ।

31 ਅਕਤੂਬਰ ਨੂੰ ਤਾਂ ਸਿਰਫ਼ ਗੁਰਦੁਆਰਾ ਸਾੜਿਆ ਸੀ ਪਰ 1 ਨਵੰਬਰ ਨੂੰ ਤਾਂ ਪੂਰੀ ਭੀੜ ਹੀ ਆ ਗਈ ਸੀ। ਕੱਚ ਦੀਆਂ ਬੋਤਲਾਂ ਦੇ ਨਾਲ ਹਮਲਾ ਕਰ ਦਿੱਤਾ। ਕਾਂਗਰਸ ਦਾ ਇੱਕ ਲੋਕਲ ਲੀਡਰ ਰਾਮਪਾਲ ਸਰੋਜ ਇਨ੍ਹਾਂ ਦੇ ਨਾਲ ਸੀ। ਤਦੇ ਆਵਾਜ਼ਾਂ ਆਈਆਂ, "ਨੇਤਾ ਜੀ ਆ ਗਏ, ਨੇਤਾ ਜੀ ਆ ਗਏ।" ਗੱਡੀ ਤੋਂ ਭਗਤ ਉਤਰਿਆ ਤੇ ਲੋਕਾਂ ਨੂੰ ਸਿੱਖਾਂ ਨੂੰ ਮਾਰਣ ਲਈ ਉਕਸਾਇਆ।

ਦਰਸ਼ਨ ਕੌਰ ਨੂੰ ਹੁਣ ਯਾਦ ਆ ਰਿਹਾ ਸੀ ਕਿ ਘਰ ਦੇ ਸਾਰੇ ਬੰਦਿਆਂ ਨੂੰ ਕਤਲ ਕਰਨ ਦੇ ਬਾਅਦ ਕਿਵੇਂ ਦਰਿੰਦਿਆਂ ਨੇ ਰਾਤ ਨੂੰ ਉਨ੍ਹਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਸੀ। ਉਸ ਠਿਠੁਰਦੀ ਰਾਤ ਵਿੱਚ ਪੂਰਾ ਨੰਗਾ ਰਖਿਆ ਤੇ ਕਪੜੇ ਸਾੜ ਦਿੱਤੇ। ਦੋ ਸਾਲ ਦਾ ਪੁੱਤਰ ਦਰਸ਼ਨ ਸਿੰਘ ਵੀ ਮਾਂ ਦਾ ਹੱਥ ਛੁੜਾ ਕੇ ਪਤਾ ਨਹੀਂ ਕਿੱਥੇ ਚਲਾ ਗਿਆ ਸੀ। ਤਿੰਨ ਦਿਨਾਂ ਬਾਅਦ ਉਹ ਮਿਲਿਆ ਤਾਂ ਉਹ ਉਸਨੂੰ ਗਲ ਨਾਲ ਲਾ ਕੇ ਰੋਂਦੀ ਰਹੀ ਸੀ।

ਅਗਲੇ ਦਿਨ ਸਵੇਰੇ ਸੜੀ ਹੋਈ ਲਾਸ਼ਾਂ ਦਾ ਮੰਜਰ ਅੱਖਾਂ ਦੇ ਸਾਹਮਣੇ ਆਉਂਦਾ ਜਾ ਰਿਹਾ ਸੀ। ਲਾਸ਼ਾਂ ਨੂੰ ਪਛਾਣਨਾ ਨਾਮੁਮਕਿਨ ਸੀ। ਕਿਵੇਂ ਪੂਰੀ ਰਾਤ ਪੈਦਲ ਚਲ ਕੇ ਪਟਪੜਗੰਜ ਪਹੁੰਚੇ ਤੇ ਫਿਰ ਪਾਂਡਵ ਨਗਰ ਗੁਰਦੁਆਰੇ ਵਿੱਚ ਜਾ ਸ਼ਰਨ ਲਈ। ਪਰ ਦੰਗਾਈਆਂ ਨੇ 2 ਨਵੰਬਰ ਦੀ ਰਾਤ ਨੂੰ ਗੁਰਦੁਆਰੇ ਉੱਤੇ ਵੀ ਹਮਲਾ ਕਰ ਦਿੱਤਾ। ਪੂਰੀ ਰਾਤ ਉਨ੍ਹਾਂ ਨੂੰ ਪੱਥਰ-ਇੱਟਾਂ ਮਾਰ ਕੇ ਉਨ੍ਹਾਂ ਨੂੰ ਭਜਾਉਂਦੀਆਂ ਰਹੀਆਂ।

ਅਦਾਲਤ ਵਿੱਚ ਭਗਤ ਦਾ ਚਿਹਰਾ ਸਾਹਮਣੇ ਆਉਂਦੇ ਹੀ ਉਸਨੂੰ ਇਹ ਸਭ

ਯਾਦ ਆ ਰਿਹਾ ਸੀ।

ਦਰਸ਼ਨ ਕੌਰ ਨੇ ਦੱਸਿਆ, "ਫਿਰ ਮੈਂ ਤਾਂ ਕੁਰਸੀ ਚੁੱਕ ਕੇ ਉਸਨੂੰ ਮਾਰਨ ਹੀ ਵਾਲੀ ਸੀ ਕਿ ਇੱਕ ਮਹਿਲਾ ਪੁਲਿਸ ਨੇ ਮੈਨੂੰ ਫੜ ਲਿਆ।"

ਆਪਣੇ ਪਰਿਵਾਰ ਦੇ ਕਾਤਲ ਨੂੰ ਆਪਣੀਆਂ ਚੱਪਲਾਂ ਨਾਲ ਕੁੱਟ ਕੇ ਦਰਸ਼ਨ ਕੌਰ ਕੁਝ ਰਾਹਤ ਮਹਿਸੂਸ ਕਰ ਰਹੀ ਸੀ। ਪਰ ਅਦਾਲਤ ਵਿੱਚ ਭਗਤ ਨੂੰ ਪਛਾਣਨ ਤਕ ਦਾ ਸਫ਼ਰ ਕੋਈ ਆਸਾਨ ਨਹੀਂ ਸੀ।

ਅਦਾਲਤ ਵਿੱਚ ਪੇਸ਼ੀਆਂ ਤੇ ਗਵਾਹੀਆਂ ਚਲ ਹੀ ਰਹੀਆਂ ਸਨ ਕਿ ਇੱਕ ਦਿਨ ਉਹੀ ਆਤਮਾ ਸਿੰਘ ਲੁਬਾਣਾ 50,000 ਰੁਪਏ ਲੈ ਕੇ ਆ ਗਿਆ ਜਿਸਨੂੰ ਥੋੜ੍ਹਾ ਪੜ੍ਹਿਆ-ਲਿਖਿਆ ਜਾਣ ਕੇ ਗਵਾਹ ਔਰਤਾਂ ਨੂੰ ਅਦਾਲਤ ਵਿੱਚ ਲੈ ਕੇ ਆਣ-ਜਾਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਕੀ ਪਤਾ ਸੀ ਕਿ ਉਸਨੂੰ ਖਰੀਦ ਲਿਆ ਗਿਆ ਹੈ। ਉਸਨੇ ਭਗਤ ਦੇ ਖਿਲਾਫ਼ ਗਵਾਹੀ ਦੇਣ ਤੋਂ ਹਟਾਉਣ ਲਈ ਸਤਨਾਮੀ ਬਾਈ, ਦਰਸ਼ਨ ਕੌਰ ਤੇ ਅਨਵਰ ਕੌਰ ਦਾ ਸੌਦਾ ਕਰ ਲਿਆ ਸੀ।

ਦਰਸ਼ਨ ਕੌਰ ਨੇ ਦੱਸਿਆ, "ਜਦੋਂ ਮੇਰੇ ਕੋਲ ਆਇਆ ਤਾਂ ਕਹਿਣ ਲੱਗਾ ਕਿ ਇਹ ਪੈਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭੇਜੇ ਨੇ। ਮੈਂ ਉਹ ਪੈਸੇ ਰਖ ਲਏ।"

ਪਰ ਜਦੋਂ ਮੇਰੇ ਪਿਤਾ ਜੀ ਨੂੰ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਨੇ ਮੈਨੂੰ ਖ਼ੂਬ ਡਾਂਟਿਆ ਤੇ ਕਿਹਾ ਕਿ ਹੋਵੇ ਨਾ ਹੋਵੇ, ਇਹ ਤੁਹਾਡਾ ਸੌਦਾ ਕਰ ਰਿਹਾ ਹੈ ਤੇ ਖਰੀਦਣ ਲਈ ਪੇਸ਼ਗੀ ਦੇ ਗਿਆ ਹੈ।

ਮੈਂ ਉਸਨੂੰ ਫ਼ੋਨ ਕਰ ਦਿੱਤਾ ਤੇ ਕਿਹਾ ਕਿ ਪਿਤਾ ਜੀ ਬਹੁਤ ਡਾਂਟ ਰਹੇ ਹਨ।" ਫਿਰ ਉਹ ਬੋਲਿਆ, "ਚੰਗਾ ਆਪਣੇ ਕੋਲ ਨਾ ਰਖੋ, ਮੈਂ ਆ ਕੇ ਤੁਹਾਡੇ ਬੱਚਿਆਂ ਦੇ ਨਾਮ ਉੱਤੇ ਜਮਾ ਕਰਾ ਦੇਵਾਂਗਾ।"

"ਹੁਣੇ ਵੀ ਮੈਨੂੰ ਉਸਨੇ ਸਾਫ਼ ਤੌਰ 'ਤੇ ਗਵਾਹੀ ਤੋਂ ਹਟਣ ਲਈ ਨਹੀਂ ਕਿਹਾ ਸੀ। ਪਰ ਪਤਾ ਤਾਂ ਲੱਗਿਆ ਜਦੋਂ ਅਦਾਲਤ ਵਿਚ ਸਤਨਾਮੀ ਬਾਈ ਆਪਣੇ ਬਿਆਨ ਤੋਂ ਬਦਲ ਗਈ ਤੇ ਭੀੜ ਵਿੱਚ ਭਗਤ ਦੇ ਵੇਖੇ ਜਾਣ ਤੋਂ ਹੀ ਇਨਕਾਰ ਕਰ ਦਿੱਤਾ।

ਫਿਰ ਮੇਰੀ ਗਵਾਹੀ ਦੀ ਤਾਰੀਖ਼ ਆਈ ਤਾਂ ਉਸ ਤੋਂ ਇੱਕ ਰਾਤ ਪਹਿਲਾਂ

ਲੁਬਾਣਾ, ਇੱਕ ਹੋਰ ਸਰਦਾਰ ਤੇ ਦੋ ਮੋਨੇ ਲੋਕਾਂ ਦੇ ਨਾਲ ਘਰ ਆ ਗਿਆ। 25 ਲੱਖ ਰੁਪਏ ਮੇਰੇ ਸਾਹਮਣੇ ਰਖ ਦਿੱਤੇ।

ਕਿਹਾ, "ਪੈਸੇ ਲੈ ਲਓ, ਜ਼ਿੰਦਗੀ ਸੰਵਰ ਜਾਏਗੀ। ਕਦੋਂ ਤਕ ਧੱਕੇ ਖਾਂਦੀ ਰਹੋਂਗੀ ? ਦੋ ਪੁੱਤਰ ਬੇਰੋਜ਼ਗਾਰ ਨੇ ਤੇ ਇੱਕ ਪੁੱਤਰ ਜਿਵੇਂ-ਤਿਵੇਂ ਥ੍ਰੀ-ਵਹੀਲਰ ਚਲਾ ਕੇ ਗੁਜਾਰਾ ਕਰ ਰਿਹਾ ਹੈ। ਅਖੀਰ ਕਦੋਂ ਤਕ ਐਵੇਂ ਰਹੋਗੇ ? ਪੈਸੇ ਰੱਖ ਲਓ, ਫਿਰ ਰਾਜੋਰੀ ਗਾਰਡਨ ਵਿੱਚ ਮਕਾਨ ਵੀ ਲੈ ਦੇਵਾਂਗੇ।"

ਦਰਸ਼ਨ ਕੌਰ ਨੇ ਦੱਸਿਆ, "ਹੁਣ ਮੈਂ ਆਪਣੀ ਚੱਪਲ ਲਾਹ ਲਈ ਸੀ ਤੇ ਕਿਹਾ, 'ਜੇਕਰ ਇਨ੍ਹਾਂ ਪੈਸਿਆਂ ਨਾਲ ਮੇਰੇ ਘਰ ਵਿੱਚੋਂ ਗਏ 12 ਲੋਕਾਂ ਵਿੱਚੋਂ ਇੱਕ ਵੀ ਵਾਪਸ ਆ ਸਕਦਾ ਹੈ ਤਾਂ ਦੱਸ।'

ਇਹ ਤੇਵਰ ਵੇਖ ਕੇ ਉਹ ਭੱਜਣ ਲੱਗਾ ਤਾਂ ਮੈਂ ਪੁਲਿਸ ਨੂੰ 100 ਨੰਬਰ 'ਤੇ ਫ਼ੋਨ ਕਰ ਦਿੱਤਾ। ਉਸਨੂੰ ਰਘੁਬੀਰ ਨਗਰ ਥਾਣੇ ਲਿਜਾਇਆ ਗਿਆ, ਥੋੜ੍ਹੀ-ਬਹੁਤ ਕਾਰਵਾਈ ਹੋਈ ਪਰ ਫਿਰ ਛੱਡ ਦਿੱਤਾ ਗਿਆ।"

ਦਰਸ਼ਨ ਕੌਰ ਕਹਿੰਦੀ ਹੈ, "ਸ਼ਾਇਦ ਜਿਨ੍ਹਾਂ ਦੀ ਆਤਮਾ ਵਿੱਕ ਚੁੱਕੀ ਹੋਵੇ, ਉਹ ਮੰਨਦੇ ਨਹੀਂ। ਇੱਕ ਦਿਨ ਜਦੋਂ ਉਹ ਕੋਰਟ ਤੋਂ ਨਿਕਲ ਰਹੀ ਸੀ ਤਾਂ ਤਿੰਨ ਲੋਕ ਮੋਟਰ-ਸਾਈਕਲ 'ਤੇ ਆਏ ਤੇ ਪਿਸਤੌਲ ਵਿਖਾਉਣ ਲੱਗੇ। ਨੇੜੇ ਦੀ ਦੁਕਾਨ ਵੱਲ ਭੱਜ ਕੇ ਜਾਨ ਬਚਾਈ। ਇਸ ਤੋਂ ਬਾਅਦ ਗੁਰਦੁਆਰੇ ਦੇ ਕੋਲ ਤਕਰੀਬਨ 20 ਲੋਕਾਂ ਨੇ ਡਾਂਗਾਂ ਨਾਲ ਹਮਲਾ ਕਰ ਦਿੱਤਾ। ਇਨ੍ਹਾਂ ਵਿੱਚ ਆਤਮਾ ਸਿੰਘ ਲੁਬਾਣਾ ਵੀ ਸ਼ਾਮਿਲ ਸੀ।"

ਦਰਸ਼ਨ ਕੌਰ ਦੀ ਨੱਕ ਤੇ ਮੱਥੇ ਉੱਤੇ ਸੱਟਾਂ ਵੱਜੀਆਂ ਅਤੇ ਖ਼ੂਨ ਨਿਕਲਣ ਲੱਗਾ। ਦਸ ਦਿਨਾਂ ਤਕ ਉਹ ਹਸਪਤਾਲ ਵਿੱਚ ਰਹੀ। ਇਸਦੇ ਬਾਅਦ ਵੀ ਉਹ ਨਹੀਂ ਮੰਨੇ।

ਉਸਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਅਦਾਲਤ ਵਿੱਚ ਕੇਸ ਦੀ ਸੁਣਵਾਈ ਸੀ ਤਾਂ ਉਹ ਸਾਰੀਆਂ ਉਥੇ ਜਾਣ ਤੋਂ ਪਹਿਲਾਂ ਮਾਤਾ ਸੁੰਦਰੀ ਗੁਰਦੁਆਰੇ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਗਈਆਂ। ਸੋਚਿਆ ਸੀ ਕਿ ਗੁਰਦੁਆਰੇ ਤੋਂ ਲੰਗਰ-ਪਾਣੀ ਛੱਕ ਕੇ ਨਿਕਲਿਆ ਜਾਏ। ਇਥੇ ਕਮੇਟੀ ਦੇ

ਮਹਿੰਦਰ ਸਿੰਘ ਮਠਾਰੂ ਨੂੰ ਇਹ ਕਹਿਣ ਦੇ ਬਾਅਦ ਕਿ ਕੋਰਟ ਆਣ-ਜਾਣ ਲਈ ਕੋਈ ਗੱਡੀ ਕਰਵਾ ਦਿਆ ਕਰੋ, ਉਹ ਬਾਹਰ ਲੰਗਰ ਛੱਕਣ ਆ ਗਈਆਂ।

ਹੁਣ ਕਮੇਟੀ ਦਾ ਮੈਂਬਰ ਬਣ ਚੁਕਿਆ ਆਤਮਾ ਸਿੰਘ ਲੁਬਾਣਾ ਵੀ ਉਥੇ ਆ ਗਿਆ। ਉਸਨੇ ਉਥੇ ਹੀ ਗੁਰਦੁਆਰੇ ਵਿੱਚ ਲੰਗਰ ਛੱਕਦੇ ਹੋਏ ਵੇਖ, ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

ਕਹਿਣ ਲੱਗਾ ਕਿ "ਮੇਰੀ ਗੱਲ ਅਜੇ ਵੀ ਮੰਨ ਲਓ ਤੇ ਗਵਾਹੀ ਨਾ ਦੇਵੋ।"

ਹੁਣ ਸਬਰ ਦਾ ਪਿਆਲਾ ਭਰ ਚੁੱਕਿਆ ਸੀ। ਔਰਤਾਂ ਨੇ ਚੱਪਲਾਂ ਚੁੱਕ ਲਈਆਂ। ਉਸਦੇ ਮੂੰਹ ਤੋਂ ਭੈੜੀਆਂ ਗੱਲਾਂ ਸੁਣ ਕੇ ਬਾਕੀ ਲੋਕਾਂ ਨੇ ਉਸਨੂੰ ਫੜ ਲਿਆ। ਫਿਰ ਉਸਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਬਕਾਇਦਾ ਕੇਸ ਬਣਿਆ ਤੇ ਤਿੰਨ ਮਹੀਨਿਆਂ ਤਕ ਜ਼ਮਾਨਤ ਨਹੀਂ ਮਿਲੀ। ਬਾਅਦ ਵਿੱਚ ਜੱਜ ਨੇ ਉਸਨੂੰ ਤਿੰਨ ਮਹੀਨਿਆਂ ਦੀ ਹੀ ਸਜ਼ਾ ਸੁਣਾਈ ਤੇ ਉਨ੍ਹਾਂ ਤਿੰਨ ਮਹੀਨਿਆਂ ਨੂੰ ਹੀ ਜੇਲ ਵਿੱਚ ਰਹਿਣ ਦੀ ਸਜ਼ਾ ਮੰਨ ਲਿਆ ਗਿਆ। ਇਸ ਤੋਂ ਬਾਅਦ ਉਸਨੂੰ ਸ੍ਰੀ ਅਕਾਲ ਤਖ਼ਤ 'ਤੇ ਜਾ ਕੇ ਮੁਆਫ਼ੀ ਮੰਗਣੀ ਪਈ। ਇਹੀ ਨਹੀਂ, ਉਸਨੇ ਦੰਗਾ ਪੀੜਤਾਂ ਤੇ ਲੁਬਾਣਾ ਸਮਾਜ ਵਿੱਚ ਫਿਰ ਤੋਂ ਲਿਖਤੀ ਮੁਆਫ਼ੀ ਵੀ ਮੰਗੀ।

ਇਹ ਘਟਨਾ ਸਿੱਖੀ ਸੰਸਥਾਵਾਂ ਵਿੱਚ ਆ ਗਏ ਨਿਘਾਰ ਨੂੰ ਦਰਸਾਉਂਦੀ ਹੈ। ਆਖਰ ਲੁਬਾਣਾ ਕਮੇਟੀ ਦਾ ਮੈਂਬਰ ਕਿਵੇਂ ਬਣ ਗਿਆ ਤੇ ਉਸਦੀ ਗੁਰਦੁਆਰੇ ਅੰਦਰ ਹੀ ਗਵਾਹਾਂ ਨੂੰ ਧਮਕਾਉਣ ਦੀ ਹਿੰਮਤ ਕਿਵੇਂ ਹੋ ਗਈ ? ਲੀਡਰ ਕਿਸੇ ਪਾਰਟੀ ਦੇ ਵੀ ਰਹੇ ਹੋਣ, ਉਨ੍ਹਾਂ ਦਾ ਦੋਸ਼ ਘੱਟ ਨਹੀਂ ਹੈ। ਸਾਰਿਆਂ ਨੂੰ ਆਪੋ-ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਣ ਦੀ ਲੋੜ ਹੈ।

ਨਾਨਾਵਟੀ ਕਮੀਸ਼ਨ ਨੇ ਭਗਤ ਦੀ ਕਮਜ਼ੋਰ ਸਰੀਰਕ ਹਾਲਤ ਨੂੰ ਵੇਖਦੇ ਹੋਏ ਉਸਦੇ ਖਿਲਾਫ਼ ਕਾਨੂੰਨੀ ਕਾਰਵਾਈ ਨਾ ਕਰਨ ਦੀ ਗੱਲ ਮੰਨ ਲਈ ਸੀ। ਇਸ ਬੀਮਾਰੀ ਵਿੱਚ ਹੀ ਉਹ ਦੁਨੀਆ ਤੋਂ ਵਿਦਾ ਹੋ ਗਿਆ।

ਪਰ ਦਰਸ਼ਨ ਕੌਰ ਬਾਕੀ ਮਾਮਲਿਆਂ ਵਿੱਚ ਵੀ ਕੋਰਟ ਜਾਣਾ ਨਹੀਂ ਭੁੱਲਦੀ। ਲੁਬਾਣਾ ਵਾਲੇ ਮਾਮਲੇ ਦੇ ਬਾਅਦ ਅਦਾਲਤ ਵੱਲੋਂ ਦਰਸ਼ਨ ਕੌਰ ਲਈ ਸੁਰੱਖਿਆ ਮੁਹੱਈਆ ਕਰਾ ਦਿੱਤੀ ਗਈ। ਹੁਣ ਉਸਦੇ ਘਰ ਦੇ ਬਾਹਰ ਵੀ ਸੁਰੱਖਿਆ ਕਰਮੀ

ਮੌਜੂਦ ਨੇ ਤੇ ਕਿਧਰੇ ਵੀ ਆਣ-ਜਾਣ 'ਤੇ ਪੀ.ਸੀ.ਓ. ਨਾਲ ਹੁੰਦੀ ਹੈ।

ਦਰਸ਼ਨ ਕੌਰ ਨੂੰ ਗਿਲਾ ਹੈ ਕਿ ਕੌਮ ਦੇ ਲੀਡਰਾਂ ਨੇ ਵੀ ਉਨ੍ਹਾਂ ਵਿਧਵਾਵਾਂ ਦੀ ਸਾਰ ਨਹੀਂ ਲਈ ਜਿਨ੍ਹਾਂ ਨੇ ਐਨਾ ਦੁਖਾਂਤ ਸਹਾਰਿਆ ਹੈ। ਜੇਕਰ ਇਹੀ ਸ਼ੁਰੂ ਤੋਂ ਇਨ੍ਹਾਂ ਗ਼ਰੀਬ ਵਿਧਵਾਵਾਂ ਦੀ ਸਾਰ ਲੈਂਦੇ ਤਾਂ ਦੋਖੀ ਕਿਵੇਂ ਬਚਦੇ ? ਇਨ੍ਹਾਂ ਦਾ ਸਾਥ ਦੇਣ ਦੀ ਗੱਲ ਤਾਂ ਦੂਰ ਰਹੀ, ਇਹ ਤਾਂ ਇਨ੍ਹਾਂ ਨੂੰ ਦੁਤਕਾਰਨ ਤੇ ਗਵਾਹਾਂ ਨੂੰ ਤੋੜਣ ਵਿੱਚ ਹੀ ਲੱਗ ਗਏ। ਇਹ ਕਹਿੰਦੇ ਹੋਏ ਦਰਸ਼ਨ ਕੌਰ ਦੇ ਚਿਹਰੇ 'ਤੇ ਨਿਰਾਸਤਾ ਦੇ ਭਾਵ ਆ ਜਾਂਦੇ ਨੇ ਜੋ ਸਿੱਖ ਇਤਿਹਾਸ ਵਿੱਚ ਇਸ ਦੁਖਦ ਅਧਿਆਏ ਨੂੰ ਹੋਰ ਕਲੰਕਿਤ ਕਰ ਦਿੰਦਾ ਹੈ। ਸਿੱਖ ਲੀਡਰ ਤੇ ਸੰਸਥਾਵਾਂ ਸਿੱਖ ਗਵਾਹਾਂ ਨੂੰ ਸੁਰੱਖਿਆ ਨਾ ਦੇ ਸਕੀਆਂ। ਦਿੱਲੀ ਕਮੇਟੀ ਵਿੱਚ ਗ੍ਰੰਥੀ ਹੋਣ ਦੇ ਬਾਵਜੂਦ ਸੁਰਿੰਦਰ ਸਿੰਘ ਬਿਆਨ ਬਦਲ ਗਿਆ। ਦਿੱਲੀ ਕਮੇਟੀ ਦੇ ਪ੍ਰਧਾਨ ਪ੍ਰਹਿਲਾਦ ਸਿੰਘ ਚੰਢੋਕ ਨੇ ਟਾਈਟਲਰ ਨੂੰ ਸਿਰੋਪਾਓ ਦਿੱਤਾ। ਉਸ ਤੋਂ ਪਹਿਲਾਂ ਤੇ ਬਾਅਦ ਦੀਆਂ ਦੂਜੀਆਂ ਕਮੇਟੀਆਂ ਦੇ ਸਮੇਂ ਕੇਸ ਖਰਾਬ ਕਰਨ ਦੇ ਦੋਸ਼ ਲੱਗੇ।

ਵਿਚਾਰਨ ਦੀ ਲੋੜ ਹੈ ਕਿ ਕਿਤੇ ਸਾਡੇ ਗੁਰਦੁਆਰਾ ਪ੍ਰਬੰਧ ਉੱਤੇ ਵੱਖ-ਵੱਖ ਰਾਜਨੀਤਕ ਦਲਾਂ ਦੀ ਸੋਚ ਤਾਂ ਹਾਵੀ ਨਹੀਂ ਹੋ ਗਈ। ਕਿਤੇ ਫੈਸਲੇ ਗੁਰ ਸਿਧਾਂਤਾਂ ਦੇ ਬਜਾਏ ਰਾਜਨੀਤਕ ਦਬਾਅ ਵਿੱਚ ਤਾਂ ਨਹੀਂ ਲਏ ਜਾਂਦੇ ?

ਕੀ ਇਸ ਨਾਲ ਹੁਣ ਅਨਿਆਂ ਦੇ ਖਿਲਾਫ਼ ਜੰਗ ਖ਼ਤਮ ਹੋ ਗਈ ?

ਨਹੀਂ - ਦਰਸ਼ਨ ਕੌਰ ਕਹਿੰਦੀ ਹੈ ਕਿ ਭਗਤ ਭਲੇ ਹੀ ਮਰ ਗਿਆ ਹੋਵੇ ਪਰ ਟਾਈਟਲਰ ਤੇ ਸੱਜਣ ਕੁਮਾਰ ਜ਼ਿੰਦਾ ਨੇ ਤੇ ਹੁਣ ਉਹ ਹੁਣ ਸੀ.ਬੀ.ਆਈ. ਨੂੰ ਉਨ੍ਹਾਂ ਗਵਾਹਾਂ ਤਕ ਲੈ ਕੇ ਜਾਂਦੀ ਹੈ ਜਿਨ੍ਹਾਂ ਨੇ ਇਨ੍ਹਾਂ ਨੂੰ ਭੀੜ ਨੂੰ ਮਾਰਨ ਲਈ ਕਹਿੰਦਿਆਂ ਵੇਖਿਆ-ਸੁਣਿਆ ਸੀ। ਉਹ ਦਾਅਵਾ ਕਰਦੀ ਹੈ ਕਿ ਉਹ ਹੁਣ ਤਕ ਸੀ.ਬੀ.ਆਈ. ਨੂੰ ਅਜਿਹੇ 11 ਲੋਕਾਂ ਨਾਲ ਮਿਲਵਾ ਚੁੱਕੀ ਹੈ।

ਜਦੋਂ ਮੈਂ ਦਰਸ਼ਨ ਕੌਰ ਨੂੰ ਮਿਲਣ ਉਸਦੇ ਘਰ ਪਹੁੰਚਿਆ ਤਾਂ ਪਤਾ ਨਹੀਂ ਕਿੱਥੋਂ ਉਸਨੇ ਘਰ ਵਿੱਚੋਂ ਹੀ ਮੈਨੂੰ ਸਨਮਾਨਿਤ ਕਰਨ ਲਈ ਸਿਰੋਪਾਓ ਮੰਗਵਾ ਲਿਆ ਸੀ। ਪਰ ਮੈਂ ਉਹ ਸਿਰੋਪਾਓ ਉਸਦੇ ਗਲੇ ਵਿੱਚ ਹੀ ਪਾ ਦਿੱਤਾ। ਆਖਰ ਉਹੀ ਉਸਦੀ ਸੱਚੀ ਹੱਕਦਾਰ ਹੈ।

❖ ❖ ❖

ਸਿਰਾਂ ਦੇ ਮੁੱਲ

ਸਿੱਖ ਇਤਿਹਾਸ ਵਿੱਚ ਦੋ ਦਫ਼ਾ ਅਜਿਹਾ ਵਕਤ ਆਇਆ ਜਦੋਂ ਸਿੱਖਾਂ ਦੇ ਸਿਰਾਂ ਦੀ ਕੀਮਤ ਤੈਅ ਕਰ ਦਿੱਤੀ ਗਈ ਸੀ। ਜੋ ਵੀ ਸਿੱਖ ਦਾ ਸਿਰ ਵੱਢ ਕੇ ਲਿਆਏ, ਉਸਨੂੰ ਤੁਰੰਤ ਇਨਾਮ ਦਿੱਤਾ ਜਾਂਦਾ ਸੀ। ਸਿੱਖਾਂ ਦੇ ਇਨ੍ਹਾਂ ਕਤਲੇਆਮਾਂ ਨੂੰ 'ਛੋਟਾ ਘਲੂਘਾਰਾ' ਤੇ 'ਵੱਡਾ ਘਲੂਘਾਰਾ' ਕਹਿ ਕੇ ਯਾਦ ਕੀਤਾ ਜਾਂਦਾ ਹੈ।

'ਛੋਟਾ ਘਲੂਘਾਰਾ' 1746 ਈ. ਵਿੱਚ ਲਾਹੌਰ ਦੇ ਮੁਗ਼ਲ ਗਵਰਨਰ ਯਹੀਆ ਖ਼ਾਨ ਤੇ ਦੀਵਾਨ ਲਖਪਤ ਰਾਇ ਨੇ ਕੀਤਾ ਸੀ। 'ਵੱਡਾ ਘਲੂਘਾਰਾ' 1762 ਈ. ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਕਹਿਣ 'ਤੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਕੀਤਾ ਸੀ। ਦੋਵੇਂ ਵਾਰ ਸਤਾ ਵਿੱਚ ਬੈਠੀਆਂ ਤਾਕਤਾਂ ਨੇ ਸਿੱਖਾਂ ਦਾ ਬੀਜ ਨਾਸ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ।

ਪਰ 'ਤੀਜਾ ਘਲੂਘਾਰਾ' ਆਜ਼ਾਦ ਭਾਰਤ ਦੀ ਰਾਜਧਾਨੀ ਵਿੱਚ 1 ਨਵੰਬਰ 1984 ਨੂੰ ਸ਼ੁਰੂ ਹੋਇਆ ਜਿਸ ਵਿੱਚ ਫਿਰ ਸਿੱਖਾਂ ਨੂੰ ਮਾਰਨ ਲਈ ਇਨਾਮਾਂ ਦਾ ਐਲਾਨ ਕੀਤਾ ਗਿਆ ਸੀ।

ਨਾਨਾਵਟੀ ਕਮੀਸ਼ਨ ਦੀ ਰਿਪੋਰਟ ਦੇ ਪੰਨਾ ਨੰਬਰ 87 'ਤੇ ਸੁਲਤਾਨਪੁਰੀ ਸਬੰਧੀ ਬਿਆਨ ਮੋਤੀ ਸਿੰਘ ਦਾ ਬਿਆਨ ਦਰਜ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ 'ਸੱਜਣ ਕੁਮਾਰ ਨੇ ਉਥੇ ਇਕੱਠੀ ਹੋਈ ਭੀੜ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਸੀ ਕਿ ਜਿਸਨੇ ਵੀ ਰੋਸ਼ਨ ਸਿੰਘ ਤੇ ਭਾਗ ਸਿੰਘ ਦੀ ਹੱਤਿਆ ਕੀਤੀ ਹੈ, ਉਨ੍ਹਾਂ ਨੂੰ 5000 ਰੁਪਏ ਇਨਾਮ ਦਿੱਤਾ ਜਾਏਗਾ। ਜੋ ਬਾਕੀ ਸਿੱਖਾਂ ਨੂੰ ਮਾਰਨਗੇ, ਉਨ੍ਹਾਂ ਨੂੰ ਪ੍ਰਤੀ ਵਿਅਕਤੀ 1000 ਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਇਸ 'ਤੇ ਕਾਂਗਰਸ ਦੇ ਲੋਕਲ ਨੇਤਾ ਨੱਥੂ ਪ੍ਰਧਾਨ ਅੱਗੇ ਆਇਆ ਤੇ ਕਹਿਣ ਲੱਗਾ ਕਿ "ਅਸੀਂ ਇਸ ਕੰਮ ਨੂੰ ਅੰਜਾਮ ਦੇਵਾਂਗੇ।"

ਪੁਲਿਸ ਰਿਕਾਰਡ ਦੱਸਦਾ ਹੈ ਕਿ ਇਸਦੇ ਬਾਅਦ ਸਿਰਫ਼ ਸੁਲਤਾਨਪੁਰੀ ਵਿੱਚ 400 ਤੋਂ ਵੱਧ ਸਿੱਖ ਮਾਰੇ ਗਏ। ਮੋਤੀ ਸਿੰਘ ਨੇ ਇਥੇ ਆਪਣੇ ਦੋ ਪੋਤਰੇ ਗੁਆਏ।

ਸਿੱਖਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਾਲੇ ਇੱਕ ਪੁਲਿਸ ਵਾਲੇ ਨੂੰ ਦੰਗਾਈਆਂ ਦਾ ਇਹ ਕਹਿਣਾ ਸੀ ਕਿ ਕਿਉਂ ਸਾਡੇ ਪੰਜ-ਪੰਜ ਸੌ ਰੁਪਏ ਬਰਬਾਦ ਕਰ ਰਹੇ ਹੋ ? ਸਾਬਤ ਕਰਦਾ ਹੈ ਕਿ ਦਰਿੰਦੇ ਬਣੇ ਨੇਤਾ ਸਿੱਖਾਂ ਦੇ ਸਿਰਾਂ ਦੀ ਕੀਮਤ ਦੀ ਅਦਾਇਗੀ ਵੀ ਕਰ ਰਹੇ ਸੀ। ਸ਼ਾਇਦ ਇਸ ਮੁੱਲ ਨੂੰ ਉਨ੍ਹਾਂ ਨੇ ਬਾਅਦ ਵਿੱਚ ਵੱਡੇ ਅਹੁਦਿਆਂ 'ਤੇ ਆ ਕੇ ਕਈ ਗੁਣਾ ਵਸੂਲ ਕੀਤਾ।

14 ਅਕਤੂਬਰ 1987 ਨੂੰ ਰੰਗਨਾਥ ਮਿਸ਼ਰਾ ਕਮੀਸ਼ਨ ਦੇ ਸੁਝਾਵਾਂ 'ਤੇ ਅਮਲ ਦੇ ਲਈ ਬਣੀ ਜੈਨ-ਬੈਨਰਜੀ ਕਮੇਟੀ ਨੇ ਦਿੱਲੀ ਪੁਲਿਸ ਨੂੰ ਕਿਹਾ ਕਿ ਦੰਗਾ ਪੀੜਤ ਅਨੇਕ ਕੌਰ ਦੇ ਬਿਆਨ ਦੇ ਅਧਾਰ 'ਤੇ ਸੱਜਣ ਕੁਮਾਰ ਦੇ ਖਿਲਾਫ਼ ਹੱਤਿਆ ਦਾ ਮਾਮਲਾ ਦਰਜ ਹੋਣਾ ਚਾਹੀਦਾ ਹੈ।

ਅਨੇਕ ਕੌਰ ਨੇ 1985 ਵਿੱਚ ਦਿੱਤੇ ਆਪਣੇ ਹਲਫ਼ਨਾਮੇ ਵਿੱਚ ਆਰੋਪ ਲਾਇਆ ਸੀ ਕਿ ਕਿਵੇਂ ਸੱਜਣ ਕੁਮਾਰ ਤੇ ਹੋਰ ਕਾਂਗਰਸੀ ਨੇਤਾਵਾਂ ਨੇ ਭੀੜ ਨੂੰ ਸਿੱਖਾਂ ਨੂੰ ਮਾਰਣ ਲਈ ਉਕਸਾਇਆ ਸੀ। ਕਿਸ ਤਰ੍ਹਾਂ ਸੱਜਣ ਕੁਮਾਰ ਤੇ ਜੈ ਕਿਸ਼ਨ ਜੀਪ ਵਿੱਚ ਆਏ ਸੀ ਤੇ ਜੈ ਕਿਸ਼ਨ ਨੇ ਕਿਹਾ, "ਛੇ ਹੀ ਸਰਦਾਰ ਬਚੇ ਨੇ, ਉਨ੍ਹਾਂ ਨੂੰ ਵੀ ਛੇਤੀ ਖ਼ਤਮ ਕਰ ਦੇਵੋ।" ਸੱਜਣ ਕੁਮਾਰ ਨੇ ਵੀ ਕਿਹਾ, "ਇਨ੍ਹਾਂ ਨੂੰ ਐਨਾ ਮਾਰੋ ਕਿ ਕੋਈ ਨਾ ਬਚੇ।" ਅਨੇਕ ਕੌਰ ਦੇ ਪਤੀ ਵਕੀਲ ਸਿੰਘ ਇਥੇ ਹੀ ਮਾਰੇ ਗਏ ਸੀ।

ਜੈਨ-ਬੈਨਰਜੀ ਕਮੇਟੀ ਭਾਵੇਂ ਕੁਝ ਕਹਿ ਰਹੀ ਸੀ ਪਰ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ। ਆਲਮ ਇਹ ਸੀ ਕਿ ਮੀਡੀਆ ਨੂੰ ਵੀ ਦੋ ਮਹੀਨਿਆਂ ਬਾਅਦ ਪਤਾ ਲੱਗਾ ਕਿ ਸੱਜਣ ਕੁਮਾਰ ਦੇ ਖਿਲਾਫ਼ ਮਾਮਾਲਾ ਦਰਜ ਕਰਨ ਦੀ ਸਿਫ਼ਾਰਸ਼ ਹੋਈ ਹੈ। ਗੱਲ ਸਾਹਮਣੇ ਆਈ ਤਾਂ ਕਮੇਟੀ ਦੇ ਇਸ ਨਿਰਦੇਸ਼ ਦੇ ਖਿਲਾਫ਼ ਹਾਈ ਕੋਰਟ ਤੋਂ ਸਟੇਅ ਲੈ ਲਿਆ ਗਿਆ। ਮਾਮਲਾ ਦੋ ਸਾਲਾਂ ਤਕ ਹਾਈ ਕੋਰਟ ਵਿੱਚ ਹੀ ਲਟਕਿਆ ਰਿਹਾ।

ਬਾਅਦ ਵਿੱਚ 1990 ਵਿੱਚ ਸੀ.ਬੀ.ਆਈ. ਨੇ ਜਾਂਚ ਸ਼ੁਰੂ ਵੀ ਕੀਤੀ ਤਾਂ ਮਾਮਲਾ ਫਿਰ ਦੋ ਸਾਲਾਂ ਤਕ ਲਟਕ ਗਿਆ। ਸੀ.ਬੀ.ਆਈ. ਨੇ ਚਾਲਾਨ ਪੇਸ਼ ਹੀ ਨਾ ਕੀਤਾ। ਤਾਂ ਤਕ ਨਰਸਿਮਹਾ ਰਾਓ ਦੀ ਸਰਕਾਰ ਬਣ ਗਈ।

1984 ਦੇ ਵਕਤ ਗ੍ਰਹਿ ਮੰਤਰੀ ਰਹੇ ਰਾਓ ਨੇ ਹੁਣ ਜਾਂਚ ਤੇ ਮਾਮਲੇ ਨੂੰ

ਦਬਾਉਣ ਵਿੱਚ ਪੂਰੀ ਤਾਕਤ ਲਾ ਦਿੱਤੀ। 1994 ਤਕ ਸੀ.ਬੀ.ਆਈ. ਨੂੰ ਇਹ ਇਜਾਜ਼ਤ ਹੀ ਨਹੀਂ ਦਿੱਤੀ ਕਿ ਉਹ ਅਦਾਲਤ ਵਿਚ ਚਾਰਜ-ਸ਼ੀਟ ਦਾਖਲ ਕਰ ਸਕੇ।

ਕਾਂਗਰਸ ਵਿੱਚ ਅੰਦਰ-ਬਾਹਰ ਹੁੰਦੇ ਰਹਿਣ ਵਾਲੇ ਜਗਮੀਤ ਸਿੰਘ ਬਰਾੜ ਨੇ ਜਦੋਂ ਲੋਕ ਸਭਾ ਵਿੱਚ ਇਸ 'ਤੇ ਸੁਆਲ ਖੜਾ ਕਰ ਦਿੱਤਾ ਤਾਂ ਕੁਝ ਹਲਚਲ ਹੋਈ।

ਇਸੇ ਦੌਰਾਨ ਦਿੱਲੀ ਵਿੱਚ ਭਾਜਪਾ ਦੇ ਮਦਨ ਲਾਲ ਖੁਰਾਣਾ ਦੀ ਸਰਕਾਰ ਬਣ ਚੁੱਕੀ ਸੀ ਜੋ ਕਿ ਸਿੱਖਾਂ ਨੂੰ ਨਿਆਂ ਦਿਵਾਉਣ ਦਾ ਵਾਇਦਾ ਕਰ ਰਹੀ ਸੀ।

ਜੈਨ-ਅਗਰਵਾਲ ਕਮੇਟੀ ਨੇ ਰਾਜਨੀਤਕ ਆਗੂਆਂ ਦੇ ਖਿਲਾਫ਼ ਮਾਮਲਾ ਦਰਜ ਕਰਨ ਲਈ ਕਿਹਾ ਤਾਂ ਉਪ-ਰਾਜਪਾਲ ਮਾਰਕੰਡੇਅ ਸਿੰਘ ਨੇ ਇਸਨੂੰ ਮੰਨ ਲਿਆ। ਪਰ ਹੁਣ ਮਾਰਕੰਡੇਅ ਸਿੰਘ ਨੂੰ ਇਸ ਪਦ ਤੋਂ ਹਟਾ, ਕੇਂਦਰ ਸਰਕਾਰ ਨੇ ਪੂਰੀ ਕੋਸ਼ਿਸ਼ ਕੀਤੀ ਕਿ ਜਿਨ੍ਹਾਂ 21 ਹਲਫ਼ਨਾਮਿਆਂ ਦੇ ਅਧਾਰ 'ਤੇ ਲੀਡਰਾਂ ਦੇ ਖਿਲਾਫ਼ ਮਾਮਲਾ ਦਰਜ ਕਰਨ ਨੂੰ ਕਿਹਾ ਗਿਆ ਹੈ, ਉਨ੍ਹਾਂ ਉੱਤੇ ਕੋਈ ਕਾਰਵਾਈ ਹੀ ਨਾ ਹੋਵੇ।

ਦਿੱਲੀ ਸਰਕਾਰ ਸੀ.ਬੀ.ਆਈ. ਕੋਲ ਗਈ ਤਾਂ ਉਸਨੇ ਕਹਿ ਦਿੱਤਾ ਕਿ ਉਸਨੂੰ ਪਹਿਲਾਂ ਤੋਂ ਹੀ ਬਹੁਤ ਕੰਮ ਹਨ ਅਤੇ ਇਨ੍ਹਾਂ ਮਾਮਲਿਆਂ ਨੂੰ ਨਹੀਂ ਵੇਖ ਸਕਦੀ। ਸੀ.ਬੀ.ਆਈ. ਦਾ ਇਹ ਰੁਖ ਅਜੇ ਤਕ ਕਾਇਮ ਹੈ। ਦਿੱਲੀ ਦੇ ਮੁੱਖ-ਮੰਤਰੀ ਖੁਰਾਣਾ, ਨਰਸਿਮਹਾ ਰਾਓ ਸਰਕਾਰ ਤੋਂ ਦੋਖੀਆਂ ਦੇ ਖਿਲਾਫ਼ ਦਾਖਲ ਸਹੁੰ-ਪੱਤਰ ਦੀ ਮੰਗ ਕਰ ਰਹੇ ਸੀ ਪਰ ਕੇਂਦਰ ਸਰਕਾਰ ਨਹੀਂ ਦੇ ਰਹੀ ਸੀ। ਜਦੋਂ ਹਾਰ ਕੇ ਮਨੁੱਖੀ ਅਧਿਕਾਰ ਆਯੋਗ ਵਿੱਚ ਜਾਣ ਦੀ ਧਮਕੀ ਦਿੱਤੀ ਤਾਂ ਸਹੁੰ-ਪੱਤਰ ਵਾਪਸ ਕੀਤੇ ਪਰ ਦਿੱਲੀ ਦੀ ਪੁਲਿਸ ਖੁਰਾਣਾ ਦੇ ਅਧੀਨ ਨਹੀਂ ਸੀ। ਮਾਮਲਾ ਦਰਜ ਨਹੀਂ ਕੀਤਾ, ਤਾਂ ਨਹੀਂ ਕੀਤਾ। ਇੱਕ ਮੁੱਖ-ਮੰਤਰੀ ਆਪਣੇ ਰਾਜ ਵਿੱਚ ਪੁਲਿਸ ਤੋਂ ਮਾਮਲਾ ਦਰਜ ਕਰਨ ਨੂੰ ਕਹਿ ਰਿਹਾ ਸੀ ਪਰ ਦਰਜ ਨਹੀਂ ਹੋ ਰਿਹਾ ਸੀ।

ਬਾਅਦ ਵਿੱਚ ਸੱਜਣ ਕੁਮਾਰ ਦੇ ਖਿਲਾਫ਼ ਦੋ ਐਨੇ ਕਮਜ਼ੋਰ ਮਾਮਲੇ ਬਣਾਏ ਗਏ ਜੋ ਠਹਿਰ ਹੀ ਨਹੀਂ ਸਕਦੇ ਸੀ। ਇਨ੍ਹਾਂ ਵਿੱਚੋਂ ਇੱਕ ਨੂੰ ਇਹ ਕਹਿੰਦਿਆਂ ਬੰਦ ਕਰ ਦਿੱਤਾ ਗਿਆ ਕਿ 11 ਸਾਲਾਂ ਬਾਅਦ ਗਵਾਹ ਦੇ ਬਿਆਨ ਪੂਰੀ ਤਰ੍ਹਾਂ ਮੇਲ

ਨਹੀਂ ਖਾਂਦੇ।

ਦੂਜੇ ਮਾਮਲੇ ਦੀ ਐਫ.ਆਈ.ਆਰ. ਵਿੱਚ ਸੱਜਣ ਕੁਮਾਰ ਦਾ ਨਾਮ ਹੀ ਨਹੀਂ ਲਿਖਿਆ ਗਿਆ।

ਇਸ ਦੌਰਾਨ ਜਿਸ ਅਨੇਕ ਕੌਰ ਨੇ ਸੱਜਣ ਕੁਮਾਰ ਦੇ ਖਿਲਾਫ਼ 1985 ਵਿੱਚ ਬਿਆਨ ਦਿੱਤਾ ਸੀ, ਉਸਨੂੰ ਦਬਾਅ ਹੇਠ ਲਿਆਇਆ ਜਾ ਚੁੱਕਿਆ ਸੀ। ਉਸਨੇ 1994 ਵਿੱਚ ਆਪਣਾ ਬਿਆਨ ਬਦਲ ਦਿੱਤਾ ਤੇ ਕਿਹਾ ਕਿ ਉਸਨੇ ਸੱਜਣ ਕੁਮਾਰ ਨੂੰ ਨਹੀਂ ਵੇਖਿਆ ਸੀ। ਜਦ ਮੁੱਖ-ਮੰਤਰੀ ਦੀ ਕੋਈ ਸੁਣਵਾਈ ਨਹੀਂ ਸੀ ਤਾਂ ਫਿਰ ਵੇਚਾਰੀ ਇਕੱਲੀ ਵਿਧਵਾ ਕਦੋਂ ਤਕ ਦਬਾਅ ਸਹਿੰਦੀ ?

ਨਾਨਾਵਟੀ ਕਮੀਸ਼ਨ ਨੇ ਸੱਜਣ ਕੁਮਾਰ ਨੂੰ ਸੱਦਿਆ ਤਾਂ ਉਸਨੇ ਕਿਹਾ ਕਿ ਉਸਦੇ ਖਿਲਾਫ਼ ਬਿਆਨ ਬਦਲ ਚੁੱਕੇ ਹਨ।

ਜਸਟਿਸ ਨਾਨਾਵਟੀ ਨੇ ਪੁੱਛਿਆ ਕਿ ਲੋਕ ਉਨ੍ਹਾਂ ਉੱਤੇ ਹੀ ਕਿਉਂ ਦੋਸ਼ ਲਾ ਰਹੇ ਹਨ ? ਤਾਂ ਸੱਜਣ ਕੁਮਾਰ ਕੋਲ ਕੋਈ ਜੁਆਬ ਨਹੀਂ ਸੀ।

ਜਸਟਿਸ ਨਾਨਾਵਟੀ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ "ਸੱਜਣ ਕੁਮਾਰ ਤੇ ਬਲਵਾਨ ਖੋਖਰ ਆਪਣੇ ਇਲਾਕੇ ਦੇ ਪ੍ਰਭਾਵਸ਼ਾਲੀ ਲੋਕ ਹਨ, ਇਨ੍ਹਾਂ ਦੀ ਅਪਰਾਧੀ ਮਾਮਲਿਆਂ ਵਿੱਚ ਦੋਸ਼-ਮੁਕਤੀ ਨੂੰ ਵੱਧ ਮਹੱਤਵ ਨਹੀਂ ਦਿੱਤਾ ਜਾ ਸਕਦਾ। ਇਸ 'ਤੇ ਨਵੇਂ ਸਿਰਿਓਂ ਮਾਮਲੇ ਦਰਜ ਹੋਣ।"

ਇਸਦੇ ਬਾਅਦ ਜਾ ਕੇ ਨਾਨਾਵਟੀ ਕਮੀਸ਼ਨ ਦੇ ਕਹਿਣ 'ਤੇ ਤਿੰਨ ਮਾਮਲੇ ਅਗਸਤ 2005 ਵਿੱਚ ਦਰਜ ਹੋਏ। ਇੱਕ ਮਾਮਲੇ ਵਿੱਚ ਨਿਰਪ੍ਰੀਤ ਕੌਰ ਨੇ ਸੱਜਣ ਕੁਮਾਰ ਦੇ ਖਿਲਾਫ਼ ਬਿਆਨ ਦਿੱਤਾ ਹੈ, ਤਾਂ ਦੂਜੇ ਮਾਮਲੇ ਵਿੱਚ ਸੁਲਤਾਨਪੁਰੀ ਦੇ ਛੇ ਗਵਾਹ ਸੱਜਣ ਕੁਮਾਰ ਨੂੰ ਵੇਖਣ ਦੀ ਗੱਲ ਕਹਿੰਦੇ ਹਨ। ਪਰ ਅਜੇ ਬਾਕੀ ਦੋ ਮਾਮਲਿਆਂ ਵਿੱਚ ਸੀ.ਬੀ.ਆਈ. ਨੇ ਚਾਰਜ-ਸ਼ੀਟ ਦਾਖਲ ਨਹੀਂ ਕੀਤੀ ਹੈ।

ਸੱਜਣ ਕੁਮਾਰ ਦੇ ਖਿਲਾਫ਼ ਗਵਾਹੀ ਦੇਣ ਵਾਲੀ ਅਤੇ ਬਾਅਦ ਵਿੱਚ ਦਬਾਅ ਤੇ ਲਾਲਚ ਹੇਠ ਬਦਲਣ ਵਾਲੀ ਅਨੇਕ ਕੌਰ ਦੀ ਨਨਾਣ ਮਿਸ਼ਰੀ ਕੌਰ ਨੇ ਤਹਿਲਕਾ ਮੈਗਜ਼ੀਨ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਮੰਨਿਆ ਕਿ ਅਨੇਕ ਕੌਰ ਨੂੰ ਲਾਲਚ ਦਿੱਤਾ ਗਿਆ ਸੀ ਕਿ ਜ਼ਿੰਦਗੀ ਭਰ ਉਸਦਾ ਖਰਚਾ ਚੁੱਕਿਆ

ਜਾਏਗਾ, ਅਤੇ ਫ਼ਲੈਟ ਵੀ ਦਿੱਤਾ ਜਾਵੇਗਾ। ਇੰਸਪੈਕਟਰ ਰਾਠੀ ਨੇ ਅਨੇਕ ਕੌਰ ਤੋਂ ਇੱਕ ਬਿਆਨ 'ਤੇ ਅੰਗੂਠੇ ਦਾ ਨਿਸ਼ਾਨ ਲਵਾ ਲਿਆ। ਦੋ ਸਾਲ ਤਕ ਪੈਸਾ ਵੀ ਦਿੱਤਾ ਗਿਆ ਪਰ ਬਾਅਦ ਵਿੱਚ ਬੰਦ ਕਰ ਦਿੱਤਾ ਗਿਆ। ਇਸ ਦੌਰਾਨ ਅਨੇਕ ਕੌਰ ਦੀ ਮੌਤ ਹੋ ਗਈ ਤਾਂ 2002 ਵਿੱਚ ਜੱਜ ਨੇ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ।

ਜੱਜ ਨੇ ਨਿਰਾਸਤਾ ਜਤਾਉਂਦੇ ਹੋਏ ਕਿਹਾ, "ਸੀ.ਬੀ.ਆਈ. ਆਰੋਪੀਆਂ ਦੇ ਖਿਲਾਫ਼ ਮਾਮਲਾ ਸਾਬਤ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ।"

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸੀ.ਬੀ.ਆਈ. ਨੇ ਅਦਾਲਤ ਦੇ ਇਸ ਫ਼ੈਸਲੇ ਨੂੰ ਚੁਣੌਤੀ ਦੇਣ ਵਿੱਚ ਪੰਜ ਸਾਲ ਲਾ ਦਿੱਤੇ। ਹੁਣ ਤਕ ਇਸ ਮਾਮਲੇ ਵਿੱਚ ਬਹਿਸ ਸ਼ੁਰੂ ਨਹੀਂ ਹੋ ਸਕੀ ਹੈ।

ਅਨੇਕ ਕੌਰ ਮਰ ਚੁੱਕੀ ਹੈ ਪਰ ਮਾਰਚ 2007 ਵਿੱਚ ਸੀ.ਬੀ.ਆਈ. ਨੇ ਤਿੰਨ ਹੋਰ ਗਵਾਹਾਂ ਦੇ ਨਾਮ ਦਿੱਤੇ ਜਿਨ੍ਹਾਂ ਨੇ ਸੱਜਣ ਕੁਮਾਰ ਨੂੰ ਦੰਗਿਆਂ ਦੀ ਅਗਵਾਈ ਕਰਦਿਆਂ ਵੇਖਿਆ ਸੀ। ਪਰ ਦੋ ਸਾਲਾਂ ਤੋਂ ਸੁਣਵਾਈ ਨਹੀਂ ਸ਼ੁਰੂ ਹੋ ਸਕੀ ਹੈ।

ਸੁਆਲ ਇਹ ਹੈ ਕਿ ਜਦੋਂ ਸੀ.ਬੀ.ਆਈ. ਦੇ ਕੋਲ ਗਵਾਹ ਸਨ ਤਾਂ ਉਸਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਿੱਚ ਪੰਜ ਸਾਲ ਕਿਉਂ ਲਾ ਦਿੱਤੇ ? 12 ਸਾਲਾਂ ਬਾਅਦ ਐਫ਼.ਆਈ.ਆਰ. ਦਰਜ ਹੋਈ ਸੀ ਤੇ ਹੁਣ 25 ਵਰ੍ਹੇ ਬੀਤ ਚੁੱਕੇ ਹਨ।

ਜਗਦੀਸ਼ ਕੌਰ ਨੇ ਨਾਨਾਵਟੀ ਕਮੀਸ਼ਨ ਨੂੰ ਦਿੱਤੇ ਆਪਣੇ ਹਲਫ਼ਨਾਮੇ ਵਿੱਚ ਕਿਹਾ ਹੈ ਕਿ ਜਦੋਂ 2 ਨਵੰਬਰ ਨੂੰ ਉਹ ਪੁਲਿਸ ਥਾਣੇ ਜਾ ਰਹੀ ਸੀ ਤੇ ਮੰਗਲਾ ਪੁਰੀ ਦੇ ਮੰਦਰ ਕੋਲ ਪੁੱਜੀ ਤਾਂ ਸੱਜਣ ਕੁਮਾਰ ਨੂੰ ਉਥੇ ਇਕੱਠੇ ਹੋਏ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਕਿ, "ਸਰਦਾਰ ਸਾਲਾ ਕੋਈ ਨਹੀਂ ਬਚਣਾ ਚਾਹੀਏ।"

ਪੁਲਿਸ ਨੇ ਪਹਿਲਾਂ ਇਸ ਦੇ ਬਿਆਨ ਦਰਜ ਨਹੀਂ ਕੀਤੇ ਸੀ। ਜਦੋਂ ਉਹ ਸ਼ਿਕਾਇਤ ਦਰਜ ਕਰਾਉਣ ਥਾਣੇ ਜਾ ਰਹੀ ਸੀ ਤਾਂ ਐਸ.ਐਚ.ਓ. ਨੂੰ ਕਿਸੇ ਨਾਲ ਇਹ ਗੱਲ ਕਰਦਿਆਂ ਸੁਣਿਆ ਕਿ "ਕਿੰਨੇ ਮੁਰਗੇ ਭੁੰਨ ਦਿੱਤੇ ?"।

ਰਾਜ ਨਗਰ ਦੇ ਜਸਬੀਰ ਸਿੰਘ ਨੇ ਕਿਹਾ ਹੈ ਕਿ ਉਹ ਖ਼ੁਦ ਕਾਂਗਰਸੀ ਵਰਕਰ

ਸੀ, ਇਸ ਲਈ ਸੱਜਣ ਕੁਮਾਰ, ਬਲਵਾਨ ਖੋਖਰ ਤੇ ਮਹਿੰਦਰ ਯਾਦਵ ਨੂੰ ਜਾਣਦੇ ਸੀ। ਪਰ ਜਦੋਂ ਉਹ ਪੁਲਿਸ ਥਾਣੇ ਰਿਪੋਰਟ ਲਿਖਵਾਉਣ ਗਏ ਤਾਂ ਪੁਲਿਸ ਨੇ ਕਿਹਾ ਕਿ ਸੰਪਤੀ ਦੇ ਨੁਕਸਾਨ ਦੀ ਗੱਲ ਲਿਖਵਾਓ, ਕਿਸੇ ਦਾ ਨਾਮ ਲਿਖਵਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਨੇ ਸੱਜਣ ਕੁਮਾਰ ਦਾ ਨਾਂ ਲਿਆ ਸੀ ਪਰ ਪੁਲਿਸ ਨੇ ਰਿਪੋਰਟ ਦਰਜ ਹੀ ਨਹੀਂ ਕੀਤੀ।

ਸੁਰਿੰਦਰ ਸਿੰਘ ਲੁਧਿਆਣਾ ਵਿੱਚ ਹੈ ਜਿਸਨੇ ਨਾਨਾਵਟੀ ਕਮੀਸ਼ਨ ਨੂੰ ਹਲਫ਼ਨਾਮਾ ਦੇ ਕੇ ਕਿਹਾ ਹੈ ਕਿ ਉਸਨੇ ਸੱਜਣ ਕੁਮਾਰ ਨੂੰ ਵੇਖਿਆ ਸੀ। ਖੇਰ ਸਿੰਘ ਨੇ ਵੀ ਅਜਿਹਾ ਹੀ ਬਿਆਨ ਦਿੱਤਾ ਹੈ।

ਗਵਾਹ ਤਾਂ ਹਨ ਪਰ ਨਿਆਂ ਦਾ ਚੱਕਰ ਜਿਸ ਤਰ੍ਹਾਂ ਨਾਲ ਚਲ ਰਿਹਾ ਹੈ, ਉਸਨੂੰ ਤੇ ਸੀ.ਬੀ.ਆਈ. ਦੇ ਇਰਾਦਿਆਂ 'ਤੇ ਪਏ ਅਸ਼ੰਕਾਵਾਂ ਦੇ ਬੱਦਲਾਂ ਨੂੰ ਵੇਖਦੇ ਹੋਏ ਇਹ ਕਹਿ ਸਕਣਾ ਮੁਸ਼ਕਿਲ ਹੈ ਕਿ ਨਿਆਂ ਹੋ ਸਕੇਗਾ। ਨਿਆਂ ਪ੍ਰਣਾਲੀ ਜਿਸ ਤਰ੍ਹਾਂ ਨਾਕਾਮ ਰਹੀ ਹੈ, ਉਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰਾਂ, ਪੁਲਿਸ ਤੇ ਪ੍ਰਸ਼ਾਸਨ ਨਹੀਂ ਚਾਹੁੰਦਾ ਸੀ ਕਿ ਸੱਜਣ ਕੁਮਾਰ ਨੂੰ ਸਜ਼ਾ ਹੋਵੇ।

ਅੱਜ ਜਦੋਂ ਇਹ ਪੀੜਤ ਕਹਿੰਦੇ ਹਨ ਕਿ ਦੇਸ਼ ਵਿੱਚ ਉਨ੍ਹਾਂ ਲਈ ਨਿਆਂ ਨਹੀਂ ਹੈ ਤਾਂ ਨਾਮੋਸ਼ੀ ਹੁੰਦੀ ਹੈ। ਇਨ੍ਹਾਂ ਨੂੰ ਕੀ ਜੁਆਬ ਦੇਈਏ, ਇਹ ਸਮਝ ਵਿੱਚ ਨਹੀਂ ਆਉਂਦਾ।

❖ ❖ ❖

ਕਤਲੇਆਮ ਤੇ ਸਤਾ ਦੀ ਪੌੜੀ

ਬੇਹਦ ਹਲੀਮੀ ਤੇ ਸ਼ਾਂਤ ਤਰੀਕੇ ਨਾਲ ਬੋਲਣ ਵਾਲਾ ਇਹ ਸ਼ਖ਼ਸ ਨਵੇਂ ਕਪੜੇ

ਪਾਏ ਇਤਿਹਾਸਕ ਅਸ਼ੋਕ ਹਾਲ ਵਿੱਚ ਖੜਾ ਸੀ। ਉਹ 1984 ਦੇ ਦੰਗਿਆਂ ਦੇ ਫੌਰੀ ਬਾਅਦ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਵਿੱਚ ਪਹਿਲੀ ਵਾਰ ਕੇਂਦਰੀ ਮੰਤਰੀ ਬਣ ਰਿਹਾ ਸੀ। ਉਸਨੂੰ ਵੇਖ ਕੇ ਸ਼ਾਇਦ ਕੁਝ ਹੋਰ ਕਾਗਰਸੀ ਨੇਤਾਵਾਂ ਨੂੰ ਈਰਖਾ ਹੋ ਰਹੀ ਸੀ। ਸਿੱਖ ਕਤਲੇਆਮ ਦੇ ਤੁਰੰਤ ਬਾਅਦ ਚੋਣਾਂ ਅਤੇ ਚੋਣਾਂ ਦੇ ਤੁੰਰਤ ਬਾਅਦ ਮੰਤਰੀ ਪਦ ਦਾ ਇਨਾਮ। ਰਾਜਨੀਤਕ ਪੌੜ੍ਹੀਆਂ ਚੜ੍ਹਣ ਦਾ ਕਿੰਨਾ ਸਿੱਧਾ ਤੇ ਆਸਾਨ ਫਾਰਮੂਲਾ ਸੀ।

ਸਿੱਖ ਕਤਲੇਆਮ ਵਿੱਚ ਦਿੱਲੀ ਵਿਖੇ ਜਿਸਦੇ ਇਲਾਕੇ ਵਿੱਚ ਸਭ ਤੋਂ ਜ਼ਿਆਦਾ ਸਿੱਖਾਂ ਦਾ ਕਤਲ ਹੋਇਆ, ਉਸ ਭਗਤ ਨੂੰ ਵੀ ਹੁਣ ਰਾਜ ਮੰਤਰੀ ਤੋਂ ਤਰੱਕੀ ਦੇ ਕੇ ਕੇਂਦਰੀ ਮੰਤਰੀ ਦੀ ਸਹੁੰ ਚੁਕਵਾਈ ਗਈ ਸੀ। ਦੇਸ਼ ਦੀ ਇੱਜ਼ਤ ਤੇ ਸੁਰੱਖਿਆ ਨੂੰ ਬਹਾਲ ਰੱਖਣ ਦੀ ਸਹੁੰ ! ਜਦੋਂ ਕਤਲੇਆਮ ਦੀਆਂ ਹਜ਼ਾਰਾਂ ਵਿਧਵਾਵਾਂ ਤੇ ਬੱਚੇ ਰੋ ਰਹੇ ਸੀ ਤੇ ਲੱਖਾਂ ਹੀ ਸਿੱਖ ਘਰ, ਦੁਕਾਨਾਂ ਤੇ ਫੈਕਟਰੀਆਂ ਲੁੱਟੇ ਜਾਣ 'ਤੇ ਹੰਝੂ ਵਗਾ ਰਹੇ ਸੀ, ਤਾਂ ਇਹ ਕਿਵੇਂ ਨਿਰਦੋਸ਼ਾਂ ਦੀਆਂ ਲਾਸ਼ਾਂ 'ਤੇ ਪੈਰ ਰੱਖ ਕੇ ਸਤਾ ਦੀਆਂ ਪੌੜ੍ਹੀਆਂ 'ਤੇ ਚੜ੍ਹ ਕੇ ਮੁਸਕਰਾ ਰਹੇ ਸੀ।

ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਪੁਲਬੰਗਸ਼ ਗੁਰਦੁਆਰੇ 'ਤੇ ਹਮਲਾ ਹੋਇਆ। ਗੁਰਦੁਆਰੇ ਨੂੰ ਸਾੜਣ ਦੇ ਨਾਲ ਹੀ ਦੰਗਾਈ ਭੀੜ ਨੇ ਉਥੇ ਮੌਜੂਦ ਰਿਟਾਇਰ ਪੁਲਿਸ ਇੰਸਪੈਕਟਰ ਠਾਕੁਰ ਸਿੰਘ ਤੇ ਸੇਵਾਦਾਰ ਬਾਦਲ ਸਿੰਘ ਨੂੰ ਮਾਰ ਦਿੱਤਾ।

ਗੁਰਦੁਆਰੇ ਦੇ ਹੈਡ ਗ੍ਰੰਥੀ ਸੁਰਿੰਦਰ ਸਿੰਘ ਛੱਤ 'ਤੇ ਹੋਣ ਕਰਕੇ ਬਚ ਗਏ ਪਰ ਹਮਲੇ ਦਾ ਪੂਰਾ ਨਜ਼ਾਰਾ ਵੇਖਿਆ। ਬਾਅਦ ਵਿੱਚ ਉਨ੍ਹਾਂ ਨੇ ਸਹੁੰ-ਪੱਤਰ ਵਿੱਚ ਦੱਸਿਆ ਕਿ "1 ਨਵੰਬਰ ਨੂੰ ਜਗਦੀਸ਼ ਟਾਈਟਲਰ ਦੀ ਅਗਵਾਈ ਵਿੱਚ ਭੀੜ ਨੇ ਆਜ਼ਾਦ ਮਾਰਕੀਟ ਦੇ ਕੋਲ ਇਸ ਗੁਰਦੁਆਰੇ ਉੱਤੇ ਹਮਲਾ ਬੋਲਿਆ।"

ਇਲਜ਼ਾਮ ਹੈ ਕਿ ਟਾਈਟਲਰ ਨੂੰ ਜਦੋਂ ਪਤਾ ਲੱਗਾ ਕਿ ਸੁਰਿੰਦਰ ਸਿੰਘ ਗ੍ਰੰਥੀ ਬਚ ਗਏ ਸੀ ਤੇ ਉਨ੍ਹਾਂ ਨੇ ਉਸਨੂੰ ਉਥੇ ਵੇਖਿਆ ਸੀ, ਤਾਂ ਘਟਨਾ ਤੋਂ ਇੱਕ ਹਫ਼ਤੇ ਵਿੱਚ ਹੀ ਉਹ ਉਨ੍ਹਾਂ ਕੋਲ ਪਹੁੰਚ ਗਿਆ। ਦੋ ਪਾਲੀ ਕਾਗਜ਼ ਨਾਲ ਸੀ। ਦਸਤਖਤ ਕਰਨ ਨੂੰ ਕਿਹਾ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ।

ਟਾਈਟਲਰ ਦਾ ਭੀੜ ਨੂੰ ਅਗਵਾਈ ਕਰਨ ਦੀ ਗੱਲ ਸੁਰਿੰਦਰ ਸਿੰਘ ਨੇ

ਨਾਨਾਵਟੀ ਕਮੀਸ਼ਨ ਨੂੰ ਦਿੱਤੇ ਆਪਣੇ ਪਹਿਲੇ ਹਲਫ਼ਨਾਮੇ ਵਿੱਚ ਕਹੀ ਸੀ। ਹੁਣ ਕਮੀਸ਼ਨ ਨੇ ਟਾਈਟਲਰ ਨੂੰ ਪੇਸ਼ ਹੋਣ ਲਈ ਕਹਿ ਦਿੱਤਾ। ਪਰ ਇਲਜ਼ਾਮ ਹੈ ਕਿ ਟਾਈਟਲਰ ਨੇ ਸ਼ਾਇਦ ਸੁਰਿੰਦਰ ਸਿੰਘ ਨੂੰ ਖਰੀਦ ਲਿਆ ਸੀ ਜਾਂ ਉਸਨੂੰ ਮੈਨੇਜ ਕਰ ਲਿਆ ਸੀ।

ਜਦੋਂ ਜਸਟਿਸ ਨਾਨਾਵਟੀ ਨੇ ਪੁੱਛਗਿੱਛ ਕੀਤੀ ਤਾਂ ਉਸਨੇ ਫੌਰਨ ਕਿਹਾ ਕਿ "ਸੁਰਿੰਦਰ ਸਿੰਘ ਗ੍ਰੰਥੀ ਨੇ ਇੱਕ ਹੋਰ ਹਲਫ਼ਨਾਮਾ ਵੀ ਦਿੱਤਾ ਹੈ।" ਇਸ ਵਿੱਚ ਉਹ ਆਪਣੇ ਪਹਿਲੇ ਹਲਫ਼ਨਾਮੇ ਵਿੱਚ ਕਹੇ ਤੋਂ ਪਿੱਛੇ ਹਟ ਗਿਆ ਕਿ ਉਸਨੂੰ ਅੰਗ੍ਰੇਜ਼ੀ ਪੜ੍ਹਨੀ ਨਹੀਂ ਆਉਂਦੀ, ਇਸ ਲਈ ਉਸਨੂੰ ਨਹੀਂ ਪਤਾ ਕਿ ਪਹਿਲੇ ਹਲਫ਼ਨਾਮੇ ਵਿੱਚ ਕੀ ਲਿਖਿਆ ਸੀ।

ਜਸਟਿਸ ਨਾਨਾਵਟੀ ਹੈਰਾਨ ਸੀ ਕਿ ਸੁਰਿੰਦਰ ਸਿੰਘ ਨੇ ਦੂਜਾ ਹਲਫ਼ਨਾਮਾ ਕਿਉਂ ਦਿੱਤਾ ? ਤੇ ਜੇਕਰ ਦਿੱਤਾ ਵੀ ਤਾਂ ਟਾਈਟਲਰ ਨੂੰ ਇਸ ਬਾਰੇ ਵਿੱਚ ਕਿਵੇਂ ਪਤਾ ਲਗਿਆ ?

ਜਸਟਿਸ ਨਾਨਾਵਟੀ ਨੇ ਆਪਣੀ ਰਿਪੋਰਟ ਵਿੱਚ ਵੀ ਕਿਹਾ ਕਿ "ਲਗਦਾ ਹੈ ਕਿ ਇਹ ਦੂਜਾ ਹਲਫ਼ਨਾਮਾ ਕਿਸੇ ਦਬਾਅ ਵਿੱਚ ਦਿੱਤਾ ਗਿਆ ਹੈ। ਜੇਕਰ ਇਸ ਗਵਾਹ ਨੇ ਵਾਕਈ ਭੀੜ ਵਿੱਚ ਟਾਈਟਲਰ ਨੂੰ ਨਹੀਂ ਵੇਖਿਆ ਸੀ ਤਾਂ ਫਿਰ ਉਸਨੂੰ ਕੀ ਲੋੜ ਪਈ ਸੀ ਕਿ ਉਹ ਕਮੀਸ਼ਨ ਦੇ ਸਾਹਮਣੇ ਆ ਕੇ ਕਹਿੰਦਾ ਕਿ ਉਥੇ ਇਸ ਤਰ੍ਹਾਂ ਨਾਲ ਹਮਲਾ ਹੋਇਆ ਸੀ।" ਉਸਨੂੰ 7 ਅਗਸਤ 2002 ਤਕ ਸੱਚ ਕਹਿਣ ਲਈ ਇੰਤਜ਼ਾਰ ਕਰਨ ਦੀ ਲੋੜ ਨਹੀਂ ਸੀ।

ਇਸ ਲਈ ਨਾਨਾਵਟੀ ਕਮੀਸ਼ਨ ਨੇ ਜਦੋਂ ਰਿਪੋਰਟ ਦਿੱਤੀ ਤਾਂ ਕਿਹਾ ਕਿ "ਟਾਈਟਲਰ ਦੇ ਖਿਲਾਫ਼ ਪੁਖਤਾ ਸਬੂਤ ਹਨ ਤੇ ਮਾਮਲੇ ਦਰਜ ਹੋਣੇ ਚਾਹੀਦੇ ਹਨ।" ਇਹੀ ਕਾਰਣ ਸੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਲਈ ਟਾਈਟਲਰ ਨੂੰ ਆਪਣੇ ਮੰਤਰੀ-ਮੰਡਲ ਵਿੱਚ ਰਖਣਾ ਮੁਸ਼ਕਿਲ ਹੋ ਗਿਆ ਸੀ।

ਸੁਰਿੰਦਰ ਸਿੰਘ ਗ੍ਰੰਥੀ ਆਪਣਾ ਦੂਜਾ ਹਲਫ਼ਨਾਮਾ ਦੇਣ ਦੇ 10 ਦਿਨਾਂ ਦੇ ਬਾਅਦ ਹੀ ਕੈਨੇਡਾ ਚਲਾ ਗਿਆ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੋਣ ਦੇ ਬਾਵਜੂਦ ਉਹ ਬਿਨਾ ਤਨਖਾਹ ਦੇ ਛੁੱਟੀ ਲੈ ਕੇ ਗਿਆ ਸੀ। ਆਖਰ ਐਨਾ ਪੈਸਾ ਆਇਆ ਕਿਥੋਂ ? ਬਾਅਦ ਵਿੱਚ ਵਾਪਸ ਆਇਆ ਤਾਂ

ਕਮੇਟੀ ਨੇ ਉਸ ਤੋਂ ਬਿਆਨ ਬਦਲਣ ਬਾਰੇ ਨੋਟਿਸ ਦੇ ਕੇ ਪੁੱਛਿਆ।

ਉਸਨੇ 23 ਮਾਰਚ 2004 ਨੂੰ ਜੁਆਬ ਦਿੱਤਾ ਕਿ "ਜੇਕਰ ਮੇਰੇ ਤੋਂ ਜੁਆਬ ਚਾਹੁੰਦੇ ਹੋ ਤਾਂ ਇਹ ਗਰੰਟੀ ਦੇਵੋ ਕਿ ਮੇਰੀ ਜਾਨ ਤੇ ਸੰਪਤੀ ਦੇ ਨੁਕਸਾਨ ਦੇ ਲਈ ਕਮੇਟੀ ਜ਼ਿੰਮੇਵਾਰ ਹੋਵੇਗੀ।"

ਕਮੇਟੀ ਨੇ ਇਸ ਤੋਂ ਬਾਅਦ ਨੋਟਿਸ ਨਹੀਂ ਦਿੱਤਾ ਪਰ ਉਸ ਵਕਤ ਕਮੇਟੀ ਦੇ ਪ੍ਰਧਾਨ ਪ੍ਰਹਿਲਾਦ ਸਿੰਘ ਚੰਢੋਕ ਜੋ ਕਿ ਸਾਬਕਾ ਕਾਂਗਰਸੀ ਸੀ, ਦੋ ਮਹੀਨਿਆਂ ਬਾਅਦ ਹੀ ਟਾਈਟਲਰ ਨੂੰ ਇੱਕ ਸਮਾਗਮ ਵਿੱਚ ਸਿਰੋਪਾਓ ਤੇ ਕਿਰਪਾਨ ਭੇਟ ਕਰਦੇ ਨਜ਼ਰ ਆਏ। ਮਾਮਲਾ ਸ੍ਰੀ ਅਕਾਲ ਤਖ਼ਤ ਤਕ ਪੁੱਜਾ ਪਰ ਕੋਈ ਸਖਤ ਕਾਰਵਾਈ ਨਹੀਂ ਹੋਈ। ਉਨ੍ਹਾਂ ਸੁਰਿੰਦਰ ਸਿੰਘ ਨੂੰ ਸੁਰੱਖਿਆ ਦੀ ਗਾਰੰਟੀ ਨਹੀਂ ਦਿੱਤੀ।

ਜਦੋਂ ਸਾਰੀ ਸਿੱਖ ਸੰਗਤ ਤੇ ਲੋਕਾਂ ਨੇ ਸੁਰਿੰਦਰ ਸਿੰਘ ਗ੍ਰੰਥੀ ਦੀ ਥੂ-ਥੂ ਕੀਤੀ ਤਾਂ ਸੀ.ਬੀ.ਆਈ. ਦੇ ਸਾਹਮਣੇ ਉਸਨੇ 12 ਫਰਵਰੀ 2008 ਨੂੰ ਫਿਰ ਬਿਆਨ ਦਿੱਤਾ ਤੇ ਟਾਈਟਲਰ 'ਤੇ ਦੋਸ਼ ਦੁਹਰਾਏ। ਉਸਨੇ ਕਿਹਾ ਕਿ ਦੂਜਾ ਹਲਫ਼ਨਾਮਾ ਟਾਈਟਲਰ ਦੇ ਦਬਾਅ ਹੇਠ ਦਿੱਤਾ ਸੀ।

ਹਾਲਾਂਕਿ ਉਸਨੇ ਹੁਣ ਇਹ ਵੀ ਕਿਹਾ ਕਿ "ਜੇਕਰ ਮੈਂ ਮਾਰਿਆ ਗਿਆ ਤਾਂ ਉਸ ਲਈ ਜਗਦੀਸ਼ ਟਾਈਟਲਰ ਜ਼ਿੰਮੇਵਾਰ ਹੋਵੇਗਾ। ਟਾਈਟਲਰ ਨੇ ਮੇਰੇ 'ਤੇ ਦਬਾਅ ਪਾ ਕੇ ਮੇਰੇ ਦਸਤਖਤ ਖਾਲੀ ਕਾਗਜ਼ 'ਤੇ ਲੈ ਲਏ ਸੀ। ਮੈਨੂੰ ਧਮਕੀ ਦਿੱਤੀ ਗਈ ਕਿ ਜੇਕਰ ਉਸਦੇ ਖਿਲਾਫ਼ ਗਿਆ ਤਾਂ ਮੈਨੂੰ ਤੇ ਮੇਰੇ ਪਰਿਵਾਰ ਨੂੰ ਖ਼ਤਮ ਕਰ ਦਿੱਤਾ ਜਾਵੇਗਾ।" ਗ੍ਰੰਥੀ ਹੁਣ ਇਸ ਦੁਨੀਆ ਵਿੱਚ ਨਹੀਂ ਹੈ।

ਟਾਈਟਲਰ ਦੇ ਖਿਲਾਫ਼ ਦੂਜਾ ਗਵਾਹ ਜਸਬੀਰ ਸਿੰਘ ਹੈ ਜਿਸਨੇ ਕਿੰਗਜ਼ਵੇ ਕੈਂਪ ਦੇ ਨੇੜੇ ਟਾਈਟਲਰ ਨੂੰ ਭੀੜ ਦੀ ਅਗਵਾਈ ਕਰਦਿਆਂ ਵੇਖਿਆ ਸੀ। ਉਹ ਅਮਰੀਕਾ ਵਿੱਚ ਰਹਿੰਦਾ ਹੈ। ਪਹਿਲਾਂ ਤਾਂ ਸੀ.ਬੀ.ਆਈ. ਨੇ ਇਹ ਕਿਹਾ ਕਿ ਉਸਦਾ ਪਤਾ ਨਹੀਂ ਲਗ ਰਿਹਾ ਹੈ। ਪਰ ਜਦੋਂ ਮੀਡੀਆ ਵਿੱਚ ਉਸਦਾ ਬਿਆਨ ਆਇਆ ਤੇ ਉਸਨੇ ਦੱਸਿਆ ਕਿ ਉਹ ਅਮਰੀਕਾ ਵਿੱਚ ਹੈ ਤਾਂ ਫਿਰ ਵੀ ਸੀ.ਬੀ.ਆਈ. ਨੇ ਉਸ ਨਾਲ ਗੱਲ ਨਹੀਂ ਕੀਤੀ। ਜਦੋਂ ਅਦਾਲਤ ਨੇ ਉਸਦੇ ਬਿਆਨ ਦਰਜ ਕਰਨ ਲਈ ਕਿਹਾ ਤਾਂ ਕੁਝ ਅਫ਼ਸਰਾਂ ਨੂੰ ਉਥੇ ਭੇਜ ਕੇ ਬਿਆਨ

ਲਏ। ਬਾਅਦ ਵਿੱਚ ਸੀ.ਬੀ.ਆਈ. ਨੇ ਉਸਨੂੰ ਅਵਿਸ਼ਵਾਸੀ ਗਵਾਹ ਦੱਸ ਕੇ ਮਾਮਲਾ ਬੰਦ ਕਰਨ ਨੂੰ ਕਿਹਾ। ਸੁਆਲ ਇਹ ਹੈ ਕਿ ਅਖੀਰ ਸੀ.ਬੀ.ਆਈ. ਕਿਸ ਤਰ੍ਹਾਂ ਗਵਾਹ ਨੂੰ ਅਵਿਸ਼ਵਾਸੀ ਕਹਿ ਸਕਦੀ ਹੈ ? ਜੇਕਰ ਫ਼ੈਸਲਾ ਕਰਨਾ ਹੈ ਤਾਂ ਅਦਾਲਤ ਕਰੇਗੀ।

ਨਿਰਪ੍ਰੀਤ ਕੌਰ ਦੀ ਗੱਲ ਮੰਨੀਏ ਤਾਂ ਪੁਲਬੰਗਸ਼ ਗੁਰਦੁਆਰੇ ਵਿੱਚ ਮਾਰੇ ਗਏ ਸੇਵਾਦਾਰ ਬਾਦਲ ਸਿੰਘ ਦੀ ਪਤਨੀ ਵੀ ਇਹ ਸੱਚ ਦੱਸਣ ਨੂੰ ਤਿਆਰ ਹੈ ਕਿ ਟਾਈਟਲਰ ਦੇ ਕਹਿਣ 'ਤੇ ਹੀ ਗੁਰਦੁਆਰੇ ਉੱਤੇ ਹਮਲਾ ਹੋਇਆ ਸੀ। ਕੋਰਟ ਨੇ ਉਸਨੂੰ ਗਵਾਹੀ ਦੇਣ ਲਈ ਇਜਾਜ਼ਤ ਦਿੱਤੀ ਹੈ।

ਸੀ.ਬੀ.ਆਈ. ਕੀ ਖੇਡ ਖੇਡ ਰਹੀ ਹੈ, ਇਹ ਗੱਲ ਤਾਂ ਹੋਰ ਵੀ ਸਪਸ਼ਟ ਹੋ ਕੇ ਸਾਹਮਣੇ ਆਈ ਜਦੋਂ ਇੰਡੀਅਨ ਐਕਸਪ੍ਰੈਸ ਵਿੱਚ ਰਿਤੂ ਸਰੀਨ ਨੇ 25 ਅਪ੍ਰੈਲ 2009 ਨੂੰ ਇਸ ਗੱਲ ਦਾ ਖੁਲਾਸਾ ਕੀਤਾ ਕਿ ਸੀ.ਬੀ.ਆਈ. ਦੇ ਹੀ ਜਾਇੰਟ ਨਿਰਦੇਸ਼ਕ ਤੇ ਡਿਪਟੀ ਇੰਸਪੈਕਟਰ ਜਰਨਲ ਨੇ ਅੰਦਰੂਨੀ ਰਿਪੋਰਟ ਵਿੱਚ ਕਿਹਾ ਸੀ ਕਿ ਬਾੜਾ ਹਿੰਦੂ ਰਾਵ ਵਿੱਚ ਹੋਏ ਦੰਗਿਆਂ ਨੂੰ ਲੈ ਕੇ ਟਾਈਟਲਰ ਦੇ ਖਿਲਾਫ਼ ਮਾਮਲੇ ਵਿੱਚ ਦਮ ਹੈ। ਪਰ ਇਸਦੇ ਬਾਵਜੂਦ ਸੀ.ਬੀ.ਆਈ. ਨਿਰਦੇਸ਼ਕ ਅਸ਼ਵਨੀ ਕੁਮਾਰ ਨੇ ਟਾਈਟਲਰ ਨੂੰ ਕਲੀਨ ਚਿਟ ਦੇਣ ਦਾ ਫ਼ੈਸਲਾ ਕਰ ਲਿਆ। ਸੀ.ਬੀ.ਆਈ. ਕਦੇ ਵੀ ਹਾਈ-ਪ੍ਰੋਫਾਈਲ ਮਾਮਲਿਆਂ ਨੂੰ ਐਵੇਂ ਹੀ ਬੰਦ ਨਹੀਂ ਕਰਿਆ ਕਰਦੀ। ਇਸ ਮਾਮਲੇ ਵਿੱਚ ਤਾਂ ਸੀ.ਬੀ.ਆਈ. ਨੇ ਅਦਾਲਤ ਨੂੰ ਇਹ ਵੀ ਕਿਹਾ ਸੀ ਕਿ ਉਹ ਅੱਗੇ ਛਾਣਬੀਨ ਕਰਨਾ ਹੀ ਨਹੀਂ ਚਾਹੁੰਦੀ।

ਆਖਰ ਕਿਉਂ ? ਜੇਕਰ ਟਾਈਟਲਰ ਦੋਸ਼ੀ ਨਹੀਂ ਹੈ ਤਾਂ ਕੌਣ ਦੋਖੀ ਸੀ ? ਹੱਤਿਆਵਾਂ ਤਾਂ ਹੋਈਆਂ ਨੇ, ਫਿਰ ਸੀ.ਬੀ.ਆਈ. ਹਤਿਆਰਿਆਂ ਬਾਰੇ ਪਤਾ ਲਾਉਣ ਲਈ ਦਿਲਚਸਪੀ ਕਿਉਂ ਨਹੀਂ ਵਿਖਾ ਰਹੀ ਸੀ ?

ਜਦੋਂ ਇੰਡੀਅਨ ਐਕਸਪ੍ਰੈਸ ਨੇ ਜਸਬੀਰ ਸਿੰਘ ਨਾਲ ਇਸ ਬਾਰੇ ਵਿੱਚ ਗੱਲ ਕੀਤੀ ਤਾਂ ਉਸਨੇ ਕਿਹਾ ਕਿ ਉਹ ਹੈਰਾਨ ਹੈ ਕਿ ਸੀ.ਬੀ.ਆਈ. ਉਸਨੂੰ ਭਰੋਸੇਯੋਗ ਨਾ ਹੋਣਾ ਦੱਸ ਰਹੀ ਹੈ ਜਦਕਿ ਉਸਨੇ ਟਾਈਟਲਰ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਦੇ ਬਾਹਰ ਭੀੜ ਨੂੰ ਇਹ ਕਹਿੰਦੇ ਹੋਏ ਸੁਣਿਆ ਸੀ, "ਸਿੱਖਾਂ ਨੂੰ ਮਾਰਨ 'ਤੇ ਕੁਝ ਨਹੀਂ ਹੋਵੇਗਾ, ਫਿਰ ਵੀ ਤੁਸੀਂ ਲੋਕਾਂ ਨੇ ਐਨੇ ਘੱਟ ਸਿੱਖਾਂ ਨੂੰ ਕਿਉਂ

ਮਾਰਿਆ।''

ਜਸਬੀਰ ਸਿੰਘ ਨੇ ਦੱਸਿਆ ਕਿ "ਸੀ.ਬੀ.ਆਈ. ਵਾਲੇ ਉਸਦੀ ਗਵਾਹੀ ਲੈਣ ਅਮਰੀਕਾ ਆਏ ਸੀ ਤਾਂ ਕਹਿ ਰਹੇ ਸੀ ਕਿ ਇਸ ਮਾਮਲੇ ਵਿੱਚ ਕੁਝ ਹੋਣ ਵਾਲਾ ਨਹੀਂ ਹੈ। ਨਾਲ ਹੀ ਸੀ.ਬੀ.ਆਈ. ਟੀਮ ਦੇ ਆਉਣ ਤੋਂ ਪਹਿਲਾਂ ਹੀ ਉਸਨੇ ਦੱਸ ਦਿੱਤਾ ਸੀ ਕਿ ਇਸੇ ਮਾਮਲੇ ਵਿੱਚ ਰੋਸ਼ਨ ਸਿੰਘ ਤੇ ਚੈਨ ਸਿੰਘ ਵੀ ਆਪਣਾ ਬਿਆਨ ਦੇਣਾ ਚਾਹੁੰਦੇ ਨੇ ਪਰ ਸੀ.ਬੀ.ਆਈ. ਟੀਮ ਨੇ ਉਨ੍ਹਾਂ ਨਾਲ ਗੱਲ ਕਰਨ ਦੀ ਲੋੜ ਹੀ ਨਹੀਂ ਸਮਝੀ।"

ਕਿਉਂ ? ਸਮਝਿਆ ਜਾ ·ਸਕਦਾ ਹੈ ਕਿ ਸੀ.ਬੀ.ਆਈ. ਪਹਿਲਾਂ ਤੋਂ ਹੀ ਆਪਣਾ ਮਨ ਬਣਾ ਚੁਕੀ ਸੀ।

ਜੁੱਤਾ ਪ੍ਰਕਰਣ ਤੋਂ ਬਾਅਦ ਟਿਕਟ ਕੱਟੇ ਜਾਣ ਤੋਂ ਦੁਖੀ ਟਾਈਟਲਰ ਲਗਾਤਾਰ ਆਪਣੇ ਬਚਾਓ ਲਈ ਮੀਡੀਆ ਦੀ ਦੁਰਵਰਤੋਂ ਕੀਤੀ। ਸੁਰਿੰਦਰ ਸਿੰਘ ਦਾ ਉਹ ਬਿਆਨ ਵਿਖਾਇਆ ਗਿਆ ਜਿਸਨੂੰ ਉਸਨੇ ਦਬਾਅ ਵਿੱਚ ਦਿੱਤਾ ਸੀ।

ਪਰ ਇਸ ਸੁਆਲ ਦਾ ਜੁਆਬ ਟਾਈਟਲਰ ਕੋਲ ਨਹੀਂ ਹੈ ਕਿ ਜੇਕਰ ਉਹ ਦੋਸ਼ੀ ਨਹੀਂ ਹੈ ਤਾਂ ਉਨ੍ਹਾਂ ਨੇ ਆਪਣੇ ਇਲਾਕੇ ਵਿੱਚ ਮਾਰੇ ਗਏ ਲੋਕਾਂ ਤੇ ਲੁੱਟੇ ਹੋਏ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕੀ ਕੀਤਾ ? ਉਹ ਇਲਾਕੇ ਦੇ ਵੱਡੇ ਆਗੂ ਸੀ। ਕੀ ਉਨ੍ਹਾਂ ਨੂੰ ਇਹ ਨਹੀਂ ਪਤਾ ਲੱਗਾ ਕਿ ਉਨ੍ਹਾਂ ਦੇ ਇਲਾਕੇ ਵਿੱਚ ਕੌਣ ਸਿੱਖਾਂ ਨੂੰ ਮਾਰ ਰਿਹਾ ਹੈ ਤੇ ਖੁਲੇਆਮ ਲੁੱਟ ਕਰ ਰਿਹਾ ਹੈ ? ਜੇਕਰ ਉਹ ਆਪ ਨਹੀਂ ਸੀ ਤਾਂ ਦੱਸਣ ਕਿ ਕੌਣ ਸੀ ? ਆਖਰ ਉਨ੍ਹਾਂ ਨੇ ਆਪਣੇ ਇਲਾਕੇ ਵਿੱਚ ਦੰਗਾ ਪੀੜਤਾਂ ਲਈ ਨਿਆਂ ਦੀ ਲੜਾਈ ਕਿਉਂ ਨਹੀਂ ਲੜੀ ? ਆਖਰ ਗਵਾਹ ਕਿਉਂ ਬਦਲੇ ਤੇ ਹੁਣ ਉਨ੍ਹਾਂ ਉੱਤੇ ਦਬਾਅ ਪਾਉਣ ਦੇ ਦੋਸ਼ ਲੱਗ ਰਹੇ ਹਨ ?

ਇਹ ਵੀ ਇਲਜ਼ਾਮ ਹੈ ਕਿ ਜੇਕਰ ਪੁਲਿਸ ਨੇ ਕੁਝ ਦੰਗਾਈਆਂ ਨੂੰ ਫੜ ਵੀ ਲਿਆ ਸੀ ਤਾਂ ਉਹ ਉਨ੍ਹਾਂ ਨੂੰ ਛਡਵਾਉਣ ਲਈ ਥਾਣੇ ਕਿਉਂ ਗਏ ਸੀ ? ਜੇਕਰ ਉਹ ਕਹਿ ਰਹੇ ਨੇ ਕਿ ਉਨ੍ਹਾਂ ਦੇ ਕੋਲ 15 ਐਫ.ਆਈ.ਆਰ. ਅਜਿਹੀਆਂ ਹਨ ਜਿਨ੍ਹਾਂ ਵਿੱਚ ਦੰਗੇ ਆਰ.ਐਸ.ਐਸ. ਦੇ ਲੋਕਾਂ ਵੱਲੋਂ ਕਰਾਏ ਜਾਣ ਦਾ ਸਬੂਤ ਹੈ ਤਾਂ ਫਿਰ ਉਹ 25 ਸਾਲਾਂ ਤਕ ਚੁੱਪੀ ਸਾਧ ਕੇ ਕਿਉਂ ਬੈਠੇ ਰਹੇ ? ਹੁਣ ਵੀ ਉਹ ਇਨ੍ਹਾਂ ਐਫ.ਆਈ.ਆਰ. ਨੂੰ ਅੱਗੇ ਰੱਖ ਕੇ ਨਿਆਂ ਦੀ ਲੜਾਈ ਕਿਉਂ ਨਹੀਂ

ਲੜਦੇ ?

ਜੁੱਤਾ ਪ੍ਰਕਰਣ ਦੇ ਬਾਅਦ ਟਿਕਟ ਚਲੀ ਗਈ ਤਾਂ ਇਨ੍ਹਾਂ ਨੇ ਮੇਰੇ ਖਿਲਾਫ਼ ਵੀ ਜੰਮ ਕੇ ਝੂਠੇ ਦੋਸ਼ ਲਾਏ। ਇਨ੍ਹਾਂ ਨੇ ਮੈਨੂੰ ਅਕਾਲੀ ਦਲ ਨਾਲ ਜੁੜਿਆ ਹੋਇਆ ਦੱਸ ਦਿੱਤਾ। ਜਦਕਿ ਮੇਰਾ ਕਿਸੇ ਪਾਰਟੀ ਨਾਲ ਦੂਰ-ਦੂਰ ਤਕ ਕੋਈ ਸਬੰਧ ਨਹੀਂ ਹੈ। ਮੈਂ ਤਾਂ ਸਿਰਫ਼ 25 ਸਾਲਾਂ ਤੋਂ ਹੋ ਰਹੇ ਅਨਿਆਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਸੀ।

5

ਕਤਲੇਆਮ ਦੀ ਤਬਾਹੀ

ਕਤਲੇਆਮ ਦੇ ਅਨਾਥ

ਸਤਪਾਲ ਉਸ ਵੇਲੇ ਸਿਰਫ਼ 13 ਸਾਲਾਂ ਦੀ ਸੀ। ਜੀਵਨ ਤੋਂ ਭਰਪੂਰ ਇੱਕ ਐਸੀ ਖ਼ੁਸ਼ਮਿਜਾਜ਼ ਕੁੜੀ ਜੋ ਪੂਰਾ ਦਿਨ ਸਾਰੇ ਘਰ ਵਿੱਚ ਰੌਣਕ ਲਗਾਈ ਰੱਖਦੀ। ਅਲ੍ਹੜਪਨ ਤੋਂ ਜੁਆਨੀ ਵੱਲ ਕਦਮ ਰਖ ਹੀ ਰਹੀ ਸੀ ਕਿ ਵਹਿਸ਼ੀ ਦੰਗਾਈਆਂ ਦੇ ਹੱਥੋਂ ਮਾਂ, ਪਿਉ ਤੇ ਭਰਾ ਨੂੰ ਇੱਕ ਹੀ ਦਿਨ ਵਿੱਚ ਗੁਆ ਕੇ ਉਹ 'ਮਾਂ' ਬਣ ਗਈ।

'ਮਾਂ' ਉਨ੍ਹਾਂ ਤਿੰਨ ਮਾਸੂਮ ਭੈਣਾਂ ਦੀ ਜਿਨ੍ਹਾਂ ਵਿੱਚੋਂ ਬਲਵਿੰਦਰ ਕੌਰ ਦੀ ਉਮਰ 10 ਸਾਲ ਸੀ, ਮਹਿੰਦਰ ਕੌਰ ਦੀ 8 ਸਾਲ ਤੇ ਸੁਰਿੰਦਰ ਕੌਰ ਦੀ 2 ਸਾਲ। ਉਹ ਖ਼ੁਦ ਅਠਵੀਂ ਜਮਾਤ ਵਿੱਚ ਪੜ੍ਹ ਰਹੀ ਸੀ ਪਰ 1 ਨਵੰਬਰ 1984 ਦੇ ਉਸ ਮਨਹੂਸ ਦਿਨ

ਤੋਂ ਬਾਅਦ ਸਕੂਲ ਦਾ ਮੂੰਹ ਕਦੇ ਨਾ ਦੇਖ ਸਕੀ। ਦੇਖਦੀ ਵੀ ਕਿਵੇਂ, ਛੋਟੀ ਭੈਣਾਂ ਨੂੰ ਪਾਲਨ, ਖਿਡਾਉਣ ਤੇ ਲੋਰੀ ਦੇ ਕੇ ਸੁਆਉਣ ਵਾਲਾ ਕੋਈ ਨਹੀਂ ਸੀ ਰਿਹਾ। ਇੱਕ 13 ਸਾਲਾਂ ਦੀ ਕੁੜੀ ਜੋ ਖ਼ੁਦ ਅਜੇ ਬੱਚੀ ਸੀ, ਤਿੰਨ ਮਾਸੂਮ ਭੈਣਾਂ ਦੀ ਪਰਵਰਿਸ਼ ਦੀ ਜ਼ਿੰਮੇਵਾਰੀ ਉਸਦੇ ਸਿਰ ਆ ਚੁੱਕੀ ਸੀ। 25 ਸਾਲ ਲੰਘ ਚੁੱਕੇ ਹਨ, ਪਰ ਸਤਪਾਲ ਨੂੰ ਸਭ ਕੁਝ ਐਵੇਂ ਯਾਦ ਹੈ ਜਿਵੇਂ ਕਲ ਦੀ ਹੀ ਗੱਲ ਹੋਵੇ।

ਜਮਨਾਪਾਰ ਨੰਦ ਨਗਰੀ ਦੇ ਆਪਣੇ ਘਰ ਵਿੱਚ ਚਾਰੋਂ ਭੈਣਾਂ ਹਮੇਸ਼ਾ ਵਾਂਗ ਖੇਡ ਰਹੀਆਂ ਸੀ ਕਿ ਮਾਂ ਨਿਸ਼ਾਨ ਕੌਰ ਨੇ ਬੁਰੀ ਤਰ੍ਹਾਂ ਝਿੜਕ ਦਿੱਤਾ। ਮਾਂ ਬੱਚੀਆਂ ਨੂੰ ਇਸ ਤਰ੍ਹਾਂ ਕਦੇ ਗੁੱਸਾ ਨਹੀਂ ਹੁੰਦੀ ਸੀ। ਬਹੁਤ ਪਰੇਸ਼ਾਨ ਲਗ ਰਹੀ ਸੀ। ਕੋਈ ਗੱਲ ਜ਼ਰੂਰ ਹੋਵੇਗੀ ? ਪਹਿਲਾਂ ਤਾਂ ਕਦੇ-ਕਦੇ ਪਰੇਸ਼ਾਨ ਹੋ ਹੀ ਜਾਂਦੀ ਪਰ ਕਦੇ ਧੀਆਂ ਨਾਲ ਸਾਂਝਾ ਨਹੀਂ ਕਰਦੀ। ਕਹਿ ਦਿੰਦੀ, 'ਬੱਚਿਓ ਤੁਸੀਂ ਖੇਡੋ, ਤੁਹਾਡੇ ਖੇਡਣ ਦੇ ਦਿਨ ਨੇ।' ਲੇਕਿਨ ਅੱਜ ਕੁਝ ਜ਼ਿਆਦਾ ਹੀ ਪਰੇਸ਼ਾਨ ਸੀ ਪਰ ਕਿਸੇ ਦੀ ਹਿੰਮਤ ਨਾ ਹੋਈ ਕਿ ਉਨ੍ਹਾਂ ਤੋਂ ਕੋਈ ਪੁੱਛੇ।

ਪਿਤਾ ਸਾਹਿਬ ਸਿੰਘ, ਅਨੰਦ ਪਰਬਤ ਵਿੱਚ ਖਰਾਦ ਦੀ ਫ਼ੈਕਟਰੀ 'ਤੇ ਗਏ ਹੋਏ ਸੀ। ਪਰਿਵਾਰ ਇਲਾਕੇ ਵਿੱਚ ਅਮੀਰ ਲੋਕਾਂ ਵਿੱਚ ਗਿਣਿਆ ਜਾਂਦਾ ਸੀ। ਪਿਤਾ ਜੀ ਬੱਚਿਆਂ ਦੀ ਹਰ ਫ਼ਰਮਾਇਸ਼ ਨੂੰ ਪੂਰਾ ਕਰਨ ਲਈ ਤਿਆਰ ਰਹਿੰਦੇ। ਮਾਂ ਕਦੇ -ਕਦਾਰ ਕਹਿ ਦਿੰਦੀ ਕਿ ਐਨਾ ਸਿਰ ਨਾ ਚੜ੍ਹਾਓ, ਪਰਾਏ ਘਰ ਜਾਣਾ ਹੈ। ਪਰ ਪਾਪਾ ਕਹਿੰਦੇ, "ਪਰਾਏ ਘਰ ਤਾਂ ਜਾਣਾ ਹੀ ਹੈ, ਫਿਰ ਇਥੇ ਕਿਉਂ ਨਾ ਮੌਜ ਕਰਨ ਦੇਈਏ। ਆਪਾਂ ਆਪਣੀ ਧੀਆਂ ਦਾ ਵਿਆਹ ਵੱਡੇ ਘਰਾਂ ਵਿੱਚ ਕਰਾਂਗੇ।"

ਅੱਜ ਪਾਪਾ ਕੁਝ ਛੇਤੀ ਹੀ ਘਰ ਆ ਗਏ ਸੀ ਤੇ ਮਾਂ ਨਾਲ ਚੁਪ-ਚਪੀਤੇ ਕੁਝ ਖੁਸਰ-ਪੁਸਰ ਕਰਨ ਲੱਗ ਪਏ। ਨਾਲ ਦੀ ਸਿੱਖ ਗੁਆਂਢਣ ਵੀ ਹੁਣੇ ਹੀ ਆਈ ਸੀ ਤੇ ਉਹ ਵੀ ਪਰੇਸ਼ਾਨ ਲੱਗ ਰਹੀ ਸੀ। ਸਤਪਾਲ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਬਸ ਐਨਾ ਹੀ ਸੁਣਾਈ ਦਿੱਤਾ, 'ਇੰਦਰਾ ਮਰ ਗਈ ਹੈ, ਘਰਾਂ ਦੇ ਅੰਦਰ ਹੀ ਰਹੋ ਤਾਂ ਚੰਗਾ ਹੈ।' ਸਤਪਾਲ ਤੇ ਬਾਕੀ ਭੈਣਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਜੇ ਕੋਈ ਮਰ ਗਿਆ ਹੈ ਤਾਂ ਅਸੀਂ ਕਿਉਂ ਪਰੇਸ਼ਾਨ ਹੋ ਰਹੇ ਹਾਂ। ਸਾਡੇ ਘਰ ਦੇ ਕਿਸੇ ਜੀਅ ਨੇ ਤਾਂ ਕਿਸੇ ਨੂੰ ਕੁਝ ਨਹੀਂ ਕਿਹਾ। ਵੱਡਾ ਭਰਾ ਵੀ ਤਾਂ ਇਥੇ ਹੀ ਹੈ, ਉਹ ਤਾਂ ਕਿਸੇ ਨਾਲ ਲੜਦਾ-ਝਗੜਦਾ ਵੀ ਨਹੀਂ।

ਪੂਰਾ ਦਿਨ ਇਸੇ ਤਰ੍ਹਾਂ ਸਹਿਮੇ-ਸਹਿਮੀ ਵਿੱਚ ਨਿਕਲ ਗਿਆ। ਬਾਹਰ ਤੋਂ ਥੋੜੀ-ਥੋੜੀ ਦੇਰ ਬਾਅਦ ਸ਼ੋਰ ਦੀਆਂ ਕੁਝ ਆਵਾਜ਼ਾਂ ਜ਼ਰੂਰ ਆ ਰਹੀਆਂ ਸਨ ਪਰ ਐਸਾ ਕੁਝ ਨਾ ਹੋਇਆ ਜਿਸਨੂੰ ਲੈ ਕੇ ਬਹੁਤ ਪਰੇਸ਼ਾਨ ਹੋਇਆ ਜਾਏ। ਫਿਰ ਵੀ ਮਾਂ, ਪਿਉ ਤੇ ਭਰਾ ਦੇ ਮੱਥਿਆਂ 'ਤੇ ਚਿੰਤਾ ਦੀਆਂ ਲਕੀਰਾਂ ਵੱਡੀਆਂ ਹੁੰਦੀਆਂ ਜਾ ਰਹੀਆਂ ਸੀ। ਉਨ੍ਹਾਂ ਨੂੰ ਘਬਰਾਹਟ ਹੋ ਰਹੀ ਸੀ। ਗੱਲਾਂ-ਗੱਲਾਂ ਵਿੱਚ ਕਹਿੰਦੇ, ਇਹ ਦੇਸ਼ ਦੀ ਰਾਜਧਾਨੀ ਦਿੱਲੀ ਹੈ, ਕੋਈ ਦੂਰ-ਦੁਰਾਡੇ ਦਾ ਪਿੰਡ ਨਹੀਂ ਕਿ ਕੋਈ ਜੋ ਮਰਜ਼ੀ ਕਰ ਲਏਗਾ।

ਅਗਲੇ ਦਿਨ ਪਿਤਾ ਜੀ ਉਠੇ ਤਾਂ ਅੱਖਾਂ ਲਾਲ ਸਨ। ਉਹ ਸੁੱਤੇ ਨਹੀਂ ਸੀ ਪਰ ਜਦੋਂ ਤਿਆਰ ਹੋਣ ਲੱਗੇ ਤਾਂ ਮਾਂ ਨੇ ਕਿਹਾ, 'ਮਾਹੌਲ ਖ਼ਰਾਬ ਹੈ ਜੀ, ਕੰਮ 'ਤੇ ਨਾ ਜਾਓ।' ਪਿਤਾਜੀ ਨੇ ਬਿਨਾ ਕੁਝ ਨਾ-ਨਕੁਰ ਕੀਤੇ ਗੱਲ ਮੰਨ ਲਈ।

ਸ਼ਾਮ ਤਕ ਕੁਝ ਨਾ ਹੋਇਆ ਪਰ ਦੂਰਦਰਸ਼ਨ 'ਤੇ 'ਖ਼ੂਨ ਦਾ ਬਦਲਾ ਖ਼ੂਨ' ਦੇ ਨਾਅਰੇ ਦਿਲ ਦੀ ਧੜਕਨਾਂ ਤੇਜ਼ ਕਰਦੇ ਪਏ ਸੀ। ਸ਼ਾਮਾਂ ਦਾ ਹੀ ਵੇਲਾ ਰਿਹਾ ਹੋਵੇਗਾ ਕਿ ਨੇੜੇ ਰਹਿਣ ਵਾਲੇ ਨਾਈਆਂ ਦੇ ਘਰਾਂ ਤੋਂ ਕੁਝ ਲੋਕ ਆਏ ਤੇ ਕਹਿਣ ਲੱਗੇ ਕਿ "ਤੁਸੀਂ ਡਰੋ ਨਹੀਂ, ਘਰ ਵਿੱਚ ਹੀ ਰਹੋ, ਅਸੀਂ ਘਰ ਨੂੰ ਬਾਹਰ ਤੋਂ ਤਾਲਾ ਲਾ ਦਿੱਤਾ ਹੈ।"

ਸਾਨੂੰ ਕੁਝ ਸਮਝ ਨਹੀਂ ਆਇਆ। ਲੱਗਾ ਸ਼ਾਇਦ ਹਾਲਤ ਵਿਗੜਦੇ ਵੇਖ ਗੁਆਂਢੀ ਆਪਣਾ ਧਰਮ ਨਿਭਾ ਰਹੇ ਨੇ ਤੇ ਸਾਡੀ ਹਿਫ਼ਾਜ਼ਤ ਲਈ ਰੱਬ ਬਣ ਕੇ ਆਏ ਨੇ। ਬਾਹਰ ਤਾਲਾ ਲੱਗਾ ਹੋਵੇਗਾ ਤਾਂ ਦੰਗਾਈ ਇਹ ਸੋਚ ਕੇ ਪਰਤ ਜਾਣਗੇ ਕਿ ਹੁਣ ਇਥੇ ਕੋਈ ਨਹੀਂ ਰਹਿੰਦਾ। ਗੁਆਂਢੀਆਂ ਨੇ ਕਿੰਨੀ ਸਮਝਦਾਰੀ ਦਾ ਕੰਮ ਕੀਤਾ ਹੈ। ਆਖ਼ਰ ਗੁਆਂਢੀ ਹੀ ਤਾਂ ਗੁਆਂਢੀ ਦੇ ਕੰਮ ਆਉਂਦਾ ਹੈ।

ਪਰ ਜ਼ਿਆਦਾ ਦੇਰ ਨਹੀਂ ਹੋਈ ਸੀ ਕਿ ਇਹ ਭਰਮ ਟੁੱਟ ਗਿਆ। ਇਹੀ ਗੁਆਂਢੀ ਆਪਣੇ ਨਾਲ ਭਾਰੀ ਭੀੜ ਨੂੰ ਲੈ ਕੇ ਆ ਧਮਕੇ ਸੀ। ਹੁਣ ਸਮਝ ਵਿੱਚ ਆਇਆ ਕਿ ਤਾਲਾ ਬਾਹਰੋਂ ਇਸ ਲਈ ਲਾਇਆ ਸੀ ਕਿ ਕਿਧਰੇ ਕੋਈ ਭੱਜ ਨਾ ਜਾਏ। ਪਿਤਾ ਜੀ ਨੇ ਅੰਦਰੋਂ ਫ਼ਟਾਫਟ ਕੁੰਡੀ ਮਾਰ ਲਈ।

ਸਤਪਾਲ ਜ਼ਿੰਦਗੀ ਵਿੱਚ ਪਹਿਲੀ ਵਾਰ ਐਸਾ ਨਜ਼ਾਰਾ ਵੇਖ ਰਹੀ ਸੀ। ਹੁਣ ਤਕ ਟੀ.ਵੀ. ਉੱਤੇ ਹੀ ਕਿਸੇ ਫਿਲਮ ਵਿੱਚ ਕਿਸੇ ਨੂੰ ਮਰਦਿਆਂ ਹੋਇਆ ਵੇਖਿਆ

ਸੀ। ਪਰ ਇਥੇ ਤਾਂ ਮੌਤ ਸਾਖਿਆਤ ਘਰ ਦੇ ਬਾਹਰ ਆ ਖਲੋਤੀ ਸੀ। ਹਥਿਆਰ, ਮਿੱਟੀ ਦਾ ਤੇਲ ਤੇ ਅੱਗ-ਭੜਕਾਊ ਚਿੱਟੇ ਪਾਊਡਰ ਨਾਲ ਲੈਸ ਭੀੜ ਨੇ ਦੇਖਦੇ ਹੀ ਦੇਖਦੇ ਬਾਹਰ ਖੜੀ ਮੋਟਰ-ਸਾਈਕਲ ਫੂਕ ਦਿੱਤੀ। ਪਿਤਾ ਜੀ ਨੇ ਬੜੇ ਚਾਅ ਨਾਲ ਭਰਾ ਨੂੰ ਲੈ ਕੇ ਦਿੱਤੀ ਸੀ। ਨੇੜੇ-ਤੇੜੇ ਕਿਸੇ ਕੋਲ ਵੀ ਐਸੀ ਮੋਟਰ ਸਾਈਕਲ ਨਹੀਂ ਸੀ। ਮੋਟਰ ਸਾਈਕਲ ਨੂੰ ਫੂੰਕਣ ਦੇ ਬਾਅਦ ਹੁਣ ਘਰ ਦੇ ਅੰਦਰ ਬਲ੍ਹਦੇ ਹੋਏ ਟਾਇਰ ਤੇ ਵਿਸਫੋਟਕ ਚਿੱਟਾ ਪਾਊਡਰ ਸੁੱਟਣਾ ਸ਼ੁਰੂ ਕਰ ਦਿੱਤਾ ਸੀ।

ਕੀ ਕਰੀਏ ? ਕੁਝ ਸਮਝ ਨਹੀਂ ਆ ਰਿਹਾ ਸੀ। ਕਿੱਥੇ ਜਾਈਏ, ਕਿੱਥੋਂ ਮਦਦ ਮੰਗੀਏ, ਕਿਸ ਤੋਂ ਮੰਗੀਏ ? ਘਰ ਦੇ ਸਾਹਮਣੇ ਹੀ ਪੁਲਿਸ ਸਟੇਸ਼ਨ ਸੀ ਤੇ ਬਚਾਅ ਦੀ ਅਖੀਰਲੀ ਕਿਰਣ। ਮੈਂ ਸੋਚਿਆ ਪਤਾ ਨਹੀਂ ਪੁਲਿਸ ਨੂੰ ਅੱਜ ਕਿਹੜਾ ਸੱਪ ਸੁੰਘ ਗਿਆ ਸੀ ? ਐਨੀ ਭੀੜ ਹਮਲਾ ਕਰਨ ਆ ਗਈ ਹੈ ਤੇ ਅਜੇ ਤਕ ਪੁਲਿਸ ਦਾ ਸਾਇਰਨ ਤਕ ਨਹੀਂ ਵੱਜਿਆ। ਕੀ ਸਾਰੇ ਸੌਂ ਗਏ ਹਨ ? ਜਾਂ ਡਰ ਦੇ ਮਾਰੇ ਉਹ ਵੀ ਭੱਜ ਗਏ ਹਨ ? ਮਨ ਵਿੱਚ ਸਾਰੇ ਸੁਆਲ ਉਧੇੜ-ਬੁੰਨ ਕਰ ਰਹੇ ਸੀ।

ਪਿਤਾ ਜੀ ਨੇ ਭਾਰੀ ਮਨ ਨਾਲ ਅਸੀਂ ਚਾਰ ਭੈਣਾਂ ਦੇ ਭਰਾ ਦਵਿੰਦਰ ਸਿੰਘ ਨੂੰ, ਜੋ ਕਿ 17 ਸਾਲਾਂ ਦਾ ਸੀ, ਕਿਹਾ, "ਪੁੱਤਰ ਹੁਣ ਤਾਂ ਬਸ ਪੁਲਿਸ ਥਾਣੇ ਤੋਂ ਕੋਈ ਮਦਦ ਆਏ ਤਾਂ ਗੱਲ ਬਣ ਸਕਦੀ ਹੈ, ਨਹੀਂ ਤਾਂ ਸਾਰੇ ਮਾਰੇ ਜਾਵਾਂਗੇ।"

ਭਰਾ ਨੇ ਆਪਣੀ ਜਾਨ ਦੀ ਪਰਵਾਹ ਨਾ ਕੀਤੀ, ਪਿਛਲੇ ਪਾਸੋਂ ਜਿਵੇਂ ਤਿਵੇਂ ਦੀਵਾਰਾਂ ਕੁੱਦਦਾ ਹੋਇਆ ਗਲੀਆਂ ਵਿੱਚੋਂ ਛੁਪ-ਛਿਪਾਉਂਦਾ ਘੁੰਮ ਕੇ ਘਰ ਦੇ ਸਾਹਮਣੇ ਪੁਲਿਸ ਥਾਣੇ ਵਿੱਚ ਮਦਦ ਦੇ ਲਈ ਫ਼ਰਿਆਦ ਕਰਨ ਪਹੁੰਚ ਗਿਆ। ਸਤਪਾਲ ਹੁਣ ਛਤ 'ਤੇ ਚੜ੍ਹ ਚੁੱਕੀ ਸੀ। ਭਰਾ ਥਾਣੇ ਪਹੁੰਚ ਚੁੱਕਾ ਸੀ, ਇਹ ਵੇਖ ਕੇ ਜਾਨ ਵਿੱਚ ਜਾਨ ਆਈ। ਲੱਗਾ ਕਿ ਹੁਣ ਉਹ ਪੁਲਿਸ ਨੂੰ ਲੈ ਆਏਗਾ।

ਉਹ ਪੁਲਿਸ ਵਾਲਿਆਂ ਦੇ ਸਾਹਮਣੇ ਗਿੜਗਿੜਾ ਰਿਹਾ ਸੀ। ਆਪਣੇ ਪਰਿਵਾਰ ਦੇ ਲਈ ਰਹਿਮ ਦੀ ਭੀਖ ਮੰਗ ਰਿਹਾ ਸੀ। ਪਰ ਇਹ ਕੀ ?

ਕਾਨੂੰਨ ਦੇ ਰਖਵਾਲੇ ਕਹਿ ਰਹੇ ਸੀ, "ਦੌੜ ਜਾ, ਇਥੋਂ।"

ਉਹ ਉਸਨੂੰ ਦੁਤਕਾਰ ਰਹੇ ਸੀ, ਲੱਤਾਂ ਮਾਰ ਰਹੇ ਸੀ। ਕਹਿ ਰਹੇ ਸੀ, "ਕੀ ਥਾਣੇ ਵਿੱਚ ਵੀ ਅੱਗ ਲਗਵਾਏਂਗਾ।"

ਰੁਆਂਸਾ ਹੋ ਚੁੱਕਾ ਭਰਾ ਥਾਣੇ ਦੀ ਚੌਖਟ ਨਹੀਂ ਸੀ ਛੱਡਣਾ ਚਾਹ ਰਿਹਾ। ਜਦੋਂ ਉਸਨੇ ਹੱਥ-ਪੈਰ ਜੋੜਨੇ ਬੰਦ ਨਹੀਂ ਕੀਤੇ ਤਾਂ ਇੱਕ ਪੁਲਿਸ ਵਾਲੇ ਨੇ ਉਸਦੇ ਸੀਨੇ 'ਤੇ ਪਿਸਤੌਲ ਤਾਣ ਦਿੱਤੀ। ਹੁਣ ਭੱਜਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

ਸਤਪਾਲ ਕਹਿੰਦੀ ਹੈ ਕਿ ਸ਼ਾਇਦ ਘਰੋਂ ਭੱਜ ਕੇ ਵੀ ਬਚ ਜਾਂਦਾ। ਉਹ ਘਰ ਤੋਂ ਬਾਹਰ ਸੀ ਤੇ ਜੇਕਰ ਗਲੀਆਂ ਵਿੱਚ ਕਿਧਰੇ ਲੁੱਕ ਜਾਂਦਾ ਤਾਂ ਜਾਨ ਬਚ ਜਾਂਦੀ। ਪਰ ਜਿਵੇਂ ਹੀ ਥਾਣੇ ਤੋਂ ਬਾਹਰ ਆਇਆ, ਪੁਲਿਸ ਨੇ ਆਪਣੇ ਅਸਲ ਰੰਗ ਵਿੱਚ ਆਉਣ 'ਚ ਦੇਰ ਨਹੀਂ ਲਾਈ।

ਪੁਲਿਸ ਤੋਂ ਮਦਦ ਮੰਗਣ ਵਾਲੇ 'ਤੇ ਹੁਣ ਪੁਲਿਸ ਨੇ ਹੀ ਗੋਲੀਆਂ ਵਰਸਾਉਣੀ ਸ਼ੁਰੂ ਕਰ ਦਿੱਤੀਆਂ ਸੀ। ਐਸੀ ਹੀ ਇੱਕ ਗੋਲੀ ਨਿਸਹਾਇ, ਨਿਰਦੋਸ਼ ਭਰਾ ਨੂੰ ਪਿੱਠ 'ਤੇ ਲੱਗੀ ਅਤੇ ਸੀਨਾ ਚੀਰ ਗਈ। ਉਹ ਡਿੱਗ ਗਿਆ, ਫਿਰ ਉਠ ਨਹੀਂ ਸਕਿਆ। ਉਸਨੇ ਦਮ ਤੋੜ ਦਿੱਤਾ ਸੀ। ਦੰਗਾਈਆਂ ਦੀ ਸਾਥੀ ਪੁਲਿਸ ਨਹੀਂ ਚਾਹੁੰਦੀ ਸੀ ਕਿ ਉਹ ਇਹ ਦੱਸਣ ਲਈ ਜ਼ਿੰਦਾ ਬਚ ਜਾਏ ਕਿ ਉਹ ਪੁਲਿਸ ਥਾਣੇ ਮਦਦ ਮੰਗਣ ਲਈ ਆਇਆ ਸੀ। ਜਾਂ ਫਿਰ ਸਰਦਾਰਾਂ ਨੂੰ ਮਾਰਣ ਦਾ ਗੌਰਵ ਇਕੱਲੇ ਦੰਗਾਈ ਹੀ ਕਿਵੇਂ ਲੁੱਟ ਸਕਦੇ ਸਨ ?

ਸਤਪਾਲ ਜਿਵੇਂ ਸੁੰਨ ਹੀ ਹੋ ਗਈ ਸੀ। ਉਸਦੀ ਚੀਖਾਂ ਨਿਕਲ ਗਈਆਂ। ਪਰ ਐਨੀ ਹਿੰਮਤ ਵੀ ਨਹੀਂ ਹੋ ਰਹੀ ਸੀ ਕਿ ਹੇਠਾਂ ਮਾਂ ਤੇ ਪਿਤਾ ਜੀ ਨੂੰ ਬੋਲ ਸਕੇ ਕਿ ਉਨ੍ਹਾਂ ਦੇ ਘਰ ਦਾ ਚਿਰਾਗ ਬੁੱਝ ਗਿਆ ਹੈ। ਉਹ ਬੁੱਤ ਬਣ ਗਈ ਸੀ। ਅੱਖਾਂ ਡਬਡਬਾ ਆਈਆਂ ਤਾਂ ਗੋਲੀ ਦੀ ਆਵਾਜ਼ ਤੋਂ ਪਹਿਲਾਂ ਹੀ ਸਹਿਮੇ ਹੋਏ ਮਾਪੇ ਸਤਪਾਲ ਦਾ ਹਾਲ ਵੇਖ ਕੇ ਸ਼ਾਇਦ ਹੋਣੀ ਨੂੰ ਸਮਝ ਗਏ।

ਸਿੱਖਾਂ ਦੇ ਖ਼ੂਨ ਦੀ ਪਿਆਸੀ ਭੀੜ ਨੇ ਹੁਣ ਬਲ੍ਹਦੇ ਹੋਏ ਟਾਇਰ ਘਰ ਵਿੱਚ ਸੁੱਟਣੇ ਸ਼ੁਰੂ ਕਰ ਦਿੱਤੇ। ਪੁਲਿਸ ਨੂੰ ਆਪਣੇ ਨਾਲ ਵੇਖ ਕੇ ਉਨ੍ਹਾਂ ਦੇ ਹੌਂਸਲੇ ਅਸਮਾਨ ਛੋਹ ਰਹੇ ਸੀ।

ਸਿੱਖਾਂ ਦੇ ਜਾਨ ਦੇ ਵੈਰੀ ਇਹ ਜ਼ਿਆਦਾਤਰ ਲੋਕ ਨੇੜੇ ਦੀ ਪਿਛੜੀ ਬਸਤੀ ਦੇ ਹੀ ਸੀ। ਚੋਣਾਂ ਵਿੱਚ ਕਾਂਗਰਸ ਇਨ੍ਹਾਂ ਨੂੰ ਸ਼ਰਾਬ ਤੇ ਪੈਸਾ ਵੰਡ ਕੇ ਇਨ੍ਹਾਂ ਨੂੰ ਵੋਟ-ਬੈਂਕ ਦੀ ਤਰ੍ਹਾਂ ਵਰਤਦੀ ਸੀ ਤੇ ਅੱਜ ਸਿੱਖਾਂ ਨੂੰ ਮਾਰ ਕੇ ਲੁੱਟ-ਖਸੁੱਟ ਕਰਨ ਦੀ ਖੁਲ੍ਹੀ ਛੋਟ ਦੇ ਦਿੱਤੀ ਸੀ। ਬਸਤੀ ਦੇ ਕਈ ਲੋਕ ਪਿਤਾ ਜੀ ਦੀ ਫ਼ੈਕਟਰੀ ਵਿੱਚ

ਕੰਮ ਉੱਤੇ ਲੱਗਣ ਦੀ ਗੁਜਾਰਿਸ਼ ਕਰਵਾਉਂਦੇ ਸੀ। ਪਰ ਅੱਜ 'ਸਾਡੇ ਹੀ ਘਰਾਂ ਵਿੱਚ ਕੰਮ ਮੰਗਣ ਵਾਲੇ ਅੱਜ ਸਾਡਾ ਹੀ ਘਰ ਲੁੱਟ ਕੇ ਬਰਬਾਦ ਕਰਨ ਵਿੱਚ ਜੁੱਟੇ ਹੋਏ ਸੀ'।

ਇਸਦੇ ਬਾਵਜੂਦ ਵੀ ਪਿਤਾ ਜੀ ਨੇ ਹਾਰ ਨਹੀਂ ਮੰਨੀ। ਸੰਜੋਗ ਨਾਲ ਫ਼ੌਜ ਤੋਂ ਰਿਟਾਇਰ ਤਾਇਆ ਜੀ ਵੀ ਘਰ ਆਏ ਹੋਏ ਸਨ। ਤਾਇਆ ਜੀ, ਪਿਤਾ ਜੀ ਤੇ ਮਾਂ ਨੇ ਹਜ਼ਾਰਾਂ ਦੀ ਭੀੜ ਨਾਲ ਜੂਝਣ ਦਾ ਫ਼ੈਸਲਾ ਕਰ ਲਿਆ ਸੀ। ਇਹ ਇਹੋ ਜਿਹੀ ਹਾਲਤ ਸੀ ਜਿਵੇਂ ਇੱਕ ਹਿਰਣ ਸ਼ੇਰਾਂ ਨਾਲ ਚਾਰੋਂ ਪਾਸਿਆਂ ਤੋਂ ਘਿਰ ਜਾਏ ਤਾਂ ਉਹ ਸ਼ੇਰਾਂ ਨਾਲ ਲੜਣ ਲਗ ਪੈਂਦਾ ਹੈ। ਆਖ਼ਰ ਕੋਈ ਚਾਰਾ ਬਚਿਆ ਵੀ ਤਾਂ ਨਹੀਂ ਸੀ ? ਬੱਚਿਆਂ ਨੂੰ ਅੰਦਰ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ ਤੇ ਖ਼ੁਦ ਇੱਟ-ਪੱਥਰ ਜੋ ਵੀ ਹੱਥ ਵਿੱਚ ਆਇਆ, ਉਸ ਨਾਲ ਮੁਕਾਬਲਾ ਕਰਨ ਲੱਗੇ।

ਆਖਰ ਕਦੋਂ ਤਕ ਲੜਦੇ ? ਭੀੜ ਦਰਵਾਜ਼ਾ ਭੰਨ ਕੇ ਅੰਦਰ ਆ ਗਈ ਸੀ। ਤਿੰਨਾਂ ਨੂੰ ਬੱਚਿਆਂ ਦੀਆਂ ਅੱਖਾਂ ਦੇ ਸਾਹਮਣੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪਹਿਲਾਂ ਸਰੀਆ ਤੇ ਲੋਹੇ ਦੇ ਸੰਬਲ ਮਾਰ-ਮਾਰ ਕੇ ਅੱਧਮਰਾ ਕੀਤਾ, ਫਿਰ ਬੰਨ੍ਹ ਕੇ ਚਿੱਟਾ ਪਾਊਡਰ ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ।

•

ਇਹ ਸਭ ਦੇਖ ਸਤਪਾਲ ਦੀ ਸੁਧ-ਬੁਧ ਗੁਆਚਣ ਲੱਗ ਗਈ। ਦੰਗਾਈ ਰੋਣ ਵੀ ਨਹੀਂ ਸੀ ਦੇ ਰਹੇ। ਰੋਣ 'ਤੇ ਧਮਕੀ ਦਿੰਦੇ ਕਿ ਤੁਹਾਨੂੰ ਵੀ ਅੱਗ ਵਿੱਚ ਸੁੱਟ ਦੇਵਾਂਗੇ। ਮਾਂ, ਪਿਉ, ਭਰਾ ਤੇ ਤਾਇਆ ਜੀ ਨੂੰ ਅੱਖਾਂ ਦੇ ਸਾਹਮਣੇ ਮਰਦਾ ਵੇਖ ਸਤਪਾਲ ਬੇਹੋਸ਼ ਹੋ ਗਈ। ਉਸਨੂੰ ਲੱਗਾ ਕਿ ਉਹ ਵੀ ਮਰ ਚੁੱਕੀ ਹੈ।

ਹੋਸ਼ ਆਇਆ ਤਾਂ ਵੇਖਿਆ ਕਿ ਅਜੇ ਜ਼ਿੰਦਗੀ ਦੀ ਜੰਗ ਲੜਣ ਲਈ ਜ਼ਿੰਦਾ ਹੈ। ਬਲ੍ਹਦੇ ਹੋਏ ਘਰ ਤੋਂ ਸਹਿਮੀ ਹੋਈ ਨਿਕਲੀ। ਚਾਰੇ ਪਾਸਿਆਂ ਤੋਂ ਇਨਸਾਨਾਂ ਦੇ ਸੜੇ ਹੋਏ ਮਾਸ ਦੀ ਬੋ ਆ ਰਹੀ ਸੀ। ਅਠ ਸਾਲ ਦੀ ਮਹਿੰਦਰ ਨੇ ਉਸਦੀ ਚੁੰਨੀ ਫੜ ਲਈ ਤਾਂ ਦੋ ਸਾਲ ਦੀ ਸੁਰਿੰਦਰ ਨੂੰ ਉਸਨੇ ਗੋਦ ਵਿੱਚ ਚੁੱਕ ਲਿਆ। ਵੇਚਾਰੀ ਸੁਰਿੰਦਰ ਭੁੱਖ ਦੇ ਮਾਰੇ ਬਹੁਤ ਰੋ ਰਹੀ ਸੀ। ਉਸਨੇ ਸਵੇਰ ਤੋਂ ਦੁੱਧ ਵੀ ਨਹੀਂ ਸੀ ਪੀਤਾ। ਦੋ ਸਾਲ ਦੀ ਉਸ ਬੱਚੀ ਨੂੰ ਕੀ ਪਤਾ ਸੀ ਕਿ ਉਸਦੇ ਮਾਪੇ ਦਾ ਸਾਇਆ ਸਿਰ ਤੋਂ ਉਠ ਚੁੱਕਾ ਹੈ। ਦੰਗਾਈਆਂ ਦੀ ਭੀੜ ਦੇ ਆਉਣ ਬਾਦ ਤੋਂ ਦਸ ਸਾਲ ਦੀ ਬਲਵਿੰਦਰ ਵੀ ਨਜ਼ਰ ਨਹੀਂ ਆ ਰਹੀ ਸੀ। ਕੀ ਦੰਗਾਈਆਂ ਨੇ ਉਸਨੂੰ ਵੀ

ਮਾਰ ਤਾਂ ਨਹੀਂ ਦਿੱਤਾ ? ਇਹ ਸੋਚ ਕੇ ਸਤਪਾਲ ਹੋਰ ਪਰੇਸ਼ਾਨ ਹੋ ਗਈ। ਲੱਭੇ ਤਾਂ ਕਿੱਥੇ ਲੱਭੇ ? ਦੋ ਦਿਨ ਸੁਆਹ ਹੋ ਚੁੱਕੇ ਘਰ ਦੇ ਬਾਹਰ ਸਹਿਮੇ ਹੋਏ ਗੁਜ਼ਾਰ ਦਿੱਤੇ।

ਜਦੋਂ ਸਾਰੀਆਂ ਸਿੱਖ ਵਿਧਵਾ ਔਰਤਾਂ ਤੇ ਬੱਚਿਆਂ ਨੂੰ 3 ਨਵੰਬਰ ਨੂੰ ਫ਼ੌਜ ਵਾਲੇ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਲੱਗੇ ਰਾਹਤ ਕੈਂਪ ਵਿੱਚ ਲੈ ਗਏ ਤਾਂ ਉਹ ਵੀ ਉਥੇ ਪੁੱਜ ਗਈ। ਰਾਹਤ ਕੈਂਪ ਵਿੱਚ ਸਾਰਾ ਦਿਨ ਰੋਣ-ਪਿੱਟਣ ਦੀਆਂ ਹੀ ਆਵਾਜ਼ਾਂ ਆਉਂਦੀਆਂ ਰਹਿੰਦੀਆਂ। ਕੋਈ ਨਾ ਕੋਈ ਰਿਸ਼ਤੇਦਾਰ ਆਪਣੀ ਉਸ ਨੂੰਹ, ਧੀ ਜਾਂ ਭੈਣ ਨੂੰ ਮਿਲਣ ਆ ਹੀ ਜਾਂਦਾ ਸੀ ਜਿਸਦੀ ਜ਼ਿੰਦਗੀ ਬਰਬਾਦ ਹੋ ਚੁੱਕੀ ਹੈ। ਇਸਦੇ ਬਾਅਦ ਹੰਝੂਆਂ ਦੀ ਬੁਛਾਰ ਰੁੱਕ ਨਹੀਂ ਪਾਉਂਦੀ ਸੀ। ਜਦੋਂ ਇੱਕ ਪਾਸੇ ਤੋਂ ਰੋਣਾ ਸ਼ੁਰੂ ਹੁੰਦਾ ਤਾਂ ਪੂਰੇ ਕੈਂਪ ਨੂੰ ਤੜਫ-ਤੜਫ ਕੇ ਆਪਣੇ ਸਾਹਮਣੇ ਮਰੇ ਚੇਤੇ ਆ ਜਾਂਦੇ ਸੀ।

ਕੈਂਪ ਵਿੱਚ 8 ਦਿਨ ਹੋ ਚੁੱਕੇ ਸੀ ਕਿ ਇੱਕ ਦਿਨ ਬਲਵਿੰਦਰ ਦੀ ਆਵਾਜ਼ ਸੁਣਾਈ ਦਿੱਤੀ। ਬਲਵਿੰਦਰ ਮਿਲ ਗਈ ਸੀ। ਦੋਵੇਂ ਭੈਣਾਂ ਗਲੇ ਲੱਗ ਕੇ ਬਹੁਤ ਰੋਈਆਂ। ਮਾਪੇ ਦੇ ਜਾਣ ਤੋਂ ਬਾਅਦ ਪਹਿਲੀ ਵਾਰ ਰੋਣ ਦਾ ਮੌਕਾ ਮਿਲਿਆ ਸੀ। ਇਉਂ ਲੱਗਾ ਅੱਠ ਦਿਨਾਂ ਤਕ ਦੂਰ ਰਹੀ ਬਲਵਿੰਦਰ ਜਿਵੇਂ ਕਈ ਜਨਮਾਂ ਬਾਅਦ ਮਿਲੀ ਸੀ।

ਉਹ ਕਈ ਦਿਨਾਂ ਤਕ ਬਾਕੀ ਭੈਣਾਂ ਤੋਂ ਜ਼ਰਾ ਜਿਹੀ ਵੀ ਦੂਰ ਨਹੀਂ ਹੁੰਦੀ ਸੀ। ਛੋਟੀ ਭੈਣਾਂ ਰਾਤ ਨੂੰ ਡਰ ਦੇ ਮਾਰੇ ਉਠ ਕੇ ਬੈਠ ਜਾਂਦੀਆਂ। 'ਮੰਮੀ-ਪਾਪਾ ਨੂੰ ਮਾਰ ਰਹੇ ਨੇ, ਘਰ ਨੂੰ ਅੱਗ ਲਗ ਗਈ' ਕਹਿ ਕੇ ਸੁੱਤਿਆਂ ਹੋਇਆ ਰੋਣ ਲੱਗਦੀਆਂ। ਸਾਰ ਲੈਣ ਕੋਈ ਨਹੀਂ ਆਇਆ ਤਾਂ ਚਾਰੇ ਅਨਾਥ ਬੱਚੀਆਂ ਨੂੰ ਨਾਰੀ ਨਿਕੇਤਨ ਭੇਜ ਦਿੱਤਾ ਗਿਆ।

ਇਸੇ ਦੌਰਾਨ ਅਲਵਰ ਵਿੱਚ ਰਹਿਣ ਵਾਲੇ ਨਾਨਾ ਜੀ ਨੇ ਬੱਚਿਆਂ ਦੀ ਖੋਜ-ਖ਼ਬਰ ਲੈਣੀ ਸ਼ੁਰੂ ਕਰ ਦਿੱਤੀ ਸੀ। ਵਿਚਾਰੇ, ਪਹਿਲਾਂ ਆਉਂਦੇ ਵੀ ਤਾਂ ਕਿਵੇਂ ? ਦਿੱਲੀ ਆਉਣ ਦਾ ਕੋਈ ਮਾਹੌਲ ਹੀ ਨਹੀਂ ਸੀ। ਬੇਟੀ, ਦਾਮਾਦ ਤੇ ਨਾਤੀ ਦੇ ਮਰਣ ਦੀਆਂ ਖ਼ਬਰਾਂ ਤੋਂ ਬੇਹਾਲ ਨਾਨਾ ਜੀ ਬੱਚੀਆਂ ਨੂੰ ਲੱਭਦੇ-ਲੱਭਦੇ ਨਾਰੀ ਨਿਕੇਤਨ ਪੁੱਜੇ ਤਾਂ ਬੱਚੀਆਂ ਉਨ੍ਹਾਂ ਨਾਲ ਲਿਪਟ ਗਈਆਂ। ਉਨ੍ਹਾਂ ਨੂੰ ਯਾਦ

ਆਇਆ ਕਿ ਕਿਵੇਂ ਗਰਮੀ ਦੀਆਂ ਛੁੱਟੀਆਂ ਵਿੱਚ ਉਹ ਨਾਨਾ-ਨਾਨੀ ਕੋਲ ਅਲਵਰ ਜਾਂਦੇ ਤੇ ਮੌਜ-ਮਸਤੀ ਹੁੰਦੀ ਸੀ।

ਨਾਨਾ ਜੀ ਬੱਚਿਆਂ ਨੂੰ ਅਲਵਰ ਨਾਲ ਲੈ ਗਏ। ਨਾਨਾ ਜੀ ਦੀ ਆਪਣੀ ਹਾਲਤ ਵੀ ਕੁਝ ਖ਼ਾਸ ਚੰਗੀ ਨਹੀਂ ਸੀ। ਇਸ 'ਤੇ ਚਾਰ ਬੱਚਿਆਂ ਦਾ ਇਕਦਮ ਤੋਂ ਭਾਰ ਸਿਰ 'ਤੇ ਆ ਗਿਆ। ਸਤਪਾਲ ਨੇ ਸਕੂਲ ਨਾ ਜਾਣ ਦਾ ਫ਼ੈਸਲਾ ਕੀਤਾ। ਨਾਨੀ ਠੀਕ ਨਹੀਂ ਸੀ ਰਹਿੰਦੀ ਤੇ ਜੇ ਐਸਾ ਨਾ ਕਰਦੀ ਤਾਂ ਭੈਣਾਂ ਨੂੰ ਪਾਲਣ ਵਿੱਚ ਨਾਨਾ ਜੀ ਦੀ ਮਦਦ ਕਿਵੇਂ ਕਰਦੀ ? ਬਾਕੀ ਭੈਣਾਂ ਨੂੰ ਨਾਨਾ ਜੀ ਨੇ ਸਕੂਲ ਵਿੱਚ ਪਾ ਦਿੱਤਾ ਸੀ।

ਹੁਣ ਸਤਪਾਲ ਆਪਣੀ ਤਿੰਨੇ ਭੈਣਾਂ ਨਾਲ ਜਹਾਂਗੀਰ ਪੁਰੀ ਦੀ ਵਿਧਵਾ ਕਾਲੋਨੀ ਆ ਗਈ। ਨਹੀਂ ਆਉਂਦੀ ਤਾਂ ਇਥੇ ਵੀ ਕੋਈ ਹੋਰ ਕਬਜ਼ਾ ਕਰ ਲੈਂਦਾ।

ਕੁੜੀਆਂ ਨੂੰ ਇਕੱਲਿਆਂ ਨਹੀਂ ਛੱਡ ਸਕਦੇ ਸੀ, ਇਸ ਲਈ ਨਾਨਾ ਜੀ ਨੇ ਵੀ ਨਾਲ ਹੀ ਰਹਿਣ ਦਾ ਫ਼ੈਸਲਾ ਕੀਤਾ। ਨਾਨਾ ਜੀ ਨੂੰ ਕੁਝ ਪੈਂਸ਼ਨ ਆਉਂਦੀ ਸੀ। ਪਰ ਐਨੇ ਵਿੱਚ ਗੁਜ਼ਾਰਾ ਨਹੀਂ ਚਲਦਾ ਸੀ। ਸਤਪਾਲ ਨੇ ਮਨ ਬਣਾ ਲਿਆ ਕਿ ਉਹ ਕਿਸੇ ਕੰਮ ਨੂੰ 'ਨਾ' ਨਹੀਂ ਕਰੇਗੀ। ਭਾਵੇਂ ਕਮਰਤੋੜ ਮਿਹਨਤ ਹੀ ਕਿਉਂ ਨਾ ਕਰਨੀ ਪਵੇ ਪਰ ਹੱਥ ਫੈਲਾਉਣ ਤੋਂ ਚੰਗਾ ਹੈ ਕਿ ਮਿਹਨਤ ਕੀਤੀ ਜਾਵੇ। ਹੁਣ ਹਰ ਉਹ ਕੰਮ ਕੀਤਾ ਜੋ ਮਿਲਿਆ। ਸਿਲਾਈ ਮਸ਼ੀਨ 'ਤੇ ਕਪੜੇ ਸਿਲਣੇ ਹੋਣ, ਡਾਇੰਗ ਮਸ਼ੀਨ ਦੇ ਲਈ ਪੀਸ ਬਣਾਣੇ ਹੋਣ ਜਾਂ ਕਿਸੇ ਦੇ ਘਰ ਦਾ ਕੰਮ। ਦਿਨ ਰਾਤ ਕੰਮ ਕਰਦੀ। ਦਾਲ ਰੋਟੀ ਤਾਂ ਮਿਲ ਜਾਂਦੀ ਪਰ ਜਦੋਂ ਘਰ ਵਿੱਚ ਕੋਈ ਬੀਮਾਰ ਪੈ ਜਾਂਦਾ ਤਾਂ ਉਸਦੀ ਦੇਖਭਾਲ ਤੇ ਦਵਾ-ਦਾਰੂ ਦੇ ਲਈ ਮੁਸ਼ਕਿਲ ਹੋ ਜਾਂਦੀ ਸੀ। ਦਵਾਈ ਦੇ ਲਈ ਪੈਸੇ ਹੁੰਦੇ ਨਹੀਂ ਸੀ ਤਾਂ ਇਹ ਧਰਮ-ਸੰਕਟ ਖੜਾ ਹੋ ਜਾਂਦਾ ਕਿ ਬੀਮਾਰ ਦੀ ਦੇਖਭਾਲ ਦੇ ਲਈ ਘਰ ਰਹੀਏ ਜਾਂ ਕੰਮ ਉੱਤੇ ਜਾਈਏ ?

ਪੜ੍ਹਾਈ-ਲਿਖਾਈ ਦੇ ਲਈ ਵੀ ਦੂਜੇ ਬੱਚਿਆਂ ਦੀਆਂ ਪੁਰਾਣੀਆਂ ਕਿਤਾਬਾਂ ਤੋਂ ਗੁਜਾਰਾ ਕਰਦੇ। ਸਤਪਾਲ ਹੀ ਇਨ੍ਹਾਂ ਭੈਣਾਂ ਲਈ ਮਾਂ-ਪਿਉ ਸੀ। ਇਨ੍ਹਾਂ ਦੇ ਨਹਾਣ-ਧੋਣ, ਕਪੜੇ ਪਾਉਣ ਤੇ ਸੁਆਉਣ ਤੋਂ ਲੈ ਕੇ ਇਸ ਦੁਨੀਆ ਵਿੱਚ ਜ਼ਿੰਦਾ ਰੱਖਣ ਦੀ ਪੂਰੀ ਜ਼ਿੰਮੇਵਾਰੀ ਉਸ 'ਤੇ ਹੀ ਸੀ। ਫਿਰ ਇਸ ਤੋਂ ਬਾਅਦ ਕਮਰ-ਤੋੜ ਮਿਹਨਤ ਜਿਸਦੇ ਨਾਲ ਕਿ ਘਰ ਚਲ ਸਕੇ।

ਕੁਝ ਸਮੇਂ ਬਾਅਦ ਜੱਜ ਨੇ ਇਨ੍ਹਾਂ ਭੈਣਾਂ 'ਤੇ ਤਰਸ ਖਾਂਦਿਆਂ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਭੈਣਾਂ ਨੂੰ ਇੱਕ-ਇੱਕ ਲੱਖ ਰੁਪਿਆ ਦਿੱਤਾ ਜਾਵੇ। ਜਦੋਂ ਇਹ ਐਲਾਨ ਹੋਇਆ ਤਾਂ ਕੁਝ ਰਿਸ਼ਤੇਦਾਰ ਵੀ ਪਿੱਛੇ ਲਗ ਪਏ। ਇਨ੍ਹਾਂ ਨੂੰ ਪਹਿਲਾਂ ਅਨਾਥ ਬੱਚਿਆਂ ਦੀ ਯਾਦ ਨਹੀਂ ਆਈ ਸੀ। ਸ਼ਾਇਦ ਹੁਣ ਲੱਗ ਰਿਹਾ ਸੀ ਕਿ ਇਹ ਤਾਂ ਬੱਚੀਆਂ ਹੀ ਹਨ, ਇਨ੍ਹਾਂ ਦੀ ਕਸਟੱਡੀ ਲੈ ਕੇ ਪੈਸਾ ਲੈ ਲਵਾਂਗੇ। ਲਾਲਚ ਕਿੱਥੋਂ ਤਕ ਡੇਗ ਦਿੰਦਾ ਹੈ ? ਸ਼ਾਇਦ ਇਸਦੀ ਡੂੰਘਾਈ ਨਹੀਂ ਮਾਪੀ ਜਾ ਸਕਦੀ। ਪਰ ਭਲਾ ਹੋਵੇ ਉਸ ਜੱਜ ਦਾ ਜਿਸ ਨੇ ਤੈਅ ਕਰ ਦਿੱਤਾ ਕਿ ਜਿਵੇਂ-ਜਿਵੇਂ ਕੁੜੀਆਂ 18 ਸਾਲ ਦੀਆਂ ਹੋਣਗੀਆਂ, ਤਦੇ ਪੈਸਾ ਕੱਢ ਸਕਣਗੀਆਂ। ਐਵੇਂ ਹੀ ਹੋਇਆ।

ਸਤਪਾਲ 18 ਸਾਲਾਂ ਦੀ ਹੋਈ ਤਾਂ ਪੈਸੇ ਕਢਵਾਏ ਤੇ ਨਾਨਾ ਜੀ ਨੇ ਸ਼ਾਦੀ ਕਰ ਦਿੱਤੀ। ਪਰ ਹੁਣ ਸੁਆਲ ਇਹ ਸੀ ਕਿ ਬਾਕੀਆਂ ਭੈਣਾਂ ਕਿੱਥੇ ਜਾਣਗੀਆਂ ? ਉਨ੍ਹਾਂ ਨੂੰ ਕੌਣ ਪਾਲੇਗਾ ? 13 ਸਾਲ ਦੀ ਉਮਰ ਤੋਂ ਭੈਣਾਂ ਨੂੰ ਧੀਆਂ ਵਾਂਗ ਪਾਲਦੀ ਆ ਰਹੀ ਸਤਪਾਲ ਉਨ੍ਹਾਂ ਨੂੰ ਇਕੱਲਿਆਂ ਨਹੀਂ ਛੱਡ ਸਕਦੀ ਸੀ। ਘਰਵਾਲਾ ਭਾਵੇਂ ਆਟੋ ਚਲਾਉਂਦਾ ਸੀ ਪਰ ਉਸਨੇ ਵੀ ਪੂਰਾ ਸਾਥ ਦਿੱਤਾ ਤੇ ਇਨ੍ਹਾਂ ਸਭ ਨੂੰ ਨਾਲ ਹੀ ਰੱਖਣ ਦਾ ਫ਼ੈਸਲਾ ਹੋਇਆ। 18 ਸਾਲ ਵਿੱਚ ਵਿਆਹੀ ਹੋਈ ਸਤਪਾਲ ਆਪਣੀ ਤਿੰਨ ਭੈਣਾਂ ਨਾਲ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰ ਰਹੀ ਸੀ।

ਬਲਵਿੰਦਰ ਜਦੋਂ 18 ਸਾਲਾਂ ਦੀ ਹੋਈ ਤਾਂ ਅਦਾਲਤ ਤੋਂ ਮਿਲੇ ਇੱਕ ਲੱਖ ਦੇ ਬਾਅਦ ਉਸਦਾ ਵਿਆਹ ਕਰ ਦਿੱਤਾ ਤੇ ਮਹਿੰਦਰ ਦੀ ਸ਼ਾਦੀ ਅਲਵਰ ਵਿੱਚ ਮਾਮਾ ਜੀ ਨੇ ਕਰਵਾ ਦਿੱਤੀ। ਸ਼ਾਦੀਆਂ ਇਸ ਲਈ ਛੇਤੀ ਕਰਵਾ ਦਿੱਤੀਆਂ ਕਿਉਂਕਿ ਨਾਨਾ ਜੀ ਤੇ ਸਤਪਾਲ ਨੂੰ ਹੋਰ ਕੋਈ ਰਾਹ ਨਹੀਂ ਸੁੱਝ ਰਿਹਾ ਸੀ। ਸ਼ਾਇਦ ਨਾਨਾ ਜੀ ਵੀ ਇਸ ਦੁਨੀਆ ਤੋਂ ਕੂਚ ਕਰਨ ਤੋਂ ਪਹਿਲਾਂ ਆਪਣੀ ਜ਼ਿੰਮੇਵਾਰੀਆਂ ਤੋਂ ਮੁਕਤ ਹੋਣਾ ਚਾਹੁੰਦੇ ਸਨ।

ਸਭ ਤੋਂ ਛੋਟੀ ਸੁਰਿੰਦਰ ਜੋ ਕਿ ਉਸ ਵਕਤ ਸਿਰਫ਼ ਦੋ ਸਾਲਾਂ ਦੀ ਸੀ, ਉਸਨੇ ਐਮ. ਏ. ਕੀਤੀ ਤੇ ਹੁਣ ਇੱਕ ਡਾਕਟਰ ਦੇ ਕੋਲ ਐਸਿਸਟੈਂਟ ਲੱਗੀ ਹੋਈ ਹੈ।

"ਛੋਟੀ ਭੈਣਾਂ ਨੂੰ ਕਿਵੇਂ ਪਾਲਿਆ ?"

ਇਸ ਸੁਆਲ ਉੱਤੇ ਸਤਪਾਲ ਦੀਆਂ ਅੱਖਾਂ ਭਿੱਜ ਜਾਂਦੀਆਂ ਨੇ। ਕਹਿੰਦੀ ਹੈ,

"ਅਸੀਂ ਤਾਂ ਸ਼ਹਿਜ਼ਾਦੀਆਂ ਸਾਂ, ਪਰ ਕਤਲੇਆਮ ਨੇ ਸਾਨੂੰ ਭਿਖਾਰੀ ਵਰਗਾ ਬਣਾ ਦਿੱਤਾ।"

ਸਭ ਕੁਝ ਗੁਆਉਣ ਦੇ ਬਾਵਜੂਦ ਸਤਪਾਲ ਨੇ ਇੱਕ ਚੀਜ਼ ਨਹੀਂ ਗੁਆਈ ਤੇ ਉਹ ਸੀ ਹਿੰਮਤ। ਉਨ੍ਹਾਂ ਦੋਸ਼ੀਆਂ ਨੂੰ, ਜਿਨ੍ਹਾਂ ਨੇ ਗੁਆਂਢੀ ਹੋਣ ਦੇ ਬਾਵਜੂਦ ਦਗ਼ਾ ਕੀਤਾ, ਉਨ੍ਹਾਂ ਨੂੰ ਕਾਨੂੰਨ ਦੇ ਹੱਥੋਂ ਸਜ਼ਾ ਦਿਵਾਉਣ ਲਈ ਉਸਨੇ ਪੂਰੀ ਲੜਾਈ ਲੜੀ। ਆਖਰ ਉਸਦੀ ਦੁਨੀਆ ਬਰਬਾਦ ਕਰਨ ਵਾਲੇ ਉਨ੍ਹਾਂ ਚਿਹਰਿਆਂ ਨੂੰ ਉਹ ਭੁੱਲ ਵੀ ਕਿਵੇਂ ਸਕਦੀ ਸੀ ?

ਪਰ ਇਹ ਆਸਾਨ ਨਹੀਂ ਸੀ। ਦੋਸ਼ੀਆਂ ਨੂੰ ਲੱਗਾ ਕਿ ਛੋਟੀ ਬੱਚੀਆਂ ਹੀ ਤਾਂ ਨੇ, ਦਬਾਅ ਪਾ ਲਵਾਂਗੇ। ਤੇ ਖ਼ੂਬ ਦਬਾਅ ਪਾਇਆ। ਆਏ ਦਿਨ ਧਮਕੀਆਂ ਮਿਲਦੀਆਂ। ਕਹਿੰਦੇ, "ਜਿਵੇਂ ਤੁਹਾਡੇ ਮਾਪੇ ਤੇ ਭਰਾ ਨਾਲ ਕੀਤਾ, ਵੈਸਾ ਹੀ ਤੁਹਾਡੇ ਨਾਲ ਵੀ ਕਰ ਦੇਵਾਂਗੇ।"

ਜਦੋਂ ਨਹੀਂ ਮੰਨੀ ਤਾਂ ਲਾਲਚ ਦੇ ਅੰਬਾਰ ਲਾਉਣੇ ਸ਼ੁਰੂ ਕਰ ਦਿੱਤੇ। ਤਾਂ ਵੀ ਗੱਲ ਨਹੀਂ ਬਣੀ ਤਾਂ ਘਰ ਦੀਆਂ ਔਰਤਾਂ ਨੂੰ ਰੋਜ਼ ਸਮਝਾਉਣ ਲਈ ਭੇਜ ਦਿੰਦੇ।

ਸਤਪਾਲ ਪਰੇਸ਼ਾਨ ਹੋ ਗਈ ਸੀ। ਆਖਰ ਇੱਕ ਦਿਨ ਜਦੋਂ ਅਦਾਲਤ ਦੇ ਵਿੱਚ ਹੀ ਧਮਕੀਆਂ ਮਿਲਣ ਲੱਗੀਆਂ ਤਾਂ ਉਸਦੀ ਸਹਿਨ-ਸ਼ਕਤੀ ਜੁਆਬ ਦੇ ਗਈ। ਉਸੇ ਵਕਤ ਜੱਜ ਨੂੰ ਕਹਿ ਦਿੱਤਾ, "ਜੱਜ ਸਾਹਿਬ ! ਇਹ ਲੋਕ ਮੈਨੂੰ ਬਿਆਨ ਬਦਲਣ ਦੇ ਲਈ ਧਮਕੀਆਂ ਦੇ ਰਹੇ ਨੇ।"

ਜੱਜ ਨੇ ਧਮਕੀ ਦੇਣ ਵਾਲੇ ਨੂੰ ਅੰਦਰ ਕਰ ਦਿੱਤਾ। ਹੁਣ ਸਤਪਾਲ ਦੀ ਹਿੰਮਤ ਵੱਧ ਗਈ, ਨਹੀਂ ਤਾਂ ਅਦਾਲਤਾਂ ਵਿੱਚ ਵੀ ਮਾਹੌਲ ਚੰਗਾ ਨਹੀਂ ਹੁੰਦਾ ਸੀ। ਇਨਸਾਫ਼ ਲਈ ਅਦਾਲਤ ਜਾਣ ਵਾਲੇ ਸਿੱਖਾਂ ਨੂੰ ਵੀ ਐਵੇਂ ਵੇਖਦੇ ਸੀ ਜਿਵੇਂ ਅਤਿਵਾਦੀ ਹੋਣ। ਸਤਪਾਲ ਹੁਣ ਹਰ ਤਾਰੀਖ਼ 'ਤੇ ਜਾਂਦੀ। ਦੋਸ਼ੀਆਂ ਨੂੰ ਕੁਝ ਸਜ਼ਾ ਵੀ ਹੋਈ ਪਰ ਅਜਿਹੀ ਨਹੀਂ ਕਿ ਖੁਸ਼ੀ ਮਨਾਈ ਜਾਏ।

"ਘਰ ਤੇ ਫੈਕਟਰੀ ਦਾ ਕੀ ਹੋਇਆ ?"

ਘਰ ਔਣੇ-ਪੌਣੇ ਮੁੱਲ ਵਿੱਚ ਵੇਚਣਾ ਪਿਆ। ਪੈਸੇ ਦੀ ਦਿੱਕਤ ਸੀ ਤੇ ਵੈਸੇ ਵੀ

ਐਨਾ ਡਰ ਚੁੱਕੀ ਸੀ ਕਿ ਉਸ ਘਰ ਵਿੱਚ ਮੁੜ ਨਹੀਂ ਰਹਿ ਸਕਦੀ ਸੀ। ਦਲਾਲਾਂ ਨੇ ਫਾਇਦਾ ਚੁੱਕਿਆ ਤੇ ਉਸਨੂੰ ਬਹੁਤ ਘੱਟ ਕੀਮਤ 'ਤੇ ਖਰੀਦ ਲਿਆ।

ਇਹ ਉਨ੍ਹਾਂ ਸਾਰਿਆਂ ਸਿੱਖਾਂ ਨਾਲ ਹੋਇਆ ਜਿਨ੍ਹਾਂ ਦੇ ਘਰ ਸਾੜ ਦਿੱਤੇ ਸੀ ਤੇ ਉਨ੍ਹਾਂ ਦੀਆਂ ਵਿਧਵਾਵਾਂ ਤੇ ਬੱਚੇ ਡਰ ਦੇ ਮਾਰੇ ਮੁੜ ਉਥੇ ਰਹਿਣ ਦੀ ਹਿੰਮਤ ਨਹੀਂ ਜੁਟਾ ਸਕੇ ਸੀ।

ਉਦਯੋਗਿਕ ਖੇਤਰ ਵਿੱਚ ਫੈਕਟਰੀ ਆਪਣੇ-ਆਪ ਫ਼ਰਜ਼ੀ ਕਾਗਜ਼ਾਂ 'ਤੇ ਐਨੀ ਵਾਰ ਵਿੱਕ ਗਈ, ਇਸਦਾ ਸਤਪਾਲ ਨੂੰ ਪਤਾ ਹੀ ਨਹੀਂ ਚਲਿਆ। ਜਦੋਂ ਫ਼ੈਕਟਰੀ ਦੇ ਬਾਰੇ ਪੁੱਛਣਾ ਸ਼ੁਰੂ ਕੀਤਾ ਤਾਂ ਪਤਾ ਲੱਗਾ ਕਿ ਉਹ ਕਈ ਵਾਰ ਵਿਕ ਚੁੱਕੀ ਹੈ। ਉਥੇ ਗੁਆਂਢੀਆਂ ਨੂੰ ਸਾਥ ਦੇਣ ਲਈ ਕਿਹਾ ਤਾਂ ਉਨ੍ਹਾਂ ਨੇ ਪਛਾਣਨ ਤੋਂ ਇਨਕਾਰ ਕਰ ਦਿੱਤਾ। ਕਹਿਣ ਲੱਗੇ, "ਗੁੱਡੀ ਅਸੀਂ ਤਾਂ ਤੈਨੂੰ ਜਾਣਦੇ ਹੀ ਨਹੀਂ।"

ਇਸਦੀ ਕੀਮਤ ਹੀ ਅੱਜ ਕਰੋੜਾਂ ਰੁਪਏ ਹੋਵੇਗੀ ਪਰ ਸਤਪਾਲ ਵਿੱਚ ਇਸਨੂੰ ਵਾਪਸ ਲੈਣ ਲਈ ਅਦਾਲਤੀ ਲੜਾਈ ਲੜਣ ਦੀ ਹਿੰਮਤ ਨਹੀਂ ਹੈ। ਪਤਾ ਨਹੀਂ ਕਦੋਂ ਤਕ ਚਲੇ ? ਵਕੀਲਾਂ ਨੂੰ ਪੈਸਾ ਵੀ ਦੇਣਾ ਹੁੰਦਾ ਹੈ।

ਕਹਿੰਦੀ ਹੈ, "ਹੁਣ ਮੇਰੀ ਤਬੀਅਤ ਖ਼ਰਾਬ ਰਹਿੰਦੀ ਹੈ। ਦੋ ਬੇਟੇ ਤੇ ਇੱਕ ਬੇਟੀ ਹੈ, ਜਦੋਂ ਉਹ ਪੜ੍ਹ-ਲਿਖ ਜਾਣ ਤਾਂ ਸ਼ਾਇਦ ਕੁਝ ਸੁਖ ਮਿਲੇ। ਨਹੀਂ ਤਾਂ ਐਵੇਂ ਲੱਗਦਾ ਹੈ ਕਿ ਇਸ 37 ਸਾਲ ਦੀ ਉਮਰ ਵਿੱਚ ਹੀ ਕਈ ਜਨਮ ਭੋਗ ਚੁਕੀ ਹਾਂ"।

❖ ❖ ❖

ਕਦੋਂ ਮਿਲੇਗੀ ਸ਼ਾਂਤੀ !

ਦੁਖਾਂ ਦੇ ਪਹਾੜ ਚੁੱਕੇ ਜੀਵਨ ਬਤੀਤ ਕਰਦੀ ਆ ਰਹੀ ਸ਼ਾਂਤੀ ਕੌਰ ਦਾ ਮਨ ਅੱਜ ਫਿਰ ਅਸ਼ਾਂਤ ਹੋਣ ਲੱਗਾ ਸੀ। 22 ਸਾਲਾਂ ਦਾ ਪੁੱਤਰ ਸੋਹਣ ਸਿੰਘ ਅਜੇ ਤਕ ਘਰ ਵਾਪਸ ਨਹੀਂ ਆਇਆ ਸੀ।

ਇਸ 30 ਅਪ੍ਰੈਲ 2009 ਨੂੰ ਉਸਦਾ ਵਿਆਹ ਹੋਣਾ ਤੈਅ ਸੀ। ਵਿਆਹ ਨੂੰ ਕੁਝ ਹੀ ਦਿਨ ਬਾਕੀ ਰਹੇ ਗਏ ਸੀ ਕਿ ਪਤਾ ਨਹੀਂ ਸੋਹਣ ਕਿਥੇ ਚਲਾ ਗਿਆ ? ਕਿਧਰੇ ਰਾਜਸਥਾਨ ਵਿੱਚ ਜੋ ਕੁੜੀ ਵੇਖ ਕੇ ਆਈ ਹਾਂ, ਉਸਨੂੰ ਉਹ ਨਾਪਸੰਦ ਤਾਂ ਨਹੀਂ। ਫਿਰ ਸੋਚਦੀ ਕਿ ਨਹੀਂ - ਐਵੇਂ ਕਿਵੇਂ ਹੋ ਸਕਦਾ ਹੈ ? ਰਿਸ਼ਤਾ ਹੋਣ ਦੇ ਬਾਅਦ ਸੋਹਣ ਕਿੰਨਾ ਖ਼ੁਸ਼ ਨਜ਼ਰ ਆ ਰਿਹਾ ਸੀ। ਪਰ ਫਿਰ ਵੀ ਨਾ ਕੋਈ ਫ਼ੋਨ ਕੀਤਾ ਹੈ ਤੇ ਨਾ ਹੀ ਦੋਸਤਾਂ ਨੂੰ ਪਤਾ ਹੈ, ਆਖਿਰ ਗਿਆ ਕਿੱਥੇ ?

ਦੋ ਦਿਨ ਐਵੇਂ ਹੀ ਬੀਤ ਗਏ ਤਾਂ ਮਨ ਨੂੰ ਸੰਸੇ ਦੇ ਬੱਦਲਾਂ ਨੇ ਬੁਰੀ ਤਰ੍ਹਾਂ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ। ਪੁਲਿਸ ਦੇ ਦਰਵਾਜ਼ੇ 'ਤੇ ਜਾ ਕੇ ਮੱਥਾ ਰਗੜਿਆ ਤਾਂ ਉਨ੍ਹਾਂ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ "ਕਿਧਰੇ ਦੋਸਤਾਂ-ਯਾਰਾਂ ਨਾਲ ਇਧਰ-ਉਧਰ ਚਲਾ ਗਿਆ ਹੋਵੇਗਾ।"

ਪਰ ਸ਼ਾਤੀ ਕੌਰ ਨੂੰ ਨੀਂਦ ਨਹੀਂ ਆ ਰਹੀ ਸੀ। ਆਉਂਦੀ ਵੀ ਤਾਂ ਕਿਵੇਂ ?

1984 ਦੇ ਕਤਲੇਆਮ ਵਿੱਚ ਪਿਤਾ ਕਿਰਪਾਲ ਸਿੰਘ ਤੇ ਭਰਾ ਮੋਦੂ ਸਿੰਘ ਨੂੰ ਦੰਗਾਈਆਂ ਦੇ ਹੱਥਾਂ ਵਿੱਚ ਜਿਊਂਦੇ ਸੜਦਿਆਂ ਵੇਖ ਚੁਕੀ ਸੀ। ਬਾਅਦ ਵਿੱਚ ਵਿਆਹ ਹੋਇਆ ਤਾਂ ਪਤੀ ਗਲੇ ਦੇ ਕੈਂਸਰ ਕਰਕੇ ਦੁਨੀਆ ਛੱਡ ਗਏ। ਨਾ ਪਿਉ ਰਿਹਾ, ਨਾ ਭਰਾ ਤੇ ਨਾ ਹੀ ਪਤੀ। ਹੁਣ ਕੀ ਪੁੱਤਰ ਵੀ ?

ਇਹ ਸੋਚਦੇ ਹੀ ਸ਼ਾਂਤੀ ਕੌਰ ਕੰਬ ਗਈ, ਹੜਬੜਾ ਕੇ ਉੱਠੀ ਤੇ ਬਿਸਤਰ 'ਤੇ ਜਾ ਕੇ ਵੇਖਿਆ ਕਿ ਸ਼ਾਇਦ ਚੁਪਚਾਪ ਆ ਕੇ ਸੌਂ ਗਿਆ ਹੋਵੇ। ਪਰ ਉਹ ਨਹੀਂ ਸੀ। ਫਿਰ ਸੋਚਦੀ ਕਿ ਕੀ ਕੁੜੀ ਵਾਲਿਆਂ ਨੂੰ ਦੱਸ ਦੇਵਾਂ ? ਨਹੀਂ - ਬਹੁਤ ਬੇ ਇੱਜ਼ਤੀ ਹੋਵੇਗੀ। ਸ਼ਾਇਦ ਥੋੜ੍ਹਾ ਹੋਰ ਇੰਤਜ਼ਾਰ ਕਰ ਲੈਂਦੀ ਹਾਂ।

ਵਿਚਾਰੀ ਸ਼ਾਂਤੀ ਕੌਰ ਨੂੰ ਕੀ ਪਤਾ ਸੀ ਕਿ ਜਿਸ ਨਸ਼ੇ ਦੀ ਦਲਦਲ ਵਿੱਚੋਂ ਸੋਹਣ ਸਿੰਘ ਨੂੰ ਉਸਨੇ ਬਹੁਤ ਮੁਸ਼ਕਿਲ ਨਾਲ ਕੱਢਿਆ ਸੀ, ਉਸੇ ਦਲਦਲ ਦੇ ਦਲਾਲਾਂ ਨੇ ਸੋਹਣ ਸਿੰਘ ਨੂੰ ਫਿਰ ਤੋਂ ਦਲਦਲ ਵਿੱਚ ਫੱਸਣ ਤੋਂ ਇਨਕਾਰ ਕਰਨ 'ਤੇ ਕਤਲ ਕਰ ਦਿੱਤਾ ਸੀ। ਉਸਦੀ ਲਾਸ਼ ਨੇੜੇ ਹੀ ਰਹਿਣ ਵਾਲੇ ਉਸੇ ਬਦਮਾਸ਼ ਕਮਲ ਦੇ ਘਰ ਵਿੱਚ ਬਿਸਤਰਿਆਂ ਵਿੱਚ ਲਕੋਈ ਗਈ ਸੀ, ਜਿਸ ਉੱਤੇ ਦੋਸ਼ ਸੀ ਕਿ ਉਸਨੇ ਆਪਣੇ ਭਰਾ ਦਾ ਹੀ ਕਤਲ ਕੀਤਾ ਸੀ। ਲਾਸ਼ ਵਿੱਚੋਂ ਬਦਬੂ ਆਉਣ ਲੱਗੀ ਤਾਂ ਘਰ ਵਿੱਚ ਕੰਮ ਕਰਨ ਵਾਲੀ ਬਾਈ ਨੇ ਦੇਖਿਆ। ਗੱਲ ਅੱਗ ਵਾਂਗੂੰ ਫੈਲ ਗਈ ਪਰ ਲਾਸ਼ ਪਛਾਣ ਵਿੱਚ ਨਹੀਂ ਆ ਰਹੀ ਸੀ। ਉਸਦੀ ਸ਼ਕਲ ਵਿਗਾੜ ਦਿੱਤੀ ਗਈ ਸੀ।

ਦਿਲ ਉੱਤੇ ਹੱਥ ਰਖਦਿਆਂ ਸ਼ਾਂਤੀ ਕੌਰ ਵੀ ਉਥੇ ਪਹੁੰਚੀ। ਸ਼ਕਲ ਵੇਖੀ ਤਾਂ ਪਛਾਣ ਨਹੀਂ ਸਕੀ, "ਨਹੀਂ ਨਹੀਂ, ਇਹ ਮੇਰਾ ਪੁੱਤਰ ਨਹੀਂ ਲਗ ਰਿਹਾ। ਪਰ ਹਾਇ ਰੱਬਾ ! ਇਹ ਕਪੜੇ ਤਾਂ ਉਸੇ ਦੇ ਨੇ। ਇੱਕ ਚੱਪਲ ਜੋ ਇਥੇ ਪਈ ਹੈ, ਉਹ ਵੀ ਤਾਂ ਉਸੇ ਦੀ ਹੈ।"

ਹੁਣ ਲਾਸ਼ ਦੇ ਵੱਲ ਧਿਆਨ ਨਾਲ ਵੇਖਿਆ ਤਾਂ ਸ਼ਾਂਤੀ ਕੌਰ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਚੁੱਕੀ ਸੀ। ਉਸਦਾ ਘਰ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਾ ਸੀ। ਨਾ ਪਿਤਾ, ਨਾ ਭਰਾ, ਨਾ ਪਤੀ ਤੇ ਨਾ ਹੀ ਹੁਣ ਪੁੱਤਰ। ਉਸਦੀ ਦੁਨੀਆ ਫ਼ਨਾਹ ਹੋ ਗਈ।

ਪੁਲਿਸ ਕਤਲ ਦਾ ਕੇਸ ਤਕ ਲਿਖਣ ਨੂੰ ਰਾਜ਼ੀ ਨਹੀਂ ਸੀ। ਪਰ ਜਦੋਂ ਕਾਲੋਨੀ ਵਾਲਿਆਂ ਨੇ ਥਾਣੇ ਦਾ ਘੇਰਾ ਪਾਇਆ ਤਾਂ ਫਿਰ ਕਾਤਲਾਂ ਨੂੰ ਅੰਦਰ ਕੀਤਾ ਗਿਆ। ਸ਼ਾਂਤੀ ਕੌਰ ਕਿੰਨੀ ਦੇਰ ਤਕ ਉਥੇ ਬੇਹੋਸ਼ ਪਈ ਰਹੀ, ਉਸਨੂੰ ਕੁਝ ਯਾਦ ਹੀ ਨਹੀਂ ਹੈ।

ਪੁੱਤਰ ਦੀ ਮੌਤ ਤੋਂ ਬਾਅਦ ਜਦੋਂ ਅੰਤਿਮ ਰਸਮਾਂ ਨਿਭਾਉਣ ਲਈ ਕਰਜ਼ਾ ਲਿਆ ਤਾਂ ਸ਼ਾਇਦ ਤਕਦੀਰ ਲਿਖਣ ਵਾਲੇ ਨੂੰ ਵੀ ਆਪਣੀ ਕਲਮ 'ਤੇ ਸ਼ਰਮ ਆਈ ਹੋਵੇਗੀ। ਅੰਤਿਮ ਅਰਦਾਸ ਤੇ ਭੋਗ ਤੋਂ ਬਾਅਦ ਇਕੱਲੀ ਗੁਮਸੁਮ ਬੈਠੀ ਸ਼ਾਂਤੀ ਕੌਰ ਰੱਬ ਨੂੰ ਗਿਲਾ ਕਰਨ ਲੱਗੀ। ਜੀਵਨ ਦਾ ਪੂਰਾ ਦੁਖਾਂਤ ਇੱਕ ਫਿਲਮ ਵਾਂਗ ਉਸ ਦੀਆਂ ਅੱਖਾਂ ਦੇ ਸਾਹਮਣੇ ਚਲਣ ਲੱਗ ਗਿਆ।

ਉਹ ਤ੍ਰਿਲੋਕਪੁਰੀ ਦੇ ਉਸੇ ਮਨਹੂਸ 32 ਬਲਾਕ ਵਿੱਚ ਪਿਤਾ ਕਿਰਪਾਲ ਸਿੰਘ ਤੇ ਭਰਾ ਮੋਦੂ ਸਿੰਘ ਦੇ ਨਾਲ ਰਹਿ ਰਹੀ ਸੀ, ਜਦੋਂ ਪੁਲਿਸ ਦੇ ਧੋਖੇ ਦੇ ਬਾਅਦ ਦੰਗਾਈਆਂ ਦੀ ਭੀੜ ਨੇ 500 ਬੰਦਿਆਂ ਨੂੰ ਜਿਊਂਦੇ ਸਾੜਿਆ ਸੀ। ਉਸ ਵਕਤ ਸ਼ਾਂਤੀ ਕੌਰ 17 ਸਾਲ ਦੀ ਸੀ ਪਰ ਕੁਝ ਸਮਝ ਨਹੀਂ ਆ ਰਿਹਾ ਸੀ ਕਿ ਆਖਰ ਦੰਗਾਈ ਉਨ੍ਹਾਂ ਨੂੰ ਮਾਰਣ ਲਈ ਕਿਉਂ ਤੁਲੇ ਹੋਏ ਨੇ ?

ਪਰ ਵਹਿਸ਼ੀ ਭੀੜ ਦੇ ਸਿਰ 'ਤੇ ਤਾਂ ਖ਼ੂਨ ਸਵਾਰ ਸੀ। ਅੱਖਾਂ ਦੇ ਸਾਹਮਣੇ ਪਿਤਾ ਕਿਰਪਾਲ ਸਿੰਘ ਤੇ ਭਰਾ ਮੋਦੂ ਸਿੰਘ ਨੂੰ ਮੰਜੀਆਂ ਨਾਲ ਬੰਨ੍ਹ ਦਿੱਤਾ ਗਿਆ। ਪਹਿਲੇ ਉਨ੍ਹਾਂ ਦੇ ਕੇਸ ਕਤਲ ਕੀਤੇ ਤੇ ਫਿਰ ਉਨ੍ਹਾਂ ਨੂੰ ਇਸ ਤਰ੍ਹਾਂ ਅੱਗ ਵਿੱਚ ਸਾੜ ਦਿੱਤਾ ਜਿਵੇਂ ਹਰ ਸਾਲ ਦਸ਼ਹਿਰੇ ਵਿੱਚ ਰਾਵਣ ਨੂੰ ਸਾੜਦੇ ਨੇ।

ਹੁਣ ਸ਼ਾਂਤੀ ਕੌਰ ਕਹਿੰਦੀ ਹੈ ਕਿ "ਇਹ ਆਪ ਤਾਂ ਸੀਤਾ ਦਾ ਹਰਨ ਕਰਨ ਵਾਲੇ ਰਾਵਣ ਦਾ ਹਰ ਸਾਲ ਪੁਤਲਾ ਜਲਾਉਂਦੇ ਹਨ ਪਰ ਸਾਨੂੰ ਕਹਿੰਦੇ ਨੇ ਕਿ 1984 ਨੂੰ ਭੁੱਲ ਜਾਓ। ਕੀ ਇਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ ?" ਅੱਗ ਵਿੱਚ ਸੜਦੇ ਪਿਉ ਤੇ ਭਰਾ ਦੀਆਂ ਚੀਖਾਂ ਅੱਜ ਵੀ ਸ਼ਾਂਤੀ ਕੌਰ ਨੂੰ ਆਪਣੇ ਕੰਨਾਂ ਵਿੱਚ ਸੁਣਾਈ ਦਿੰਦੀਆਂ ਨੇ।

ਉਹ ਅਜੇ 18 ਵਰ੍ਹਿਆਂ ਦੀ ਹੀ ਹੋਈ ਸੀ ਕਿ ਰਿਸ਼ਤੇਦਾਰਾਂ ਨੇ ਪੂਰਨ ਸਿੰਘ ਨਾਲ ਉਸਦੀ ਸ਼ਾਦੀ ਕਰ ਦਿੱਤੀ। ਪੂਰਨ ਸਿੰਘ ਦੇ ਪਿਤਾ ਨੂੰ ਵੀ ਦੰਗਾਈਆਂ ਨੇ ਸੁਲਤਾਨਪੁਰੀ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ ਸੀ। ਪੂਰਨ ਸਿੰਘ ਨੂੰ ਵੀ ਦੰਗਾਈਆਂ ਨੇ ਚਾਕੂ-ਤਲਵਾਰਾਂ ਨਾਲ ਮਾਰਿਆ ਸੀ ਤੇ ਉਸਨੂੰ ਮੋਇਆ ਸਮਝ ਕੇ ਹੀ ਛੱਡ ਗਏ ਸੀ। ਬਾਅਦ ਵਿੱਚ ਕੁਝ ਹੋਸ਼ ਆਇਆ ਤਾਂ ਬਹੁਤ ਮੁਸ਼ਕਿਲ ਨਾਲ ਜਾਨ ਬਚ ਸਕੀ। ਉਹ ਸਬਜ਼ੀ ਵੇਚ ਕੇ ਗੁਜ਼ਾਰਾ ਕਰਦੇ ਸੀ ਪਰ ਫਿਰ ਵੀ ਲਗ ਰਿਹਾ ਸੀ ਕਿ ਜ਼ਿੰਦਗੀ ਪਟੜੀ 'ਤੇ ਵਾਪਸ ਪਰਤ ਰਹੀ ਹੈ।

ਇਸ ਦੌਰਾਨ ਤਿੰਨ ਬੱਚੇ ਹੋਏ - ਸੋਹਣ ਸਿੰਘ, ਰਜਨੀ ਕੌਰ ਤੇ ਗੁਰਬਚਨ ਸਿੰਘ। ਪਰ ਪੂਰਨ ਸਿੰਘ ਦੀ ਤਬੀਅਤ ਦਿਨ-ਬ-ਦਿਨ ਵਿਗੜਦੀ ਹੀ ਜਾ ਰਹੀ ਸੀ। ਉਹ ਲਗਾਤਾਰ ਕਮਜ਼ੋਰ ਹੁੰਦਾ ਜਾ ਰਿਹਾ ਸੀ ਤੇ ਗਲੇ ਵਿੱਚ ਜਿਥੇ ਚਾਕੂ ਵੱਜਾ ਸੀ, ਉਥੇ ਦਰਦ ਦੱਸਦਾ ਰਹਿੰਦਾ। ਪੈਸਾ ਐਨਾ ਨਹੀਂ ਸੀ ਕਿ ਕਿਧਰੇ ਚੰਗੀ ਥਾਂ ਇਲਾਜ ਕਰਵਾਉਂਦੇ। ਸ਼ਾਂਤੀ ਕੌਰ ਨੇ ਕਈ ਵਾਰ ਕਿਹਾ ਵੀ ਕਿ ਕਿਧਰੇ ਚੰਗੀ ਥਾਂ 'ਤੇ

ਵਿਖਾ ਲਓ, ਤਾਂ ਇਸ ਉੱਤੇ ਉਹ ਕਹਿੰਦੇ ਕਿ "ਜਦੋਂ ਪੈਸੇ ਹੋਣਗੇ ਤਾਂ ਵੇਖ ਲਵਾਂਗੇ।"

ਪਰ ਉਹ ਦਿਨ ਨਹੀਂ ਆਇਆ। ਜਦੋਂ ਪਤਾ ਲੱਗਾ ਕਿ ਅੰਦਰ ਕੈਂਸਰ ਹੋ ਚੁੱਕਾ ਹੈ ਤਾਂ ਦੌੜ-ਭੱਜ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਇਸ ਉੱਤੇ ਲੱਖਾਂ ਰੁਪਏ ਖਰਚ ਹੋਣੇ ਸੀ, ਉਹ ਕਿਥੋਂ ਆਉਂਦੇ ? ਸ਼ਾਂਤੀ ਕੌਰ ਆਪਣੀ ਦਰਦਨਾਕ ਸਥਿਤੀ ਨੂੰ ਵੇਖ ਕੇ ਬਹੁਤ ਰੋਈ। ਵੇਖਦਿਆਂ ਹੀ ਵੇਖਦਿਆਂ ਇੱਕ ਮਹੀਨੇ ਵਿੱਚ ਹੀ ਉਨ੍ਹਾਂ ਨੇ ਦਮ ਤੋੜ ਦਿੱਤਾ।

ਸ਼ਾਂਤੀ ਕੌਰ ਨੇ ਫਿਰ ਵੀ ਹਾਰ ਨਹੀਂ ਮੰਨੀ ਤੇ ਬੱਚਿਆਂ ਨੂੰ ਪਾਲਣ ਲਈ ਘਰ-ਘਰ ਜਾ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹੋਰ ਕਰਦੀ ਵੀ ਕੀ ? ਪੜ੍ਹੀ-ਲਿਖੀ ਤਾਂ ਸੀ ਨਹੀਂ ਕਿ ਕਿਧਰੇ ਚੰਗੀ ਨੌਕਰੀ ਮਿਲ ਜਾਂਦੀ।

ਸ਼ਾਂਤੀ ਕੌਰ ਨੇ ਕੰਮ ਉੱਤੇ ਜਾਣਾ ਸ਼ੁਰੂ ਕਰ ਦਿੱਤਾ ਤਾਂ 15 ਸਾਲ ਦੇ ਸੋਹਣ ਸਿੰਘ ਨੂੰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੇ ਸਮੈਕ ਦੀ ਲਤ ਲਗਾ ਦਿੱਤੀ। ਹੁਣ ਉਹ ਹਰ ਵਕਤ ਉਦਾਸ ਤੇ ਥਕਿਆ-ਹਾਰਾ ਰਹਿੰਦਾ।

ਸ਼ਾਂਤੀ ਕੌਰ ਪੁੱਛਦੀ, "ਪੁੱਤਰ ਕੀ ਹੋਇਆ ਹੈ ?" ਤਾਂ ਕੋਈ ਜੁਆਬ ਨਾ ਦਿੰਦਾ।

ਉਸਦੇ ਦੋਸਤਾਂ ਨੂੰ ਕੁਰੇਦ ਕ ਪੁੱਛਿਆ ਤਾਂ ਜਵਾਬ ਸੁਣ ਕੇ ਉਸਦੇ ਪੈਰਾਂ ਹੇਠਾਂ ਤੋਂ ਜ਼ਮੀਨ ਖਿਸਕ ਗਈ। ਸੋਹਣ ਨੂੰ ਸਮੈਕ ਦੀ ਲਤ ਲਗ ਚੁਕੀ ਸੀ, ਨਾ ਮਿਲਣ ਉੱਤੇ ਮੱਛੀ ਵਾਂਗ ਤੜਪਣ ਲਗਦਾ। ਇਸ ਤਰ੍ਹਾਂ ਹੱਥ-ਪੈਰ ਮਾਰਦਾ ਜਿਵੇਂ ਜਾਨ ਹੀ ਨਿਕਲ ਜਾਏਗੀ, ਸਾਹ ਰੁੱਕਣ ਲਗਦੀ, ਗਲਾ ਸੁੱਕ ਜਾਂਦਾ ਤੇ ਪੈਰ ਐਨੇ ਦਰਦ ਕਰਦੇ ਕਿ ਖੜਾ ਵੀ ਨਹੀਂ ਹੋ ਸਕਦਾ ਸੀ।

ਹੁਣ ਕੀ ਕਰੇ ? ਸ਼ਾਂਤੀ ਕੌਰ ਨੂੰ ਸਮਝ ਨਹੀਂ ਆ ਰਿਹਾ ਸੀ। 15 ਸਾਲ ਦੀ ਉਮਰ ਵਿੱਚ ਸਮੈਕ ਦੀ ਲਤ ਵਿੱਚ ਫੱਸ ਗਿਆ ਪੁੱਤਰ ਮਾਂ ਦੇ ਦਰਦ ਨੂੰ ਸਮਝਦਾ ਤੇ ਕਹਿੰਦਾ, "ਮਾਂ, ਮੈਨੂੰ ਜ਼ਹਿਰ ਦੇ ਕੇ ਮਾਰ ਦੇ।"

ਪਰ ਉਹ ਅਜਿਹਾ ਨਹੀਂ ਕਰ ਸਕਦੀ ਸੀ। ਤਾਂ ਰੋਂਦਾ ਕਿ "ਮਾਂ ਮੈਨੂੰ ਬਚਾ ਲੈ।"

ਮਾਂ ਦੇ ਦਿਮਾਗ ਨੇ ਤਾਂ ਕੰਮ ਕਰਨਾ ਹੀ ਬੰਦ ਕਰ ਦਿੱਤਾ ਸੀ। ਕਈ ਵਾਰ ਗੁਰਦੁਆਰੇ ਜਾ ਕੇ ਕਸਮਾਂ ਖੁਆਈਆਂ ਕਿ ਪੁੱਤਰ ਹੁਣ ਨਸ਼ਾ ਨਹੀਂ ਕਰਨਾ, ਪਰ ਜਦੋਂ ਤ਼ਲਬ ਲੱਗਦੀ ਤਾਂ ਸਭ ਕੁਝ ਭੁੱਲ ਜਾਂਦਾ।

ਗੁਆਂਢੀਆਂ ਨੇ ਸਮਝਾਇਆ ਕਿ ਇਸਨੂੰ ਨਸ਼ਾ ਛਡਾਉਣ ਵਾਲੇ ਸੈਂਟਰ ਵਿੱਚ ਭੇਜ ਦੇਵੋ, ਉਥੇ ਇਲਾਜ ਹੋਣ ਨਾਲ ਠੀਕ ਹੋ ਜਾਏਗਾ। ਕਦੇ ਅਮਨ ਵਿਹਾਰ, ਕਦੇ ਰੋਹਿਣੀ, ਕਦੇ ਪਹਾੜ ਗੰਜ ਤਾਂ ਕਦੇ ਗੋਬਿੰਦਪੁਰੀ, ਸਾਰੀਆਂ ਥਾਵਾਂ 'ਤੇ ਪੁੱਤਰ ਨੂੰ ਲੈ ਕੇ ਇਲਾਜ ਲਈ ਘੁੰਮਦੀ ਰਹੀ। ਕੁਝ ਫਾਇਦਾ ਹੁੰਦਾ ਵੀ ਸੀ। ਕੁਝ ਵਕਤ ਲਈ ਆਦਤ ਛੁੱਟ ਜਾਂਦੀ ਪਰ ਫਿਰ ਤੋਂ ਉਹੀ ਸੰਗੀ ਘੇਰ ਲੈਂਦੇ ਤੇ ਨਸ਼ਾ ਸ਼ੁਰੂ ਹੋ ਜਾਂਦਾ। ਆਖਰ ਉਸਨੂੰ ਨਿਹਾਲ ਵਿਹਾਰ ਸੈਂਟਰ ਵਿੱਚ ਭੇਜ ਦਿੱਤਾ। ਇਥੇ ਉਸਨੂੰ ਤਕਰੀਬਨ ਡੇਢ ਸਾਲ ਤਕ ਰਖਿਆ ਗਿਆ ਅਤੇ ਉਸਨੇ ਘਰਾਂ ਵਿੱਚ ਕੰਮ ਕਰਕੇ ਇਲਾਜ ਦਾ ਖਰਚਾ ਚੁੱਕਿਆ।

ਸ਼ਾਂਤੀ ਕੌਰ ਦੇ ਚਿਹਰੇ 'ਤੇ ਹੁਣ ਮੁਸਕਾਨ ਪਰਤਣ ਲੱਗੀ ਸੀ। ਪੁੱਤਰ ਨਸ਼ੇ ਦੀ ਲਤ ਤੋਂ ਪੂਰੀ ਤਰ੍ਹਾਂ ਨਿਕਲ ਚੁੱਕਾ ਸੀ। ਘਰ ਵਾਪਸ ਆ ਕੇ ਵੀ ਨਸ਼ਿਆਂ ਤੋਂ ਦੂਰ ਰਿਹਾ ਤੇ ਨਸ਼ੇ ਵਾਲਿਆਂ ਦੀ ਸੰਗਤ ਛੱਡ ਦਿੱਤੀ। ਹੁਣ ਉਹ ਕੁਝ ਕੰਮਕਾਜ ਕਰਨ ਲੱਗ ਪਿਆ ਸੀ। ਸ਼ਾਂਤੀ ਕੌਰ ਨੇ ਕੁਝ ਰਾਹਤ ਦੀ ਸਾਹ ਲਈ, ਲੱਗਾ ਕਿ ਤਪ ਸਫਲ ਹੋਣ ਲੱਗਾ ਹੈ। ਪਰ ਪਤਾ ਨਹੀਂ ਸੀ ਕਿ ਕਿਸਮਤ ਨੂੰ ਕੁਝ ਹੋਰ ਹੀ ਮੰਜ਼ੂਰ ਹੈ।

ਸ਼ਾਂਤੀ ਕੌਰ ਦੀ ਧੀ ਰਜਨੀ ਕੌਰ 16 ਸਾਲ ਦੀ ਹੋ ਗਈ ਤਾਂ ਉਸਨੂੰ ਵੀ ਘਰਾਂ ਵਿੱਚ ਕੰਮ ਕਰਨ ਲਈ ਨਾਲ ਲਿਜਾਉਣਾ ਸ਼ੁਰੂ ਕੀਤਾ। ਜ਼ਮਾਨੇ ਨੇ ਕਈ ਉਲਟੀਆਂ-ਸਿਧੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਉਸਨੂੰ ਕੰਮ ਉੱਤੇ ਨਹੀਂ ਭੇਜਦੀ।

ਛੋਟੇ ਪੁੱਤਰ ਨੇ ਪੜ੍ਹਾਈ ਛੱਡ ਕੇ ਕਪੜਿਆਂ ਦੀ ਇੱਕ ਦੁਕਾਨ 'ਤੇ ਕੰਮ ਕਰਨਾ ਸ਼ੁਰੂ ਕੀਤਾ ਹੈ ਪਰ ਧੀ ਦੇ ਵਿਆਹ ਦੀ ਚਿੰਤਾ ਹੋਣ ਲੱਗ ਪਈ ਹੈ। ਸ਼ਾਂਤੀ ਕੌਰ ਦੇ ਜੀਵਨ ਵਿੱਚ ਸ਼ਾਂਤੀ ਕਦੋਂ ਆਏਗੀ, ਇਹ ਸ਼ਾਇਦ ਰੱਬ ਹੀ ਜਾਣਦਾ ਹੈ।

ਗੋਪੀ ਕੌਰ ਕਹਿੰਦੀ ਹੈ ਕਿ ਸਿੱਖ ਕਤਲੇਆਮ ਦੇ ਦੋਖੀਆਂ ਨੇ ਜਾਣ-ਬੁੱਝ ਕੇ ਵਿਧਵਾ ਕਾਲੋਨੀ ਦੇ ਬੱਚਿਆਂ ਨੂੰ ਨਸ਼ਿਆਂ ਵੱਲ ਲਾਇਆ ਹੈ ਤਾਂ ਕਿ ਸਾਡੀ

ਅਗਲੀ ਪੀੜ੍ਹੀ ਹੀ ਬਰਬਾਦ ਹੋ ਜਾਏ ਤੇ ਚੌਰਾਸੀ ਦਾ ਨਾਂ ਲੈਣ ਵਾਲਾ ਕੋਈ ਨਾ ਬਚੇ। ਜਾਂ ਫਿਰ ਇਹ ਐਨੇ ਕਮਜ਼ੋਰ ਹੋ ਜਾਣ ਕਿ 1984 ਦੀ ਗੱਲ ਚੁੱਕਣ ਦੀ ਹਿੰਮਤ ਹੀ ਨਾ ਕਰ ਸਕਣ।

ਪਤੀ ਸਮੇਤ ਘਰ ਦੇ ਸੱਤ ਬੰਦਿਆਂ ਨੂੰ ਕਤਲੇਆਮ ਵਿੱਚ ਗੁਆਉਣ ਦੇ ਬਾਅਦ ਹੁਣ ਗੋਪੀ ਕੌਰ ਨੂੰ ਆਪਣੇ ਪੁੱਤਰ ਗੁਰਮੀਤ ਸਿੰਘ ਤੋਂ ਆਸ ਸੀ। ਪਰ 22 ਵਰ੍ਹਿਆਂ ਦਾ ਹੁੰਦੇ-ਹੁੰਦੇ ਗੁਰਮੀਤ ਨਸ਼ੇ ਤੇ ਸਮੈਕ ਦੇ ਫੇਰ ਵਿੱਚ ਪੈ ਕੇ ਇਸ ਦੁਨੀਆ ਤੋਂ ਜਾ ਚੁੱਕਾ ਹੈ।

ਉਸਦੇ ਦਿਉਰ ਚੰਦੂ ਸਿੰਘ ਦੀ ਕਤਲੇਆਮ ਤੋਂ ਬਾਅਦ ਹੀ ਮਾਨਸਿਕ ਹਾਲਤ ਖਰਾਬ ਹੋ ਗਈ ਸੀ ਤੇ ਉਹ ਘਰ ਤੋਂ ਬਾਹਰ ਹੀ ਨਹੀਂ ਜਾਂਦਾ। ਖਾਕੀ ਦਾ ਡਰ ਉਸਦੇ ਦਿਲ ਵਿੱਚ ਐਨਾ ਸਮਾ ਚੁੱਕਾ ਹੈ ਕਿ ਕੋਈ ਪੁਲਿਸ ਵਾਲਾ ਨਜ਼ਰ ਆਉਣ 'ਤੇ ਭੱਜਣ ਲਗਦਾ ਹੈ ਤੇ ਉਸਦੀ ਪੈਂਟ ਗਿੱਲੀ ਹੋ ਜਾਂਦੀ ਹੈ। ਸਾਰਾ ਦਿਨ ਸੁੰਨ ਹੋ ਤੱਕਦਾ ਰਹਿੰਦਾ ਹੈ।

ਗੋਪੀ ਕੌਰ ਉਨ੍ਹਾਂ 70 ਅਭਾਗਣਾਂ ਵਿੱਚ ਸ਼ਾਮਿਲ ਹੈ ਜਿਨ੍ਹਾਂ ਨੂੰ ਦੰਗਾ-ਪੀੜਤਾਂ ਦੇ ਤੌਰ 'ਤੇ ਮੁਆਵਜ਼ਾ ਤਾਂ ਮਿਲਿਆ ਪਰ ਲੋਭੀ ਲੋਕਾਂ ਦੀਆਂ ਨਜ਼ਰਾਂ ਉਸ 'ਤੇ ਲਗ ਗਈਆਂ। ਜਦੋਂ ਇਨ੍ਹਾਂ ਨੂੰ ਮੁਆਵਜ਼ੇ ਦਾ ਚੈੱਕ ਮਿਲਿਆ ਤਾਂ ਓਥੇ ਓਰੀਐਂਟਲ ਹਾਊਸਿੰਗ ਸੁਸਾਇਟੀ ਨਾਂ ਦੀ ਇੱਕ ਫ਼ਰਜ਼ੀ ਸੰਸਥਾ ਖੜੀ ਹੋ ਗਈ। ਇਨ੍ਹਾਂ ਅਨਪੜ੍ਹ ਵਿਧਵਾਵਾਂ ਨੂੰ ਸਬਜ਼-ਬਾਗ਼ ਵਿਖਾਉਂਦਿਆਂ ਕਿਹਾ ਗਿਆ ਕਿ ਬੈਂਕ ਦੀ ਬਜਾਏ ਇਨ੍ਹਾਂ ਕੋਲ ਪੈਸਾ ਜਮਾ ਕਰਾਉਣਗੀਆਂ ਤਾਂ ਜ਼ਿਆਦਾ ਫਾਇਦਾ ਹੋਵੇਗਾ। ਇਤਬਾਰ ਕਰ ਲਿਆ, ਚੈੱਕ ਦੇ ਦਿੱਤੇ ਪਰ ਛੇ ਮਹੀਨਿਆਂ ਵਿੱਚ ਹੀ ਉਹ ਸੰਸਥਾ ਗਾਇਬ ਹੋ ਗਈ। ਵਿਧਵਾਵਾਂ ਅੱਜ ਵੀ ਉਨ੍ਹਾਂ ਨੂੰ ਕੋਸਦੀਆਂ ਨੇ ਅਤੇ ਜਾਲਸਾਜ਼ੀ ਦਾ ਮੁਕਦਮਾ ਚਲ ਰਿਹਾ ਹੈ। ਹਾਲਾਂਕਿ ਪੈਸਾ ਵਾਪਸ ਮਿਲਣ ਦੀ ਉਮੀਦ ਨਹੀਂ ਹੈ।

ਬਰਫੀ ਕੌਰ ਦੇ ਦੋ ਭਤੀਜੇ ਨਸ਼ੇ ਦੀਆਂ ਗੋਲੀਆਂ ਖਾਂਦੇ-ਖਾਂਦੇ ਭਰੀ ਜੁਆਨੀ ਵਿੱਚ ਹੀ ਚਲੇ ਗਏ ਹਨ। ਵੇਖਣ ਵਿੱਚ ਇਹ ਦੰਗਿਆਂ ਦਾ ਭੈੜਾ ਅਸਰ ਲਗਦਾ ਹੈ ਪਰ ਵਿਧਵਾਵਾਂ ਨੂੰ ਇਹ ਉਸੇ ਹਕੂਮਤ ਦੀ ਸਾਜਿਸ਼ ਲਗਦੀ ਹੈ ਜਿਸਨੇ ਉਨ੍ਹਾਂ ਦੇ ਆਦਮੀਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਤੇ ਫਿਰ ਕਾਤਲਾਂ ਨੂੰ ਬਚਾ ਕੇ

ਉਨ੍ਹਾਂ ਨੂੰ ਵੱਡੇ ਅਹੁਦੇ ਦਿੱਤੇ।

ਇਹ ਕਹਿੰਦੀਆਂ ਹਨ ਕਿ ਜਦੋਂ ਵਿਧਵਾਵਾਂ ਦੀ ਇਸ ਕਾਲੋਨੀ ਵਿੱਚ ਪਿਛਲੇ ਕੁਝ ਸਾਲਾਂ ਵਿੱਚ 200 ਤੋਂ ਵੱਧ ਜੁਆਨ ਮੁੰਡੇ ਦੁਨੀਆ ਛੱਡ ਜਾਣ ਤਾਂ ਇਹ ਕੋਈ ਸੁਭਾਵਕ ਗੱਲ ਨਹੀਂ ਜਾਪਦੀ। ਇਨ੍ਹਾਂ ਦਾ ਕਹਿਣਾ ਹੈ ਜਦੋਂ ਉਹ ਕੰਮ 'ਤੇ ਜਾਂਦੀਆਂ ਹਨ ਤਾਂ ਸਾਜਿਸ਼ ਦੇ ਤਹਿਤ 10 ਤੋਂ 15 ਸਾਲਾਂ ਦੇ ਬੱਚਿਆਂ ਨੂੰ ਨਿਸ਼ਾਨਾ ਬਣਾ ਕੇ ਨਸ਼ੇ ਦੇ ਟੀਕੇ ਤੇ ਗੋਲੀਆਂ ਦਾ ਆਦੀ ਬਣਾਉਣਾ ਸ਼ੁਰੂ ਕੀਤਾ ਗਿਆ ਸੀ। ਹੁਣ ਕੁਝ ਹੀ ਘਰ ਬਚੇ ਹਨ ਜਿਥੇ ਨਸ਼ਿਆਂ ਦਾ ਕਹਿਰ ਨਾ ਡਿੱਗਿਆ ਹੋਵੇ।

ਆਲਮ ਇਹ ਹੈ ਕਿ ਨਸ਼ੇ ਦੇ ਆਦੀ ਹੋ ਚੁਕੇ ਮੁੰਡੇ ਜਾਨਵਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਖਾ ਕੇ ਵੀ ਨਸ਼ਾ ਪੂਰਾ ਕਰਦੇ ਨੇ ਤੇ ਛੋਟੇ-ਛੋਟੇ ਬੱਚੇ ਵਹਾਈਟਨਰ ਨੂੰ ਹੀ ਰੁਮਾਲ ਵਿੱਚ ਬੰਨ੍ਹ ਕੇ ਸੁੰਘਦੇ ਨਜ਼ਰ ਆ ਜਾਣਗੇ। ਪੈਟਰੋਲ ਤੇ ਹੋਰ ਦਵਾਈਆਂ ਨੂੰ ਸੁੰਘਣਾ ਤਾਂ ਆਮ ਗੱਲ ਹੈ। ਪ੍ਰੋਕਸੀਵੈਨ ਦੀਆਂ ਗੋਲੀਆਂ ਦਾ ਪੂਰਾ-ਪੂਰਾ ਪੱਤਾ ਇੱਕ ਦਿਨ ਵਿੱਚ ਚਟ ਕਰ ਜਾਂਦੇ ਨੇ ਤੇ ਨਸ਼ੇ ਦਾ ਟੀਕਾ ਖ਼ੁਦ ਆਪਣੀਆਂ ਨੱਸਾਂ ਵਿੱਚ ਲਗਾ ਕੇ ਦੋ-ਚਾਰ ਘੰਟੇ ਸ਼ਾਂਤ ਹੁੰਦੇ ਹਨ।

ਨਸ਼ੇ ਦੀ ਲਤ ਲੱਗ ਜਾਏ ਤਾਂ ਪੈਸਾ ਕਿੱਥੋਂ ਆਵੇ ? ਇਸ ਲਈ ਚੋਰੀਆਂ ਸ਼ੁਰੂ ਹੋ ਗਈਆਂ। ਗੁਆਂਢੀਆਂ ਦੇ ਮੀਟਰ ਖੋਲ੍ਹ ਕੇ ਵੇਚਣ ਤੋਂ ਲੈ ਕੇ ਘਰ ਦੇ ਕਪੜੇ ਤੇ ਭਾਂਡੇ ਤਕ ਵੇਚ ਦਿੱਤੇ ਹਨ। ਜੇਕਰ ਰੋਕੋ ਤਾਂ ਘਰ ਵਿੱਚ ਕਲੇਸ਼ ਤੇ ਲੜਾਈ-ਝਗੜਿਆਂ ਨੇ ਜ਼ਿੰਦਗੀ ਨਰਕ ਬਣਾ ਦਿੱਤੀ ਹੈ।

ਵਿਧਵਾ ਹੋ ਚੁੱਕੀ ਇਨ੍ਹਾਂ ਔਰਤਾਂ ਨੂੰ ਪੁੱਤਰਾਂ ਤੋਂ ਆਸ ਸੀ ਪਰ ਹੁਣ ਉਹ ਵੀ ਦਮ ਤੋੜ ਚੁੱਕੀ ਹੈ। ਗੋਪੀ ਕੌਰ ਰੋਂਦਿਆਂ ਹੋਏ ਕਹਿੰਦੀ ਹੈ, "ਮੈਂ ਦੰਗਿਆਂ ਵਿੱਚ ਆਪਣੇ ਘਰ ਦੇ ਸਤ ਜੀਅ ਗੁਆਏ ਸਨ ਪਰ ਹੁਣ ਜੁਆਨ ਪੁੱਤਰ ਨੂੰ ਗੁਆਉਣ ਦਾ ਦੁਖ ਸਹਿਨ ਨਹੀਂ ਹੁੰਦਾ।"

ਆਲ ਇੰਡੀਆ ਸਿੱਖ ਦੰਗਾ ਪੀੜਤ ਐਕਸ਼ਨ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਦਾ ਇਲਜ਼ਾਮ ਹੈ ਕਿ ਵਿਧਵਾ ਕਾਲੋਨੀ ਵਿੱਚ ਨਸ਼ਾ ਫੈਲਾਉਣ ਦੇ ਪਿੱਛੇ ਦੰਗਾ ਪੀੜਤ ਵਿਰੋਧੀ ਸ਼ਕਤੀਆਂ ਦੀ ਹੀ ਸੋਚੀ-ਸਮਝੀ ਚਾਲ ਹੈ।

ਉਹ ਕਹਿੰਦੇ ਹਨ ਕਿ "ਜੇਕਰ ਐਸਾ ਨਾ ਹੁੰਦਾ ਤਾਂ ਘੱਟ ਤੋਂ ਘੱਟ ਪੁਲਿਸ ਤੇ ਸਾਡਾ ਸਾਥ ਦਿੰਦੀ। ਐਸ.ਐਚ.ਓ., ਐਸ.ਪੀ., ਡੀ.ਸੀ.ਪੀ. ਸਾਰਿਆਂ ਕੋਲ ਬੇਨਤੀ ਕਰ ਚੁੱਕੇ ਹਾਂ ਪਰ ਕੋਈ ਸੁਣਨ ਨੂੰ ਹੀ ਤਿਆਰ ਨਹੀਂ ਹੈ। ਸ਼ਰੇਆਮ ਨਸ਼ਿਆਂ ਦੇ ਟੀਕੇ ਤੇ ਗੋਲੀਆਂ ਵੇਚੀਆਂ ਜਾ ਰਹੀਆਂ ਨੇ ਪਰ ਕੋਈ ਉਨ੍ਹਾਂ ਨੂੰ ਨਹੀਂ ਰੋਕਦਾ। ਸ਼ਿਕਾਇਤਾਂ ਕਰ-ਕਰ ਕੇ ਥੱਕ ਗਏ ਪਰ ਪੁਲਿਸ ਕੋਈ ਕਾਰਵਾਈ ਨਹੀਂ ਕਰਦੀ। ਕੈਮਿਸਟਾਂ ਦੀਆਂ ਦੁਕਾਨਾਂ ਤੋਂ ਪ੍ਰੋਕਸੀਵੈਂਨ ਤੇ ਹੋਰ ਨਸ਼ੀਲੀ ਦਵਾਈਆਂ ਸ਼ਰੇਆਮ ਵਿੱਕ ਰਹੀਆਂ ਨੇ ਪਰ ਕੋਈ ਰੋਕ ਨਹੀਂ। ਆਖਰ ਕਿਉਂ ?"

ਹਾਲਤ ਇਹ ਹੈ ਕਿ ਜਿਸ ਦਿਨ ਨਸ਼ੇ ਦੇ ਇਸ ਕਾਰੋਬਾਰ ਦੇ ਵਿਰੁੱਧ ਪੁਲਿਸ ਵਿੱਚ ਸ਼ਿਕਾਇਤ ਕੀਤੀ, ਉਸੇ ਰਾਤ ਜਗਦੀਸ਼ ਸਿੰਘ ਦੇ ਘਰ ਚੋਰੀ ਹੋ ਗਈ। ਸ਼ਾਇਦ ਇਹ ਇੱਕ ਧਮਕੀ ਸੀ। ਇਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਦੰਗਾ ਪੀੜਤ ਪਰਿਵਾਰਾਂ ਨੇ ਕੁਝ ਸੰਭਲਣ ਦੇ ਬਾਅਦ ਨਿਆਂ ਦੇ ਲਈ ਆਵਾਜ਼ ਬੁਲੰਦ ਕਰਨੀ ਸ਼ੁਰੂ ਕੀਤੀ ਤਾਂ ਤਦੇ ਤੋਂ ਇਕਦਮ ਨਸ਼ੇ ਦੇ ਦਲਾਲਾਂ ਨੇ ਇਥੇ ਮੁਫ਼ਤ ਨਸ਼ੇ ਵੰਡਣੇ ਸ਼ੁਰੂ ਕਰ ਦਿੱਤੇ। ਇਹ ਸਾਜਿਸ਼ ਹੈ ਕਿ ਨਹੀਂ, ਇਹ ਤਾਂ ਕਹਿਣਾ ਮੁਸ਼ਕਿਲ ਹੈ ਪਰ ਪੁਲਿਸ ਕਿਉਂ ਨਹੀਂ ਕੋਈ ਕਾਰਵਾਈ ਕਰ ਰਹੀ ਹੈ ? ਇਹ ਸੁਆਲ ਬਹੁਤ ਜਾਇਜ਼ ਹੈ।

ਸਿਰਫ਼ 35 ਸਾਲ ਦੀ ਉਮਰ ਵਿੱਚ ਚਾਰ ਧੀਆਂ ਤੇ ਇੱਕ ਪੁੱਤਰ ਨੂੰ ਪਾਲ ਰਹੀ ਬਲਜੀਤ ਕੌਰ ਨਸ਼ਿਆਂ ਕਰਕੇ ਦਮ ਤੋੜਨ ਵਾਲੇ ਪਤੀ ਰਾਜੂ ਸਿੰਘ ਦੇ ਬਾਰੇ ਵਿੱਚ ਅਜੇ ਵੀ ਕੁਝ ਗਲਤ ਨਹੀਂ ਬੋਲਣਾ ਚਾਹੁੰਦੀ। ਉਸਨੂੰ ਲੱਗਦਾ ਹੈ ਕਿ ਜਦੋਂ ਉਹ ਦੁਨੀਆ ਤੋਂ ਹੀ ਚਲਾ ਗਿਆ ਹੈ ਤਾਂ ਉਹ ਇਹ ਕਿਉਂ ਦੱਸੇ ਕਿ ਉਹ ਨਸ਼ੇ ਦੇ ਲਈ ਉਸ ਨਾਲ ਮਾਰ-ਕੁੱਟ ਕਰਦਾ ਸੀ। ਉਹ ਆਟੋ ਚਲਾਉਂਦਾ ਸੀ ਪਰ ਸਾਰੀ ਕਮਾਈ ਨਸ਼ੇ ਵਿੱਚ ਉਡਾ ਦਿੰਦਾ। ਵਿਰੋਧ ਕਰਨ 'ਤੇ ਬੱਚਿਆਂ ਤੇ ਵਹੁਟੀ ਨੂੰ ਘਰੋਂ ਬਾਹਰ ਕੱਢ ਦਿੰਦਾ। ਥਾਣੇ ਵਿੱਚ ਉਸਦੀ ਸ਼ਿਕਾਇਤ ਵੀ ਕਰਾਈ, ਡੇਢ ਸਾਲ ਤਕ ਨਸ਼ਾ ਛਡਾਊ ਸੈਂਟਰ ਵਿੱਚ ਦਾਖਲ ਵੀ ਕਰਾਇਆ ਪਰ ਕੁਝ ਨਹੀਂ ਹੋਇਆ।

ਹੁਣ 17 ਸਾਲ ਦੀ ਪਰਮਜੀਤ, 16 ਦੀ ਗੁਰਪ੍ਰੀਤ, 12 ਦੀ ਜੱਸੀ, 10 ਦੀ ਪਿੰਕੀ ਤੇ 9 ਸਾਲ ਦਾ ਫਤਹਿ ਸਿੰਘ ਦਾ ਭਵਿੱਖ ਕੀ ਹੋਵੇਗਾ, ਇਸ ਚਿੰਤਾ ਨੇ ਬਲਜੀਤ ਕੌਰ ਦੀ ਸਿਹਤ 'ਤੇ ਅਸਰ ਕਰਨਾ ਸ਼ੁਰੂ ਕਰ ਦਿੱਤਾ ਹੈ।

ਰਾਜੂ ਸਿੰਘ ਦੇ ਪਿਤਾ ਸਾਵਨ ਸਿੰਘ ਤ੍ਰਿਲੋਕਪੁਰੀ ਵਿੱਚ ਦੰਗਾਈਆਂ ਦੇ ਹੱਥੋਂ ਮਾਰੇ ਗਏ ਸੀ। ਇਹ ਪੁੱਛਣ ਉੱਤੇ ਕਿ ਘਰ ਕਿਵੇਂ ਚਲਦਾ ਹੈ, ਬਲਜੀਤ ਕੌਰ ਦਾ ਗਲਾ ਭਰ ਆਉਂਦਾ ਹੈ।

ਕਹਿੰਦੀ ਹੈ, "ਕਦੇ ਫਤਹਿ ਨਗਰ ਗੁਰਦੁਆਰੇ ਤੇ ਕਦੇ ਰਕਾਬ ਗੰਜ ਗੁਰਦੁਆਰੇ ਤੋਂ ਆਟਾ ਲਿਆ ਕੇ ਬੱਚਿਆਂ ਨੂੰ ਰੋਟੀ ਖੁਆਉਂਦੀ ਹਾਂ। ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜਣ ਆਦਿ ਦਾ ਕੰਮ ਕਰਕੇ ਬਸਰ ਹੋ ਰਹੀ ਹੈ।"

ਆਸ਼ਾ ਕੌਰ ਦਾ ਪਤੀ ਅਰਜਨ ਸਿੰਘ ਸਾਰਾ ਦਿਨ ਇਥੇ ਬੀ ਬਲਾਕ ਦੇ ਕਬਰਿਸਤਾਨ ਦੇ ਕੋਲ ਨਸ਼ੇੜੀਆਂ ਦੇ ਅੱਡੇ 'ਤੇ ਨਸ਼ਾ ਕਰਦਾ ਹੈ।

ਮਾਯਾ ਕੌਰ ਨੂੰ ਵੀ ਉਸ ਉਪਰ ਵਾਲੇ ਦੀ ਮਾਇਆ ਸਮਝ ਨਹੀਂ ਆ ਰਹੀ ਹੈ। 1984 ਵਿੱਚ ਪਿਤਾ ਭੋਜਾ ਸਿੰਘ ਨੂੰ ਦੰਗਾਈਆਂ ਨੇ ਕਤਲ ਕਰ ਦਿੱਤਾ ਸੀ। ਬਾਅਦ ਵਿੱਚ ਦਲੀਪ ਸਿੰਘ ਨਾਲ ਉਸਦੀ ਸ਼ਾਦੀ ਹੋ ਗਈ ਤਾਂ ਪਤੀ ਦੇ ਨਾਲ ਮਾਂ ਹਿੰਮਤ ਕੌਰ ਕੋਲ ਤਿਲਕ ਵਿਹਾਰ ਵਿੱਚ ਹੀ ਰਹਿਣ ਆ ਗਈ। ਇਥੇ ਪੰਜ ਬੱਚਿਆਂ ਦੀ ਮਾਂ ਤਾਂ ਬਣ ਗਈ ਪਰ ਪਤੀ ਨਸ਼ੇ ਦੀ ਆਦਤ ਵਿੱਚ ਡੁੱਬ ਗਿਆ। ਇਥੇ ਆਉਣ ਤੋਂ ਪਹਿਲਾਂ ਉਹ ਨਸ਼ਾ ਨਹੀਂ ਕਰਦਾ ਸੀ। ਪੰਜ ਬੱਚਿਆਂ ਦਾ ਪਾਲਣ-ਪੋਸਣ ਕਿਵੇਂ ਹੋਵੇ, ਇਹ ਆਪੋ-ਆਪਣੇ ਪਤੀ ਗੁਆ ਚੁੱਕੇ ਮਾਂ-ਧੀ ਦੇ ਲਈ ਇੱਕ ਵੱਡਾ ਸੁਆਲ ਬਣ ਚੁੱਕਾ ਸੀ।

ਦੇਵੀ ਕੌਰ ਦੇ ਪਤੀ ਸਾਹਿਬ ਸਿੰਘ ਦੀ ਨਸ਼ਿਆਂ ਵਿੱਚ ਹੋਈ ਮੌਤ ਤੋਂ ਬਾਅਦ ਜੇਠ ਨੇ ਘਰੋਂ ਹੀ ਕੱਢ ਦਿੱਤਾ ਸੀ। ਬਹੁਤ ਮੁਸ਼ਕਿਲ ਨਾਲ ਬੱਚਿਆਂ ਦੇ ਨਾਲ ਘਰ ਵਾਪਸੀ ਹੋਈ ਹੈ।

ਲਖਮੀ ਕੌਰ ਦੀ ਕਿਸਮਤ ਤਾਂ ਇਸ ਤੋਂ ਵੀ ਵੱਧ ਖਰਾਬ ਹੈ। ਚਾਰ ਧੀਆਂ ਤੇ ਇੱਕ ਪੁੱਤਰ ਦੀ ਮਾਂ ਲਖਮੀ ਕੌਰ ਦੇ ਪਤੀ ਜੋਗਿੰਦਰ ਸਿੰਘ ਜਦੋਂ ਨਸ਼ਿਆਂ ਵਿੱਚ ਫੱਸ ਕੇ ਮਰੇ ਤਾਂ ਉਨ੍ਹਾਂ ਦੀ ਮੌਤ ਦੇ 23 ਦਿਨਾਂ ਬਾਅਦ ਹੀ ਬਾਕੀ ਘਰਵਾਲਿਆਂ ਨੇ ਉਸਨੂੰ ਘਰੋਂ ਕੱਢ ਦਿੱਤਾ। ਹੁਣ ਉਹ ਕਿਰਾਏ ਦੇ ਮਕਾਨ ਵਿੱਚ ਜਿਵੇਂ-ਤਿਵੇਂ ਜੀਵਨ ਬਤੀਤ ਕਰਨ ਨੂੰ ਮਜਬੂਰ ਹੋ ਗਈ ਹੈ।

21 ਸਾਲ ਦੀ ਰਣਜੀਤ ਕੌਰ ਦੀ ਤਿੰਨ ਸਾਲਾਂ ਦੀ ਕੁੜੀ ਹੈ ਪਰ ਪਤੀ

ਸਤਨਾਮ ਸਿੰਘ ਦੇ ਨਸ਼ਾ ਨਾ ਛੱਡਣ ਉੱਤੇ ਝਗੜਾ ਹੋਣ ਲੱਗਾ ਤੇ ਹੁਣ ਤਲਾਕ ਹੋ ਗਿਆ ਹੈ। ਇਸ ਬੱਚੀ ਦੇ ਸਾਹਮਣੇ ਪਹਾੜ ਵਾਂਗੂੰ ਜ਼ਿੰਦਗੀ ਖੜੀ ਹੈ ਪਰ ਉਸਨੂੰ ਪਤਾ ਨਹੀਂ ਕਿ ਉਹ ਕੀ ਕਰੇ ? ਜਿਵੇਂ-ਤਿਵੇਂ ਘਰਾਂ ਵਿੱਚ ਕੰਮ ਕਰਕੇ ਗੁਜਾਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਉਹ ਰੋਂਦੇ ਹੋਏ ਕਹਿੰਦੀ ਹੈ, "ਅਸੀਂ ਸਿੱਖ ਘਰਾਂ ਦੀਆਂ ਬੱਚੀਆਂ ਹਾਂ, ਪਰ ਬਾਹਰ ਸਿਗਰੇਟ-ਬੀੜੀ ਵੀ ਚੁੱਕ ਕੇ ਕੂੜੇ ਵਿੱਚ ਸੁੱਟਣੀ ਪੈਂਦੀਆਂ ਹਨ। ਆਖਰ ਸਾਡੇ ਕੌਮ ਵਾਲੇ ਸਾਡੀ ਕਦੋਂ ਸਾਰ ਲੈਣਗੇ। ਜੇਕਰ ਕੋਈ ਪੁਲਿਸ ਵਿੱਚ ਸ਼ਿਕਾਇਤ ਕਰਦਾ ਵੀ ਹੈ ਤਾਂ ਉਹ ਨਸ਼ੇ ਦਾ ਕਾਰੋਬਾਰ ਬੰਦ ਕਰਨ ਦੀ ਬਜਾਏ ਨਸ਼ੇੜੀ ਹੋ ਚੁੱਕੇ ਮੁੰਡਿਆਂ ਦੀ ਹੀ ਮਾਰ-ਕੁੱਟ ਕਰਕੇ ਉਨ੍ਹਾਂ ਨੂੰ ਵਾਪਸ ਘਰ ਭੇਜ ਦਿੰਦੀ ਹੈ।"

ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਪੁਲਿਸ ਅਤੇ ਸਰਕਾਰ ਦੋਵੇਂ ਹੀ ਨਸ਼ੇ ਫੈਲਾਉਣ ਦੀ ਸਾਜਿਸ਼ ਵਿੱਚ ਸ਼ਾਮਲ ਹਨ।

❖ ❖ ❖

ਗੁਰੂ ਦੀ ਗੋਲਕ ਵਿੱਚ ਖਿਆਨਤ

ਗੁਰਦੁਆਰੇ ਵਿੱਚੋਂ ਅੱਗ ਦੀਆਂ ਲਪਟਾਂ ਅਜੇ ਵੀ ਨਿਕਲ ਰਹੀਆਂ ਸੀ। ਸਿੱਖਾਂ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੇਅਦਬੀ ਕੀਤੀ ਗਈ ਸੀ। ਜਿਸ ਗੁਰਦੁਆਰੇ ਤੋਂ ਰੋਜ਼ਾਨਾ ਕਥਾ-ਕੀਰਤਨ ਰਾਹੀਂ ਗੁਰੂ ਸਾਹਿਬਾਨ ਦਾ ਮਨੁੱਖਤਾ ਦਾ ਉਪਦੇਸ਼ ਸੁਣਾਇਆ ਜਾਂਦਾ ਸੀ, ਉਹ ਇਨਸਾਨੀਅਤ ਨੂੰ ਸ਼ਰਮਿੰਦਾ ਕਰਨ ਵਾਲੇ ਦਰਿੰਦਿਆਂ ਦੀ ਦਰਿੰਦਗੀ ਦਾ ਗਵਾਹ ਬਣਿਆ ਹੋਇਆ ਸੀ।

ਗੁਰਦੁਆਰੇ ਦੀ ਗੋਲਕ ਵੀ ਸਾੜੀ ਜਾ ਚੁਕੀ ਸੀ। ਰੁਪਏ ਤਾਂ ਸੜ ਕੇ ਸੁਆਹ ਹੋ ਗਏ ਸੀ ਤੇ ਸਿੱਕੇ ਵੀ ਅੱਗ ਦੀ ਤਪਸ਼ ਨਾਲ ਗਲ ਗਏ ਸੀ। ਤਦੇ ਚਰਨਜੀਤ ਕੌਰ ਦੀ ਨਜ਼ਰ ਕੁਝ ਐਸੇ ਸਿੱਕਿਆਂ 'ਤੇ ਪਈ ਜੋ ਇਸ ਅੱਗ ਦੇ ਬਾਵਜੂਦ ਪੂਰੀ ਤਰ੍ਹਾਂ ਗਲੇ ਨਹੀਂ ਸੀ ਤੇ ਬਾਜ਼ਾਰ ਵਿੱਚ ਚਲ ਸਕਦੇ ਸੀ। ਉਸਨੇ ਚੁਪ-ਚੁਪੀਤੇ ਇਨ੍ਹਾਂ ਸਿੱਕਿਆਂ ਨੂੰ ਇਕੱਠਿਆਂ ਕਰਨਾ ਸ਼ੁਰੂ ਕਰ ਦਿੱਤਾ।

ਅੰਤਰ-ਆਤਮਾ ਦੁਤਕਾਰ ਰਹੀ ਸੀ ਪਰ ਸ਼ਰਧਾ ਉੱਤੇ ਮਮਤਾ ਭਾਰੀ ਪੈ ਰਹੀ ਸੀ। ਗੁਰੂ ਦੀ ਅਮਾਨਤ ਵਿੱਚ ਖਿਆਨਤ ਤੋਂ ਵੱਧ ਉਨ੍ਹਾਂ ਅਬੋਧ ਬੱਚਿਆਂ ਨੂੰ

ਬਚਾਉਣ ਦੀ ਮਜਬੂਰੀ ਸੀ ਜਿਨ੍ਹਾਂ ਦੇ ਪਿਉ ਨੂੰ ਦੰਗਾਈਆਂ ਨੇ ਜਿਊਂਦਾ ਸਾੜ ਦਿੱਤਾ ਸੀ।

"ਮੈਂ ਸੱਚ ਕਹਿੰਦੀ ਹਾਂ, ਮੈਂ ਗੁਰੂ ਦੀ ਗੋਲਕ ਵਿੱਚੋਂ ਪੈਸੇ ਕੱਢੇ, ਪਰ ਕੀ ਕਰਦੀ, ਮਜਬੂਰੀ ਸੀ। ਇੱਕ ਸਾਲ ਦੇ ਪੁੱਤਰ ਅਤੇ ਦੋ ਤੇ ਸਾਢੇ ਤਿੰਨ ਸਾਲ ਦੀਆਂ ਧੀਆਂ ਲਈ ਦੁੱਧ ਖਰੀਦਣਾ ਸੀ। ਜੇਕਰ ਨਾ ਚੁੱਕਦੀ ਤਾਂ ਰੋ-ਰੋ ਕੇ ਬੇਹਾਲ ਹੋਏ ਬੱਚਿਆਂ ਲਈ ਦੁੱਧ ਕਿਥੋਂ ਲਿਆਉਂਦੀ ?" ਇਹ ਕਹਿੰਦਿਆਂ ਹੀ ਚਰਨਜੀਤ ਕੌਰ ਦੇ ਹੰਝੂ ਵਹਿਣ ਲੱਗ ਪੈਂਦੇ ਹਨ।

ਉਸ ਮਜਬੂਰ ਹਾਲਤ ਵਿੱਚ ਵੀ ਗੁਰੂ ਦੀ ਗੋਲਕ ਨੂੰ ਹੱਥ ਪਾਉਣਾ, ਉਸਨੂੰ ਅੱਜ ਵੀ ਖਟਕਦਾ ਹੈ।

ਜਮੁਨਾ ਪਾਰ ਦੇ ਪੂਰਬੀ ਵਿਨੋਦ ਨਗਰ ਵਿੱਚ ਰਹਿ ਰਹੀ ਚਰਨਜੀਤ ਕੌਰ ਦੇ ਪਤੀ ਚਰਨਜੀਤ ਸਿੰਘ ਅਖੰਡ ਪਾਠ ਦੀਆਂ ਡਿਊਟੀਆਂ ਕਰਦੇ ਤੇ ਕਿਧਰੇ ਹੋਰ ਕੰਮ ਕਰਕੇ ਪਰਿਵਾਰ ਦਾ ਪੇਟ ਪਾਲ ਰਹੇ ਸੀ। ਤਦੇ ਉਹ ਮਨਹੂਸ ਘੜੀ ਆਈ ਜਦੋਂ ਇਹ ਸ਼ੋਰ ਪੈਣ ਲੱਗਾ ਕਿ ਇੰਦਰਾ ਮਾਰੀ ਗਈ ਹੈ। ਪਿੰਡ ਤੋਂ ਵਿਆਹ ਕੇ ਦਿੱਲੀ ਆਈ ਚਰਨਜੀਤ ਕੌਰ ਨੂੰ ਆਪਣੇ ਪਰਿਵਾਰ ਤੋਂ ਇਲਾਵਾ ਦੀਨ-ਦੁਨੀਆ ਦੀ ਕੋਈ ਖ਼ਬਰ ਨਹੀਂ ਸੀ।

ਕਹਿੰਦੀ ਹੈ, "ਸਾਨੂੰ ਤਾਂ ਪਤਾ ਹੀ ਨਹੀਂ ਸੀ ਕਿ ਇੰਦਰਾ ਕੌਣ ਹੈ। ਨਾ ਕਦੇ ਅਖ਼ਬਾਰ ਪੜ੍ਹੀ ਸੀ, ਨਾ ਟੀ. ਵੀ. ਵੇਖਿਆ ਸੀ ਤੇ ਨਾ ਹੀ ਘਰ ਦੇ ਬਾਹਰ ਪੈਰ ਰਖਿਆ ਸੀ। ਸਰਦਾਰ ਜੀ ਤੋਂ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ-ਮੰਤਰੀ ਸੀ।"

ਸ਼ਾਮ ਹੁੰਦੇ-ਹੁੰਦੇ ਬਾਹਰ ਅਵਾਰਾ ਕਿਸਮ ਦੇ ਲੋਕ ਇਸ ਤਰ੍ਹਾਂ ਉਤਪਾਤ ਮਚਾਉਣ ਲੱਗੇ ਜਿਵੇਂ ਉਨ੍ਹਾਂ ਦਾ ਹੀ ਰਾਜ ਹੋ ਗਿਆ ਹੋਵੇ। ਇਨ੍ਹਾਂ ਵਿੱਚੋਂ ਜ਼ਿਆਦਾਤਰ ਨੇੜੇ ਦੀ ਬਸਤੀ ਦੇ ਸੀ। ਇਨ੍ਹਾਂ ਨੇ ਹੁਣ ਸਿੱਖਾਂ ਦੇ ਘਰਾਂ ਤੋਂ ਟੀ.ਵੀ., ਫਰਿੱਜ ਤੇ ਹੋਰ ਕੀਮਤੀ ਸਾਮਾਨ ਲੁੱਟਣਾ ਸ਼ੁਰੂ ਕਰ ਦਿੱਤਾ। ਤਿੰਨ-ਚਾਰ ਸਾਡੇ ਵੱਲ ਆਏ ਤਾਂ ਸਰਦਾਰ ਜੀ ਨੇ ਕ੍ਰਿਪਾਨ ਲੈ ਕੇ ਉਨ੍ਹਾਂ ਨੂੰ ਭਜਾ ਦਿੱਤਾ।

ਚਰਨਜੀਤ ਨੂੰ ਹੁਣ ਘਬਰਾਹਟ ਹੋਣ ਲੱਗ ਪਈ ਸੀ, ਇਸੇ ਘਬਰਾਹਟ ਵਿੱਚ

ਪੇਟ ਵਿੱਚ ਮਰੋੜ ਪੈਣ ਲੱਗੇ। ਹਲਕੀ-ਹਲਕੀ ਆਵਾਜ਼ਾਂ ਆ ਰਹੀਆਂ ਸੀ "ਇਨ੍ਹਾਂ ਨੂੰ ਜ਼ਿੰਦਾ ਸਾੜ ਦਿਉ। ਸਰਦਾਰਾਂ ਨੂੰ ਜ਼ਿੰਦਾ ਨਾ ਛੱਡੋ।"

ਉਸਨੇ ਘਬਰਾ ਕੇ ਸਰਦਾਰ ਜੀ ਨੂੰ ਕਿਹਾ, "ਚਲੋ ਜੀ, ਇਥੋਂ ਕਿਧਰੇ ਹੋਰ ਚਲਦੇ ਹਾਂ।"

ਪਰ ਉਨ੍ਹਾਂ ਨੇ ਜ਼ੋਰ ਦੀ ਝਿੜਕ ਮਾਰੀ, ਬਲਕਿ ਕੁਝ ਕੌੜੇ ਸ਼ਬਦ ਵੀ ਕਹੇ। ਕਹਿਣ ਲਗੇ, "ਕਿਵੇਂ ਕਿਸੇ ਨੂੰ ਮਾਰ ਦੇਣਗੇ। ਕੋਈ ਪੁਲਿਸ, ਕਾਨੂੰਨ ਨਾਂ ਦੀ ਚੀਜ਼ ਹੈ ਜਾਂ ਨਹੀਂ ?" ਇੱਕ ਮਾਮਲੇ ਦੀ ਮਿਸਾਲ ਦਿੰਦਿਆਂ ਉਨ੍ਹਾਂ ਨੇ ਦੱਸਿਆ ਕਿ ਫਲਾਣੇ ਆਦਮੀ ਦੀ ਬਾਂਹ ਟੁੱਟ ਗਈ ਸੀ ਤੇ ਜਿਸਦੇ ਕਰਕੇ ਟੁੱਟੀ, ਉਹ ਅੱਜ ਤਕ ਅਦਾਲਤ ਦੇ ਚੱਕਰ ਕੱਟ ਰਿਹਾ ਹੈ। ਐਵੇਂ ਹੀ ਕਿਸੇ ਨੂੰ ਕੀ ਮਾਰ ਦੇਣਗੇ ?

ਚਰਨਜੀਤ ਕੌਰ ਦੱਸਦੀ ਹੈ, "ਅਸੀਂ ਵਾਹਿਗੁਰੂ-ਵਾਹਿਗੁਰੂ ਕਰਦਿਆਂ ਸੌ ਗਏ ਪਰ ਨੀਂਦ ਨਹੀਂ ਆ ਰਹੀ ਸੀ। ਸਵੇਰੇ ਛੇਤੀ ਹੀ ਉਠ ਗਏ। ਵੇਖਿਆ ਤਾਂ ਚਾਰੇ ਪਾਸੇ ਸ਼ਾਂਤੀ ਹੈ। ਇੱਕ ਸਾਲ ਦੇ ਪੁੱਤਰ ਲਾਡੀ ਨੂੰ ਨੁਹਾ ਹੀ ਰਹੀ ਸੀ ਕਿ ਪਤਾ ਨਹੀਂ ਕਿਧਰੋਂ ਭੀੜ ਦੀ ਭੀੜ ਹੀ ਉਮੜ ਕੇ ਆ ਗਈ। ਹੁਣ ਬਾਹਰ ਸਿਰ ਹੀ ਸਿਰ ਨਜ਼ਰ ਆ ਰਹੇ ਸੀ। ਭੀੜ ਨੇ ਨਾਲ ਦੀ ਮਿੱਟੀ ਦੇ ਤੇਲ ਦੀ ਦੁਕਾਨ ਤੋਂ ਤੇਲ ਲਿਆ ਤੇ ਬੋਰੀਆਂ ਗਿੱਲੀਆਂ ਕਰਕੇ, ਅੱਗ ਲਾ ਕੇ ਘਰ ਵਿੱਚ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਘਰ ਵਿੱਚ ਅੱਗ ਲਗੇਗੀ ਤਾਂ ਕਿੱਥੇ ਜਾਵਾਂਗੇ ? ਬਾਹਰ ਹੀ ਆਵਾਂਗੇ ।

ਇੱਕ ਨੌਜੁਆਨ ਸਿੱਖ ਮੁੰਡਾ ਜੋ ਕਾਨਪੁਰ ਤੋਂ ਆਇਆ ਹੋਇਆ ਸੀ, ਉਹ ਦੀਵਾਰ ਟੱਪ ਕੇ ਨਾਲ ਦੇ ਬਿਹਾਰੀਆਂ ਦੇ ਘਰ ਚਲਾ ਗਿਆ। ਸਰਦਾਰ ਜੀ ਨੇ ਵੀ ਉਸ ਵਾਂਗ ਦੀਵਾਰ ਟੱਪਣ ਦੀ ਕੋਸ਼ਿਸ਼ ਕੀਤੀ ਪਰ ਭੀੜ ਵੱਲੋਂ ਸੁੱਟੀ ਇੱਕ ਇੱਟ ਸਿੱਧਾ ਇਨ੍ਹਾਂ ਦੇ ਸਿਰ 'ਤੇ ਆ ਵੱਜੀ ਤੇ ਇਹ ਡਿੱਗ ਗਏ। ਸਿਰ ਤੋਂ ਖ਼ੂਨ ਵਗ੍ਹਣਾ ਸ਼ੁਰੂ ਹੋ ਗਿਆ। ਮੈਂ ਆਪਣੀ ਚੁੰਨੀ ਇਨ੍ਹਾਂ ਦੇ ਸਿਰ 'ਤੇ ਬੱਧੀ ਤੇ ਅੰਦਰ ਲੈ ਗਈ। ਇੱਕ ਸਾਲ ਦਾ ਪੁੱਤਰ ਲਾਡੀ ਐਨਾ ਸਹਿਮ ਗਿਆ ਸੀ ਕਿ ਵਿਚਾਰੇ ਦੇ ਮੂੰਹ ਤੋਂ ਆਵਾਜ਼ ਨਿੰਕਲਣੀ ਹੀ ਬੰਦ ਹੋ ਗਈ ਸੀ। ਭੀੜ ਸਰਦਾਰ ਜੀ ਨੂੰ ਬਾਹਰ ਕੱਢਣ ਲਈ ਦਰਵਾਜ਼ਾ ਖੜਕਾਈ ਜਾ ਰਹੀ ਸੀ।"

ਹੁਣ ਚਰਨਜੀਤ ਨੇ ਬੱਚਿਆਂ ਨੂੰ ਅੱਗੇ ਕਰ ਦਿੱਤਾ ਤੇ ਖਿੜਕੀ 'ਤੇ ਖਲੋਅ ਕੇ

ਦਇਆ ਦੀ ਭੀਖ ਮੰਗੀ, ਪਰ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਨੂੰ ਤਿੰਨ ਛੋਟੇ -ਛੋਟੇ ਬੱਚਿਆਂ ਉੱਤੇ ਕੋਈ ਤਰਸ ਨਹੀਂ ਆ ਰਿਹਾ ਸੀ।

ਉਸਨੇ ਦਰਵਾਜ਼ਾ ਨਹੀਂ ਖੋਲ੍ਹਿਆ। ਹੁਣ ਉਨ੍ਹਾਂ ਨੇ ਦੂਜਾ ਤਰੀਕਾ ਅਪਣਾਇਆ ਅਤੇ ਪਿਆਰ ਨਾਲ ਕਹਿਣ ਲੱਗੇ, "ਤੁਸੀਂ ਲੋਕ ਇਥੋਂ ਪੰਜਾਬ ਚਲੇ ਜਾਓ, ਅਸੀਂ ਕੁਝ ਨਹੀਂ ਕਹਾਂਗੇ।"

ਚਰਨਜੀਤ ਕੌਰ ਦੱਸਦੀ ਹੈ ਕਿ, "ਮੈਂ ਉਨ੍ਹਾਂ ਨੂੰ ਰੱਬ ਦਾ ਵਾਸਤਾ ਪਾ ਕੇ ਪੁੱਛਿਆ ਕਿ "ਬਾਹਰ ਆਵਾਂਗੇ ਤਾਂ ਕੁਝ ਕਹੋਗੇ ਤਾਂ ਨਹੀਂ।"

ਬੋਲੇ, "ਕੁਝ ਨਹੀਂ ਕਹਾਂਗੇ, ਬਸ ਪੰਜਾਬ ਚਲੇ ਜਾਓ।"

"ਮੈਨੂੰ ਨਹੀਂ ਪਤਾ ਸੀ ਕਿ ਉਹ ਸਾਡੀ ਛੱਤ 'ਤੇ ਵੀ ਚੜ੍ਹ ਚੁਕੇ ਹਨ। ਕੋਈ ਚਾਰਾ ਨਾ ਬਣਦਾ ਵੇਖ, ਜ਼ਖ਼ਮੀ ਸਰਦਾਰ ਜੀ ਨੂੰ ਬਾਹਰ ਲਿਆਉਣ ਲੱਗੀ ਤਾਂ ਛੱਤ ਤੋਂ ਹੀ ਇੱਕ ਨੇ ਛਾਲ ਮਾਰੀ ਅਤੇ ਟੋਕੇ ਦਾ ਸਿੱਧਾ ਵਾਰ ਸਰਦਾਰ ਜੀ ਉਤੇ ਕਰ ਦਿੱਤਾ। ਖ਼ੂਨ ਦਾ ਫੁਹਾਰਾ ਵਗ੍ਹਣ ਲੱਗ ਪਿਆ। ਮੈਂ ਇਨ੍ਹਾਂ ਦੇ ਸਿਰ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਅਤੇ ਮਿੰਨਤਾਂ ਕਰਨ ਲੱਗੀ। ਪਰ ਉਨ੍ਹਾਂ ਦੇ ਸਿਰ 'ਤੇ ਤਾਂ ਖ਼ੂਨ ਸਵਾਰ ਸੀ, ਬੱਲੀਆਂ-ਸਰੀਏ ਮਾਰ-ਮਾਰ ਕੇ ਨਿਢਾਲ ਕਰ ਦਿੱਤਾ। ਇਹ ਸਰੀਏ ਮੇਰੇ ਵੀ ਲੱਗੇ ਤੇ ਅੱਜ ਤਕ ਰੋਟੀਆਂ ਪਕਾਉਂਦੇ ਹੋਏ ਹੱਥ ਵਿੱਚ ਦਰਦ ਰਹਿੰਦਾ ਹੈ।

ਘਰ ਵਿੱਚ ਅੱਗ ਲਾ ਦਿੱਤੀ ਗਈ ਤੇ ਮੈਂ ਨਿਢਾਲ ਤੇ ਬੁਰੀ ਤਰ੍ਹਾਂ ਜ਼ਖ਼ਮੀ ਸਰਦਾਰ ਜੀ ਨੂੰ ਲੈ ਕੇ ਸੜਕ 'ਤੇ ਆ ਗਈ। ਕੀ ਕਰਦੀ, ਘਰ ਵਿੱਚ ਅੱਗ ਜੋ ਲਾ ਦਿੱਤੀ ਸੀ। ਬਹੁਤ ਮਿੰਨਤਾਂ ਕੀਤੀਆਂ ਪਰ ਕੋਈ ਵੀ ਹੱਥ ਮਦਦ ਲਈ ਨਹੀਂ ਆ ਰਿਹਾ ਸੀ।

ਇਹ ਸਵੇਰ ਤੋਂ ਸ਼ੁਰੂ ਹੋਇਆ ਸੀ ਤੇ ਸ਼ਾਮ ਤਕ ਮੈਂ ਜ਼ਖ਼ਮੀ ਸਰਦਾਰ ਜੀ ਦੇ ਨਾਲ ਹੀ ਸੀ। ਉਨ੍ਹਾਂ ਨੂੰ ਡਾਕਟਰ ਕੋਲ ਜਾਂ ਹਸਪਤਾਲ ਲਿਜਾਉਣ ਦਾ ਕੋਈ ਜ਼ਰੀਆ ਨਹੀਂ ਸੀ। ਭੀੜ ਨੇ ਘੇਰਾ ਪਾਇਆ ਹੋਇਆ ਸੀ ਤੇ ਤਮਾਸ਼ਾ ਵੇਖ ਰਹੀ ਸੀ। ਮੈਂ ਚੁੰਨੀ ਫਾੜ-ਫਾੜ ਕੇ ਬੰਨ੍ਹਦੀ ਜਾ ਰਹੀ ਸੀ।

ਜਦੋਂ ਦੰਗਾਈਆਂ ਨੂੰ ਲੱਗਾ ਕਿ ਸਰਦਾਰ ਜੀ ਹੁਣ ਨਹੀਂ ਬਚਣਗੇ ਤਾਂ ਉਹ ਕੁਝ ਪਿੱਛੇ ਹੋ ਗਏ। ਪਰ ਥੋੜੀ ਦੇਰ ਬਾਅਦ ਹੀ ਤੇਜ਼ੀ ਨਾਲ ਅੱਗ ਫੜਣ ਵਾਲੇ

ਚਿੱਟੇ ਪਾਊਡਰ ਦੇ ਨਾਲ ਲੈਸ ਹੋ ਕੇ ਵਾਪਸ ਆ ਗਏ। ਇਨ੍ਹਾਂ ਨੇ ਆਉਂਦਿਆਂ ਹੀ ਸਰਦਾਰ ਜੀ ਤੇ ਮੇਰੇ ਉਤੇ ਮਿੱਟੀ ਦਾ ਤੇਲ ਤੇ ਪਾਊਡਰ ਛਿੜਕ ਦਿੱਤਾ।

ਇੱਕ ਨੇ ਕਿਹਾ, "ਇਹ ਸਾਲੀ ਸਵੇਰ ਤੋਂ ਇਸਨੂੰ ਨਹੀਂ ਛੱਡ ਰਹੀ ਹੈ, ਦੋਵਾਂ ਨੂੰ ਹੀ ਸਾੜ ਦੇਵੋ।"

ਉਹ ਮਾਚਿਸ ਦੀ ਤੀਲੀ ਬਾਲਣ ਹੀ ਲੱਗਾ ਸੀ ਕਿ ਗੁਆਂਢੀਆਂ ਦੇ ਘਰ ਵਿੱਚੋਂ ਕਿਸੇ ਨੇ ਹੱਥ ਰੋਕ ਦਿੱਤਾ ਅਤੇ ਕਿਹਾ ਕਿ ਔਰਤਾਂ ਤੇ ਬੱਚਿਆਂ ਨੂੰ ਕੁਝ ਨਹੀਂ ਕਹਿਣ ਦੇਵਾਂਗੇ। ਇਸਦਾ ਮਤਲਬ ਸਾਫ਼ ਸੀ ਕਿ ਸਰਦਾਰ ਜੀ ਨੂੰ ਭਲੇ ਹੀ ਮਾਰ ਦੇਵੋ।

ਪਤਾ ਨਹੀਂ ਉਨ੍ਹਾਂ ਨੇ ਠੀਕ ਕੀਤਾ ਸੀ ਜਾਂ ਗ਼ਲਤ, ਕਦੇ ਸੋਚਦੀ ਹਾਂ ਕਿ ਸ਼ਾਇਦ ਭੀੜ ਤੋਂ ਮੇਰੀ ਇੱਜ਼ਤ ਬਚਾ ਕੇ ਠੀਕ ਹੀ ਕੀਤਾ, ਪਰ ਕਦੇ ਸੋਚਦੀ ਹਾਂ ਕਿ ਜੇਕਰ ਭੀੜ ਇਨ੍ਹਾਂ ਦੀ ਸੁਣ ਰਹੀ ਸੀ ਤਾਂ ਸਰਦਾਰ ਜੀ ਨੂੰ ਵੀ ਬਚਾ ਲੈਂਦੇ ?

ਮੈਂ ਨਹੀਂ ਜਾਣਦੀ ਕਿ ਕਦੋਂ ਮੈਨੂੰ ਉਥੋਂ ਘਸੀਟ ਕੇ ਲੈ ਗਏ ਤੇ ਸਰਦਾਰ ਜੀ ਨੇ ਕਿਸ ਤਰ੍ਹਾਂ ਸਿਸਕ-ਸਿਸਕ ਕੇ ਦਮ ਤੋੜਿਆ ਹੋਵੇਗਾ। ਜ਼ਖ਼ਮਾਂ ਦਾ ਦਰਦ ਤਾਂ ਸ਼ਾਇਦ ਉਹ ਝੱਲ ਜਾਂਦੇ ਪਰ ਦੰਗਾਈਆਂ ਨੇ ਉਨ੍ਹਾਂ 'ਤੇ ਮਿੱਟੀ ਦਾ ਤੇਲ ਤੇ ਚਿੱਟਾ ਪਾਊਡਰ ਪਾ ਦਿੱਤਾ ਸੀ। ਜ਼ਿੰਦਾ ਹੀ ਸਾੜ ਦਿੱਤਾ ਹੋਵੇਗਾ।" ਇਹ ਕਹਿ ਕੇ ਉਹ ਫਿਰ ਸਿਸਕਣ ਲੱਗ ਪੈਂਦੀ ਹੈ।

ਚਰਨਜੀਤ ਦੇ ਕਪੜੇ ਵੀ ਮਿੱਟੀ ਦੇ ਤੇਲ ਨਾਲ ਭਰੇ ਹੋਏ ਸੀ ਤੇ ਉਸਨੇ ਤਿੰਨ ਦਿਨਾਂ ਤਕ ਉਹੀ ਬਦਬੂਦਾਰ ਕਪੜੇ ਪਾਈ ਰਖੇ। ਹਾਲਾਂਕਿ ਇਸੇ ਦੌਰਾਨ ਉਸਨੇ ਇੱਕ ਸਿੱਖ ਬੱਚੇ ਨੂੰ ਵੀ ਬਚਾਇਆ। ਜਿਸ ਗੁਆਂਢੀ ਗ਼ਿਸ਼ਤੇਦਾਰ ਦੇ ਉਹ ਘਰ ਸੀ, ਉਥੇ ਉਸਨੇ ਉਸ ਬੱਚੇ ਨੂੰ ਇੱਕ ਪੇਟੀ ਵਿੱਚ ਬੰਦ ਕਰ ਦਿੱਤਾ ਤੇ ਥੋੜੀ-ਥੋੜੀ ਦੇਰ ਬਾਅਦ ਉਹ ਉਸਨੂੰ ਪੇਟੀ ਵਿੱਚ ਹੀ ਖਾਣ-ਪੀਣ ਨੂੰ ਕੁਝ ਦਿੰਦੀ ਰਹੀ। ਜਦੋਂ ਭੀੜ ਆਉਂਦੀ ਤਾਂ ਪੇਟੀ ਬੰਦ ਕਰ ਦਿੰਦੀ, ਨਹੀਂ ਤਾਂ ਸਾਹ ਲੈਣ ਲਈ ਵਿਚਕਾਰ ਖੋਲ੍ਹ ਦਿੰਦੀ।

ਚਰਨਜੀਤ ਕੌਰ ਨੇ ਦੱਸਿਆ ਕਿ ਉਹ ਅੱਜ ਵੀ ਜਦੋਂ ਮਿਲਦਾ ਹੈ ਤਾਂ ਕਹਿੰਦਾ

ਹੈ, 'ਮਾਮੀ ਤੂੰ ਮੈਨੂੰ ਬਚਾ ਲਿਆ ਸੀ।'

ਪਰ ਉਹ ਅਜਿਹੀ ਅਸਹਾਇ ਸਥਿਤੀ ਸੀ ਜਦੋਂ ਇਸੇ ਘਰ ਵਿੱਚ ਨਨਾਣ ਦੇ ਪੋਤੇ ਨੂੰ ਦੰਗਾਈ ਲੈ ਗਏ ਤਾਂ ਵਿਚਾਰੀ ਉਸਨੂੰ ਬਚਾਉਣ ਲਈ ਅੱਗੇ ਜਾਣ ਦੀ ਹਿੰਮਤ ਤਕ ਨਾ ਜੁਟਾ ਪਾਈ।

"ਉਸ ਵਕਤ ਮੈਂ ਸਰਦਾਰ ਜੀ ਦੀ ਜਾਨ ਬਚਾਉਣ ਲਈ ਜੂਝ ਰਹੀ ਸੀ, ਇਸ ਲਈ ਨੇੜੇ-ਤੇੜੇ ਕੀ ਹੋ ਰਿਹਾ ਹੈ, ਇਸ ਉਤੇ ਕੋਈ ਧਿਆਨ ਹੀ ਨਹੀਂ ਸੀ। ਪਰ ਹੁਣ ਯਾਦ ਆਉਂਦਾ ਹੈ ਕਿ ਕਿਵੇਂ ਗਲੀ ਵਿੱਚ ਹੀ ਭੀੜ ਨੇ ਇੱਕ ਪੁਰਾਣੇ ਰਿਕਸ਼ੇ ਨੂੰ ਅੱਗ ਲਾਈ ਤੇ ਇਸ ਤੋਂ ਬਾਅਦ ਕਈ ਸਿੱਖਾਂ ਨੂੰ ਜ਼ਿੰਦਾ ਹੀ ਇਸ ਵਿੱਚ ਸੁੱਟਦੇ ਹੀ ਗਏ, ਜਿਵੇਂ ਇਨਸਾਨ ਨਾ ਹੋ ਕੇ ਮੁਰਗੇ ਭੁੰਨੇ ਜਾ ਰਹੇ ਹੋਣ ਤੇ ਉਹ ਵੀ ਜ਼ਿੰਦਾ। ਉਹ ਦ੍ਰਿਸ਼ ਅੱਜ ਵੀ ਚੇਤੇ ਆਉਂਦਾ ਹੈ ਤਾਂ ਲੂੰ ਕੰਡੇ ਖੜੇ ਹੋ ਜਾਂਦੇ ਨੇ। ਕਤਲੇ ਆਮ ਦੇ ਦੋ ਸਾਲ ਬਾਅਦ ਤਕ ਕਦੇ ਗੁਰਦੁਆਰੇ ਵਿੱਚ ਲੰਗਰ ਖਾ ਕੇ ਤੇ ਕਦੇ ਕਿਸੇ ਕੋਲੋਂ ਉਧਾਰ ਮੰਗ ਕੇ ਜ਼ਿੰਦਗੀ ਚਲਾਉਂਦੀ ਰਹੀ।"

"1986 ਵਿੱਚ ਕੁਆਟਰ ਮਿਲਿਆ ਪਰ 12 ਸਾਲਾਂ ਤਕ ਇਥੇ ਪਾਣੀ ਨਹੀਂ ਆਇਆ। ਟੈਂਕਰਾਂ ਤੋਂ ਪਾਣੀ ਭਰ-ਭਰ ਕੇ ਕਮਰ ਦੋਹਰੀ ਹੋ ਗਈ। ਬੱਚੇ ਛੋਟੇ ਸੀ, ਇਸ ਲਈ ਕਾਫੀ ਸਮੇਂ ਤਕ ਬੱਚਿਆਂ ਨੂੰ ਨਹੀਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਇਸ ਦੁਨੀਆ ਵਿੱਚ ਨਹੀਂ ਨੇ। ਇਹੀ ਕਹਿੰਦੀ ਕਿ ਉਹ ਵਿਦੇਸ਼ ਗਏ ਹੋਏ ਨੇ। ਪਰ ਜਦੋਂ ਥੋੜੇ ਵੱਡੇ ਹੋਏ ਤੇ ਖ਼ੁਦ ਸਮਝ ਆਉਣ ਲੱਗੀ ਤਾਂ ਦੱਸ ਦਿੱਤਾ ਕਿ ਤੁਹਾਡੇ ਪਿਉ ਨਾਲ ਇਸ ਤਰ੍ਹਾਂ ਹੋਇਆ ਸੀ।

ਜ਼ਿੰਦਗੀ ਦੇ ਜ਼ਖ਼ਮ ਅਜਿਹੇ ਨੇ ਜਿਹੜੇ ਕਦੇ ਭਰੇ ਨਹੀਂ ਜਾ ਸਕਦੇ। ਜਿਹੜੇ ਲੋਕ ਕਹਿੰਦੇ ਨੇ ਕਿ ਜ਼ਖ਼ਮ ਭੁੱਲ ਜਾਓ, ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। 1986 ਵਿੱਚ ਦਿੱਤੇ ਹੋਏ ਕੁਆਟਰਾਂ ਦੇ ਲਈ ਹੁਣ ਨੋਟਿਸ ਆਉਂਦੇ ਹਨ, ਪੈਸੇ ਮੰਗ ਰਹੇ ਨੇ। ਕਿਥੋਂ ਲਿਆਈਏ ? ਮੈਨੂੰ ਤਾਂ ਉਸ ਦਿਨ ਮਜਬੂਰੀ ਵਿੱਚ ਬੱਚਿਆਂ ਦੇ ਦੁੱਧ ਲਈ ਗੁਰੂ ਦੀ ਗੋਲਕ ਤੋਂ ਚੁੱਕੇ ਹੋਏ ਕੁਝ ਸਿੱਕਿਆਂ ਲਈ ਵੀ ਹੁਣ ਤਕ ਸ਼ਰਮ ਆਉਂਦੀ ਹੈ, ਪਰ ਇਨ੍ਹਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ ?"

❖ ❖ ❖

ਵੇਂਕੀ ਤੋਂ ਤਿਹਾੜ ਤਕ

ਉਹ 18 ਅਕਤੂਬਰ 1988 ਦਾ ਦਿਨ ਸੀ। ਦਿੱਲੀ ਦੀ ਤਿਹਾੜ ਜੇਲ ਵਿੱਚ ਕਾਫ਼ੀ ਗਹਿਮਾ-ਗਹਿਮੀ ਸੀ। ਖ਼ਾਸ ਸੈਲ ਵਿੱਚ ਬੰਦ ਨਿਰਪ੍ਰੀਤ ਕੌਰ ਲੇਟੀ ਹੋਈ ਸੀ।

ਤਦੇ ਮਮਤਾ ਭਰੀ ਆਵਾਜ਼ ਆਈ, "ਬੇਬੀ ! ਸੌ ਰਹੀ ਹੈਂ ਕੀ ?"

ਨਿਰਪ੍ਰੀਤ ਹੜਬੜਾ ਕੇ ਉਠ ਗਈ। ਕਈ ਸਾਲਾਂ ਬਾਅਦ ਮਮਤਾ ਭਰੀ ਇਹ ਆਵਾਜ਼ ਸੁਣਾਈ ਦਿੱਤੀ ਸੀ। ਸਾਹਮਣੇ ਮਾਂ ਸੰਪੂਰਨ ਕੌਰ ਖੜੀ ਸੀ ਜੋ ਦੋ ਸਾਲਾਂ ਤੋਂ ਇਸ ਜੇਲ ਵਿੱਚ ਅਤਿਵਾਦੀਆਂ ਨੂੰ ਪਨਾਹ ਦੇਣ ਦੇ ਜੁਰਮ ਵਿੱਚ ਬੰਦ ਸੀ।

ਮਾਂ-ਧੀ ਗਲੇ ਲੱਗ ਕੇ ਬਹੁਤ ਦੇਰ ਤਕ ਰੋਂਦੀਆਂ ਰਹੀਆਂ। 10 ਮਹੀਨਿਆਂ ਦਾ ਪੁੱਤਰ ਨਿਰਪ੍ਰੀਤ ਦੇ ਨਾਲ ਸੀ ਪਰ ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਉਸਦੀ ਮਾਂ ਕਿਸ ਨਾਲ ਗਲੇ ਲੱਗ ਕੇ ਰੋ ਰਹੀ ਹੈ।

ਹੁਣ ਬੇਬੀ ਨੇ ਕਿਹਾ, "ਪੁੱਤਰ ਇਹ ਤੇਰੀ ਨਾਨੀ ਹੈ।"

10 ਮਹੀਨੇ ਦੇ ਬੱਚੇ ਨੂੰ ਤਾਂ ਕੁਝ ਸਮਝ ਨਹੀਂ ਆਇਆ ਸੀ ਪਰ ਨਿਰਪ੍ਰੀਤ ਨੇ ਨਾਨੀ ਤੇ ਦੋਤਰੇ ਦੀ ਮਿਲਣੀ ਕਰਾ ਦਿੱਤੀ ਸੀ। ਨਾਨੀ ਪਹਿਲੀ ਵਾਰ ਆਪਣੇ ਦੋਤਰੇ ਨੂੰ ਵੇਖ ਰਹੀ ਸੀ।

ਮਾਂ ਅਤਿਵਾਦੀਆਂ ਨੂੰ ਪਨਾਹ ਦੇਣ ਦੇ ਜੁਰਮ ਵਿੱਚ ਬੰਦ ਸੀ ਤੇ ਧੀ ਨੂੰ ਇੱਕ ਦਿਨ ਪਹਿਲਾਂ ਹੀ ਪੰਜਾਬ ਤੋਂ ਦਿੱਲੀ ਲਿਆਇਆ ਗਿਆ ਸੀ।

ਨਿਰਪ੍ਰੀਤ ਕੌਰ 'ਆਪਰੇਸ਼ਨ ਬਲੈਕ ਥੰਡਰ' ਵਿੱਚ ਫੜੀ ਗਈ ਸੀ। 1984 ਦੇ ਸਿੱਖ ਕਤਲੇਆਮ ਨੂੰ ਵੇਖ ਕੇ ਗਰਮ ਵਿਚਾਰਧਾਰਾ ਅਪਣਾ ਚੁੱਕੇ ਗੁਮਰਾਹ ਨੌਜੁਆਨਾਂ ਨੇ ਇੱਕ ਵਾਰ ਫਿਰ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਮੋਰਚੇ ਜਮਾ ਲਏ ਸੀ, ਜਿਨ੍ਹਾਂ ਨੂੰ ਕੱਢਣ ਲਈ 1988 ਵਿੱਚ 'ਆਪਰੇਸ਼ਨ ਬਲੈਕ ਥੰਡਰ' ਕੀਤਾ ਗਿਆ।

1984 ਵਿੱਚ ਦਿੱਲੀ ਦੇ ਪ੍ਰਸਿੱਧ ਸ੍ਰੀ ਵੇਂਕਟੇਸ਼ਵਰ ਕਾਲਜ (ਵੇਂਕੀ) ਵਿੱਚ ਬੀ.ਐਸ.ਸੀ. ਦੇ ਦੂਜੇ ਸਾਲ ਵਿੱਚ ਪੜ੍ਹਦੇ ਹੋਏ ਤਾਬੜਤੋੜ ਅੰਗ੍ਰੇਜ਼ੀ ਬੋਲਣ ਵਾਲੀ

ਭੋਲੀ-ਭਾਲੀ ਨਿਰਪ੍ਰੀਤ ਨੂੰ ਨਹੀਂ ਪਤਾ ਸੀ ਕਿ ਇੱਕ ਦਿਨ ਉਹ ਇਸ ਤਰ੍ਹਾਂ ਆਪਣੀ ਮਾਂ ਨੂੰ ਤਿਹਾੜ ਦੇ ਅੰਦਰ ਮਿਲੇਗੀ।

1984 ਦੇ ਸਿੱਖ ਕਤਲੇਆਮ ਵਿੱਚ ਪਿਉ ਨੂੰ ਦੰਗਾਈਆਂ ਦੇ ਹੱਥੋਂ ਤੜਫਦੇ ਹੋਏ ਮਰਦਿਆਂ ਵੇਖ ਉਹ ਬਾਗ਼ੀ ਹੋ ਚੁੱਕੀ ਸੀ। ਕਿਵੇਂ ਧੋਖੇ ਨਾਲ ਦੰਗਾਈਆਂ ਨੇ ਉਸਦੇ ਪਿਉ ਨੂੰ ਮਾਰਿਆ, ਉਸਨੇ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਕਿਵੇਂ ਵਾਰ-ਵਾਰ ਉਨ੍ਹਾਂ ਨੂੰ ਜ਼ਿੰਦਾ ਸਾੜਿਆ ਗਿਆ, ਇਹ ਨਜ਼ਾਰਾ ਉਸਦੀ ਅੱਖਾਂ ਤੋਂ ਪਰੇ ਨਹੀਂ ਹੋ ਸਕਦਾ ਸੀ।

ਪਾਲਮ ਦੇ ਰਾਜ ਨਗਰ ਵਿੱਚ ਪਿਤਾ ਨਿਰਮਲ ਸਿੰਘ, ਮਾਂ ਸੰਪੂਰਨ ਕੌਰ ਤੇ ਦੋ ਭਰਾਵਾਂ - ਨਿਰਪਾਲ ਸਿੰਘ ਤੇ ਨਿਰਮੋਲਕ ਸਿੰਘ ਦੇ ਨਾਲ ਹਸਦਿਆਂ ਖੇਡਦਿਆਂ ਗੁਰਸਿੱਖ ਪਰਿਵਾਰ ਵਿੱਚ ਰਹਿ ਰਹੀ ਨਿਰਪ੍ਰੀਤ ਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਜਿਸ ਦਿਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਹੋਈ, ਉਸ ਦਿਨ ਪਾਪਾ ਸ਼ਾਮ ਚਾਰ ਵਜੇ ਹੀ ਘਰ ਆ ਗਏ ਸੀ। ਬਹੁਤ ਪਰੇਸ਼ਾਨ ਹਾਲਤ ਵਿੱਚ ਉਨ੍ਹਾਂ ਨੇ ਦੱਸਿਆ ਕਿ ਮੋਤੀ ਬਾਗ਼ ਗੁਰਦੁਆਰੇ ਦੇ ਨੇੜੇ ਸਿੱਖਾਂ ਦੇ ਟੈਕਸੀ ਸਟੈਂਡਾਂ ਨੂੰ ਦੰਗਾਈਆਂ ਨੇ ਅੱਗ ਲਾ ਦਿੱਤੀ ਹੈ। ਜਿਵੇਂ-ਤਿਵੇਂ ਉਹ ਆਪਣੀਆਂ ਟੈਕਸੀਆਂ ਬਚਾ ਕੇ ਆਏ ਨੇ, ਜਿਨ੍ਹਾਂ ਨੂੰ ਹੁਣ ਉਹ ਸਵੇਰੇ ਵੇਖਣ ਜਾਣਗੇ।

ਪਾਪਾ ਇਸੇ ਮੁਸ਼ਕਿਲ ਵਿੱਚ ਸੀ ਕਿ ਸ਼ਾਮ ਨੂੰ ਬਲਵਾਨ ਖੋਖਰ, ਜੋ ਕਿ ਉਥੋਂ ਦੇ ਉਸ ਵਕਤ ਦੇ ਕਾਊਂਸਲਰ ਸੱਜਣ ਕੁਮਾਰ ਦਾ ਭਾਂਜਾ ਸੀ ਤੇ ਤੇਲ ਦੇ ਡਿਪੋ ਦਾ ਮਾਲਕ ਸੀ, ਪਾਪਾ ਕੋਲ ਆਇਆ ਤੇ ਕਹਿਣ ਲੱਗਾ, "ਸਰਦਾਰ ਜੀ ! ਮੇਰੇ ਭਰਾ ਨੂੰ ਟੈਕਸੀ ਚਲਾਉਣ ਵਿੱਚ ਲਗਾ ਦਿਉ।"

ਪਾਪਾ ਨੇ ਇਸ ਬੇਵਕਤ ਦੀ ਸਿਫ਼ਾਰਸ਼ ਉੱਤੇ ਕਿਹਾ, "ਜਿਵੇਂ ਹੀ ਕੋਈ ਗੱਡੀ ਖਾਲੀ ਹੋਵੇਗੀ, ਦੱਸ ਦੇਵਾਂਗਾ।" ਹੁਣ ਪਾਪਾ ਨੇ ਉਸ ਨਾਲ ਦਿੱਲੀ ਵਿੱਚ ਖਰਾਬ ਹੋ ਰਹੇ ਮਾਹੌਲ ਦੀ ਗੱਲ ਛੇੜ ਦਿੱਤੀ।

ਚਾਹ ਲੈ ਕੇ ਆਈ ਨਿਰਪ੍ਰੀਤ ਨੇ ਬਲਵਾਨ ਖੋਖਰ ਨੂੰ ਇਹ ਕਹਿੰਦਿਆਂ ਸੁਣਿਆ ਕਿ "ਸਰਦਾਰ ਜੀ ! ਚਿੰਤਾ ਨਾ ਕਰੋ, ਮੇਰਾ ਮਾਮਾ ਇਥੋਂ ਦਾ ਕਾਊਂਸਲਰ ਹੈ, ਕਿਧਰੇ ਨਾ ਜਾਓ, ਤੁਹਾਨੂੰ ਇਥੇ ਕੁਝ ਨਹੀਂ ਹੋਣ ਦੇਵਾਂਗੇ।"

ਬਾਅਦ ਵਿੱਚ ਸਮਝ ਆਇਆ ਕਿ ਉਹ ਤਾਂ ਘਰ ਦੇ ਅੰਦਰ ਦਾ ਭੇਤ ਹਾਸਲ ਕਰਨ ਆਇਆ ਸੀ ਕਿ ਘਰ ਵਿੱਚ ਕਿੰਨੇ ਲੋਕ ਹਨ। ਰਾਜ ਨਗਰ ਵਿੱਚ ਸਿੱਖਾਂ ਦੇ 250-300 ਪਰਿਵਾਰ ਸੀ ਤੇ ਨਿਰਪ੍ਰੀਤ ਦੀ ਤਾਂ ਪੂਰੀ ਗਲੀ ਹੀ ਸਿੱਖਾਂ ਦੀ ਸੀ।

ਸਵੇਰੇ ਡੇਢ ਵਜੇ ਉੱਠ ਕੇ ਵਾਹਿਗੁਰੂ ਦੇ ਸਿਮਰਨ ਤੇ ਨਿਤਨੇਮ ਵਿੱਚ ਲੱਗਣ ਵਾਲੇ ਨਿਰਮਲ ਸਿੰਘ 1 ਨਵੰਬਰ 1984 ਨੂੰ ਵੀ ਵੇਲੇ ਸਿਰ ਉੱਠ ਗਏ। ਨਿਤਨੇਮ ਕਰਨ ਤੋਂ ਬਾਅਦ ਗੁਰਦੁਆਰੇ ਚਲੇ ਗਏ ਤੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰਾ ਦਿੱਤਾ। ਤਦੇ ਵੇਖਿਆ ਕਿ ਗੁਰਦੁਆਰੇ ਦੇ ਬਾਹਰ ਇੱਕ ਪੁਲਿਸ ਵਾਲਾ ਖੜਾ ਹੈ। ਪੁੱਛਿਆ ਤਾਂ ਕਹਿਣ ਲੱਗਾ ਕਿ ਮਾਹੌਲ ਖਰਾਬ ਹੈ, ਇਸ ਲਈ ਹਿਫ਼ਾਜ਼ਤ ਲਈ ਆਇਆ ਹਾਂ। ਸੰਗਤ ਆਉਣ ਲੱਗੀ ਤਾਂ ਪੁਲਿਸ ਵਾਲਾ ਗਾਇਬ ਹੋ ਗਿਆ। ਸਾਰਿਆਂ ਨੂੰ ਖਟਕਿਆ ਕਿ ਕੁਝ ਗੜਬੜ ਹੈ।

ਘਰ ਪਹੁੰਚੇ ਹੀ ਸੀ ਕਿ ਭੀੜ ਨੇ ਗੁਰਦੁਆਰੇ ਉੱਤੇ ਹਮਲਾ ਕਰ ਦਿੱਤਾ। ਸ਼ਾਇਦ ਪੁਲਿਸ ਵਾਲੇ ਗੁਰਦੁਆਰੇ 'ਤੇ ਹਮਲੇ ਤੋਂ ਪਹਿਲਾਂ ਹਾਲਾਤ ਦਾ ਅੰਦਾਜ਼ਾ ਲੈਣ ਆਏ ਸੀ। ਹੁਣ ਇਹ ਡਰ ਸਤਾਉਣ ਲੱਗਾ ਕਿ ਕਿਧਰੇ ਭੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾ ਕਰ ਦੇਵੇ।

ਪਿਤਾ ਜੀ ਦੇ ਕਹਿਣ 'ਤੇ ਨਿਰਪ੍ਰੀਤ ਆਪਣੇ ਛੋਟੇ ਭਰਾ ਨਿਰਪਾਲ ਸਿੰਘ ਨਾਲ ਫ਼ੌਰਨ ਪਿੱਛੇ ਤੋਂ ਗੁਰਦੁਆਰੇ ਪਹੁੰਚ ਗਈ। ਦੋਵਾਂ ਨੇ ਗੁਰੂ ਸਾਹਿਬ ਦੇ ਪਾਵਨ ਸਰੂਪ ਨੂੰ ਸਿਰ 'ਤੇ ਰਖਿਆ ਤੇ ਘਰ ਦੇ ਵੱਲ ਭੱਜੇ। ਪਰ ਹਜੂਮ ਨੇ ਵੇਖ ਲਿਆ ਸੀ। ਭੀੜ ਮਾਰਨ ਲਈ ਭੱਜੀ, ਨਿਰਪਾਲ ਨੂੰ ਕੁਝ ਡਾਂਗਾਂ ਵੱਜੀਆਂ ਪਰ ਉਹ ਚੋਟ ਦੇ ਬਾਵਜੂਦ ਬਚ ਨਿਕਲਿਆ। ਹੁਣ ਪਿਤਾ ਜੀ ਬਾਹਰ ਆ ਗਏ ਤੇ ਭੀੜ ਨੂੰ ਕਿਹਾ ਕਿ ਕਿਉਂ ਬੱਚਿਆਂ ਨੂੰ ਮਾਰ ਰਹੇ ਹੋ ?

ਸਿੱਖ ਇਕੱਠੇ ਹੋਣ ਲੱਗ ਪਏ ਸੀ। ਹੁਣ ਬਲਵਾਨ ਖੋਖਰ ਤੇ ਬੇਕਰੀ ਵਾਲੇ ਮਹਿੰਦਰ ਯਾਦਵ ਨੇ ਭੀੜ ਨੂੰ ਪਿਛਾਂਹ ਕਰ ਦਿੱਤਾ, ਪਰ ਭੀੜ ਨੇ ਜਾਂਦਿਆਂ-ਜਾਂਦਿਆਂ ਗੁਆਂਢੀ ਹਰਬੰਸ ਸਿੰਘ ਦੇ ਟਰੱਕ ਵਿੱਚ ਅੱਗ ਲਾ ਦਿੱਤੀ। ਭੀੜ ਨਾਲ ਉਲਝਣ ਦੀ ਬਜਾਏ ਸਾਰੇ ਸਿੱਖਾਂ ਨੇ ਮਿਲ ਕੇ ਅੱਗ ਬੁਝਾਈ।

ਮਾਹੌਲ ਤੇ ਭੀੜ ਦੀ ਅੱਖਾਂ ਵਿੱਚ ਦਰਿੰਦਗੀ ਦਿੱਖ ਚੁੱਕੀ ਸੀ। ਫ਼ੈਸਲਾ ਕੀਤਾ ਕਿ ਹਾਲਾਤ ਖਰਾਬ ਨੇ, ਇਕੱਠਿਆਂ ਹੋਇਆ ਜਾਏ। ਇਸਦੇ ਲਈ ਨਿਰਪ੍ਰੀਤ ਦਾ

ਘਰ ਹੀ ਚੁਣਿਆ ਗਿਆ। ਇਹੀ ਕੋਨੇ ਉੱਤੇ ਸੀ ਤੇ ਇਥੋਂ ਚਾਰੇ ਪਾਸਿਓਂ ਮੁਕਾਬਲਾ ਕੀਤਾ ਜਾ ਸਕਦਾ ਸੀ।

ਹੁਣ 2 ਨਵੰਬਰ ਦੀ ਸਵੇਰੇ ਫਿਰ ਭੀੜ ਨੇ ਹਮਲਾ ਕਰ ਦਿੱਤਾ। ਦੰਗਾਈ ਭੀੜ ਹੁਣ ਵੱਧ ਹਥਿਆਰ, ਵਿਸਫ਼ੋਟਕ ਤੇਲ ਤੇ ਰਸਾਇਣਾਂ ਨਾਲ ਲੈਸ ਆਈ ਸੀ। ਪਰ ਇਥੇ ਸਿੱਖ ਵੀ ਤਿਆਰ ਸੀ। ਅਜਿਹੇ ਕਰਾਰੇ ਹੱਥ ਵਿਖਾਏ ਕਿ ਭੀੜ 'ਤੇ ਭਾਰੀ ਪੈਣ ਲੱਗੇ। ਸਿੱਖਾਂ ਦੇ ਕੋਲ 12-13 ਕਿਰਪਾਨਾਂ ਤਾਂ ਹੈ ਹੀ ਸਨ, ਔਰਤਾਂ ਤੇ ਬੱਚਿਆਂ ਨੇ ਭੀੜ 'ਤੇ ਪੱਥਰਬਾਜੀ ਸ਼ੁਰੂ ਕਰ ਦਿੱਤੀ।

ਨਿਰਪ੍ਰੀਤ ਦੱਸਦੀ ਹੈ, "ਸਾਨੂੰ ਪਤਾ ਸੀ ਕਿ ਇਥੋਂ ਨਿਕਲ ਕੇ ਕਿਧਰੇ ਨਹੀਂ ਜਾ ਸਕਦੇ। ਹੁਣ ਜਿੰਨੀ ਦੇਰ ਮੁਕਾਬਲਾ ਹੋ ਸਕੇ, ਕਰਨਾ ਸੀ। ਸਿੱਖਾਂ ਨੇ ਕਰਾਰੇ ਹੱਥ ਦਿਖਾਏ ਤਾਂ ਹੁਣ ਬਲਵਾਨ ਖੋਖਰ ਤੇ ਮਹਿੰਦਰ ਯਾਦਵ ਪਿਤਾ ਜੀ ਦੇ ਪੈਰੀਂ ਪੈ ਗਏ ਤੇ ਕਹਿਣ ਲੱਗੇ ਕਿ "ਅਸੀਂ ਸਾਰੇ ਭਰਾ ਹਾਂ, ਇਹ ਖ਼ੂਨ-ਖਰਾਬਾ ਠੀਕ ਨਹੀਂ ਹੈ।"

ਐਨੇ ਵਿੱਚ ਪੁਲਿਸ ਵੀ ਆ ਗਈ ਸੀ। ਖੋਖਰ ਤੇ ਪੁਲਿਸ ਵਾਲਿਆਂ ਨੇ ਕਿਹਾ, "ਚਲੋ ਸਮਝੌਤਾ ਕਰ ਲੈਂਦੇ ਹਾਂ, ਇਸ ਲਈ ਤੁਸੀਂ ਨਾਲ ਆ ਜਾਓ।"

ਬਾਕੀ ਸਿੱਖਾਂ ਨੇ ਪਿਤਾ ਜੀ ਨੂੰ ਮਨਾ ਕੀਤਾ ਕਿ ਇਨ੍ਹਾਂ ਨਾਲ ਨਾ ਜਾਓ। ਪਰ ਉਨ੍ਹਾਂ ਨੇ ਕਿਹਾ, "ਪੁਲਿਸ ਨਾਲ ਹੈ ਤੇ ਵੈਸੇ ਵੀ ਜੇਕਰ ਗੱਲ ਖ਼ਤਮ ਹੁੰਦੀ ਹੈ ਤਾਂ ਉਸਨੂੰ ਕੀਤਾ ਜਾਵੇ।"

ਪਿਤਾ ਜੀ ਨੂੰ ਲੱਗ ਰਿਹਾ ਸੀ ਕਿ ਪੁਲਿਸ ਆ ਗਈ ਹੈ ਤੇ ਹੁਣ ਉਹ ਸਮਝੌਤੇ ਵਿੱਚ ਮੰਗ ਕਰਨਗੇ ਕਿ ਗੁਰਦੁਆਰੇ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਏ। ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਕਾਇਰ ਤਾਂ ਆਪਣੀ ਕਪਟੀ ਚਾਲ ਚਲ ਰਹੇ ਨੇ। ਦੰਗਾਈਆਂ ਨੂੰ ਲੱਗ ਰਿਹਾ ਸੀ ਕਿ ਨਿਰਮਲ ਸਿੰਘ ਦੇ ਘਰ ਤੋਂ ਹੀ ਸਿੱਖ ਮੁਕਾਬਲਾ ਕਰ ਰਹੇ ਨੇ ਤੇ ਇਹ ਸਿੱਖਾਂ ਦਾ ਆਗੂ ਬਣਿਆ ਹੋਇਆ ਹੈ। ਜੇਕਰ ਇਸਨੂੰ ਮਾਰ ਦੇਵਾਂਗੇ ਤਾਂ ਬਾਕੀ ਦੇ ਸਿੱਖਾਂ ਦਾ ਹੌਂਸਲਾ ਟੁੱਟ ਜਾਏਗਾ।"

ਨਿਰਪ੍ਰੀਤ ਇਨ੍ਹਾਂ ਦੇ ਪਿੱਛੇ ਚਲੀ ਗਈ ਸੀ ਤੇ ਕੁੜੀ ਹੋਣ ਕਰਕੇ ਕਿਸੇ ਨੇ ਉਸ ਵੱਲ ਧਿਆਨ ਨਹੀਂ ਦਿੱਤਾ।

ਉਸਨੇ ਦੱਸਿਆ ਕਿ "ਉਨ੍ਹਾਂ ਨੇ ਉਥੋਂ ਥੋੜੀ ਦੂਰ ਜਾਂਦਿਆਂ ਹੀ ਪਿਤਾ ਜੀ ਨੂੰ

ਭੀੜ ਦੇ ਹਵਾਲੇ ਕਰ ਦਿੱਤਾ ਤੇ ਕਿਹਾ, "ਲਓ ਜਿਸ ਸਰਦਾਰ ਨੂੰ ਛੱਡ ਆਏ ਸੀ, ਉਸਨੂੰ ਲੈ ਆਇਆ ਹਾਂ।" ਉਨ੍ਹਾਂ ਨੇ ਪਿਤਾ ਜੀ ਨੂੰ ਅੱਗ ਲਾ ਦਿੱਤੀ। ਪਾਪਾ ਥੋੜਾ ਜਲੇ ਪਰ ਫਿਰ ਖੜੇ ਹੋ ਗਏ।

ਇਸ 'ਤੇ ਉਥੇ ਖੜੇ ਇੰਸਪੈਕਟਰ ਕੌਸ਼ਿਕ ਨੇ ਕਿਹਾ, "ਡੁੱਬ ਮਰੋ ਗੁੱਜਰੋ, ਤੁਹਾਡੇ ਤੋਂ ਇੱਕ ਸਰਦਾਰ ਵੀ ਨਹੀਂ ਜਲਦਾ।"

ਹੁਣ ਇੱਕ ਵਿਅਕਤੀ ਜਿਸਨੂੰ ਈਸ਼ਵਰ ਸ਼ਰਾਬੀ ਕਹਿੰਦੇ ਸੀ, ਉਸਨੇ ਪਿਤਾ ਜੀ ਉੱਤੇ ਪਾਉਣ ਲਈ ਮਿੱਟੀ ਦੇ ਤੇਲ ਦਾ ਭਰਿਆ ਕੈਨ ਦਿੱਤਾ ਤੇ ਮਾਚਿਸ ਇੰਸਪੈਕਟਰ ਕੌਸ਼ਿਕ ਨੇ। ਅੱਗ ਲਾਈ ਤਾਂ ਪਾਪਾ ਨੇ ਕੋਲ ਹੀ ਵਗ੍ਹਦੇ ਨਾਲੇ ਵਿੱਚ ਛਾਲ ਮਾਰ ਦਿੱਤੀ।

ਪਿਤਾ ਜੀ ਦੀ ਦਸਤਾਰ ਹੁਣ ਖੁਲ ਚੁੱਕੀ ਸੀ। ਉਨ੍ਹਾਂ ਨੂੰ ਬਾਹਰ ਕੱਢ ਕੇ ਰੱਸੀਆਂ ਨਾਲ ਬੰਨ੍ਹ ਦਿੱਤਾ ਗਿਆ। ਹੁਣ ਨਾਲ ਦੇ ਮਹੱਲੇ ਵਿੱਚ ਰਹਿੰਦੇ ਦੁਆ ਦੀ ਵਹੁਟੀ ਨੇ ਮਿੱਟੀ ਦੇ ਤੇਲ ਦਾ ਕੈਨ ਦਿੱਤਾ। ਨਿਰਪ੍ਰੀਤ ਨੇ ਉਸਨੂੰ ਰੋਕਿਆ ਤਾਂ ਕਹਿਣ ਲੱਗੀ ਕਿ ਸਰਦਾਰਾਂ ਨਾਲ ਐਵੇਂ ਹੀ ਹੋਣਾ ਚਾਹੀਦਾ ਹੈ।

ਹੁਣ ਪਿਤਾ ਜੀ ਨੂੰ ਫਿਰ ਅੱਗ ਲਾ ਦਿੱਤੀ ਗਈ। ਉਹ ਕਾਫ਼ੀ ਸੜ ਗਏ ਪਰ ਫਿਰ ਤੋਂ ਨਾਲੇ ਵਿੱਚ ਛਾਲ ਲਾ ਦਿੱਤੀ। ਭੀੜ ਨੂੰ ਲੱਗਾ ਕਿ ਮਰ ਗਏ ਹਨ ਪਰ ਬੁਰੀ ਤਰ੍ਹਾਂ ਝੁਲਸ ਜਾਣ ਦੇ ਬਾਅਦ ਵੀ ਅਜੇ ਜਾਨ ਬਾਕੀ ਸੀ। ਉਨ੍ਹਾਂ ਨੂੰ ਸਾਹ ਲੈਂਦਿਆਂ ਉਥੋਂ ਦੇ ਸ਼ਿਵ ਮੰਦਰ ਦੇ ਪੁਜਾਰੀ ਨੇ ਵੇਖ ਲਿਆ ਤੇ ਬੋਲਿਆ, "ਇਸਨੂੰ ਮਾਰੋ, ਨਹੀਂ ਤਾਂ ਬਾਅਦ ਵਿੱਚ ਨਹੀਂ ਛੱਡੇਗਾ।"

ਹੁਣ ਮਹਿੰਦਰ ਯਾਦਵ ਨੇ ਉਨ੍ਹਾਂ 'ਤੇ ਚਿੱਟਾ ਪਾਊਡਰ ਸੁੱਟਿਆ ਤੇ ਬਲਵਾਨ ਖੋਖਰ ਨੇ ਡਾਂਗਾਂ ਮਾਰੀਆਂ। ਇਸ ਵਾਰ ਅੱਗ ਲਗ ਗਈ ਤਾਂ ਪਿਤਾ ਜੀ ਉਠ ਨਹੀਂ ਸਕੇ।" ਇਹ ਕਹਿੰਦੇ-ਕਹਿੰਦੇ ਨਿਰਪ੍ਰੀਤ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਤੇ ਉਸਨੇ ਦੱਸਿਆ ਕਿ ਪੁਲਿਸ ਨੂੰ ਨਾਲ ਲੈ ਕੇ ਭੀੜ ਨੇ ਉਥੇ ਬਹੁਤ ਸਾਰੇ ਸਿੱਖਾਂ ਦਾ ਕਤਲ ਕਰ ਦਿੱਤਾ।

ਨਿਰਪ੍ਰੀਤ ਨੇ ਅੱਗੇ ਦੱਸਿਆ, "ਉਹ ਤਾਂ ਇੱਕ ਗੁਆਂਢੀ ਏਅਰਫ਼ੋਰਸ ਵਿੱਚ ਸੀ ਜਿਨ੍ਹਾਂ ਨੇ ਏਅਰਫ਼ੋਰਸ ਦੀ ਗੱਡੀ ਮੰਗਵਾ ਲਈ। ਮੈਂ ਉਸ ਵਕਤ ਖ਼ੁਦ ਦਸਤਾਰ

ਸਜਾਇਆ ਕਰਦੀ ਸੀ ਪਰ ਗੱਡੀ ਵਿੱਚ ਬੈਠਣ ਤੋਂ ਪਹਿਲਾਂ ਮੇਰੀ ਗੁੱਤ ਕਰ ਦਿੱਤੀ ਗਈ। ਇਸ ਨਾਲ ਪਤਾ ਨਹੀਂ ਲੱਗ ਸਕਦਾ ਸੀ ਕਿ ਮੈਂ ਸਿੱਖ ਹਾਂ।" ਇਸਦੇ ਬਾਅਦ ਨਿਰਪ੍ਰੀਤ ਨੇ ਕਦੇ ਦਸਤਾਰ ਨਹੀਂ ਸਜਾਈ।

ਹੁਣ ਉਹ ਏਅਰਫ਼ੋਰਸ ਦੇ ਕਿਸੇ ਵਿਅਕਤੀ ਦੇ ਘਰ ਪਹੁੰਚ ਚੁੱਕੇ ਸੀ। ਪੂਰੀ ਰਾਤ ਅੱਖਾਂ ਵਿੱਚ ਹੀ ਕੱਟੀ ਕਿ ਸਵੇਰੇ ਹੀ ਦੂਰ ਤੋਂ ਕੀਰਤਨ ਦੀ ਆਵਾਜ਼ ਆਈ। ਨਿਰਪ੍ਰੀਤ ਦੀ ਮਾਂ ਨੇ ਉਸ ਆਵਾਜ਼ ਨੂੰ ਪਛਾਣਦੇ ਹੋਇਆਂ ਕਿਹਾ ਕਿ "ਇਹ ਤਾਂ ਪਿਤਾ ਜੀ ਦੇ ਕਰੀਬੀ ਰਵੇਲ ਸਿੰਘ ਕੀਰਤਨ ਕਰ ਰਹੇ ਲੱਗਦੇ ਨੇ।"

ਪੁੱਛਣ 'ਤੇ ਪਤਾ ਲੱਗਾ ਕਿ ਕੁਝ ਕਿਲੋਮੀਟਰ ਦੀ ਦੂਰੀ ਤੋਂ ਪਾਲਮ ਏਅਰਫ਼ੋਰਸ ਸਟੇਸ਼ਨ ਦੇ ਗੁਰਦੁਆਰੇ ਤੋਂ ਇਹ ਆਵਾਜ਼ ਆ ਰਹੀ ਹੈ। ਤਦੋਂ ਉਥੇ ਨੇੜੇ-ਤੇੜੇ ਸਭ ਉਜਾੜ ਤੇ ਜੰਗਲ ਹੁੰਦਾ ਸੀ। ਇਹ ਗੁਰਦੁਆਰੇ ਪਹੁੰਚੇ ਤਾਂ ਸਰਦਾਰ ਰਵੇਲ ਸਿੰਘ ਤੇ ਵਿੰਗ ਕਮਾਂਡਰ ਐਲ.ਐਸ. ਪੰਨੂੰ ਮਿਲ ਗਏ। ਇਨ੍ਹਾਂ ਨੂੰ ਇਹ ਤਾਂ ਪਤਾ ਸੀ ਕਿ ਲੁੱਟ-ਖਸੁੱਟ ਹੋ ਰਹੀ ਹੈ ਪਰ ਸਿੱਖਾਂ ਨੂੰ ਮਾਰਿਆ ਵੀ ਜਾ ਰਿਹਾ ਹੈ, ਇਹ ਜਾਣਕਾਰੀ ਨਹੀਂ ਸੀ। ਦੂਰਦਰਸ਼ਨ ਜਾਂ ਅਖ਼ਬਾਰ ਕੋਈ ਖ਼ਬਰ ਜੋ ਨਹੀਂ ਦੇ ਰਿਹਾ ਸੀ। ਇਸ ਤੋਂ ਬਾਅਦ ਏਅਰਫ਼ੋਰਸ ਨੇ ਗੱਡੀ ਦੇ ਕੇ ਇਨ੍ਹਾਂ ਨੂੰ ਘਰ ਦੇ ਹਾਲਾਤ ਜਾਣਨ ਲਈ ਭੇ ਜਿਆ।

ਨਿਰਪ੍ਰੀਤ ਦੱਸਦੀ ਹੈ ਕਿ "ਰਾਹ ਵਿੱਚ ਉਸਨੇ ਵੇਖਿਆ ਕਿ ਸੱਜਣ ਕੁਮਾਰ ਪੁਲਿਸ ਦੀ ਜੀਪ ਵਿੱਚ ਹੈ ਤੇ ਲੋਕਾਂ ਨੂੰ ਕਹਿ ਰਿਹਾ ਸੀ, "ਇੱਕ ਵੀ ਸਿੱਖ ਨਹੀਂ ਬਚਣਾ ਚਾਹੀਦਾ। ਜੋ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰੇ, ਉਸਦਾ ਘਰ ਵੀ ਜਲਾ ਦਿਉ।"

ਘਰ ਦੇ ਨੇੜੇ ਪਹੁੰਚੀ ਤਾਂ ਨਾਲ ਰਹਿਣ ਵਾਲੇ ਸੋਨੀ ਨੇ ਉਸਨੂੰ ਵੇਖ ਲਿਆ। ਉਹ ਘਬਰਾ ਗਿਆ ਤੇ ਕੋਲ ਆ ਕਹਿਣ ਲੱਗਾ, "ਬੇਟੀ ਮੈਂ ਤਾਂ ਤੇਰੇ ਪਿਤਾ ਨੂੰ ਬਚਾਉਣਾ ਚਾਹੁੰਦਾ ਸੀ।"

ਤਦ ਗੁੱਸੇ ਦੀ ਭਰੀ ਨਿਰਪ੍ਰੀਤ ਨੇ ਉਸਨੂੰ ਕਿਹਾ, "ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਤੇ ਤੁਸੀਂ ਕੀ ਕਰ ਰਹੇ ਸੀ, ਇਹ ਵੀ ਪਤਾ ਹੈ।"

ਸ਼ਾਇਦ ਘਬਰਾਏ ਹੋਏ ਸੋਨੀ ਨੇ ਹੁਣ ਬਲਵਾਨ ਖੋਖਰ ਨੂੰ ਜਾ ਕੇ ਦੱਸ ਦਿੱਤਾ

ਕਿ ਨਿਰਮਲ ਸਿੰਘ ਦੀ ਬੇਟੀ ਬਚ ਗਈ ਹੈ, ਉਸਨੇ ਸਭ ਕੁਝ ਵੇਖ ਲਿਆ ਹੈ ਤੇ ਹੁਣ ਉਸਨੇ ਪਾਲਮ ਦੇ ਗੁਰਦੁਆਰੇ ਵਿੱਚ ਸ਼ਰਨ ਲਈ ਹੋਈ ਹੈ।

ਇਸੇ ਦੌਰਾਨ ਕੋਈ ਵਿਅਕਤੀ ਗੁਰਦੁਆਰੇ ਵਿੱਚ ਸ਼ਰਨ ਲੈ ਰਹੇ ਸਿੱਖਾਂ ਲਈ ਦੁੱਧ ਤੇ ਬਿਸਕੁਟ ਦੇ ਗਿਆ। ਉਸ ਵਿਅਕਤੀ ਨੇ ਜਿਸ ਤਰ੍ਹਾਂ ਦੁੱਧ ਤੇ ਬਿਸਕੁਟ ਰਖੇ ਤੇ ਬਿਨਾ ਦੱਸਿਆਂ ਚਲਾ ਗਿਆ ਤਾਂ ਉਸ ਨਾਲ ਕੁਝ ਸਿੱਖਾਂ ਨੂੰ ਸ਼ੱਕ ਹੋ ਗਿਆ। ਬਾਅਦ ਵਿੱਚ ਵੇਖਿਆ ਤਾਂ ਪਤਾ ਲੱਗਾ ਕਿ ਉਸ ਵਿੱਚ ਜ਼ਹਿਰ ਮਿਲਿਆ ਹੋਇਆ ਸੀ। ਵਿੰਗ ਕਮਾਂਡਰ ਪੰਨੂੰ ਨੇ ਉਸ ਵਿਅਕਤੀ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਤੇ ਪਿਸਤੌਲ ਕੱਢ ਲਈ ਪਰ ਉਹ ਗਾਇਬ ਹੋ ਗਿਆ ਸੀ।

ਇਸ ਘਟਨਾ ਤੋਂ ਦੋ ਮਹੀਨੇ ਬਾਅਦ ਹੀ ਪਾਲਮ ਏਅਰਫ਼ੋਰਸ ਸਟੇਸ਼ਨ 'ਤੇ ਸਵੇਰੇ ਸੈਰ ਕਰ ਰਹੇ ਵਿੰਗ ਕਮਾਂਡਰ ਪੰਨੂੰ 'ਤੇ ਟਰੱਕ ਚੜ੍ਹਾ ਦਿੱਤਾ ਗਿਆ ਸੀ।" ਨਿਰਪ੍ਰੀਤ ਨੂੰ ਇਸ ਵਿੱਚ ਕੋਈ ਸ਼ਕ ਨਹੀਂ ਕਿ ਉਹ ਕਤਲ ਸੀ, ਨਾ ਕਿ ਹਾਦਸਾ।

ਨਿਰਪ੍ਰੀਤ ਹੁਣ ਬਾਕੀ ਦੰਗਾ ਪੀੜਤਾਂ ਦੇ ਨਾਲ ਮੋਤੀ ਬਾਗ਼ ਗੁਰਦੁਆਰੇ ਲੱਗੇ ਕੈਂਪ ਵਿੱਚ ਆ ਕੇ ਰਹਿਣ ਲੱਗੀ। ਪਰ ਧਮਕੀਆਂ ਮਿਲਣ ਦਾ ਸਿਲਸਿਲਾ ਬੰਦ ਨਹੀਂ ਹੋ ਰਿਹਾ ਸੀ। ਆਖਰ ਪੰਜਾਬ ਚਲੇ ਜਾਣ ਦਾ ਫ਼ੈਸਲਾ ਕੀਤਾ ਤੇ ਉਥੇ ਪੁੱਜ ਕੇ ਉਸਨੇ ਲਾਇਲਪੁਰ ਖ਼ਾਲਸਾ ਕਾਲਜ ਵਿੱਚ ਦਾਖਲਾ ਲੈ ਲਿਆ।

ਉਸ ਵਕਤ ਪੰਜਾਬ ਵਿੱਚ ਮਾਹੌਲ ਕਾਫ਼ੀ ਭੱਖਿਆ ਹੋਇਆ ਸੀ। ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੰਪਰਕ ਵਿੱਚ ਆ ਗਈ ਤੇ 1986 ਵਿੱਚ ਗੁਰਦੇਵ ਸਿੰਘ ਬਨਾਮ ਰੋਸ਼ਨ ਲਾਲ ਬੈਰਾਗੀ ਨਾਲ ਵਿਆਹ ਕਰ ਲਿਆ। ਬੈਰਾਗੀ ਦੀ ਪੁਲਿਸ ਨੂੰ ਅਤਿਵਾਦ ਦੇ ਕਈ ਮਾਮਲਿਆਂ ਵਿੱਚ ਭਾਲ ਸੀ। ਇਸ ਤੋਂ ਬਾਅਦ ਨਿਰਪ੍ਰੀਤ ਦਿੱਲੀ ਵਿੱਚ ਲੁੱਕ ਕੇ ਰਹਿਣ ਲੱਗੀ ਪਰ ਕਿਸੇ ਸਾਥੀ ਨੇ ਬੈਰਾਗੀ ਨੂੰ ਫੜਵਾ ਦਿੱਤਾ।

ਹਾਲਾਂਕਿ ਪੁਲਿਸ ਉਸਨੂੰ ਅੱਜ ਤਕ ਫਰਾਰ ਦੱਸਦੀ ਹੈ ਪਰ ਨਿਰਪ੍ਰੀਤ ਦੇ ਮੁਤਾਬਕ ਉਸਦਾ ਏਨਕਾਉਂਟਰ ਕਰ ਦਿੱਤਾ ਗਿਆ ਸੀ। ਪੁਲਿਸ ਨਿਰਪ੍ਰੀਤ ਨੂੰ ਵੀ ਫੜਣਾ ਚਾਹੁੰਦੀ ਸੀ ਪਰ ਹਿਮਾਇਤੀ ਲੋਕਾਂ ਨੇ ਉਸਨੂੰ ਫਰਾਰ ਹੋਣ ਦੀ ਸਲਾਹ ਦਿੱਤੀ। ਉਹ ਇਥੋਂ ਭੱਜ ਕੇ ਮੁੜ ਪੰਜਾਬ ਚਲੀ ਗਈ।

ਪੁਲਿਸ ਮਾਂ ਸੰਪੂਰਨ ਕੌਰ ਤੇ ਇੱਕ ਗੁਆਂਢਣ ਲਾਜਵੰਤੀ ਕੌਰ ਨੂੰ ਫੜ ਕੇ ਲੈ ਗਈ। ਇਨ੍ਹਾਂ ਉੱਤੇ ਅਤਿਵਾਦੀਆਂ ਨੂੰ ਸ਼ਰਨ ਦੇਣ ਦਾ ਦੋਸ਼ ਲਾਇਆ ਗਿਆ ਸੀ। ਮਾਂ ਤਿੰਨ ਸਾਲ ਤਕ ਜੇਲ ਵਿੱਚ ਬੰਦ ਰਹੀ।

ਇਸ ਸਮੇਂ ਦੌਰਾਨ ਨਿਰਪ੍ਰੀਤ ਪੰਜਾਬ ਵਿੱਚ ਫਿਰ ਤੋਂ ਫੈਡਰੇਸ਼ਨ ਦੇ ਨਾਲ ਜੁੜ ਚੁੱਕੀ ਸੀ। ਅਪਰੇਸ਼ਨ ਬਲੈਕ ਥੰਡਰ ਵਿੱਚ 15 ਮਈ 1988 ਨੂੰ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਵਕਤ 10 ਮਹੀਨਿਆਂ ਦਾ ਬੱਚਾ ਗੋਦੀ ਵਿੱਚ ਸੀ। ਉਸਨੂੰ ਦਿੱਲੀ ਲਿਆਇਆ ਗਿਆ ਤਾਂ ਤਦ ਮਾਂ ਨੂੰ ਜੇਲ ਵਿੱਚ ਮਿਲਣ ਦਾ ਸੰਜੋਗ ਬਣਿਆ।

ਜੇਲ ਦੇ ਵੱਡੇ ਅਫ਼ਸਰਾਂ ਨੇ ਤਾਂ ਮਾਵਾਂ-ਧੀਆਂ ਨੂੰ ਮਿਲਾਉਣ ਤੋਂ ਮਨਾ ਕਰ ਦਿੱਤਾ ਸੀ ਪਰ ਕੈਦੀਆਂ ਦੀ ਇੰਚਾਰਜ ਇੱਕ ਅਨੀਤਾ ਨਾਮ ਦੀ ਔਰਤ ਸੀ ਜਿਸ ਤੋਂ ਰਿਹਾ ਨਹੀਂ ਗਿਆ ਤੇ ਉਸਨੇ ਦੋਵਾਂ ਨੂੰ ਮਿਲਵਾ ਦਿੱਤਾ। ਲੰਮੇ ਸਮੇਂ ਬਾਅਦ ਮਾਂ ਦੀ ਆਵਾਜ਼ ਸੁਣ ਗੁੰਮਸੁੰਮ ਹੋਈ ਨਿਰਪ੍ਰੀਤ ਅੱਜ ਮਾਂ ਤੋਂ ਦੂਰ ਨਹੀਂ ਹੋਣਾ ਚਾਹੁੰਦੀ ਸੀ।

ਨਿਰਪ੍ਰੀਤ ਕਾਲੇ ਕਾਨੂੰਨ ਟਾਡਾ ਦੇ ਅਧੀਨ ਬੰਦ ਹੋਈ ਸੀ। ਪਰ ਬਾਅਦ ਵਿੱਚ ਜ਼ਮਾਨਤ ਲਈ ਮਾਂ ਦੀ ਅਰਜ਼ੀ ਗਈ ਤੇ ਜੱਜ ਸਾਹਿਬ ਨੇ ਮੰਜ਼ੂਰ ਕਰ ਲਈ ਤਾਂ ਵਕੀਲ ਆਰ.ਐਸ. ਸੋਢੀ ਨੇ ਕਿਹਾ ਕਿ "ਇਨ੍ਹਾਂ ਦੀ ਧੀ ਤੇ ਦੋਹਤਰਾ ਵੀ ਜੇਲ ਵਿੱਚ ਬੰਦ ਹੈ, ਉਨ੍ਹਾਂ ਲਈ ਵੀ ਆਰਡਰ ਕਰ ਦੇਵੋ।" ਪਤਾ ਨਹੀਂ ਜੱਜ ਸਾਹਿਬ ਦੇ ਦਿਲ ਵਿੱਚ ਕੀ ਆਇਆ ਕਿ ਇਨ੍ਹਾਂ ਨੂੰ ਵੀ ਜ਼ਮਾਨਤ ਦੇਣ ਦਾ ਆਰਡਰ ਪਾਸ ਕਰ ਦਿੱਤਾ।

ਪਰ ਅਜੇ ਪੰਜਾਬ ਦੇ ਮਾਮਲੇ ਬਾਕੀ ਸੀ, ਇਸ ਲਈ ਨਿਰਪ੍ਰੀਤ ਨੂੰ ਪੰਜਾਬ ਲੈ ਗਏ। ਇਥੋਂ ਵੀ ਜਦ ਜ਼ਮਾਨਤ ਹੋਈ ਤਾਂ ਨਿਰਪ੍ਰੀਤ ਨੇ ਪੁੱਤਰ ਨੂੰ ਸੋਲਨ ਦੇ ਨੇੜੇ ਬੜੂ ਸਾਹਿਬ ਅਕੈਡਮੀ ਵਿੱਚ ਪੜ੍ਹਣ ਲਈ ਪਾ ਦਿੱਤਾ। ਇਥੇ ਰਹਿਣ ਲਈ ਹੋਸਟਲ ਵੀ ਹੈ।

ਹੁਣ 1991 ਦੀਆਂ ਲੋਕ ਸਭਾ ਚੋਣਾਂ ਸਨ ਤਾਂ ਦਿੱਲੀ ਦੇ ਕੁਝ ਆਗੂਆਂ ਨੇਤਾਵਾਂ 'ਤੇ ਫਾਇਰਿੰਗ ਦੀਆਂ ਘਟਨਾਵਾਂ ਹੋਈਆਂ। ਪੁਲਿਸ ਨੇ ਨਿਰਪ੍ਰੀਤ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ।

ਇਸੇ ਦੌਰਾਨ ਉਹ ਪੁੱਤਰ ਨੂੰ ਅਕੈਡਮੀ ਵਿੱਚ ਮਿਲ ਕੇ ਪਰਤ ਰਹੀ ਸੀ ਤਾਂ ਰਾਹ ਵਿੱਚ ਹੀ ਚੰਡੀਗੜ੍ਹ ਪੁਲਿਸ ਨੇ ਫੜ ਲਿਆ।

ਉਹ ਦੱਸਦੀ ਹੈ, "ਪੁਲਿਸ ਨੇ ਇੱਕ ਹਫ਼ਤੇ ਤਕ ਟਾਰਚਰ ਕੀਤਾ ਤੇ ਜਦ ਮਰਨ ਕੰਢੇ ਪੁੱਜ ਗਈ ਤਾਂ ਛੱਡਿਆ। ਮੈਨੂੰ ਦਿੱਲੀ ਭੇਜ ਦਿੱਤਾ ਗਿਆ ਪਰ ਮੇਰੀ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ। ਫਿਰ ਕਿਸੇ ਜਾਣ-ਪਛਾਣ ਵਾਲੇ ਦੀ ਗੱਡੀ ਵਿੱਚ ਪੰਜਾਬ ਭਿਜਵਾ ਦਿੱਤਾ ਗਿਆ ਤਾਂ ਕਿ ਇਲਾਜ ਕਰਵਾ ਸਕਾਂ।

ਪਰ 13 ਫਰਵਰੀ 1993 ਨੂੰ ਪੁਲਿਸ ਨੇ ਫਿਰ ਫੜ ਕੇ ਬੰਦ ਕਰ ਦਿੱਤਾ। ਹਾਲਾਂਕਿ ਮੇਰੇ ਖਿਲਾਫ਼ ਕੋਈ ਮਾਮਲਾ ਨਹੀਂ ਸੀ। ਸ਼ੁਕਰ ਹੋਵੇ 16 ਫਰਵਰੀ 1993 ਵਿੱਚ ਜਨਸਤਾ ਅਖ਼ਬਾਰ ਵਿੱਚ ਛਪੀ ਉਸ ਖ਼ਬਰ ਦਾ ਜਿਸ ਵਿੱਚ ਕਿਹਾ ਗਿਆ ਸੀ ਕਿ "ਪੁਲਿਸ ਨੇ ਇੱਕ ਸਿੱਖ ਕੁੜੀ ਨੂੰ ਫੜਿਆ ਹੋਇਆ ਹੈ ਪਰ ਅਦਾਲਤ ਵਿੱਚ ਪੇਸ਼ ਨਹੀਂ ਕਰ ਰਹੀ।"

ਫਿਰ ਮੈਨੂੰ ਅਦਾਲਤ ਵਿੱਚ ਪੇਸ਼ ਕੀਤਾ, ਨਹੀਂ ਤਾਂ ਮੇਰਾ ਏਨਕਾਊਂਟਰ ਕਰਨ ਦੀ ਪੂਰੀ ਤਿਆਰੀ ਸੀ। ਮੇਰਾ ਨਾਲ ਐਨਾ ਟਾਰਚਰ ਹੋਇਆ ਕਿ ਸ਼ਾਇਦ ਕੋਈ ਹੋਰ ਔਰਤ ਹੁੰਦੀ ਤਾਂ ਖ਼ੁਦਕੁਸ਼ੀ ਹੀ ਕਰ ਲੈਂਦੀ। ਮੈਨੂੰ ਪੁੱਠਾ ਟੰਗ ਦਿੱਤਾ ਜਾਂਦਾ, ਇੱਕ ਵਾਰ ਤਾਂ ਰੱਸੀ ਟੁੱਟ ਗਈ ਤੇ ਮੂੰਹ ਦੇ ਭਾਰ ਡਿੱਗਣ ਨਾਲ ਮੇਰੇ ਦੰਦ ਹੀ ਟੁੱਟ ਗਏ। ਪੈਰਾਂ ਉੱਤੇ ਰੋਲਰ ਚਲਾਇਆ ਜਾਂਦਾ ਤੇ ਪੁਲਿਸ ਵਾਲੇ ਉਸ 'ਤੇ ਖੜੇ ਹੋ ਜਾਂਦੇ। ਮੇਰੇ ਕੇਸਾਂ ਨਾਲ ਲਟਕ ਜਾਂਦੇ ਸੀ। ਇਸ ਲਈ ਮੈਂ ਕੇਸ ਹਲਕੇ ਕਰਨ ਦੀ ਦਵਾਈ ਲਾਈ ਤੇ ਕੇਸ ਘੱਟ ਹੋ ਗਏ।"

ਇਸੇ ਦੌਰਾਨ ਕਾਂਗਰਸ ਯੂਥ ਦੇ ਪ੍ਰਧਾਨ ਮਨਜਿੰਦਰ ਸਿੰਘ ਬਿੱਟਾ ਉੱਤੇ ਅਤਿਵਾਦੀ ਹਮਲਾ ਹੋ ਗਿਆ ਤਾਂ ਜੇਲ ਵਿੱਚ ਬੰਦ ਨਿਰਪ੍ਰੀਤ ਤੋਂ ਉਥੇ ਹੀ ਪੁੱਛਗਿੱਛ ਸ਼ੁਰੂ ਹੋ ਗਈ। ਬਿਜਲੀ ਦੇ ਕਰੰਟ ਤੋਂ ਲੈ ਕੇ ਕੀ-ਕੀ ਕੀਤਾ, ਉਹ ਬਿਆਨ ਨਹੀਂ ਕਰ ਸਕਦੀ ਸੀ। ਆਖਰ ਦੱਸਣ ਦੀ ਵੀ ਇੱਕ ਹਦ ਹੁੰਦੀ ਹੈ। ਉਹ ਜੇਲ ਵਿੱਚ ਬੰਦ ਰਹੀ ਪਰ ਜਦੋਂ ਪੁਲਿਸ ਕੋਈ ਮਾਮਲਾ ਸਾਬਤ ਨਾ ਕਰ ਸਕੀ ਤਾਂ 1996 ਵਿੱਚ ਅਦਾਲਤ ਨੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ।

ਹੁਣ ਘਰਵਾਲਿਆਂ ਨੇ ਮੁੜ ਜ਼ਿੰਦਗੀ ਸ਼ੁਰੂ ਕਰਨ ਲਈ ਕਿਹਾ ਤੇ 1997 ਵਿੱਚ ਦੂਜਾ ਵਿਆਹ ਹੋ ਗਿਆ। ਪਰ ਸ਼ਾਇਦ ਕਿਸਮਤ ਵਿੱਚ ਸੁਖ ਸੀ ਹੀ ਨਹੀਂ। ਪਤਾ

ਲੱਗਾ ਕਿ ਜਿਸ ਨਾਲ ਵਿਆਹ ਹੋਇਆ ਸੀ, ਉਸਦੀ ਪਹਿਲਾਂ ਵੀ ਇੱਕ ਪਤਨੀ ਸੀ। ਉਹ ਵੀ ਦੁਨੀਆ ਤੋਂ ਚਲਾ ਗਿਆ। ਨਿਰਪ੍ਰੀਤ ਨੂੰ ਇਸ ਤੋਂ ਵੀ ਇੱਕ ਪੁੱਤਰ ਹੋਇਆ।

ਨਿਰਪ੍ਰੀਤ ਦੱਸਦੀ ਹੈ ਕਿ "ਇਲਜ਼ਾਮਾਂ ਤੋਂ ਬਰੀ ਹੋਣ ਦੇ ਬਾਵਜੂਦ ਵੀ ਪੁਲਿਸ ਤੰਗ ਕਰਦੀ ਹੀ ਰਹਿੰਦੀ ਹੈ। ਹਾਂ, ਪਿਛਲੇ ਇੱਕ ਸਾਲ ਤੋਂ ਨਹੀਂ ਆਈ ਹੈ।"

ਨਿਰਪ੍ਰੀਤ ਕਹਿੰਦੀ ਹੈ, "ਮੈਂ ਕਦੇ ਨਹੀਂ ਸੋਚਿਆ ਸੀ ਕਿ ਇਸ ਰਾਹ 'ਤੇ ਜਾਣਾ ਹੋਵੇਗਾ। ਹੁਣ ਦੋਸ਼ੀਆਂ ਨੂੰ ਅਦਾਲਤ ਦੇ ਰਸਤੇ ਸਜ਼ਾ ਦਿਵਾਉਣਾ ਚਾਹੁੰਦੀ ਹਾਂ। 1984 ਦੇ ਚਾਰ ਪੀੜਤਾਂ ਦੇ ਕੇਸ ਤਾਂ ਉਹ ਖ਼ੁਦ ਲੜ ਰਹੀ ਹੈ ਕਿਉਂਕਿ ਗ਼ਰੀਬ ਪੀੜਤਾਂ ਕੋਲ ਵਕੀਲ ਨੂੰ ਦੇਣ ਲਈ ਪੈਸੇ ਨਹੀਂ ਹਨ। ਜੋ ਗਵਾਹ ਡਰ ਦੇ ਮਾਰੇ ਸਾਹਮਣੇ ਨਹੀਂ ਆਉਣਾ ਚਾਹੁੰਦੇ, ਉਨ੍ਹਾਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਵਿੱਚ ਜੁਟੀ ਹੋਈ ਹਾਂ। ਪੁਲਬੰਗਸ਼ ਵਿੱਚ ਮਾਰੇ ਗਏ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਨੇ ਇੱਕ ਮਾਮਲੇ ਵਿੱਚ ਗਵਾਹੀ ਦੇ ਲਈ ਸ਼ਾਮਲ ਹੋਣ ਦੀ ਗੱਲ ਮੰਨ ਲਈ ਹੈ। ਮੈਂ ਇਹ ਰਾਹ ਮਜਬੂਰੀ ਵਿੱਚ ਚੁਣਿਆ ਤੇ ਉਸਦੀ ਸਜ਼ਾ ਵੀ ਭੁਗਤੀ ਹੈ ਪਰ ਜਿਨ੍ਹਾਂ ਨੇ ਮੇਰੇ ਪਿਉ ਨੂੰ ਮਾਰਿਆ, ਉਹ ਅੱਜ ਖੁੱਲੇ ਕਿਉਂ ਘੁੰਮ ਰਹੇ ਹਨ ? ਕੀ ਇਹੀ ਨਿਆਂ ਹੈ ?"

"ਕੀ ਕਦੇ ਆਪਣੇ ਪੁੱਤਰ ਨਾਲ ਆਪਣੀ ਹੱਢਬੀਤੀ ਸਾਂਝੀ ਕੀਤੀ ਹੈ ?"


ਨਿਰਪ੍ਰੀਤ ਕਹਿੰਦੀ ਹੈ, "ਉਸਨੂੰ ਪਤਾ ਹੈ। ਜਦੋਂ ਮੈਂ ਜੇਲ ਵਿੱਚ ਬੰਦ ਸੀ ਤਾਂ ਘਰ ਵਿੱਚ ਗੱਲਾਂ ਹੁੰਦੀਆਂ ਸਨ ਕਿ ਨਿਰਪ੍ਰੀਤ ਨੂੰ ਜੇਲ ਵਿੱਚੋਂ ਕੱਢਣਾ ਹੈ। ਉਹ ਨਾਨੀ ਨੂੰ ਕਹਿੰਦਾ ਸੀ ਕਿ "ਮਾਂ ਨੂੰ ਬਾਹਰ ਲਿਆਓ।" ਤਾਂ ਨਾਨੀ ਨੇ ਕਹਿ ਦਿੱਤਾ ਕਿ "ਪੁੱਤਰ, ਉਸਨੂੰ ਛਡਾਉਣ ਲਈ ਬਹੁਤ ਪੈਸਾ ਚਾਹੀਦਾ ਹੈ।"

ਸੰਜੋਗ ਨਾਲ ਮੇਰੇ ਭਰਾ ਨੇ ਟਰੱਕ ਖਰੀਦਣ ਲਈ ਪੈਸੇ ਇਕੱਠੇ ਕੀਤੇ ਸੀ ਜੋ ਇਸਨੇ ਵੇਖ ਲਏ। ਉਸਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ ਕਿ ਮਾਂ ਨੂੰ ਨਹੀਂ ਛਡਾਉਂਦੇ ਪਰ ਮਾਮੇ ਨੂੰ ਟਰੱਕ ਲੈ ਕੇ ਦੇ ਰਹੇ ਨੇ।"

ਜ਼ਿਆਦਾ ਦੁਖ ਤਾਂ ਹੁੰਦਾ ਹੈ ਜਦੋਂ ਪੁੱਤਰ ਮੇਰੀ ਜ਼ਿੰਦਗੀ ਨੂੰ ਵੇਖਣ ਦੇ ਬਾਅਦ ਕਹਿੰਦਾ ਹੈ ਕਿ ਅਸੀਂ ਸਿੱਖਾਂ ਦੇ ਘਰਾਂ ਵਿੱਚ ਪੈਦਾ ਹੀ ਕਿਉਂ ਹੋਏ ? ਉਸਨੇ 12ਵੀਂ

ਪਾਸ ਕਰ ਲਈ ਹੈ ਤੇ ਹੁਣ ਹਮੇਸ਼ਾ ਕਹਿੰਦਾ ਰਹਿੰਦਾ ਹੈ ਕਿ ਦੇਸ਼ ਛੱਡ ਕੇ ਪਰਦੇਸ ਜਾ ਕੇ ਵੱਸਣਾ ਚਾਹੁੰਦਾ ਹਾਂ।"

1984: ਸਿੱਖ ਕਤਲੇਆਮ ਦਾ ਸੱਚ



ਜਰਨੈਲ ਸਿੰਘ

6

ਸਿਰ੍ਹਾਂ ਦੀ ਜ਼ਮੀਰ ਜ਼ਿੰਦਾ ਸੀ

ਧਰਮ ਭਰਾ

ਜਦੋਂ ਪੁਲਿਸ, ਨੇਤਾ ਤੇ ਜ਼ਿਆਦਾਤਰ ਲੋਕ ਫਿਰਕੂਪਨੇ ਵਿੱਚ ਅੰਨ੍ਹੇ ਹੋ ਚੁੱਕੇ ਸੀ ਤਾਂ ਇੱਕ ਹਿੰਦੂ ਧਰਮ-ਭਰਾ ਵੀ ਸੀ ਜਿਸਨੇ ਆਪਣੀ ਧਰਮ-ਭੈਣ ਸੁਰਜੀਤ ਕੌਰ ਦੇ ਘਰ ਨੂੰ ਬਚਾਉਣ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ।

ਸੁਰਜੀਤ ਕੌਰ ਦਾ ਘਰ ਤਾਂ ਬਚ ਗਿਆ ਪਰ ਸਤਯ ਦੇਵੀ ਦਾ ਉਜੜ ਗਿਆ। ਪਤੀ ਪ੍ਰਕਾਸ਼ ਚੰਦ ਨੂੰ ਭੈਣ ਸੁਰਜੀਤ ਕੌਰ ਦਾ ਘਰ ਬਚਾਉਣ ਦੀ ਕੀਮਤ ਆਪਣੀ ਜਾਨ ਦੇ ਕੇ ਅਦਾ ਕਰਨੀ ਪਈ ਸੀ।

ਯਾਦਾਂ ਨੂੰ ਸਮੇਟਦੇ ਹੋਏ ਸਤਯ ਦੇਵੀ ਨੇ ਦੱਸਿਆ ਕਿ ਕਿਵੇਂ 1 ਨਵੰਬਰ 1984 ਨੂੰ ਵਿਨੋਦ ਪੁਰੀ, ਵਿਜੈ ਇਨਕਲੇਵ, ਪਾਲਮ ਰੋਡ 'ਤੇ ਦੰਗਾਈਆਂ ਨੇ ਸਵੇਰੇ 9

ਵਜੇ ਦੇ ਕਰੀਬ ਹਮਲਾ ਬੋਲ ਦਿੱਤਾ। ਇਥੇ ਵੀ ਸਭ ਤੋਂ ਪਹਿਲਾਂ ਗੁਰਦੁਆਰੇ ਨੂੰ ਨਿਸ਼ਾਨਾ ਬਣਾਇਆ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਕੇ ਸਾੜ ਦਿੱਤਾ। ਉਹ ਆਪਣੀ ਛਤ 'ਤੇ ਚੜ੍ਹ ਗਈ ਤੇ ਵੇਖਿਆ ਕਿ ਦੰਗਾਈਆਂ ਨੇ ਚੁਣ-ਚੁਣ ਕੇ ਸਿੱਖਾਂ ਦੇ ਘਰਾਂ ਨੂੰ ਲੁੱਟਣਾ ਤੇ ਸਾੜਣਾ ਸ਼ੁਰੂ ਕਰ ਦਿੱਤਾ ਹੈ।

ਦੰਗਾਈਆਂ ਦੇ ਕੁਝ ਚਿਹਰੇ ਪਛਾਣੇ ਜਾ ਰਹੇ ਸੀ ਤੇ ਕਾਫ਼ੀ ਲੋਕ ਬਾਹਰੋਂ ਆਏ ਸੀ। ਲੁੱਟ-ਖਸੁੱਟ ਕਰਕੇ ਘਰ ਸਾੜਣ ਤੇ ਸਿੱਖਾਂ ਨੂੰ ਮਾਰਨ ਦਾ ਇਹ ਕ੍ਰਮ ਦੁਪਹਿਰ 12 ਵਜੇ ਤਕ ਚਲਦਾ ਰਿਹਾ। ਨਾ ਪੁਲਿਸ ਸੀ ਤੇ ਨਾ ਹੀ ਕੋਈ ਉਨ੍ਹਾਂ ਨੂੰ ਰੋਕਣ ਵਾਲਾ। ਇਸ ਤੋਂ ਬਾਅਦ ਸ਼ਾਮ 6 ਵਜੇ ਇਹ ਭੀੜ ਫਿਰ ਆ ਗਈ। ਹੁਣ ਇਹ ਉਨ੍ਹਾਂ ਘਰਾਂ ਦੀ ਤਲਾਸ਼ੀ ਲੈ ਰਹੀ ਸੀ ਜਿਥੇ ਉਨ੍ਹਾਂ ਨੂੰ ਸ਼ੱਕ ਸੀ ਕਿ ਸਿੱਖ ਛੁਪੇ ਹੋ ਸਕਦੇ ਨੇ।

ਸਤਯ ਦੇਵੀ ਦੇ ਘਰ ਆਏ ਤਾਂ ਉਸਨੇ ਸਿੱਖਾਂ ਦੇ ਛੁਪੇ ਹੋਣ ਤੋਂ ਇਨਕਾਰ ਕਰ ਦਿੱਤਾ। ਇਸ 'ਤੇ ਭੀੜ ਉਸਨੂੰ ਧੱਕਾ ਦਿੰਦੇ ਹੋਏ ਅੰਦਰ ਆ ਵੜੀ ਤੇ ਘਰ ਦੀ ਪੂਰੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਕੋਈ ਹੁੰਦਾ ਤਾਂ ਮਿਲਦਾ ?

ਹੁਣ ਪਤੀ ਪ੍ਰਕਾਸ਼ ਚੰਦ ਨੂੰ ਗੁਆਂਢ ਵਿੱਚ ਰਹਿਣ ਵਾਲੀ ਆਪਣੀ ਧਰਮ-ਭੈਣ ਸੁਰਜੀਤ ਕੌਰ ਦੀ ਚਿੰਤਾ ਹੋਣ ਲੱਗੀ। ਬਲਦੇਵ ਸਿੰਘ ਦੀ ਪਤਨੀ ਸੁਰਜੀਤ ਕੌਰ ਨੂੰ ਉਨ੍ਹਾਂ ਨੇ ਧਰਮ-ਭੈਣ ਬਣਾਇਆ ਹੋਇਆ ਸੀ ਤੇ ਉਹ ਇਨ੍ਹਾਂ ਨੂੰ ਰਖੜੀ ਬੰਨ੍ਹਦੀ ਸੀ। ਉਨ੍ਹਾਂ ਨੂੰ ਕਦੇ ਐਸਾ ਨਹੀਂ ਲਗਦਾ ਸੀ ਕਿ ਸੁਰਜੀਤ ਕੌਰ ਉਨ੍ਹਾਂ ਦੀ ਸਗੀ ਭੈਣ ਨਹੀਂ ਹੈ।

ਦੰਗਾਈਆਂ ਦੇ ਜਾਣ ਤੋਂ ਬਾਅਦ ਪ੍ਰਕਾਸ਼ ਚੰਦ, ਬਲਦੇਵ ਸਿੰਘ ਦੇ ਘਰ ਚਲੇ ਗਏ। ਬਲਦੇਵ ਸਿੰਘ ਉੱਥੇ ਨਹੀਂ ਸੀ ਪਰ ਸੁਰਜੀਤ ਕੌਰ ਬਹੁਤ ਘਬਰਾਈ ਹੋਈ ਸੀ। ਉਸਨੇ ਮੁਸ਼ਕਿਲ ਵਿੱਚ ਫੱਸੀ ਆਪਣੀ ਭੈਣ ਨੂੰ ਹੌਂਸਲਾ ਦੇਣ ਲਈ ਉਥੇ ਹੀ ਰਹਿਣ ਦਾ ਫ਼ੈਸਲਾ ਕਰ ਲਿਆ। ਉਹ ਰਾਤ ਨੂੰ ਉਥੇ ਹੀ ਰਹੇ।

ਪਰ ਅਗਲੇ ਦਿਨ 2 ਨਵੰਬਰ ਨੂੰ ਭੀੜ ਨੇ ਫਿਰ ਹਮਲਾ ਬੋਲ ਦਿੱਤਾ। ਉਹ ਹਰੇਕ ਘਰ ਦੀ ਤਲਾਸ਼ੀ ਲੈ ਰਹੇ ਸੀ ਤਾਂ ਕਿ ਕੋਈ ਸਿੱਖ ਬਚ ਨਾ ਜਾਏ। ਦੋ ਦਿਨਾਂ ਤੋਂ ਪੂਰੇ ਇਲਾਕੇ ਵਿੱਚ ਭੀੜ ਦਾ ਹੀ ਰਾਜ ਸੀ। ਜਿਸਦੇ ਮਰਜ਼ੀ ਘਰ ਵਿੱਚ ਵੜੋ, ਲੁੱਟੋ, ਮਾਰੋ, ਕੋਈ ਕੁਝ ਕਹਿਣ ਵਾਲਾ ਨਹੀਂ। ਪੂਰੀ ਤਰ੍ਹਾਂ ਅਸ਼ਾਂਤੀ ਫੈਲੀ ਹੋਈ ਸੀ।

ਹੁਣ ਦੰਗਾਈ ਭੀੜ ਫਿਰ ਤੋਂ ਸੁਰਜੀਤ ਕੌਰ ਦੇ ਘਰ ਚਲੀ ਗਈ ਤਾਂ ਸਤਯ ਦੇਵੀ ਦੇ ਦਿਲ ਦੀ ਧੜਕਣ ਵੱਧਣ ਲੱਗੀ। ਤਰ੍ਹਾਂ-ਤਰ੍ਹਾਂ ਦੇ ਬੁਰੇ ਖ਼ਿਆਲ ਮਨ ਵਿੱਚ ਆ ਰਹੇ ਸੀ ਕਿ ਰਾਤ 11 ਵਜੇ ਬਦਹਵਾਸ ਸੁਰਜੀਤ ਕੌਰ ਭੱਜਦੇ ਹੋਏ ਸਤਯ ਦੇਵੀ ਕੋਲ ਆਈ ਤੇ ਕਿਹਾ, "ਦੰਗਾਈ ਭਾਈ ਸਾਹਿਬ ਨੂੰ ਚੁੱਕ ਕੇ ਲੈ ਗਏ ਨੇ। ਕਹਿ ਰਹੇ ਸੀ ਕਿ ਤੂੰ ਸਰਦਾਰਾਂ ਨੂੰ ਬਚਾਉਂਦਾ ਹੈਂ, ਤੂੰ ਵੀ ਗੱਦਾਰ ਹੈਂ।"

ਸੁਰਜੀਤ ਕੌਰ ਹੁਣ ਸਤਯ ਦੇਵੀ ਨਾਲ ਅੱਖ ਨਹੀਂ ਮਿਲਾ ਪਾ ਰਹੀ ਸੀ ਜਿਵੇਂ ਖ਼ੁਦ ਨੂੰ ਉਸਦਾ ਦੋਸ਼ੀ ਮਹਿਸੂਸ ਕਰ ਰਹੀ ਹੋਵੇ। ਬਹੁਤ ਕੋਸ਼ਿਸ਼ਾਂ ਕੀਤੀਆਂ ਕਿ ਪਤਾ ਚਲ ਜਾਏ ਪਰ ਕੋਈ ਸੁਣਨ ਨੂੰ ਤਿਆਰ ਹੀ ਨਹੀਂ ਸੀ।

ਫਿਰ ਅਗਲੇ ਦਿਨ 3 ਨਵੰਬਰ ਨੂੰ ਗੁਆਂਢੀਆਂ ਨੇ ਹੀ ਆ ਕੇ ਦੱਸਿਆ ਕਿ ਦੰਗਾਈਆਂ ਨੇ ਰਾਤ ਨੂੰ ਹੀ ਪ੍ਰਕਾਸ਼ ਚੰਦ ਨੂੰ ਅਣਮਨੁੱਖੀ ਤਸ਼ਦੱਦ ਦੇ ਕੇ ਮਾਰ ਸੁੱਟਿਆ ਸੀ।

ਇਨਸਾਨੀਅਤ ਕਲਿਆਨ ਪੁਰੀ ਦੇ ਰਮੇਸ਼ ਕੁਮਾਰ ਵਿੱਚ ਵੀ ਜ਼ਿੰਦਾ ਸੀ ਪਰ ਇਸ ਮਨੁੱਖਤਾ ਦੇ ਜਜ਼ਬੇ ਨੇ ਉਸਨੂੰ ਜਿਊਂਦਾ ਨਹੀਂ ਰਹਿਣ ਦਿੱਤਾ।

ਸ਼ੀਲ ਕੌਰ ਨੂੰ ਯਾਦ ਹੈ ਕਿ 1 ਨਵੰਬਰ ਨੂੰ ਉਸਦਾ ਭਤੀਜਾ ਜਲਾਵਰ ਸਿੰਘ ਆਮ ਦਿਨਾਂ ਵਾਂਗ ਕੰਮ ਲਈ ਦੋ ਹੋਰ ਲੋਕਾਂ ਦੇ ਨਾਲ ਨਿਕਲਿਆ ਸੀ। ਪਰ ਦੰਗਾਈਆਂ ਨੇ ਉਸਨੂੰ ਰਾਹ ਵਿੱਚ ਹੀ ਫੜ ਕੇ ਬੇਰਹਿਮੀ ਨਾਲ ਮਾਰ ਕੇ ਜਮੁਨਾ ਵਿੱਚ ਸੁੱਟ ਦਿੱਤਾ। ਇਹ ਗੱਲ ਉਸਦੇ ਨਾਲ ਕੰਮ ਉੱਤੇ ਗਏ ਦੋ ਹਿੰਦੂ ਦੋਸਤਾਂ ਨੇ ਦੱਸੀ।

ਇਹ ਸੁਣਦਿਆਂ ਹੀ ਸ਼ੀਲ ਕੌਰ ਦੇ ਪਤੀ ਸੰਤਾ ਸਿੰਘ ਫੌਰਨ ਜਮੁਨਾ ਨਦੀ ਵੱਲ ਭੱਜੇ। ਇਸ ਆਸ ਵਿੱਚ ਕਿ ਸ਼ਾਇਦ ਅਜੇ ਵੀ ਜ਼ਿੰਦਾ ਹੋਵੇ ਤੇ ਬਚ ਜਾਏ। ਪਰ ਇਹ ਕੀ ? ਇਥੇ ਤਾਂ ਜਮੁਨਾ ਵਿੱਚ ਸਿੱਖਾਂ ਦੀਆਂ ਲਾਸ਼ਾਂ ਹੀ ਲਾਸ਼ਾਂ ਨਜ਼ਰ ਆ ਰਹੀਆਂ ਸੀ। ਦੂਰ ਤੋਂ ਦੰਗਾਈ ਭੀੜ ਦੀ ਆਵਾਜ਼ ਵੀ ਸੁਣਾਈ ਦੇਣ ਲੱਗੀ। ਸੰਤਾ ਸਿੰਘ, ਜਲਾਵਰ ਸਿੰਘ ਦੀ ਲਾਸ਼ ਨਾ ਪਛਾਣ ਸਕੇ ਤੇ ਡਰ ਦੇ ਮਾਰੇ ਵਾਪਸ ਘਰ ਆ ਗਏ।

ਥੋੜੀ ਹੀ ਦੇਰ ਵਿੱਚ ਦੰਗਾਈਆਂ ਨੇ ਘਰ ਵਿੱਚ ਹਮਲਾ ਕਰ ਦਿੱਤਾ। ਸੰਜੋਗ

ਨਾਲ ਘਰ ਵਿੱਚ ਕਿਸੇ ਕੰਮ ਲਈ ਕੁਝ ਇੱਟਾਂ ਆਈਆਂ ਹੋਈਆਂ ਸੀ। ਘਰ ਵਿੱਚ 15 ਲੋਕ ਸੀ, ਸੋ ਮੁਕਾਬਲਾ ਸ਼ੁਰੂ ਹੋ ਗਿਆ। ਸਾਰਾ ਦਿਨ ਮੁਕਾਬਲਾ ਚਲਦਾ ਰਿਹਾ ਤੇ ਰਾਤ ਨੂੰ ਮੌਕਾ ਵੇਖ ਕੇ ਘਰ ਦੇ ਆਦਮੀਆਂ ਨੂੰ ਭਜਾ ਦਿੱਤਾ ਗਿਆ।

ਸ਼ੀਲ ਕੌਰ ਵੀ ਆਪਣੀ ਧੀਆਂ ਦੇ ਨਾਲ ਗੁਆਂਢੀ ਰਮੇਸ਼ ਕੁਮਾਰ ਦੇ ਘਰ ਚਲੀ ਗਈ। 2 ਨਵੰਬਰ ਨੂੰ ਜਦੋਂ ਥੋੜੀ ਸ਼ਾਂਤੀ ਹੋਈ ਤਾਂ ਸ਼ੀਲ ਕੌਰ ਨੇ ਰਮੇਸ਼ ਕੁਮਾਰ ਨੂੰ ਕਿਹਾ, "ਭਰਾ ਜੀ, ਕੁਝ ਹੀ ਦਿਨਾਂ ਵਿੱਚ ਧੀ ਦੀ ਸ਼ਾਦੀ ਹੋਣੀ ਹੈ ਤੇ ਉਸਦੇ ਲਈ ਮਹਿੰਗੇ ਗਹਿਣੇ ਖਰੀਦੇ ਸੀ।"

ਫਿਰ ਗਹਿਣਿਆਂ ਦਾ ਡੱਬਾ ਜਿਸ ਕੋਨੇ ਵਿੱਚ ਪਿਆ ਸੀ, ਉਹ ਦੱਸ ਕੇ ਇਹ ਬੇਨਤੀ ਕੀਤੀ ਕਿ ਉਹ ਜਾ ਕੇ ਲੈ ਆਵੇ।

ਉਹ ਮੰਨ ਗਿਆ ਤੇ ਕਿਹਾ, "ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ, ਇਸਦੀ ਸ਼ਾਦੀ ਲਈ ਗਹਿਣੇ ਨੇ ਤਾਂ ਲੈ ਆਉਂਦਾ ਹਾਂ।"

ਉਹ ਗਹਿਣੇ ਲੈਣ ਤਾਂ ਗਏ ਪਰ ਵਾਪਸ ਨਾ ਆ ਸਕੇ। ਭੀੜ ਨੇ ਉਨ੍ਹਾਂ ਨੂੰ ਘਰ ਵਿੱਚ ਵੜਦਿਆਂ ਤੇ ਗਹਿਣੇ ਲੈ ਕੇ ਆਉਂਦਿਆਂ ਵੇਖ ਲਿਆ। ਗਹਿਣੇ ਖਿੱਚ ਲਏ ਤੇ ਇੱਕ ਸਿੱਖ ਦੀ ਮਦਦ ਕਰਨ ਦੇ ਜੁਰਮ ਵਿੱਚ ਕੁੱਟ-ਕੁੱਟ ਕੇ ਮਾਰ ਦਿੱਤਾ।

ਜਿਸਦੇ ਘਰ ਸ਼ਰਨ ਲਈ, ਉਸਦਾ ਘਰ ਤਬਾਹ ਹੋ ਗਿਆ ਸੀ। ਸੁਰਜੀਤ ਕੌਰ ਅੱਜ ਤਕ ਉਸ ਘੜੀ ਨੂੰ ਕੋਸਦੀ ਹੈ ਜਦ ਉਸਨੇ ਰਮੇਸ਼ ਕੁਮਾਰ ਨੂੰ ਗਹਿਣਿਆਂ ਦਾ ਡੱਬਾ ਲਿਆਉਣ ਲਈ ਕਿਹਾ ਸੀ।

ਸ਼ੀਲ ਕੌਰ ਹੁਣ ਕਲਿਆਨਪੁਰੀ ਚਲੀ ਗਈ। ਇਥੇ ਕੁਝ ਅਜਿਹੇ ਸਿੱਖ ਪਰਿਵਾਰ ਮਿਲੇ ਜਿਨ੍ਹਾਂ ਕੋਲ ਲਾਇਸੈਂਸੀ ਹਥਿਆਰ ਸਨ। ਇਨ੍ਹਾਂ ਨੇ ਆਪਣੇ ਹਥਿਆਰਾਂ ਦੇ ਜ਼ੋਰ 'ਤੇ ਆਪਣੇ ਨੂੰ ਬਚਾਇਆ ਸੀ।

ਪਰ ਇਹ ਕੀ ? ਪੁਲਿਸ ਨੇ ਇਨ੍ਹਾਂ ਤੋਂ ਇਹ ਹਥਿਆਰ ਜ਼ਬਤ ਕਰ ਲਏ ਤੇ ਇਨ੍ਹਾਂ ਨੂੰ ਸਲਾਖਾਂ ਦੇ ਪਿੱਛੇ ਸੁੱਟ ਦਿੱਤਾ। ਸ਼ੀਲ ਕੌਰ ਨੂੰ ਆਪਣੀਆਂ ਅੱਖਾਂ ਉੱਤੇ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਪਰ ਹੁਣ ਇਹ ਸਮਝ ਆ ਗਿਆ ਸੀ ਕਿ ਆਖਿਰ ਦੋ ਦਿਨਾਂ ਤਕ ਪੁਲਿਸ ਕਿਸੇ ਨੂੰ ਬਚਾਉਣ ਕਿਉਂ ਨਹੀਂ ਆਈ ਸੀ ?

ਇਨਸਾਨੀਅਤ ਦੀ ਲਾਜ ਰੱਖਣ ਵਾਲੀਆਂ ਇਨ੍ਹਾਂ ਦੋ ਸ਼ਖ਼ਸੀਅਤਾਂ ਦੇ ਨਾਲ ਹੀ ਉਸ ਜੁਗਤੀ ਰਾਮ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਜਿਸਨੇ ਸਿੱਖ ਬੱਚੀਆਂ ਨੂੰ ਬਚਾਉਣ ਦਾ ਅਜਿਹਾ ਕਾਰਜ ਕੀਤਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸਨੂੰ 1999 ਵਿੱਚ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਜੁਗਤੀ ਰਾਮ ਉਸੇ ਐਸ.ਐਚ.ਓ. ਸ਼ੂਰਵੀਰ ਸਿੰਘ ਤਿਆਗੀ ਦੇ ਹੇਠਾਂ ਹੀ ਕੰਮ ਕਰਦਾ ਸੀ ਜਿਸ ਉੱਤੇ ਇਲਜ਼ਾਮ ਹੈ ਕਿ ਉਸਨੇ ਸਿੱਖਾਂ ਦੇ ਕਤਲੇਆਮ ਵਿੱਚ ਅਹਿਮ ਭੂਮਿਕਾ ਨਿਭਾਈ। ਤਿਆਗੀ ਦੇ ਧੋਖੇ ਕਰਕੇ ਜਦੋਂ ਤ੍ਰਿਲੋਕ ਪੁਰੀ ਦੇ ਬਲਾਕ 32 ਵਿੱਚ 500 ਸਿੱਖਾਂ ਨੂੰ ਮਾਰਿਆ ਜਾ ਚੁਕਿਆ ਸੀ, ਤਾਂ ਚਿੱਲਾ ਪਿੰਡ ਵਿੱਚੋਂ ਆਏ ਦੰਗਾਈਆਂ ਨੇ ਔਰਤਾਂ ਨਾਲ ਬਲਾਤਕਾਰ ਤਾਂ ਕੀਤਾ ਹੀ, ਉਹ 30 ਜੁਆਨ ਕੁੜੀਆਂ ਨੂੰ ਵੀ ਚੁੱਕ ਕੇ ਲੈ ਗਏ।

ਸ਼ਾਬਾਸ਼ ਹੈ ਉਸ ਮਾਂ ਨੂੰ ਜਿਸਨੇ ਜੁਗਤੀ ਰਾਮ ਜਿਹੇ ਦਲੇਰ ਪੁਲਿਸ ਵਾਲੇ ਨੂੰ ਪੈਦਾ ਕੀਤਾ। ਜਦੋਂ ਸਾਰੀ ਪੁਲਿਸ ਸਿੱਖਾਂ ਨੂੰ ਬਚਾਉਣ ਦੀ ਬਜਾਏ ਦੰਗਾਈਆਂ ਦੇ ਨਾਲ ਸੀ, ਤਾਂ ਇਸ ਪੁਲਿਸ ਅਧਿਕਾਰੀ ਨੇ ਉਨ੍ਹਾਂ ਕੁੜੀਆਂ ਨੂੰ ਬਚਾਉਣ ਦਾ ਫ਼ੈਸਲਾ ਕਰ ਲਿਆ।

ਉਹ ਖ਼ੁਦ ਅਜਿਹੇ ਮਿਸ਼ਨ 'ਤੇ ਨਹੀਂ ਜਾ ਸਕਦਾ ਸੀ। ਪਰ 2 ਨਵੰਬਰ ਦੀ ਸ਼ਾਮ ਜਦੋਂ ਡੀ.ਐਸ.ਪੀ. ਸੇਵਾਦਾਸ ਉਸ ਇਲਾਕੇ ਵਿੱਚ ਆਇਆ ਤਾਂ ਜੁਗਤੀ ਰਾਮ ਨੇ ਬਿਨਾ ਦੇਰ ਲਾਏ ਉਨ੍ਹਾਂ ਕੁੜੀਆਂ ਦੇ ਫੱਸੇ ਹੋਣ ਤੇ ਉਨ੍ਹਾਂ ਨੂੰ ਦੰਗਾਈਆਂ ਦੇ ਕਬਜ਼ੇ ਤੋਂ ਛਡਾਉਣ ਦੀ ਜ਼ਰੂਰਤ ਦੱਸ ਦਿੱਤੀ।

ਸਿੱਖ ਪੁਲਿਸ ਅਫ਼ਸਰਾਂ ਨੂੰ ਦੰਗਿਆਂ ਦੇ ਵਕਤ ਥਾਣੇ ਤੋਂ ਹਟਾਉਣ ਦਾ ਹੁਕਮ ਦੇਣ ਵਾਲੇ ਸੇਵਾ ਦਾਸ ਨੇ ਇਹ ਕਹਿੰਦਿਆਂ ਮਨਾ ਕਰ ਦਿੱਤਾ ਕਿ ਉਸ ਕੋਲ ਇਸ ਆਪਰੇਸ਼ਨ ਲਈ ਗੱਡੀ ਨਹੀਂ ਹੈ। ਜੇਕਰ ਬਚਾਉਣ ਗਏ ਤਾਂ ਪੁਲਿਸ ਦੀਆਂ ਗੱਡੀਆਂ ਸਾੜ ਦਿੱਤੀਆਂ ਜਾ ਸਕਦੀਆਂ ਹਨ।

ਡੀ.ਸੀ.ਪੀ. ਸੇਵਾ ਦਾਸ ਨੂੰ ਉਨ੍ਹਾਂ 30 ਕੁੜੀਆਂ ਦੀ ਇੱਜ਼ਤ ਤੇ ਜਾਨ ਤੋਂ ਵੱਧ ਪੁਲਿਸ ਦੀਆਂ ਗੱਡੀਆਂ ਦੀ ਚਿੰਤਾ ਸੀ।

ਪਰ ਜਦੋਂ ਜੁਗਤੀ ਰਾਮ ਨੇ ਫਿਰ ਤੋਂ ਮੰਗ ਦੁਹਰਾਈ ਤਾਂ ਇਸ ਸ਼ਰਤ ਦੇ ਨਾਲ


ਇਜਾਜ਼ਤ ਦੇ ਦਿੱਤੀ ਕਿ ਜੇ ਗੱਡੀਆਂ ਦਾ ਨੁਕਸਾਨ ਹੋਇਆ ਤਾਂ ਉਹ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵੇਗਾ। ਜੁਗਤੀ ਰਾਮ ਨੇ ਚੁਣੌਤੀ ਸਵੀਕਾਰ ਕਰ ਲਈ ਤੇ ਤ੍ਰਿਲੋਕਪੁਰੀ ਤੋਂ ਦੋ ਮਹਿਲਾ ਪੁਲਿਸ ਨੂੰ ਨਾਲ ਲੈ ਕੇ ਕੁੜੀਆਂ ਨੂੰ ਲੱਭਣ ਲਈ ਨਿਕਲ ਪਿਆ।

ਇਸ ਪੁਲਿਸ ਅਫ਼ਸਰ ਨੇ ਆਪਣੇ ਨਾਮ ਦੀ ਲਾਜ ਰੱਖੀ ਤੇ ਉਨ੍ਹਾਂ ਸਾਰੀਆਂ 30 ਕੁੜੀਆਂ ਨੂੰ ਉਥੋਂ ਕੱਢ ਕੇ ਰਾਹਤ ਕੈਂਪ ਤਕ ਪਹੁੰਚਾਇਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਕੁੜੀਆਂ ਦੀ ਇੱਜ਼ਤ ਲੁੱਟੀ ਗਈ ਹੋਵੇਗੀ ਪਰ ਜੁਗਤੀ ਰਾਮ ਨੇ ਉਨ੍ਹਾਂ ਮਾਸੂਮਾਂ ਦੀ ਜਾਨ ਬਚਾ ਲਈ।

ਜਦੋਂ ਸਰਕਾਰ ਤੇ ਪੁਲਿਸ ਖ਼ੁਦ ਦੰਗਾਈਆਂ ਦੇ ਨਾਲ ਸੀ, ਤਾਂ ਉਸ ਵੇਲੇ ਸਿੱਖਾਂ ਨੂੰ ਬਚਾਉਣ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਵਾਲੇ ਜੁਗਤੀ ਰਾਮ ਨੂੰ ਦੰਡ ਦੇਣਾ, ਸ਼ਾਇਦ ਉਨ੍ਹਾਂ ਲਈ ਜ਼ਰੂਰੀ ਸੀ। ਇਸ ਬਹਾਦੁਰੀ ਦੇ ਕਾਰਜ ਦੇ ਜੁਆਬ ਵਿੱਚ ਅਗਲੇ ਹੀ ਦਿਨ ਜੁਗਤੀ ਰਾਮ ਨੂੰ ਆਪਣੀ ਡਿਊਟੀ ਠੀਕ ਤੋਂ ਨਾ ਨਿਭਾਉਣ ਦੇ ਲਈ ਸਸਪੈਂਡ ਕਰ ਦਿੱਤਾ ਗਿਆ।

ਪਰ ਜਿਨ੍ਹਾਂ ਨੇ 500 ਸਿੱਖਾਂ ਨੂੰ ਮਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਉਨ੍ਹਾਂ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦੇ ਦਿੱਤੀਆਂ ਗਈਆਂ। ਕੀ ਇਹ ਸਭ ਕੁਝ ਉਸ ਵੇਲੇ ਦੀ ਸਰਕਾਰ, ਪ੍ਰਸ਼ਾਸਨ ਤੇ ਪੁਲਿਸ ਦੀ ਮਨੋਦਸ਼ਾ ਦੱਸਣ ਲਈ ਬਹੁਤ ਨਹੀਂ ਹੈ ?

1984: ਸਿੱਖ ਕਤਲੇਆਮ ਦਾ ਸੱਚ



ਜਰਨੈਲ ਸਿੰਘ

7

ਨਹੀਂ ਘੁੰਮਿਆ ਜਿਆਂ ਦਾ ਚੱਕਰ

ਜਦੋਂ 1999 ਵਿੱਚ ਅਟਲ ਬਿਹਾਰੀ ਵਾਜਪਈ ਦੀ ਕੇਂਦਰ ਵਿੱਚ ਸਰਕਾਰ ਪੂਰੇ ਦਮ-ਖਮ ਨਾਲ ਬਣੀ ਸੀ ਤਾਂ ਭਾਜਪਾ ਨੇ 1984 ਦੇ ਦੰਗਿਆਂ ਨੂੰ ਲੈ ਕੇ ਕਾਂਗਰਸ ਨੂੰ ਕਟਘਰੇ ਵਿੱਚ ਖੜਾ ਕਰਨ ਦਾ ਮਨ ਬਣਾ ਲਿਆ ਸੀ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਕਿਸ ਤਰ੍ਹਾਂ ਇਸ ਮਾਮਲੇ ਨੂੰ ਭਾਜਪਾ ਦੇ ਰਾਜ ਸਭਾ ਮੈਂਬਰ ਕੇ.ਆਰ. ਮਲਕਾਨੀ ਜ਼ੋਰਦਾਰ ਤਰੀਕੇ ਨਾਲ ਚੁੱਕ ਰਹੇ ਸੀ। ਮੈਂ ਉਥੇ ਰਾਜ ਸਭਾ ਦੀ ਪ੍ਰੈਸ ਗੈਲਰੀ ਵਿੱਚ ਹੀ ਬੈਠਾ ਸੀ। ਇਹ ਉਹੀ ਮਲਕਾਨੀ ਸੀ ਜਿਨ੍ਹਾਂ ਨੇ ਨਾਨਾਵਟੀ ਕਮੀਸ਼ਨ ਵਿੱਚ ਸੌਂਪੇ ਹਲਫ਼ਨਾਮੇ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਇੱਕ ਨੇੜਲੇ ਅਧਿਕਾਰੀ ਨੇ ਦੱਸਿਆ

ਸੀ ਕਿ ਰਾਜੀਵ ਨੇ ਕਤਲੇਆਮ ਵੇਲੇ ਉਨ੍ਹਾਂ ਦੇ ਕੰਨ ਵਿੱਚ ਫੁਸਫੁਸਾਇਆ ਸੀ, "ਹਾਂ, ਸਾਨੂੰ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ।"

ਇਹੀ ਮਲਕਾਨੀ ਰਾਜ ਸਭਾ ਵਿੱਚ ਪੂਰੇ ਜ਼ੋਰਦਾਰ ਤਰੀਕੇ ਨਾਲ ਆਪਣੀ ਗੱਲ ਰਖਦਿਆਂ ਕਤਲੇਆਮ ਦੀ ਫਿਰ ਤੋਂ ਜਾਂਚ ਕਰਾਉਣ ਦੀ ਮੰਗ ਕਰ ਰਹੇ ਸੀ। ਪਰ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਇਸ ਤਰ੍ਹਾਂ ਜਤਾ ਰਹੇ ਸੀ ਜਿਵੇਂ ਉਹ ਇਸਦੇ ਲਈ ਰਾਜ਼ੀ ਨਹੀਂ ਹਨ। ਅਡਵਾਨੀ ਨੇ ਦੋ-ਤਿੰਨ ਵਾਰ ਇਸ ਮੰਗ ਨੂੰ ਇਹ ਕਹਿ ਕੇ ਠੁਕਰਾਉਣ ਦੀ ਕੋਸ਼ਿਸ਼ ਕੀਤੀ ਕਿ ਐਨੇ ਸਾਲਾਂ ਬਾਅਦ ਜਾਂਚ ਕਰਾਉਣ ਦੇ ਬਾਅਦ ਭਲਾ ਕੀ ਨਿਕਲੇਗਾ ? 15-16 ਸਾਲਾਂ ਬਾਅਦ ਭਲਾ ਕੌਣ ਗਵਾਹੀ ਦੇ ਲਈ ਆਏਗਾ ਤੇ ਕਿਥੇ ਮਾਮਲਾ ਸਾਬਤ ਹੋਵੇਗਾ ? ਕਾਂਗਰਸ ਇਸ ਮਸਲੇ 'ਤੇ ਬਿਲਕੁਲ ਚੁੱਪ ਬੈਠੀ ਸੀ ਪਰ ਹੋਰਨਾਂ ਵਿਰੋਧੀ ਪਾਰਟੀਆਂ ਨੇ ਹਮਲਾ ਬੋਲ ਦਿੱਤਾ। ਉਨ੍ਹਾਂ ਨੂੰ ਲੱਗਾ ਕਿ ਅਡਵਾਨੀ ਜੇਕਰ ਜਾਂਚ ਕਮੀਸ਼ਨ ਨਹੀਂ ਬਣਾਉਣਾ ਚਾਹੁੰਦੇ ਤਾਂ ਕਿਉਂ ਨਾ ਭਾਜਪਾ ਨੂੰ ਇਸ ਮਾਮਲੇ ਵਿੱਚ ਘੇਰਿਆ ਜਾਏ ? ਉਹ ਭਾਜਪਾ ਤੇ ਕਾਂਗਰਸ ਦੋਵਾਂ ਨੂੰ ਇੱਕੋ ਜਿਹਾ ਸਾਬਤ ਕਰਨ ਦੀ ਕੋਸ਼ਿਸ਼ ਕਰਨ ਲੱਗੇ।

ਹੁਣ ਅਡਵਾਨੀ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਐਨਾ ਵਕਤ ਬੀਤ ਜਾਣ ਬਾਅਦ ਜਾਂਚ ਕਮੀਸ਼ਨ ਬਣਾਉਣ ਨਾਲ ਕੁਝ ਹੋਵੇਗਾ ਪਰ ਸਦਨ ਦੀ ਰਾਏ ਹੈ ਤਾਂ ਉਹ ਜਾਂਚ ਕਮੀਸ਼ਨ ਦੇ ਗਠਨ ਦੀ ਮੰਗ ਨੂੰ ਮੰਨ ਲੈਂਦੇ ਹਨ। ਬਾਅਦ ਵਿੱਚ ਪਤਾ ਲੱਗਾ ਕਿ ਇਹ ਭਾਜਪਾ ਦੀ ਸਦਨ ਦੇ ਹਿਸਾਬ ਨਾਲ ਸੋਚੀ-ਸਮਝੀ ਰਣਨੀਤੀ ਦੇ ਤਹਿਤ ਹੀ ਕੀਤਾ ਗਿਆ ਸੀ। ਐਲਾਨ ਦੇ ਬਾਅਦ ਕੰਮ ਜਸਟਿਸ ਨਾਨਾਵਟੀ ਨੂੰ ਸੌਂਪਿਆ ਗਿਆ ਤੇ ਉਸਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਵੈਸੇ 1989-90 ਵਿੱਚ ਵੀ.ਪੀ. ਸਿੰਘ ਸਰਕਾਰ ਦੇ ਵਕਤ ਨੂੰ ਛੱਡ ਦੇਈਏ ਤਾਂ 1984 ਦੇ ਬਾਅਦ ਪਹਿਲੀ ਵਾਰ ਕੇਂਦਰ ਵਿੱਚ ਅਜਿਹੀ ਸਰਕਾਰ ਸੀ ਜੋ ਕਾਂਗਰਸ ਦੀ ਨਹੀਂ ਸੀ ਜਾਂ ਫਿਰ ਕਾਂਗਰਸ 'ਤੇ ਨਿਰਭਰ ਨਹੀਂ ਸੀ। ਨਿਆਂ ਦੀ ਆਸ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਵਿਰੋਧੀ ਦੰਗਾ ਪੀੜਤਾਂ ਦੇ ਲਈ ਇੱਕ ਕਮੇਟੀ ਬਣਾ ਦਿੱਤੀ ਜਿਸਨੇ ਪੀੜਤਾਂ ਦੇ ਹਜ਼ਾਰਾਂ ਹਲਫ਼ਨਾਮੇ ਇਕੱਠਿਆਂ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ।

ਨਾਨਾਵਟੀ ਕਮੀਸ਼ਨ ਨੂੰ ਕੰਮ ਕਰਦਿਆਂ ਤਕਰੀਬਨ ਡੇਢ ਸਾਲ ਬੀਤ ਚੁੱਕੇ ਸੀ

ਕਿ ਗੁਜਰਾਤ ਵਿੱਚ ਗੋਧਰਾ ਕਾਂਡ ਦੇ ਬਾਅਦ ਦੰਗੇ ਸ਼ੁਰੂ ਹੋ ਗਏ। ਹੁਣ ਕਾਂਗਰਸ ਦੇ ਹੱਥ ਵਿੱਚ ਵੀ ਭਾਜਪਾ ਨੂੰ ਫਿਰਕੂ ਦੱਸਣ ਤੇ 1984 ਦੇ ਦੰਗਿਆਂ ਦੀ ਯਾਦ ਦਿਵਾਉਣ 'ਤੇ ਪਲਟਵਾਰ ਕਰਨ ਦਾ ਹਥਿਆਰ ਮਿਲ ਗਿਆ ਸੀ। ਹੁਣ ਕਾਂਗਰਸ ਨੇ ਸੰਸਦ ਵਿੱਚ ਇਨ੍ਹਾਂ ਦੰਗਿਆਂ ਦੀ ਜਾਂਚ ਦੀ ਮੰਗ ਚੁੱਕਣੀ ਸ਼ੁਰੂ ਕਰ ਦਿੱਤੀ। ਕੇਂਦਰ ਸਰਕਾਰ ਨੇ ਇਨ੍ਹਾਂ ਦੰਗਿਆਂ ਦੀ ਜਾਂਚ ਦਾ ਕੰਮ ਵੀ ਜਸਟਿਸ ਨਾਨਾਵਟੀ ਨੂੰ ਸੌਂਪ ਦਿੱਤਾ ਤਾਂ ਮੇਰੇ ਮਨ ਵਿੱਚ ਉਸੇ ਵਕਤ ਸ਼ੰਕਾ ਉੱਠੀ ਕਿ ਕਿਧਰੇ ਹਿਸਾਬ-ਕਿਤਾਬ ਬਰਾਬਰ ਕਰਨ ਦੀ ਚਾਲ ਤਾਂ ਨਹੀਂ ਹੈ ?

ਐਨਾ ਜ਼ਰੂਰ ਹੈ ਕਿ ਨਾਨਾਵਟੀ ਕਮੀਸ਼ਨ ਦੇ ਤੌਰ 'ਤੇ ਪਹਿਲੀ ਵਾਰ ਕਿਸੇ ਕਮੀਸ਼ਨ ਨੇ ਸਿੱਧੇ ਤੌਰ 'ਤੇ ਮੰਨਿਆ ਕਿ "ਇਹ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਕੋਈ ਉਭਰਿਆ ਪ੍ਰਤੀਕਰਮ ਨਹੀਂ ਸੀ ਬਲਕਿ ਸੰਗਠਿਤ ਤਰੀਕੇ ਨਾਲ ਯੋਜਨਾ ਬਣਾ ਕੇ ਦੰਗੇ ਹੋਏ ਸਨ।"

ਕਮੀਸ਼ਨ ਨੇ ਕਿਹਾ ਕਿ 31 ਅਕਤੂਬਰ ਦੀ ਰਾਤ ਦੰਗਿਆਂ ਦੇ ਲਈ ਬੈਠਕਾਂ ਕੀਤੀਆਂ ਗਈਆਂ, ਉਨ੍ਹਾਂ ਲੋਕਾਂ ਨਾਲ ਸੰਪਰਕ ਕੀਤਾ ਗਿਆ ਜੋ ਕਿ ਸੰਗਠਿਤ ਹਮਲੇ ਕਰ ਸਕਦੇ ਸੀ ਤੇ ਉਨ੍ਹਾਂ ਨੇ ਹੀ ਸਿੱਖਾਂ ਨੂੰ ਮਾਰ ਸੁੱਟਣ, ਘਰਾਂ ਤੇ ਦੁਕਾਨਾਂ ਨੂੰ ਸਾੜਣ ਤੇ ਲੁੱਟਣ ਦੇ ਨਿਰਦੇਸ਼ ਦਿੱਤੇ। ਇਹ ਹਮਲੇ ਬਿਨਾ ਪੁਲਿਸ ਤੋਂ ਡਰੇ ਕੀਤੇ ਗਏ।

31 ਅਕਤੂਬਰ 1984 ਨੂੰ ਤਾਂ ਛੁਟਪੁਟ ਘਟਨਾਵਾਂ ਪ੍ਰਤੀਕ੍ਰਿਆ ਵਜੋਂ ਹੋਈਆਂ ਪਰ 1 ਨਵੰਬਰ ਨੂੰ ਹਮਲਿਆਂ ਦਾ ਕਾਰਣ ਇਹ ਨਹੀਂ ਰਿਹਾ। ਜਨਤਾ ਦੇ ਗੁੱਸੇ ਦਾ ਫਾਇਦਾ ਚੁੱਕ ਕੇ ਹੋਰ ਤਾਕਤਾਂ ਸਥਿਤੀ ਦੀ ਦੁਰਵਰਤੋਂ ਕਰਨ ਲਈ ਆ ਗਈਆਂ ਸਨ। ਕਮੀਸ਼ਨ ਇਨ੍ਹਾਂ 'ਹੋਰਨਾਂ ਤਾਕਤਾਂ' ਦਾ ਖੁਲਾਸਾ ਨਹੀਂ ਕਰਦਾ। ਇਹ ਗੱਲ ਤਾਂ ਕਹੀ ਗਈ ਹੈ ਕਿ ਜਿੱਥੇ ਸਿੱਖਾਂ ਨੇ ਮੁਕਾਬਲੇ ਦੀ ਕੋਸ਼ਿਸ਼ ਕੀਤੀ, ਉਥੇ ਪੁਲਿਸ ਨੇ ਉਨ੍ਹਾਂ ਨੂੰ ਵੱਖ-ਵੱਖ ਕਰ ਦਿੱਤਾ ਜਾਂ ਹਥਿਆਰ ਲੈ ਲਏ ਤੇ ਫਿਰ ਭੀੜ ਨੇ ਹਮਲਾ ਕਰ ਦਿੱਤਾ। ਕਾਂਗਰਸ ਦੇ ਸੱਜਣ ਕੁਮਾਰ, ਟਾਈਟਲਰ, ਭਗਤ ਵਰਗੇ ਆਗੂਆਂ ਨੂੰ ਤਾਂ ਘੇਰੇ ਵਿੱਚ ਲਿਆ ਪਰ ਟੱਪ ਲੈਵਲ ਉੱਤੇ ਜ਼ਿੰਮੇਵਾਰੀ ਨਹੀਂ ਪਾਈ।

ਹੁਣ ਜ਼ਰਾ 1984 ਦੇ ਦੰਗਿਆਂ ਦੇ ਬਾਅਦ ਨਿਆਂ ਦੇ ਚੱਕਰ ਉੱਤੇ ਝਾਤ ਮਾਰੀਏ ਤਾਂ ਲੱਗਦਾ ਹੈ ਕਿ ਜਿਵੇਂ ਨਿਆਂ ਦੇ ਨਾਮ ਉੱਤੇ ਮਜ਼ਾਕ ਕੀਤਾ ਗਿਆ

ਹੈ।

ਕਤਲੇਆਮ ਦੇ ਬਾਅਦ ਸਭ ਤੋਂ ਪਹਿਲਾਂ ਸੀਨੀਅਰ ਪੁਲਿਸ ਅਧਿਕਾਰੀ ਵੇਦ ਮਾਰਵਾਹ ਨੂੰ 1984 ਵਿੱਚ ਹੀ ਪੁਲਿਸ ਦੀ ਭੂਮਿਕਾ ਦੀ ਜਾਂਚ ਸੌਂਪੀ ਗਈ। ਵੇਦ ਮਾਰਵਾਹ ਨੂੰ ਸਿਰਫ਼ ਪੁਲਿਸ ਦੀ ਭੂਮਿਕਾ ਦੀ ਜਾਂਚ ਕਰਨੀ ਸੀ ਨਾ ਕਿ ਇਹ ਵੇਖਣਾ ਸੀ ਕਿ ਦੰਗਿਆਂ ਦੇ ਦੋਸ਼ੀ ਕੌਣ ਹਨ ? ਫਿਰ ਵੀ ਵੇਦ ਮਾਰਵਾਹ ਨੇ ਇਮਾਨਦਾਰੀ ਨਾਲ ਆਪਣੀ ਭੂਮਿਕਾ ਨੂੰ ਲੈਣ ਦੀ ਗਲਤੀ ਕਰ ਦਿੱਤੀ ਤੇ ਦਿੱਲੀ ਦੇ ਸਾਰੇ ਪੁਲਿਸ ਥਾਣਿਆਂ ਦੇ ਰਿਕਾਰਡ ਜ਼ਬਤ ਕਰਨੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਪੁਲਿਸ ਅਧਿਕਾਰੀਆਂ ਦੇ ਇਸ਼ਾਰੇ 'ਤੇ ਜ਼ਿਆਦਾ ਸਿੱਖ ਮਾਰੇ ਗਏ ਸੀ ਅਤੇ ਜਿਨ੍ਹਾਂ 'ਤੇ ਉਂਗਲ ਉੱਠਣੀ ਸ਼ੁਰੂ ਹੋ ਗਈ, ਉਹ ਪਰੇਸ਼ਾਨ ਹੋ ਗਏ। ਤਾਰਾਂ ਖੜਕਣ ਲੱਗੀਆਂ।

ਵੇਦ ਮਾਰਵਾਹ ਆਪਣੀ ਰਿਪੋਰਟ ਪੂਰੀ ਕਰਨ ਦੇ ਨੇੜੇ ਪੁੱਜ ਚੁੱਕੇ ਸੀ। ਸ਼ੰਕਿਤ ਪੁਲਿਸ ਅਫ਼ਸਰਾਂ ਦੇ ਦਿਲਾਂ ਦੀਆਂ ਧੜਕਣਾਂ ਵੱਧਣੀਆਂ ਸ਼ੁਰੂ ਹੋ ਗਈਆਂ। ਵੇਦ ਮਾਰਵਾਹ ਕਿਸੇ ਦੇ ਦਬਾਅ ਹੇਠ ਆਉਂਦੇ ਨਜ਼ਰ ਨਹੀਂ ਆ ਰਹੇ ਸੀ। ਹੁਣ ਪੁਲਿਸ ਦੀ ਭੂਮਿਕਾ 'ਤੇ ਜਾਂਚ ਕਰ ਰਹੇ ਸਰਕਾਰੀ ਕਮੀਸ਼ਨ ਦੀ ਪੜਤਾਲ ਬੰਦ ਕਰਾਉਣ ਲਈ ਇਨ੍ਹਾਂ ਪੁਲਿਸ ਅਫ਼ਸਰਾਂ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। ਹਾਈ ਕੋਰਟ ਨੇ ਜਾਂਚ ਰੋਕਣ ਤੋਂ ਮਨਾ ਕਰ ਦਿੱਤਾ ਤਾਂ ਫਿਰ ਇਨ੍ਹਾਂ ਪੁਲਿਸ ਅਫ਼ਸਰਾਂ ਨੇ ਸ਼ਾਇਦ ਬਾਕੀ ਬਚੇ ਆਗੂਆਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਜੇਕਰ ਉਹ ਫੱਸੇ ਤਾਂ ਉਨ੍ਹਾਂ ਨੂੰ ਸਚ ਉਗਲਣਾ ਪਵੇਗਾ ਕਿ ਇਹ ਕਤਲੇਆਮ ਕਿਹੜੇ ਇਸ਼ਾਰਿਆਂ 'ਤੇ ਹੋਇਆ ਸੀ ?

ਜੇਕਰ ਇਹ ਖਦਸ਼ਾ ਠੀਕ ਨਹੀਂ ਹੈ ਤਾਂ ਫਿਰ ਵੇਦ ਮਾਰਵਾਹ ਨੂੰ ਜਾਂਚ ਦਾ ਕੰਮ ਬੰਦ ਕਰਨ ਲਈ ਕਿਉਂ ਕਿਹਾ ਗਿਆ ? ਉਹ ਜਾਂਚ ਪੂਰੀ ਕਰ ਚੁੱਕੇ ਸੀ ਤੇ ਸਿਰਫ਼ ਰਿਪੋਰਟ ਲਿਖਣਾ ਹੀ ਬਾਕੀ ਸੀ। ਜਾਂਚ ਬੰਦ ਕਰਨ ਦਾ ਹੁਕਮ ਗ੍ਰਹਿ ਮੰਤਰਾਲੇ ਤੋਂ ਹੀ ਆਇਆ ਸੀ ਜਿਸਨੂੰ ਨਾਨਾਵਟੀ ਕਮੀਸ਼ਨ ਨੇ ਬਰੀ ਕਰ ਦਿੱਤਾ ਸੀ। ਆਖਿਰ ਕਿਉਂ ਮਾਰਵਾਹ ਨੇ ਜਾਂਚ ਬੰਦ ਕਰ ਦਿੱਤੀ ਤੇ ਉਨ੍ਹਾਂ ਕੋਲ ਜੁਟਾਏ ਗਏ ਸਾਰੇ ਸਬੂਤ ਤੇ ਰਿਕਾਰਡ ਜ਼ਬਤ ਕਰ ਲਏ ਗਏ ?

ਇਸਦੇ ਬਾਅਦ ਸਾਬਕਾ ਚੀਫ਼ ਜਸਟਿਸ ਰੰਗਨਾਥ ਮਿਸ਼ਰਾ ਨੂੰ ਦੰਗਿਆਂ ਦੇ

ਬਾਰੇ ਜਾਂਚ ਕਰਨ ਲਈ ਕਿਹਾ ਗਿਆ। ਵੇਦ ਮਾਰਵਾਹ ਨੇ ਜੋ ਰਿਕਾਰਡ ਇਕੱਠੇ ਕੀਤੇ ਸੀ, ਉਹ ਅੱਗੇ ਵਾਲੇ ਜਾਂਚ ਕਮੀਸ਼ਨ ਨੂੰ ਨਹੀਂ ਸੌਂਪੇ ਗਏ। ਪੁਲਿਸ ਉਸ ਵਕਤ ਕੀ ਕਰ ਰਹੀ ਸੀ, ਇਸਦਾ ਪੁਲਿੰਦਾ ਸਾਹਮਣੇ ਨਹੀਂ ਆਉਣ ਦਿੱਤਾ ਗਿਆ। ਇਹ ਕਪਟ ਭਰਪੂਰ ਕਾਰਵਾਈ ਸੀ।

ਮਈ 1985 ਵਿੱਚ ਮਿਸ਼ਰਾ ਕਮੀਸ਼ਨ ਦਾ ਗਠਨ ਹੋਇਆ ਤੇ ਉਨ੍ਹਾਂ ਨੇ ਇਸ ਗੱਲ ਦੀ ਪੜਤਾਲ ਸ਼ੁਰੂ ਕਰ ਦਿੱਤੀ ਕਿ ਦੰਗੇ ਸੰਗਠਿਤ ਸਨ ਜਾਂ ਨਹੀਂ। ਅਗਸਤ 1986 ਵਿੱਚ ਉਨ੍ਹਾਂ ਨੇ ਰਿਪੋਰਟ ਵੀ ਦੇ ਦਿੱਤੀ ਅਤੇ ਕਿਹਾ ਕਿ ਦੰਗੇ ਸੰਗਠਿਤ ਨਹੀਂ ਸਨ। ਹਾਲਾਂਕਿ ਹਜ਼ਾਰਾਂ ਹਲਫ਼ਨਾਮੇ ਉਨ੍ਹਾਂ ਦੇ ਇਸ ਨਤੀਜੇ ਨੂੰ ਮੂੰਹ ਚਿੜਾ ਰਹੇ ਸਨ। ਇਲਜ਼ਾਮ ਹੈ ਕਿ ਜਾਣ-ਬੁੱਝ ਕੇ ਪੁਲਿਸ ਤੋਂ ਫ਼ਰਜ਼ੀ ਹਲਫ਼ਨਾਮੇ ਦਾਖਲ ਕਰਵਾਏ ਗਏ ਤਾਂ ਕਿ ਸਿੱਟਾ ਕੱਢਦੇ ਵਕਤ ਉਨ੍ਹਾਂ ਦਾ ਸਹਾਰਾ ਲਿਆ ਜਾ ਸਕੇ।

ਬਸੰਤ ਸਿੰਘ ਸਮੇਤ ਐਸੇ ਕਈ ਹਲਫ਼ਨਾਮਿਆਂ ਨੇ ਜਾਂਚ ਨੂੰ ਗੁਮਰਾਹ ਕਰਨ ਦੀਆਂ ਸਾਜਿਸ਼ਾਂ ਦਾ ਪਰਦਾਫਾਸ਼ ਕਰ ਦਿੱਤਾ। ਬਸੰਤ ਸਿੰਘ ਤੋਂ ਸਿਰਫ਼ ਮੁਆਵਜ਼ੇ ਦੇ ਫੇਰ ਵਿੱਚ ਪੁਲਿਸ ਨੇ ਅਜਿਹੇ ਹਲਫ਼ਨਾਮੇ 'ਤੇ ਦਸਤਖਤ ਕਰਾ ਲਏ ਸੀ ਜਿਸ ਵਿੱਚ ਉਸਨੇ ਮੰਨ ਲਿਆ ਸੀ ਕਿ ਦੰਗੇ ਸੰਗਠਿਤ ਨਹੀਂ ਸਨ ਤੇ ਕੋਈ ਕਾਂਗਰਸੀ ਨੇਤਾ ਦੋਸ਼ੀ ਨਹੀਂ ਹੈ। ਬਾਅਦ ਵਿੱਚ ਜੱਜ ਦੇ ਸਾਹਮਣੇ ਉਸਨੇ ਸੱਚ ਉਗਲਿਆ ਤੇ ਸਾਜਿਸ਼ ਬੇਪਰਦਾ ਹੋ ਗਈ ਸੀ।

1984 ਦੇ ਪੀੜਤਾਂ ਲਈ ਲੰਮੇ ਸਮੇਂ ਤੋਂ ਅਦਾਲਤੀ ਲੜਾਈ ਲੜਣ ਵਾਲੇ ਐਡਵੋਕੇਟ ਐਚ.ਐਸ. ਫੂਲਕਾ ਕਹਿੰਦੇ ਹਨ ਕਿ ਕਈ ਦੋਖੀ ਅਧਿਕਾਰੀਆਂ ਦੇ ਨਾਲ ਪੀੜਤ ਪੱਖ ਦੇ ਵਕੀਲਾਂ ਨੂੰ ਬਹਿਸ ਕਰਨ ਤਕ ਦੀ ਇਜਾਜ਼ਤ ਨਹੀਂ ਮਿਲੀ। ਰਿਪੋਰਟ ਆਉਣ ਦੇ ਬਾਅਦ ਜਦੋਂ ਜਸਟਿਸ ਰੰਗਨਾਥ ਮਿਸ਼ਰਾ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਦੋਸ਼ੀਆਂ ਦੇ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਕਿਉਂ ਨਹੀਂ ਕੀਤੀ ਜਿਨ੍ਹਾਂ 'ਤੇ ਦੰਗੇ ਕਰਾਉਣ ਦੇ ਦੋਸ਼ ਲੱਗੇ ਸਨ, ਤਾਂ ਉਨ੍ਹਾਂ ਦਾ ਜੁਆਬ ਆਇਆ ਕਿ ਕਮੀਸ਼ਨ ਦੀ ਜਾਂਚ ਦਾ ਵਿਸ਼ਾ ਇਹ ਨਹੀਂ ਸੀ ਕਿ ਉਹ ਕਿਸੇ ਦੇ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਕਰਨ।

ਰਿਪੋਰਟ ਦੇਣ ਦੇ ਬਾਅਦ ਰੰਗਨਾਥ ਮਿਸ਼ਰਾ ਨੂੰ ਕੌਮੀ ਮਾਨਵਧਿਕਾਰ ਕਮੀਸ਼ਨ

ਦਾ ਮੁਖੀ ਬਣਾਇਆ ਗਿਆ। ਬਾਅਦ ਵਿੱਚ ਇਹੀ ਰੰਗਨਾਥ ਮਿਸ਼ਰਾ ਕਾਂਗਰਸ ਦੇ ਵੱਲੋਂ ਰਾਜ ਸਭਾ ਵਿੱਚ ਛੇ ਸਾਲ ਬੈਠੇ ਰਹੇ। ਮੈਂ ਇਨ੍ਹਾਂ ਨੂੰ ਰਾਜ ਸਭਾ ਵਿੱਚ ਬੈਠਿਆਂ ਵੇਖਦਾ ਤਾਂ ਚੰਗਾ ਨਹੀਂ ਲੱਗਦਾ ਸੀ। ਖਾਸ ਕਰ ਇਹ ਵੇਖ ਕੇ ਕਿ ਉਹ ਪੂਰੇ ਕਾਰਜਕਾਲ ਵਿੱਚ ਸ਼ਾਇਦ ਇੱਕ-ਅੱਧ ਵਾਰ ਹੀ ਬੋਲਣ ਲਈ ਉਠੇ।

ਰੰਗਨਾਥ ਮਿਸ਼ਰਾ ਕਮੀਸ਼ਨ ਨੇ ਨੁਕਸਾਨ ਦੇ ਮੁਆਵਜ਼ੇ, ਮਰਨ ਵਾਲਿਆਂ ਦੀ ਗਿਣਤੀ ਤੇ ਪੁਲਿਸ ਦੀ ਭੂਮਿਕਾ ਦੀ ਜਾਂਚ ਨੂੰ ਲੈ ਕੇ ਤਿੰਨ ਕਮੇਟੀਆਂ ਬਣਾਉਣ ਦੀ ਸਿਫਾਰਸ਼ ਜ਼ਰੂਰ ਕੀਤੀ ਸੀ।

ਇਸਦੇ ਅਧਾਰ 'ਤੇ ਹੀ ਸਭ ਤੋਂ ਪਹਿਲਾਂ 1985 ਵਿੱਚ ਬਣੀ ਗੁਰਚਰਨ ਸਿੰਘ ਢਿੱਲੋਂ ਕਮੇਟੀ ਨੇ ਆਪਣੀਆਂ ਸਿਫਾਰਸ਼ਾਂ ਵਿੱਚ ਦੰਗਾ ਪੀੜਤਾਂ ਦੇ ਵਸੇਬੇ ਤੇ ਹੋਏ ਨੁਕਸਾਨ ਦੀ ਭਰਪਾਈ ਲਈ ਕਿਹਾ। ਢਿੱਲੋਂ ਕਮੇਟੀ ਦਾ ਕਹਿਣਾ ਸੀ ਕਿ ਸਾਰੀਆਂ ਬੀਮਾ ਕੰਪਨੀਆਂ ਸਰਕਾਰੀ ਹਨ, ਇਸ ਲਈ ਜੇਕਰ ਸਿੱਖਾਂ ਦੇ ਜਾਨ-ਮਾਲ ਦੇ ਨੁਕਸਾਨ ਦਾ ਮੁਆਵਜ਼ਾ ਬੀਮਾ ਕੰਪਨੀਆਂ ਤੋਂ ਹੋ ਜਾਏ ਤਾਂ ਚੰਗਾ ਰਹੇਗਾ। ਸੰਵੇਦਨਹੀਣ ਹੋ ਚੁੱਕੀ ਸਰਕਾਰ ਨੇ ਇਸ ਸਿਫਾਰਸ਼ ਨੂੰ ਕੂੜੇ ਦੇ ਡੱਬੇ ਵਿੱਚ ਸੁੱਟਦਿਆਂ ਹੋਇਆਂ ਕਿਹਾ ਕਿ ਇਸਨੂੰ ਮੰਜ਼ੂਰ ਨਹੀਂ ਕੀਤਾ ਜਾ ਸਕਦਾ। ਇਹ ਉਹੀ ਸਰਕਾਰ ਸੀ ਜਿਸਨੇ ਸਿੱਖਾਂ ਦੇ ਟੀ.ਵੀ., ਫ੍ਰਿੱਜ ਲੁੱਟਣ ਦੇ ਬਾਅਦ ਇਹ ਫੈਸਲਾ ਜ਼ਰੂਰ ਕਰ ਲਿਆ ਸੀ ਕਿ ਟੀ.ਵੀ. ਤੇ ਫ੍ਰਿੱਜ ਦੇ ਲਈ ਲਾਈਸੈਂਸ ਹੋਣਾ ਜ਼ਰੂਰੀ ਨਹੀਂ ਹੈ।

ਫਰਵਰੀ 1987 ਵਿੱਚ ਰਿਟਾਇਰਡ ਜੱਜ ਦਿਲੀਪ ਕੁਮਾਰ ਤੇ ਰਿਟਾਇਰਡ ਸਕੱਤਰ ਕੁਸੁਮ ਲਤਾ ਮਿੱਤਲ ਨੂੰ ਪੁਲਿਸ ਦੀ ਭੂਮਿਕਾ ਦੀ ਜਾਂਚ ਸੌਂਪੀ ਗਈ। ਹੈਰਾਨੀ ਦੀ ਗੱਲ ਹੈ ਕਿ ਦਿਲੀਪ ਕੁਮਾਰ ਉਪਲਬਧ ਰਿਕਾਰਡਾਂ ਦੀ ਜਾਂਚ ਹੀ ਨਹੀਂ ਕਰਨਾ ਚਾਹੁੰਦੇ ਸੀ। ਮਤਭੇਦ ਸ਼ੁਰੂ ਹੋ ਗਏ ਤੇ ਦੋਵਾਂ ਨੇ ਆਪਣੀ ਵੱਖ-ਵੱਖ ਰਿਪੋਰਟ ਸੌਂਪੀ। ਮਿੱਤਲ ਕਮੇਟੀ ਨੇ ਪੁਲਿਸ ਅਫ਼ਸਰਾਂ ਦੀ ਭੂਮਿਕਾ ਦੀ ਜੰਮ ਕੇ ਧੱਜੀਆਂ ਉਡਾਈਆਂ ਤੇ 72 ਪੁਲਿਸ ਅਫ਼ਸਰਾਂ ਦੇ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਕੀਤੀ। ਪਰ ਕਿਸੇ ਇੱਕ ਨੂੰ ਵੀ ਕੋਈ ਸਜ਼ਾ ਨਹੀਂ ਦਿੱਤੀ ਗਈ।

ਇਸੇ ਦੇ ਨਾਲ ਰਿਟਾਇਰਡ ਜੱਜ ਐਮ.ਐਲ. ਜੈਨ ਤੇ ਰਿਟਾਇਰਡ ਆਈ.ਪੀ.ਐਸ. ਅਧਿਕਾਰੀ ਈ.ਐਨ. ਰੇਨੀਸਿਓਨ ਨੂੰ ਇਹ ਜਾਂਚ ਕਰਨ ਲਈ ਨਿਯੁਕਤ ਕੀਤਾ ਗਿਆ ਕਿ ਕਿਹੜੇ ਦੋਸ਼ੀਆਂ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇ ? ਰੇਨੀਸਿਓਨ

ਨੇ ਛੇਤੀ ਹੀ ਇਸ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ।

ਸਾਬਤ ਹੁੰਦਾ ਹੈ ਕਿ ਜਦੋਂ ਜਾਂਚ ਕਰਨ ਵਾਲਾ ਅਧਿਕਾਰੀ ਹੀ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਸੀ ਤਾਂ ਪੀੜਤਾਂ ਦੀ ਕੀ ਹਾਲਤ ਰਹੀ ਹੋਵੇ ਗੀ ? ਇਨ੍ਹਾਂ ਦੀ ਥਾਂ 'ਤੇ ਰਿਟਾਇਰਡ ਆਈ.ਪੀ.ਐਸ. ਅਫ਼ਸਰ ਏ.ਕੇ. ਬੈਨਰਜੀ ਨੂੰ ਲਾਇਆ ਗਿਆ।

ਇਸ ਕੰਮੇਟੀ ਨੇ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਦੇ ਖਿਲਾਫ਼ ਅਪਰਾਧਿਕ ਮਾਮਲੇ ਦਰਜ ਕਰਨ ਨੂੰ ਕਿਹਾ ਵੀ ਪਰ ਦਿੱਲੀ ਹਾਈ ਕੋਰਟ ਨੇ ਇੱਕ ਅਜਿਹਾ ਹੁਕਮ ਜਾਰੀ ਕਰ ਦਿੱਤਾ ਕਿ ਕਮੇਟੀ ਜਾਂਚ 'ਤੇ ਅਗਾਂਹ ਵੱਧ ਹੀ ਨਾ ਸਕੀ। ਬਾਅਦ ਵਿੱਚ ਕਮੇਟੀ ਦੇ ਗਠਨ ਦੀ ਅਧਿਸੂਚਨਾ ਨੂੰ ਹੀ ਅਦਾਲਤ ਨੇ ਰੱਦ ਕਰ ਦਿੱਤਾ।

ਇਥੇ ਇਹ ਗੱਲ ਦੱਸਣੀ ਜ਼ਰੂਰੀ ਹੈ ਕਿ ਇੰਡੀਅਨ ਐਕਸਪ੍ਰੈਸ ਨੇ ਇਸ ਗੱਲ ਦਾ ਖੁਲਾਸਾ ਕਰ ਦਿੱਤਾ ਸੀ ਕਿ ਜੈਨ-ਬੈਨਰਜੀ ਕਮੇਟੀ ਨੇ ਅਨੇਕ ਕੌਰ ਦੀ ਗਵਾਹੀ ਦੇ ਅਧਾਰ 'ਤੇ ਸੱਜਣ ਕੁਮਾਰ ਦੇ ਖਿਲਾਫ਼ ਅਪਰਾਧਿਕ ਮਾਮਲਾ ਦਰਜ ਕਰਨ ਨੂੰ ਕਿਹਾ ਹੈ। ਇਸੇ ਲਈ ਜੈਨ-ਬੈਨਰਜੀ ਕਮੇਟੀ ਦੇ ਗਠਨ ਨੂੰ ਹੀ ਚੁਣੌਤੀ ਦੇ ਦਿੱਤੀ ਗਈ।

ਇਥੇ ਕਾਰਜਕਾਰੀ ਚੀਫ਼ ਜਸਟਿਸ ਜੋਗੇਸ਼ਵਰ ਦਿਆਲ ਨੇ ਸਿੱਧਿਆਂ ਹੀ ਸਟੇਅ ਦੇ ਦਿੱਤਾ ਤੇ ਕਿਹਾ ਕਿ ਜੈਨ-ਬੈਨਰਜੀ ਕਮੇਟੀ ਕਿਸੇ ਖਿਲਾਫ਼ ਵੀ ਮਾਮਲਾ ਦਰਜ ਕਰਨ ਨੂੰ ਕਹਿੰਦੀ ਹੈ, ਤਾਂ ਨਾ ਮੰਨਿਆ ਜਾਵੇ। ਇਹ ਉਹੀ ਜਸਟਿਸ ਦਿਆਲ ਸੀ ਜਿਨ੍ਹਾਂ ਨੇ ਕਹਿ ਦਿੱਤਾ ਸੀ ਕਿ ਪੱਤਰਕਾਰਾਂ ਦੀਆਂ ਖ਼ਬਰਾਂ 'ਤੇ ਉਹ ਕੋਈ ਅਹਿਮੀਅਤ ਨਹੀਂ ਦਿੰਦੇ ਅਤੇ ਸਭ ਤੋਂ ਪਹਿਲਾਂ ਦੰਗਿਆਂ ਦਾ ਸੱਚ ਸਾਹਮਣੇ ਲਿਆਉਣ ਵਾਲੀ ਪੀ.ਯੂ.ਸੀ.ਏ. ਤੇ ਪੀ.ਡੀ.ਯੂ.ਆਰ. ਦੀ ਜਾਂਚ ਰਿਪੋਰਟ ਦੀ ਪੜਤਾਲ ਨੂੰ ਲੈਣ ਤੋਂ ਹੀ ਮਨਾ ਕਰ ਦਿੱਤਾ ਸੀ।

ਅਹੂਜਾ ਕਮੇਟੀ ਨੇ ਸਿਰਫ਼ ਇਹ ਦੱਸਿਆ ਕਿ ਦਿੱਲੀ ਵਿੱਚ ਸਰਕਾਰੀ ਰਿਕਾਰਡ ਦੇ ਮੁਤਾਬਿਕ 2733 ਲੋਕ ਮਾਰੇ ਗਏ ਸੀ। ਕਤਲੇਆਮ ਤੇ ਉਸ ਤੋਂ ਬਾਅਦ ਇਸ ਤਰ੍ਹਾਂ ਦੇ ਕਮੀਸ਼ਨਾਂ ਤੇ ਕਮੇਟੀਆਂ ਦੇ ਨਾਮ ਉੱਤੇ ਧੋਖਾ ਚਲ ਹੀ ਰਿਹਾ ਸੀ ਕਿ

1989 ਵਿੱਚ ਵੀ.ਪੀ. ਸਿੰਘ ਬੋਫ਼ੋਰਸ ਤੋਪ ਕਾਂਡ ਦੇ ਦਮ 'ਤੇ ਸਤਾ ਵਿੱਚ ਪਹੁੰਚ ਗਏ।

ਹੁਣ 1990 ਵਿੱਚ ਦਿੱਲੀ ਪ੍ਰਸ਼ਾਸਨ ਨੇ ਗੁਜਰਾਤ ਹਾਈ ਕੋਰਟ ਦੇ ਰਿਟਾਇਰਡ ਚੀਫ਼ ਜਸਟਿਸ ਪੀ. ਸੁਬਰਾਮਣਯਨ ਪੋਟੀ ਤੇ ਰਿਟਾਇਰਡ ਆਈ.ਪੀ.ਐਸ. ਅਫ਼ਸਰ ਪੀ.ਏ. ਰੋਸ਼ਾ ਨੂੰ ਮਿਲਾ ਕੇ ਇੱਕ ਕਮੇਟੀ ਬਣਾ ਦਿੱਤੀ। ਇਸ ਦੌਰਾਨ ਕਾਂਗਰਸ ਦੇ ਗੁੰਡਿਆਂ ਨੇ ਇਨ੍ਹਾਂ ਦੋਵਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਉੱਤੇ ਜਾਂਚ ਅੱਗੇ ਨਾ ਵਧਾਉਣ ਦਾ ਦਬਾਅ ਵੱਧਦਾ ਜਾ ਰਿਹਾ ਸੀ। ਰੋਸ਼ਾ ਪਹਿਲਾਂ ਹੀ ਹਟ ਗਏ ਤਾਂ ਉਨ੍ਹਾਂ ਦੀ ਥਾਂ ਰਿਟਾਇਰਡ ਆਈ.ਪੀ.ਐਸ. ਅਫ਼ਸਰ ਅਗਰਵਾਲ ਨੂੰ ਲਾਇਆ ਗਿਆ। ਇਨ੍ਹਾਂ ਨੇ ਅਜੇ ਛੇ ਮਹੀਨੇ ਹੀ ਕੰਮ ਕੀਤਾ ਸੀ ਕਿ ਇਹ ਆਪਣਾ ਪਦ ਛੱਡਣ ਲਈ ਮਜਬੂਰ ਹੋ ਗਏ। ਕਾਰਣ ਇਹ ਸੀ ਕਿ ਇਸ ਕਮੇਟੀ ਨੇ ਵੀ ਸ਼ੁਰੂਆਤੀ ਜਾਂਚ ਨੂੰ ਵੇਖਦੇ ਹੋਏ ਹੀ ਸੱਜਣ ਕੁਮਾਰ ਤੇ ਟਾਈਟਲਰ ਵਰਗੇ ਦੋਸ਼ੀਆਂ ਦੇ ਖਿਲਾਫ਼ ਮਾਮਲੇ ਦਰਜ ਕਰਨ ਨੂੰ ਕਹਿ ਦਿੱਤਾ ਸੀ।

ਇਨ੍ਹਾਂ ਦੇ ਹਟਣ 'ਤੇ ਜੈਨ-ਅਗਰਵਾਲ ਕਮੇਟੀ ਬਣਾਈ ਗਈ ਜਿਸਨੇ 669 ਹਲਫ਼ਨਾਮਿਆਂ ਤੇ ਦਰਜ ਹੋਈ ਐਫ.ਆਈ.ਆਰ. ਦੀ ਜਾਂਚ 'ਤੇ ਵੇਖਿਆ ਕਿ ਐਫ.ਆਈ.ਆਰ. ਇਸ ਤਰ੍ਹਾਂ ਤਿਆਰ ਕੀਤੀਆਂ ਗਈਆਂ ਹਨ ਕਿ ਕਿਸੇ ਦੋਸ਼ੀ ਨੂੰ ਸਜ਼ਾ ਹੀ ਨਹੀਂ ਦਿੱਤੀ ਜਾ ਸਕਦੀ। ਇਹ ਐਫ.ਆਈ.ਆਰ. ਆਮ, ਅਸਪਸ਼ਟ ਤੇ ਬਹੁਪ੍ਰੋਜਨੀਕ ਸਨ। ਪੁਲਿਸ ਨੇ ਇਨ੍ਹਾਂ ਐਫ.ਆਈ.ਆਰ. ਨੂੰ ਦਰਜ ਕਰਕੇ, ਕੋਈ ਜਾਂਚ ਕਰਕੇ, ਦੋਸ਼ੀਆਂ ਦਾ ਪਤਾ ਲਾਉਣ ਦੀ ਕੋਈ ਕਾਰਵਾਈ ਨਹੀਂ ਕੀਤੀ ਸੀ। ਇਹੀ ਕਾਰਣ ਸੀ ਕਿ ਅਦਾਲਤਾਂ ਵਿੱਚ ਮਾਮਲੇ ਠਹਿਰ ਹੀ ਨਹੀਂ ਸਕੇ। ਜਾਣ-ਬੁੱਝ ਕੇ ਕੁਝ ਰਿਪੋਰਟ ਲਿਖਵਾਉਣ ਵਾਲਿਆਂ ਦੇ ਨਾਵਾਂ ਵਿੱਚ ਸਪੈਲਿੰਗ (ਅੱਖਰਾਂ) ਦੀਆਂ ਗੜਬੜਾਂ ਕਰ ਦਿੱਤੀਆਂ ਗਈਆਂ ਸੀ।

ਜਦੋਂ ਇਹ ਖੇਡ ਚਲ ਹੀ ਰਹੀ ਸੀ ਕਿ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣ ਗਈ। ਮਦਨ ਲਾਲ ਖੁਰਾਨਾ 1984 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਵਾਇਦਾ ਕਰਕੇ ਆਏ ਸੀ ਤੇ ਸਿੱਖਾਂ ਨੇ ਉਨ੍ਹਾਂ ਦਾ ਸਾਥ ਵੀ ਦਿੱਤਾ ਸੀ। ਹੁਣ ਉਨ੍ਹਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਦਿੱਲੀ ਦੇ ਮੁੱਖ-ਮੰਤਰੀ ਹਨ ਤਾਂ ਕਿਉਂ ਨਹੀਂ ਦਿੱਲੀ ਸਰਕਾਰ ਦੇ ਵੱਲੋਂ ਹੀ ਜਾਂਚ ਬਿਠਾ ਦੇਣ। ਉਨ੍ਹਾਂ ਨੇ ਕੋਸ਼ਿਸ਼ ਕੀਤੀ ਤਾਂ ਉਪ-

ਰਾਜਪਾਲ ਪੀ.ਕੇ. ਦਵੇ ਨੇ ਇਸਨੂੰ ਖਾਰਜ ਕਰ ਦਿੱਤਾ।

ਹੁਣ ਦਿੱਲੀ ਸਰਕਾਰ ਜਾਂਚ ਕਮੀਸ਼ਨ ਲਈ ਕੋਈ ਸਰਕਾਰੀ ਮਦਦ ਨਹੀਂ ਕਰ ਸਕਦੀ ਸੀ। ਇਸ 'ਤੇ ਹਰਿਆਣਾ ਤੇ ਪੰਜਾਬ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਆਰ.ਐਸ. ਨਰੂਲਾ ਦੀ ਪ੍ਰਧਾਨਗੀ ਵਿੱਚ ਕਮੇਟੀ ਬਣਾਈ ਤਾਂ ਗਈ ਪਰ ਦਿੱਲੀ ਸਰਕਾਰ ਦੇ ਖ਼ਜ਼ਾਨੇ ਵਿੱਚੋਂ ਇੱਕ ਪੈਸਾ ਨਾ ਦਿੱਤਾ ਗਿਆ। ਕਮੇਟੀ ਦਾ ਜਾਂਚ ਦਫ਼ਤਰ ਵੀ ਘਰ ਵਿੱਚ ਹੀ ਬਣਾਇਆ ਗਿਆ।

ਇਸ ਜਾਂਚ ਕਮੀਸ਼ਨ ਨੂੰ ਕਤਲੇਆਮ ਦੇ ਦੋਸ਼ੀਆਂ ਦੇ ਖਿਲਾਫ਼ ਮਹੱਤਵਪੂਰਨ ਹਲਫ਼ਨਾਮੇ ਵੀ ਮਿਲ ਗਏ ਸੀ ਪਰ ਜਦੋਂ ਇਨ੍ਹਾਂ ਨੂੰ ਕੇਂਦਰ ਦੀ ਰਾਓ ਸਰਕਾਰ ਨੂੰ ਸੌਂਪਿਆ ਗਿਆ ਤਾਂ ਉਨ੍ਹਾਂ ਨੇ ਇਸਨੂੰ ਆਪਣੇ ਕੋਲ ਹੀ ਰਖ ਲਿਆ। ਖੁਰਾਨਾ ਇਨ੍ਹਾਂ ਹਲਫ਼ਨਾਮਿਆਂ ਨੂੰ ਮੰਗਦੇ ਰਹੇ ਤਾਂ ਕਿ ਪੁਲਿਸ ਮਾਮਲੇ ਦਰਜ ਕਰ ਸਕੇ ਪਰ ਰਾਓ ਸਰਕਾਰ ਵਾਪਸ ਕਰਨ ਨੂੰ ਤਿਆਰ ਹੀ ਨਹੀਂ ਸੀ। ਕੀ ਮਜ਼ਾਕ ਹੋ ਰਿਹਾ ਸੀ। ਪਹਿਲਾਂ ਜਾਂਚ ਕਰਨ ਦਾ ਅਧਿਕਾਰ ਹੀ ਨਹੀਂ ਦਿੱਤਾ ਤੇ ਜੇਕਰ ਜਾਂਚ ਕਰਕੇ ਸਬੂਤ ਹਾਸਲ ਕੀਤੇ ਤਾਂ ਉਨ੍ਹਾਂ ਨੂੰ ਜ਼ਬਤ ਕਰ ਲਿਆ। ਅੰਤ ਵਿੱਚ ਜਦੋਂ ਮਨੁੱਖੀ ਅਧਿਕਾਰ ਕਮੀਸ਼ਨ ਦਾ ਦਰਵਾਜ਼ਾ ਖੜਕਾਉਣ ਦੀ ਧਮਕੀ ਦਿੱਤੀ ਤਾਂ ਸਹੁੰ ਪੱਤਰ ਸੌਂਪੇ। ਇਸ ਕਮੇਟੀ ਨੇ ਵੀ ਭਗਤ, ਟਾਈਟਲਰ ਤੇ ਸੱਜਣ ਕੁਮਾਰ ਦੇ ਖਿਲਾਫ਼ ਮਾਮਲੇ ਦਰਜ ਕਰਨ ਨੂੰ ਕਿਹਾ ਸੀ।

ਜਾਂਚ ਕਮੇਟੀਆਂ ਦੇ ਇਨ੍ਹਾਂ ਦੋਸ਼ੀਆਂ ਦੇ ਖਿਲਾਫ਼ ਮਾਮਲੇ ਦਰਜ ਕਰਨ ਦੀਆਂ ਸਿਫਾਰਸ਼ਾਂ ਕਰਦੇ-ਕਰਦੇ ਕਈ ਸਾਲ ਹੋ ਚੁੱਕੇ ਸੀ ਪਰ ਐਫ.ਆਈ.ਆਰ. ਤਕ ਦਰਜ ਨਹੀਂ ਕੀਤੀ ਜਾ ਰਹੀ ਸੀ। ਐਸੇ ਹਾਲਤਾਂ ਵਿੱਚ ਗਵਾਹਾਂ ਦੀ ਸਥਿਤੀ ਸਮਝੀ ਜਾ ਸਕਦੀ ਹੈ। ਜਦ ਸਮੇਂ ਦੀਆਂ ਸਰਕਾਰਾਂ ਦੋਸ਼ੀਆਂ ਦੇ ਨਾਲ ਹੋਣ ਤੇ ਪੁਲਿਸ ਦੀ ਭੂਮਿਕਾ ਅਪਰਾਧਿਕ ਹੋਵੇ ਤਾਂ ਫਿਰ ਗਵਾਹਾਂ ਤੇ ਮਾਮਲਿਆਂ ਦਾ ਉਹੀ ਹੋਣਾ ਸੀ ਜੋ ਅੱਜ ਹੋ ਰਿਹਾ ਹੈ।

ਇਸਦੇ ਬਾਅਦ ਹੀ ਮਈ 2000 ਵਿੱਚ ਨਾਨਾਵਟੀ ਕਮੀਸ਼ਨ ਬਣਿਆ ਜਿਸਨੇ 2005 ਵਿੱਚ ਆਪਣੀ ਰਿਪੋਰਟ ਪੇਸ਼ ਕੀਤੀ। ਨਾਨਾਵਟੀ ਨੇ ਭਗਤ ਨੂੰ 'ਡਿਮੇਂਸ਼ਿਆ' ਨਾਂ ਦੀ ਬੀਮਾਰੀ ਤੋਂ ਬੇਹਦ ਪੀੜਤ ਹੋਣ ਕਰਕੇ ਅਦਾਲਤੀ ਮਾਮਲੇ ਨਹੀਂ ਚਲਾਏ ਜਾਣ ਦੀ ਗੱਲ ਮੰਨ ਲਈ। ਉਹ ਇਸੇ ਗੰਭੀਰ ਬੀਮਾਰੀ ਦਾ ਸ਼ਿਕਾਰ ਹੋ


ਕੇ ਦੁਨੀਆ ਛੱਡ ਗਿਆ। ਪਰ ਟਾਈਟਲਰ ਤੇ ਸੱਜਣ ਕੁਮਾਰ ਦੇ ਖਿਲਾਫ਼ ਮਾਮਲੇ ਫਿਰ ਤੋਂ ਖੋਲਣ ਦੀ ਜ਼ੋਰਦਾਰ ਸਿਫਾਰਸ਼ ਕੀਤੀ ਗਈ ਸੀ।

ਇਸਦੇ ਬਾਅਦ ਹੀ ਸੀ.ਬੀ.ਆਈ. ਨੂੰ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਨੂੰ ਕਿਹਾ। ਪਰ ਸੀ.ਬੀ.ਆਈ. ਨੇ ਟਾਈਟਲਰ ਦੇ ਮਾਮਲੇ ਵਿੱਚ ਜੋ ਰੁਖ ਵਿਖਾਇਆ ਤੇ ਚੋਣਾਂ ਤੋਂ ਠੀਕ ਪਹਿਲਾਂ ਕਲੀਨ ਚਿਟ ਦੇ ਕੇ ਮਾਮਲਾ ਬੰਦ ਕਰਨ ਦੀ ਸਿਫਾਰਸ਼ ਕੀਤੀ, ਉਸ ਨਾਲ ਫਿਰ ਤੋਂ ਸੁਆਲ ਖੜੇ ਹੋਣ ਲੱਗੇ। ਖ਼ੁਦ ਪ੍ਰਧਾਨ ਮੰਤਰੀ ਇਹ ਕਹਿੰਦਿਆਂ ਨਜ਼ਰ ਆਏ ਕਿ ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਕਲੀਨ ਚਿਟ ਦਿੱਤੀ ਜਾ ਰਹੀ ਹੈ ?

ਇੰਡੀਅਨ ਐਕਸਪ੍ਰੈਸ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਕਿਸ ਤਰ੍ਹਾਂ ਸੀ.ਬੀ.ਆਈ. ਦੇ ਨਿਦੇਸ਼ਕ ਨੇ ਆਪਣੇ ਜਾਇੰਟ ਨਿਦੇਸ਼ਕ ਤੇ ਹੋਰ ਸੀਨੀਅਰ ਅਫ਼ਸਰਾਂ ਦੀ ਰਾਏ ਦੇ ਉਲਟ ਮਾਮਲਾ ਬੰਦ ਕਰਾਉਣ ਦੀ ਸਿਫਾਰਸ਼ ਵੀ ਕੀਤੀ। ਆਖਰ ਨਿਆਂ ਦੇ ਨਾਂ 'ਤੇ ਇਹ ਮਜ਼ਾਕ ਕਦੋਂ ਬੰਦ ਹੋਵੇਗਾ ?

❖ ❖ ❖

1984: ਸਿੱਖ ਕਤਲੇਆਮ ਦਾ ਸੱਚ



ਜਰਨੈਲ ਸਿੰਘ

8

ਅਖਿਆਂ ਦੇ ਖਿਲਾਫ ਸੁੱਤਾ

ਇਹ 12 ਅਗਸਤ 2005 ਦਾ ਦਿਨ ਸੀ ਤੇ ਰਾਜ ਸਭਾ ਦੀ ਪ੍ਰੈਸ ਗੈਲਰੀ ਵਿੱਚ ਅੱਜ ਕਾਫ਼ੀ ਗਹਿਮਾ-ਗਹਿਮੀ ਸੀ। ਮੈਂ ਵੀ ਵਕਤ ਤੋਂ ਪਹਿਲਾਂ ਹੀ ਉਥੇ ਪਹੁੰਚ ਚੁੱਕਾ ਸੀ ਤਾਂ ਕਿ ਅੱਗੇ ਵਾਲੀ ਕਤਾਰ ਵਿੱਚ ਬੈਠ ਜਾਵਾਂ ਤੇ ਕੁਝ ਮਿਸ ਨਾ ਹੋ ਜਾਏ। ਆਮ ਤੌਰ 'ਤੇ ਰਿਪੋਰਟਰ ਹਮੇਸ਼ਾ ਇਸ ਖਦਸ਼ੇ ਨਾਲ ਘਿਰਿਆ ਰਹਿੰਦਾ ਹੈ। ਪਰ ਜਦੋਂ ਮਾਮਲਾ ਐਨਾ ਅਹਿਮ ਹੋਵੇ ਤਾਂ ਫਿਰ ਚੂਕ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ, ਜਿਵੇਂ ਸਿਰ 'ਤੇ ਤਲਵਾਰ ਲਟਕੀ ਰਹਿੰਦੀ ਹੈ।

1984 ਦੇ ਸਿੱਖ ਕਤਲੇਆਮ ਨੂੰ ਲੈ ਕੇ ਨਾਨਾਵਟੀ ਰਿਪੋਰਟ ਸਦਨ ਵਿੱਚ ਪੇਸ਼ ਹੋ ਚੁੱਕੀ ਸੀ। ਹੁਣ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਇਹ ਦੱਸਣਾ ਸੀ ਕਿ

ਉਹ ਰਿਪੋਰਟ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਕੀ ਕਦਮ ਚੁੱਕਣ ਜਾ ਰਹੇ ਹਨ ? ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੇ ਕਾਰਵਾਈ ਰਿਪੋਰਟ ਦਾ ਇੱਕ ਪੁਲਿੰਦਾ ਸਾਹਮਣੇ ਰਖਿਆ ਸੀ ਪਰ ਉਹ ਸਿਵਾਏ ਖਾਨਾਪੂਰਤੀ ਦੇ ਕੁਝ ਵੀ ਨਹੀਂ ਸੀ।

ਪ੍ਰਧਾਨ ਮੰਤਰੀ ਸਦਨ ਵਿੱਚ ਆਏ ਤਾਂ ਕੁਝ ਭਾਵੁਕ ਪਰ ਸਹਿਜ ਨਜ਼ਰ ਆ ਰਹੇ ਸੀ। ਦਰਅਸਲ ਪਿਛਲੀ ਰਾਤ ਹੀ ਪ੍ਰਵਾਸੀ ਮਾਮਲਿਆਂ ਦੇ ਰਾਜ ਮੰਤਰੀ ਜਗਦੀਸ਼ ਟਾਈਟਲਰ ਨੂੰ ਮੰਤਰੀ ਮੰਡਲ ਤੋਂ ਹਟਣ ਲਈ ਰਾਜ਼ੀ ਕਰ ਲਿਆ ਗਿਆ ਸੀ।

ਨਾਨਾਵਟੀ ਰਿਪੋਰਟ ਨੇ ਸੱਜਣ ਕੁਮਾਰ ਤੇ ਟਾਈਟਲਰ ਦੇ ਖਿਲਾਫ਼ ਮਜ਼ਬੂਤ ਸਬੂਤਾਂ ਦੀ ਗੱਲ ਕਰਦੇ ਹੋਏ ਇਨ੍ਹਾਂ ਦੀ ਭੂਮਿਕਾ 'ਤੇ ਉਂਗਲ ਚੁੱਕੀ ਸੀ। ਇਹੀ ਨਹੀਂ ਕਮੀਸ਼ਨ ਨੇ ਇਨ੍ਹਾਂ ਦੇ ਖਿਲਾਫ਼ ਮਾਮਲੇ ਫਿਰ ਤੋਂ ਸ਼ੁਰੂ ਕਰਨ ਦੀ ਜ਼ੋਰਦਾਰ ਸਿਫ਼ਾਰਸ਼ ਕਰ ਦਿੱਤੀ ਸੀ। ਇਸਦੇ ਬਾਵਜੂਦ ਜੇਕਰ ਟਾਈਟਲਰ ਮੰਤਰੀ ਮੰਡਲ ਵਿੱਚ ਬਣੇ ਰਹਿੰਦੇ ਤਾਂ ਸਰਕਾਰ ਦੇ ਲਈ ਬੇਹਦ ਸ਼ਰਮਨਾਕ ਸਥਿਤੀ ਹੁੰਦੀ। ਇਸ ਤੋਂ ਪਹਿਲਾਂ ਕਿ ਵਿਰੋਧੀ ਧਿਰ ਅਸਤੀਫ਼ੇ ਦੀ ਮੰਗ ਕਰਦੀ, ਸਰਕਾਰ ਨੇ ਖ਼ੁਦ ਹੀ ਉਨ੍ਹਾਂ ਤੋਂ ਦੂਰੀ ਬਣਾਉਣ ਦਾ ਫੈਸਲਾ ਕਰ ਲਿਆ। ਪ੍ਰਧਾਨ ਮੰਤਰੀ ਨੇ ਜਦੋਂ ਆਪਣੀ ਗੱਲ ਕਹਿਣੀ ਸ਼ੁਰੂ ਕੀਤੀ ਤਾਂ ਪੂਰਾ ਸਦਨ ਤੇ ਪ੍ਰੈਸ ਗੈਲਰੀ ਵਿੱਚ ਬੈਠੇ ਪੱਤਰਕਾਰ ਇੱਕ-ਇੱਕ ਅੱਖਰ ਧਿਆਨ ਨਾਲ ਸੁਣ ਰਹੇ ਸੀ। ਉਨ੍ਹਾਂ ਨੇ ਗੁਰਬਾਣੀ ਦੀਆਂ ਕੁਝ ਤੁਕਾਂ ਦਾ ਸਹਾਰਾ ਲਿਆ ਅਤੇ ਸਿੱਖ ਕੌਮ ਦੇ ਜੀਵਨ, ਸੰਘਰਸ਼ ਤੇ ਦੇਸ਼ ਪ੍ਰਤੀ ਸੇਵਾਵਾਂ ਦੀ ਤਾਰੀਫ਼ ਦਾ ਪੁਲਿੰਦਾ ਬੰਨ੍ਹਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਸਿੱਖ ਕਿਸ ਤਰ੍ਹਾਂ ਜ਼ੁਲਮ ਦੇ ਖਿਲਾਫ਼ ਲੜਦੇ ਹੋਏ ਅੱਗੇ ਵੱਧੇ ਹਨ। ਆਜ਼ਾਦੀ ਵਿੱਚ ਕਿਸ ਤਰ੍ਹਾਂ ਅਗਾਂਹਵਧੂ ਭੂਮਿਕਾ ਨਿਭਾਈ ਤੇ ਵੰਡ ਦੇ ਦੁਖ ਨੂੰ ਝੱਲਣ ਦੇ ਬਾਅਦ ਵੀ ਅੱਗੇ ਵੱਧਦੇ ਰਹੇ। ਦੇਸ਼ ਦੇ ਲਈ ਸਿੱਖਾਂ ਦੀ ਭੂਮਿਕਾ ਨੂੰ ਸਹੀ ਤਰ੍ਹਾਂ ਰੱਖ ਰਹੇ ਪ੍ਰਧਾਨ ਮੰਤਰੀ ਦੇ ਇਹ ਲਫ਼ਜ਼ ਸਕੂਨ ਦੇ ਰਹੇ ਸੀ।

ਇਸਦੇ ਬਾਅਦ ਉਹ ਨਾਨਾਵਟੀ ਕਮੀਸ਼ਨ ਦੀ ਰਿਪੋਰਟ 'ਤੇ ਆਏ ਅਤੇ ਕਿਹਾ ਕਿ ਇਸ ਵਿੱਚ ਜੋ ਵੀ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ, ਉਨ੍ਹਾਂ ਦੇ ਅਧਾਰ 'ਤੇ ਪੂਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਮੀਸ਼ਨ ਵੱਲੋਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉੱਤੇ ਦੋਸ਼ ਨਾ ਹੋਣ ਦੀ ਗੱਲ ਕਹੀ ਜੋ ਕਿ ਮੇਰੇ ਗਲੇ ਨਾ

ਉਤਰੀ। ਨਾਲ ਹੀ ਕਿਹਾ ਕਿ ਸੀ.ਬੀ.ਆਈ. ਇਨ੍ਹਾਂ ਮਾਮਲਿਆਂ ਦੀ ਜਾਂਚ ਕਰੇਗੀ ਤੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਦੰਗਾ ਪੀੜਤਾਂ ਦੇ ਲਈ ਮੁਆਵਜ਼ੇ ਦੀ ਰਕਮ ਵਧਾ ਦਿੱਤੀ ਗਈ ਹੈ ਤੇ ਤੈਅ ਕੀਤੇ ਸਮੇਂ ਵਿੱਚ ਹੀ ਅਦਾਇਗੀ ਕੀਤੀ ਜਾਵੇਗੀ। ਪਰ ਉਸਦੇ ਬਾਅਦ ਉਨ੍ਹਾਂ ਨੇ ਜੋ ਕਿਹਾ ਉਹ ਇਤਿਹਾਸ ਬਣ ਗਿਆ।

ਪ੍ਰਧਾਨ ਮੰਤਰੀ ਕਹਿ ਰਹੇ ਸੀ, "1984 ਵਿੱਚ ਜੋ ਸਿੱਖਾਂ ਦੇ ਨਾਲ ਹੋਇਆ, ਉਹ ਦੇਸ਼ ਦੇ ਮੱਥੇ 'ਤੇ ਕਲੰਕ ਹੈ ਤੇ ਮੇਰਾ ਸਿਰ ਉਸ ਲਈ ਸ਼ਰਮ ਨਾਲ ਝੁੱਕਦਾ ਹੈ।" ਉਨ੍ਹਾਂ ਨੇ ਸਰਕਾਰ ਤੇ ਦੇਸ਼ ਵੱਲੋਂ ਸਿੱਖਾਂ ਤੋਂ ਮੁਆਫ਼ੀ ਮੰਗੀ।

ਕਦੇ ਦੇਸ਼ ਦੇ ਹੀ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਤਲੇਆਮ ਨੂੰ ਜਾਇਜ਼ ਕਰਾਰ ਕਰਦਿਆਂ ਟਿੱਪਣੀ ਕਰਦਿਆਂ ਕਿਹਾ ਸੀ ਕਿ "ਜਦੋਂ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ।" ਪਰ ਅੱਜ ਦੇਸ਼ ਦਾ ਹੀ ਇੱਕ ਹੋਰ ਪ੍ਰਧਾਨ ਮੰਤਰੀ ਉਸਨੂੰ ਕਲੰਕ ਦੱਸ ਕੇ ਸ਼ਰਮ ਨਾਲ ਸਿਰ ਨੂੰ ਝੁਕਾ ਰਿਹਾ ਸੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ "ਅਸੀਂ ਇਤਿਹਾਸ ਤਾਂ ਦੁਬਾਰਾ ਨਹੀਂ ਲਿਖ ਸਕਦੇ ਪਰ ਭਵਿੱਖ ਨੂੰ ਚੰਗਾ ਬਣਾ ਸਕਦੇ ਹਾਂ।"

ਇਸ ਬਿਆਨ ਦੇ ਬਾਅਦ ਵਿਰੋਧੀ ਧਿਰ ਕੁਝ ਬੋਲਣ ਦੀ ਹਾਲਤ ਵਿੱਚ ਨਹੀਂ ਸੀ। ਸਾਰੇ ਪ੍ਰੈਸ ਰਿਪੋਰਟਰ ਇਹੀ ਕਹਿ ਰਹੇ ਸੀ ਕਿ ਅੱਜ ਮਨਮੋਹਨ ਸਿੰਘ ਨੇ ਜਿਸ ਤਰ੍ਹਾਂ ਦਾ ਭਾਸ਼ਣ ਦਿੱਤਾ, ਉਹ ਅਦੁੱਤੀ ਸੀ। ਭਾਸ਼ਣ ਤਾਂ ਅਦੁੱਤੀ ਸੀ ਹੀ, 21 ਸਾਲਾਂ ਤੋਂ ਤੜਪਦੇ ਸਿੱਖ ਦਿਲਾਂ 'ਤੇ ਕੁਝ ਮਰ੍ਹਮ ਵੀ ਲੱਗਾ ਸੀ। ਨਾਲ ਹੀ ਇਹ ਵੀ ਭਰੋਸਾ ਦਿਵਾਇਆ ਕਿ ਸੀ.ਬੀ.ਆਈ. ਦੰਗਿਆਂ ਦੇ ਦੋਸ਼ੀਆਂ ਦੇ ਖਿਲਾਫ਼ ਪੂਰੀ ਇਮਾਨਦਾਰੀ ਨਾਲ ਕੰਮ ਕਰੇਗੀ।

ਇਹ ਖ਼ਬਰ ਮੈਨੂੰ ਹੀ ਬਣਾਉਣੀ ਸੀ ਤੇ ਉਸ ਦਿਨ ਦੀ 'ਲੀਡ' ਸੀ। ਖ਼ਬਰ ਲਿਖਣ ਦੇ ਨਾਲ ਹੀ ਮੈਨੂੰ ਲੱਗਾ ਕਿ ਮੇਰੇ ਸਿਰ ਤੋਂ ਵੀ ਬਹੁਤ ਵੱਡਾ ਭਾਰ ਉਤਰ ਗਿਆ ਹੈ। ਦਿਲ ਦੇ ਕਿਸੇ ਕੋਨੇ ਵਿੱਚ ਸੁਖਦ ਅਹਿਸਾਸ ਹੋ ਰਿਹਾ ਸੀ।

ਭਲੇ ਹੀ ਪ੍ਰਧਾਨ ਮੰਤਰੀ ਸਿੱਖ ਸੀ ਪਰ ਸੰਸਦ ਵਿੱਚ ਇੱਕ ਪ੍ਰਧਾਨ ਮੰਤਰੀ ਨੇ ਸਿੱਖ ਦੰਗਿਆਂ 'ਤੇ ਅਫ਼ਸੋਸ ਤਾਂ ਜਤਾਇਆ। ਕਿਧਰੇ ਇਹ ਹਾਲਾਤ ਸਨ ਜਦੋਂ ਸਿੱਖ ਕਤਲੇਆਮ ਦੇ ਬਾਅਦ ਸੰਸਦ ਦੀ ਬੈਠਕ ਹੋਈ ਤਾਂ ਸਾਬਕਾ ਪ੍ਰਧਾਨ ਮੰਤਰੀ

ਦੀ ਮੌਤ 'ਤੇ 'ਸ਼ੋਕ ਪ੍ਰਸਤਾਵ' ਤਾਂ ਆਇਆ ਪਰ ਦੇਸ਼ ਵਿੱਚ ਮਾਰੇ ਗਏ 5000 ਨਿਰਦੋਸ਼ ਸਿੱਖਾਂ ਦੇ ਬਾਰੇ ਵਿੱਚ ਇੱਕ ਲਫ਼ਜ਼ ਤਕ ਨਹੀਂ ਕਿਹਾ ਗਿਆ। ਉਸ ਵਕਤ ਸੱਤਾ ਧਿਰ ਤਾਂ ਮੌਨ ਰਹੀ ਹੀ, ਵਿਰੋਧੀ ਧਿਰ ਨੇ ਵੀ ਆਪਣੀ ਜ਼ਬਾਨ ਨਹੀਂ ਖੋਲ੍ਹੀ ਸੀ। ਇੰਝ ਜਤਾਇਆ ਗਿਆ ਜਿਵੇਂ 5000 ਨਿਰਦੋਸ਼ ਸਿੱਖਾਂ ਦਾ ਮਾਰਿਆ ਜਾਣਾ ਇਸ ਦੇਸ਼ ਦੇ ਲਈ ਕੋਈ ਅਹਿਮੀਅਤ ਹੀ ਨਹੀਂ ਰੱਖਦਾ। ਬਾਅਦ ਵਿੱਚ ਭੋਪਾਲ ਗੈਸ ਕਾਂਡ ਵਿੱਚ ਮਾਰੇ ਗਏ ਲੋਕਾਂ ਨੂੰ ਲੈ ਕੇ ਤਾਂ 'ਸ਼ੋਕ ਪ੍ਰਸਤਾਵ' ਆਏ ਪਰ ਸਿੱਖ ਕਤਲੇਆਮ ਦੇ ਬਾਰੇ ਕਦੇ ਨਹੀਂ। ਜਿਸ ਸੰਸਦ ਵਿੱਚ ਕਿਸੇ ਇੱਕ ਅਖ਼ਬਾਰ ਵਿੱਚ ਜ਼ਰਾ ਜਿਹਾ ਕੁਝ ਛਪ ਜਾਣ 'ਤੇ ਵੀ ਸਾਂਸਦ ਅਗਲੇ ਦਿਨ ਹੰਗਾਮਾ ਕਰ ਦਿੰਦੇ ਹਨ ਤੇ ਛੋਟੇ-ਮੋਟੇ ਦੰਗਿਆਂ 'ਤੇ ਵੀ ਸੰਸਦ ਕਈ ਦਿਨ ਠੱਪ ਹੋ ਜਾਂਦੀ ਹੈ, ਉਥੇ 1984 ਦੇ ਕਤਲੇਆਮ ਨੂੰ ਲੈ ਕੇ ਇਸ ਰਿਪੋਰਟ ਦੇ ਆਉਣ ਤੋਂ ਪਹਿਲਾਂ ਕਦੇ ਚਰਚਾ ਤਕ ਨਹੀਂ ਹੋਈ ਸੀ। ਮੈਂ ਇਹ ਤੱਥ ਜਾਣ ਕੇ ਹੈਰਾਨ ਹੋਇਆ।

ਸੰਸਦ ਕਵਰ ਕਰਦਿਆਂ ਤਕਰੀਬਨ 10 ਸਾਲ ਹੋ ਚਲੇ ਸੀ ਤੇ ਮੈਨੂੰ ਇਕਦਮ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਦੇਸ਼ ਦੀ ਸੰਸਦ ਵਿੱਚ ਐਸਾ ਵੀ ਹੋਇਆ ਹੋਵੇਗਾ।

1984 ਦੇ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ 545 ਵਿੱਚੋਂ 404 ਸੀਟਾਂ ਮਿਲ ਗਈਆਂ ਸੀ। ਭਾਜਪਾ ਨੂੰ ਦੋ ਹੀ ਮਿਲੀਆਂ ਸੀ। ਵਿਰੋਧੀ ਧਿਰ ਦਾ ਨੇਤਾ ਮਾਕਪਾ ਤੋਂ ਚੁਣਿਆ ਗਿਆ ਕਿਉਂਕਿ ਉਨ੍ਹਾਂ ਨੂੰ 22 ਸੀਟਾਂ ਮਿਲੀਆਂ ਸੀ। ਧਰਮ ਨਿਰਪੱਖਤਾ ਦਾ ਚੈਂਪਿਅਨ ਹੋਣ ਦਾ ਦਮ ਭਰਣ ਵਾਲੀ ਮਾਕਪਾ ਨੂੰ ਸ਼ਾਇਦ ਮਾਰੇ ਗਏ ਸਿੱਖਾਂ ਦੀਆਂ ਚੀਖਾਂ ਨਾਲ ਕੋਈ ਮਤਲਬ ਨਹੀਂ ਸੀ। ਵੈਸੇ ਵੀ ਵਾਮਪੰਥੀਆਂ ਦਾ 'ਮੁਸਲਿਮ ਪ੍ਰੇਮ' ਤਾਂ ਜਗ-ਜ਼ਾਹਰ ਹੈ ਪਰ ਜਦੋਂ ਸਿੱਖਾਂ ਦੇ ਨਾਲ ਅਨਿਆਂ ਦੀ ਗੱਲ ਆਉਂਦੀ ਹੈ ਤਾਂ ਇਨ੍ਹਾਂ ਦੇ ਮੂੰਹ ਸੀਤੇ ਜਾਂਦੇ ਹਨ। ਵਾਮਪੰਥੀਆਂ ਦੇ ਮਜ਼ਦੂਰਾਂ, ਪਿਛੜਿਆਂ ਤੇ ਗ਼ਰੀਬਾਂ ਨੂੰ ਲੈ ਕੇ ਸੰਵੇਦਨਾਤਮਕ ਰਵੱਈਏ ਦੇ ਪ੍ਰਤੀ ਮੇਰੇ ਮਨ ਵਿੱਚ ਸਨਮਾਨ ਹੈ ਪਰ ਉਨ੍ਹਾਂ ਦਾ ਸਿੱਖਾਂ ਪ੍ਰਤੀ ਰਵੱਈਆ ਅੱਜ ਤਕ ਸਮਝ ਨਹੀਂ ਆਇਆ। ਜੇਕਰ ਧਰਮ ਤੋਂ ਉਨ੍ਹਾਂ ਨੂੰ 'ਐਲਰਜੀ' ਹੈ ਤਾਂ ਫਿਰ ਸਾਰੇ ਧਰਮਾਂ ਦੇ ਪ੍ਰਤੀ ਇੱਕੋ ਜਿਹਾ ਰੁਖ ਕਿਉਂ ਨਹੀਂ ਰਖਦੇ ? ਜੋ ਵੀ ਹੋਵੇ, ਦੇਸ਼ ਦੇ ਇਸ ਸਭ ਤੋਂ ਵੱਡੀ ਪੰਚਾਇਤ ਨੇ ਇਸ ਮੁੱਦੇ ਨੂੰ ਕਦੇ ਚਰਚਾ ਦੇ ਲਾਇਕ ਤਕ ਨਹੀਂ ਸਮਝਿਆ ਸੀ।

ਪ੍ਰਧਾਨ ਮੰਤਰੀ ਦੇ ਇਸ ਬਿਆਨ ਨੇ ਇਤਿਹਾਸ ਰਚ ਦਿੱਤਾ ਸੀ ਤੇ ਸਿੱਖਾਂ ਦੇ ਦੁਖੀ ਦਿਲਾਂ 'ਤੇ ਕੁਝ ਹਦ ਤਕ ਮਰ੍ਹਮ ਲੱਗ ਗਈ ਸੀ। ਸਰਕਾਰ ਨੇ ਮੁਆਵਜ਼ੇ ਦੇ ਮਾਮਲੇ ਵਿੱਚ ਬੇਹਦ ਤਤਪਰਤਾ ਵਿਖਾਈ ਪਰ ਦੋਸ਼ੀਆਂ ਨੂੰ ਸਜ਼ਾ ਦੇ ਮਾਮਲੇ ਵਿੱਚ ਸੀ.ਬੀ.ਆਈ. ਜਾਂਚ ਅੱਗੇ ਵਧਾਉਣ ਨੂੰ ਤਿਆਰ ਨਜ਼ਰ ਨਹੀਂ ਆ ਰਹੀ ਸੀ। ਉਸਨੇ ਪਹਿਲਾਂ ਤਾਂ ਇਨ੍ਹਾਂ ਮਾਮਲਿਆਂ ਨੂੰ ਸ਼ੁਰੂ ਕਰਨ ਵਿੱਚ ਹੀ ਆਨਾਕਾਨੀ ਕੀਤੀ ਪਰ ਫਿਰ ਬੇਮਨ ਨਾਲ ਇਸ ਵਿੱਚ ਲੱਗ ਗਈ।

ਕਾਂਗਰਸ ਪ੍ਰਮੁਖ ਸੋਨੀਆ ਗਾਂਧੀ ਲੰਮੇ ਸਮੇਂ ਬਾਅਦ ਦਸੰਬਰ 1999 ਈ. ਵਿੱਚ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਗਈ ਤਾਂ ਉਸ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ "Events like the 1984 happening should never happen again, we are entering in a new millenium, let us do so in a spirit of forgiveness"। ਸੰਕੇਤ ਸਾਫ਼ ਸੀ ਕਿ ਉਹ ਸਿੱਖਾਂ ਤੇ ਪੰਜਾਬ ਦੇ ਨਾਲ ਰਿਸ਼ਤਿਆਂ ਨੂੰ ਸੁਧਾਰਣਾ ਚਾਹੁੰਦੀ ਸੀ। ਵੈਸੇ ਇਹ ਬਿਆਨ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਮੱਦੇ-ਨਜ਼ਰ ਦਿੱਤਾ ਗਿਆ ਸੀ।

ਹੁਣ ਸਤੰਬਰ 2008 ਵਿੱਚ ਰਾਹੁਲ ਗਾਂਧੀ ਨੇ ਪੰਜਾਬ ਦਾ ਦੌਰਾ ਕੀਤਾ। ਰਾਹੁਲ ਗਾਂਧੀ ਦਾ ਇਹ ਦੌਰਾ ਪੰਜਾਬ ਦੇ ਨੌਜੁਆਨਾਂ ਨਾਲ ਖ਼ੁਦ ਨੂੰ ਜੋੜਣ ਲਈ ਸੀ। ਅੰਮ੍ਰਿਤਸਰ ਵਿੱਚ ਪ੍ਰੈਸ ਕਾਨਫ਼ਰੰਸ ਵਿੱਚ ਉਨ੍ਹਾਂ ਨੇ ਇੱਕ ਸੁਆਲ ਦੇ ਜੁਆਬ ਵਿੱਚ ਕਿਹਾ ਕਿ "The 1984 riots were wrong and I strongly condemn the carnage"। ਲੱਗਾ ਕਿ ਉਹ ਸੰਜੀਦਾ ਨੇ, ਪਰ ਪੰਜਾਬ ਤੋਂ ਵਾਪਸ ਆਉਂਦਿਆਂ ਹੀ ਅਗਲੇ ਦਿਨ ਜਦੋਂ ਦਿੱਲੀ ਦੇ ਚੋਣਾਂ ਦੇ ਸਬੰਧ ਵਿੱਚ ਕਤਲੇਆਮ ਦੇ ਦੋਸ਼ੀਆਂ ਸੱਜਣ ਕੁਮਾਰ ਤੇ ਟਾਈਟਲਰ ਦੇ ਨਾਲ ਉਨ੍ਹਾਂ ਦੀ ਫ਼ੋਟੋ ਸਾਰੀਆਂ ਅਖ਼ਬਾਰਾਂ ਵਿੱਚ ਪ੍ਰਮੁਖਤਾ ਨਾਲ ਛਪੀ ਤਾਂ ਸਿੱਖਾਂ ਨੂੰ ਬੇਹਦ ਅਫ਼ਸੋਸ ਹੋਇਆ। ਸੱਚ ਸਾਹਮਣੇ ਆ ਗਿਆ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਉਣ ਦੇ ਹੋਰ ਨੇ। ਰਾਹੁਲ ਗਾਂਧੀ ਦੇ ਬਿਆਨ ਦਾ ਇੱਕ ਦਿਨ ਪਹਿਲਾਂ ਸੁਆਗਤ ਕਰ ਰਹੀ 'ਸਿੱਖ ਫੋਰਮ' ਨੇ ਅਗਲੇ ਦਿਨ ਇਸ 'ਤੇ ਬੇਹਦ ਨਿਰਾਸ਼ਾ ਜਤਾਈ।

ਇਹ ਸਭ ਬਿਆਨਬਾਜ਼ੀ ਰਾਜਨੀਤਕ ਸੀ, ਦਿਲ ਤੋਂ ਗ਼ਲਤੀ ਕਬੂਲ ਨਹੀਂ ਕੀਤੀ ਜਾ ਰਹੀ ਸੀ। ਜਾਂ ਫਿਰ ਕੁਝ ਅਜਿਹਾ ਡਰ ਹੈ ਕਿ ਦੋਸ਼ੀਆਂ ਨੂੰ ਇਨਾਮ

ਦਿੱਤੇ ਜਾਂਦੇ ਹਨ। ਸ਼ਾਇਦ ਇਨ੍ਹਾਂ ਨੂੰ ਲੱਗਦਾ ਹੈ ਕਿ ਇਹ ਦੋਸ਼ੀ ਖ਼ੁਦ ਫੱਸਣ 'ਤੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਟਾੱਪ ਲੀਡਰਸ਼ਿਪ ਨੂੰ ਵੀ ਕਟਘਰੇ ਵਿੱਚ ਨਾ ਖੜਾ ਕਰ ਦੇਣ। ਵੈਸੇ ਵੀ ਇਹ ਵਿਸ਼ਵਾਸ ਕਰਨਾ ਨਿਰੀ ਬੇਵਕੂਫ਼ੀ ਦੇ ਕੁਝ ਨਹੀਂ ਹੋਵੇਗਾ ਕਿ ਇਨ੍ਹਾਂ ਦੋਸ਼ੀ ਨੇਤਾਵਾਂ ਨੇ ਖ਼ੁਦ ਹੀ ਸਿੱਖਾਂ ਦੇ ਕਤਲੇਆਮ ਦਾ ਫ਼ੈਸਲਾ ਕਰ ਲਿਆ ਸੀ। ਜਦ ਤਕ ਸੱਤਾ ਦੇ ਬਾਕੀ ਆਗੂਆਂ ਤੋਂ ਉਨ੍ਹਾਂ ਨੂੰ ਅਜਿਹਾ ਕਰਨ ਦੇ ਨਿਰਦੇਸ਼, ਪੁਲਿਸ ਤੇ ਪ੍ਰਸ਼ਾਸਨ ਵੱਲੋਂ ਕਤਲੇਆਮ ਲਈ ਸਹਿਯੋਗ, ਤਸੱਲੀ ਤੇ ਹਿੰਮਤ ਨਾ ਦਿੱਤੀ ਗਈ ਹੋਵੇ, ਕੋਈ ਵੀ ਨੇਤਾ ਅਜਿਹਾ ਕਤਲੇਆਮ ਨਹੀਂ ਕਰਾ ਸਕਦਾ ਸੀ।

ਡਾ. ਸੰਗਤ ਸਿੰਘ ਤੇ ਰਜਨੀ ਕੋਠਾਰੀ ਵਰਗੇ ਇਤਿਹਾਸਕਾਰਾਂ ਨੇ ਸ਼ੰਕਾ ਜਤਾਈ ਹੈ ਕਿ 1985 ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿੱਖਾਂ ਦੇ ਖਿਲਾਫ਼ ਇਸ ਤਰ੍ਹਾਂ ਦੀ ਕਾਰਵਾਈ ਕਰਨ ਦੀ ਯੋਜਨਾ ਪਹਿਲਾਂ ਹੀ ਬਣ ਚੁੱਕੀ ਸੀ ਤਾਂਕਿ ਫਿਰਕੂ ਰੰਗਤ ਦਿੱਤੀ ਜਾ ਸਕੇ। ਪਰ ਇੰਦਰਾ ਗਾਂਧੀ ਦੀ ਮੌਤ ਕਰਕੇ ਇਸਨੂੰ ਕੁਝ ਦਿਨ ਪਹਿਲਾਂ ਹੀ ਅਮਲ ਵਿੱਚ ਲੈ ਆਇਆ ਗਿਆ। ਇਸ ਵਿੱਚ ਕਿੰਨੀ ਸੱਚਾਈ ਹੈ, ਇਹ ਤਾਂ ਪਤਾ ਨਹੀਂ ਪਰ ਨਾਨਾਵਟੀ ਕਮੀਸ਼ਨ ਨੇ ਸਾਫ਼ ਕਿਹਾ ਹੈ ਕਿ ਦੰਗੇ ਪੂਰੀ ਤਰ੍ਹਾਂ ਪਹਿਲਾਂ ਤੋਂ ਯੋਜਨਾਬੱਧ ਸਨ ਤੇ ਸੰਗਠਤ ਤਰੀਕੇ ਨਾਲ ਕੀਤੇ ਗਏ। ਅਜਿਹੀ ਯੋਜਨਾ ਕੀ ਇੱਕ ਦਿਨ ਵਿੱਚ ਬਣ ਸਕਦੀ ਹੈ, ਇਹ ਵੀ ਆਸਾਨ ਨਹੀਂ ਲੱਗਦਾ।

ਬਿਆਨਾਂ ਨਾਲ ਸਿੱਖਾਂ ਦਾ ਦਰਦ ਦੂਰ ਕਰਨ ਦੀ ਕੋਸ਼ਿਸ਼ ਤਾਂ ਹੋ ਰਹੀ ਸੀ ਪਰ 1984 ਦੇ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਦੇ ਖਿਲਾਫ਼ ਕਾਰਵਾਈ ਦੀ ਰਾਜਨੀਤਕ ਇੱਛਾ-ਸ਼ਕਤੀ ਦੀ ਘਾਟ ਸਾਫ਼ ਤੌਰ 'ਤੇ ਨਜ਼ਰ ਆਈ। ਜ਼ਿਆਦਾ ਜ਼ੋਰ ਮੁਆਵਜ਼ਾ ਦੇ ਕੇ ਸਿੱਖਾਂ ਨੂੰ ਇਸ ਕਤਲੇਆਮ ਨੂੰ ਭੁੱਲ ਜਾਣ ਲਈ ਕਹਿਣ 'ਤੇ ਹੀ ਸੀ। ਸਰਕਾਰ ਸ਼ਾਇਦ ਸਿੱਖਾਂ ਦੇ ਮਨਾਂ ਵਿੱਚ ਲੱਗੇ 1984 ਦੇ ਜ਼ਖ਼ਮਾਂ ਨੂੰ ਬਹੁਤ ਹਲਕਿਆਂ ਲੈ ਰਹੀ ਸੀ।

ਜਗਦੀਸ਼ ਟਾਈਟਲਰ ਦੇ ਮਾਮਲੇ ਵਿੱਚ ਵੀ ਜਦੋਂ ਕੋਰਟ ਨੇ ਫਟਕਾਰ ਲਾਈ, ਤਾਂ ਕਿਤੇ ਉਸਨੇ ਅਮਰੀਕਾ ਜਾ ਕੇ ਗਵਾਹ ਜਸਬੀਰ ਸਿੰਘ ਦਾ ਬਿਆਨ ਲਿਆ। ਜਦਕਿ ਪਹਿਲਾਂ ਸੀ.ਬੀ.ਆਈ. ਇਹੀ ਦੱਸਦੀ ਰਹੀ ਕਿ ਉਹ ਗਵਾਹ ਨੂੰ ਲੱਭ ਨਹੀਂ

ਸਕੀ ਹੈ। ਸੀ.ਬੀ.ਆਈ. ਦਾ ਇਹ ਰਵੱਈਆ ਬੇਹਦ ਦੁਖਦਾਈ ਸੀ। ਜਿਸ ਮਾਮਲੇ ਵਿੱਚ ਅਦਾਲਤ ਨੇ ਸੱਜਣ ਕੁਮਾਰ ਨੂੰ ਬਰੀ ਕੀਤਾ, ਉਸਨੂੰ ਚੁਣੌਤੀ ਦੇਣ ਵਿੱਚ ਹੀ ਪੰਜ ਸਾਲ ਲਗਾ ਦਿੱਤੇ।

ਨਾਨਾਵਟੀ ਕਮੀਸ਼ਨ ਦੀ ਸਿਫ਼ਾਰਸ਼ ਦੇ ਬਾਵਜੂਦ ਸਰਕਾਰ ਨੇ ਕਤਲੇਆਮ ਦੇ ਗ਼ੁਨਾਹਗਾਰ ਪੁਲਿਸ ਅਫ਼ਸਰਾਂ ਦੇ ਖਿਲਾਫ਼ ਕਾਰਵਾਈ ਕਰਨ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿਉਂਕਿ ਜਾਂ ਤਾਂ ਉਹ ਰਿਟਾਇਰ ਹੋ ਚੁੱਕੇ ਸੀ ਜਾਂ ਐਨੇ ਲੰਮੇ ਸਮੇਂ ਬਾਅਦ ਉਨ੍ਹਾਂ 'ਤੇ ਕਾਰਵਾਈ ਕਰਨਾ ਸੰਭਵ ਨਹੀਂ ਸੀ। ਅਸਲ ਵਿੱਚ ਇਥੇ ਵੀ ਰਜਾਨੀਤਕ ਇੱਛਾ ਸ਼ਕਤੀ ਦੀ ਹੀ ਘਾਟ ਸੀ। ਜੇਕਰ ਸਰਕਾਰ ਚਾਹੁੰਦੀ ਤਾਂ ਰਾਹ ਕੱਢ ਸਕਦੀ ਸੀ। ਇਹ ਗੱਲਾਂ ਦਿਲ ਨੂੰ ਚੁਭਦੀਆਂ ਸਨ।

ਇਸੇ ਦੌਰਾਨ ਜਨਵਰੀ 2009 ਵਿੱਚ ਹਾਈ ਕੋਰਟ ਨੇ 1984 ਦੇ ਇੱਕ ਮਾਮਲੇ ਵਿੱਚ ਟਿੱਪਣੀ ਕੀਤੀ ਕਿ "1984 ਦੇ ਜ਼ਖ਼ਮ ਹੁਣ ਭਰ ਚੁੱਕੇ ਨੇ, ਇਸ ਲਈ ਮਾਮਲੇ ਨੂੰ ਘਸੀਟਦੇ ਰਹਿਣ ਦਾ ਕੋਈ ਮਤਲਬ ਨਹੀਂ ਹੈ।" ਇਹ ਟਿੱਪਣੀ ਦਿਲ ਨੂੰ ਛੇਕ ਗਈ। ਇਹ ਜ਼ਾਹਰ ਕਰ ਰਹੀ ਸੀ ਕਿ ਸਿਸਟਮ ਮੰਨ ਚੁੱਕਾ ਹੈ ਕਿ 1984 ਦੇ ਜ਼ਖ਼ਮ ਭਰ ਚੁੱਕੇ ਹਨ।

ਨਿਆਂ ਹੋਇਆ ਨਹੀਂ, ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਨਹੀਂ ਤੇ ਮਾਰੇ ਗਏ ਨਿਰਦੋਸ਼ ਸਿੱਖਾਂ ਦੀਆਂ ਵਿਧਵਾਵਾਂ ਤੇ ਬੱਚੇ ਪਲ-ਪਲ ਉਸ ਅਨਿਆਂ ਨੂੰ ਲੈ ਕੇ ਹੰਝੂ ਵਗ੍ਹਾ ਰਹੇ ਨੇ ਪਰ ਇਥੇ ਕਿਹਾ ਜਾ ਰਿਹਾ ਹੈ ਕਿ ਜ਼ਖ਼ਮ ਭਰ ਗਏ ਹਨ। ਦੋਸ਼ੀਆਂ ਦੇ ਖਿਲਾਫ਼ 11 ਸਾਲਾਂ ਬਾਅਦ ਪਹਿਲੀ ਐਫ਼.ਆਈ.ਆਰ. ਦਰਜ ਹੋਈ। ਗਵਾਹਾਂ ਨੂੰ ਡਰਾ-ਧਮਕਾ ਕੇ ਜਾਂ ਲਾਲਚ ਦੇ ਕੇ ਬਿਆਨ ਬਦਲਣ 'ਤੇ ਮਜਬੂਰ ਕਰਕੇ ਨਿਆਂ ਦਾ ਮਜ਼ਾਕ ਬਣਾ ਦਿੱਤਾ ਤੇ ਫਿਰ ਕਿਹਾ ਜਾ ਰਿਹਾ ਹੈ ਕਿ ਜ਼ਖ਼ਮ ਭਰ ਗਏ ਹਨ। ਲੱਗਾ ਕਿ ਕਿਤੇ ਇਸ ਟਿੱਪਣੀ ਨੂੰ ਅਧਾਰ ਬਣਾ ਕੇ ਬਾਕੀ ਕੇਸ ਨਾ ਖਤਮ ਕਰ ਦੇਣ।

ਕਤਲੇਆਮ ਦੇ ਪੀੜਤ ਕੋਈ ਭੀਖ ਤਾਂ ਨਹੀਂ ਮੰਗ ਰਹੇ ? ਨਿਆਂ ਦੀ ਮੰਗ ਕਰਨਾ ਜਾਂ ਆਸ ਕਰਨਾ, ਕੀ ਕੋਈ ਗ਼ੁਨਾਹ ਹੋ ਗਿਆ ਹੈ ? ਆਖਰ ਕੌਣ ਦੇਵੇਗਾ ਨਿਆਂ ? ਕੀ ਇਤਿਹਾਸ ਵਿੱਚ ਇਹ ਕਤਲੇਆਮ ਇਸੇ ਤਰ੍ਹਾਂ ਦਰਜ ਹੋਵੇਗਾ ਕਿ 5000 ਨਿਰਦੋਸ਼ਾਂ ਦਾ ਕਤਲ ਹੋਇਆ ਪਰ ਭਾਰਤ ਵਿੱਚ ਪੀੜਤਾਂ ਨੂੰ ਕੋਈ

ਨਿਆਂ ਨਹੀਂ ਮਿਲਿਆ। ਇਹ ਸਾਰੀਆਂ ਗੱਲਾਂ ਮੇਰੇ ਮਾਨਸਿਕ ਉਥਲ-ਪੁਥਲ ਦਾ ਕਾਰਣ ਬਣ ਚੁੱਕੀਆਂ ਸੀ।

ਇਸ ਦੌਰਾਨ 18 ਫ਼ਰਵਰੀ ਨੂੰ ਇੱਕ ਹੋਰ ਖ਼ਬਰ ਆਈ ਜਿਸਨੇ ਬੁਰੀ ਤਰ੍ਹਾਂ ਹਿਲਾ ਦਿੱਤਾ। ਪੰਜਾਬ ਦੇ ਮੋਹਾਲੀ ਵਿੱਚ ਇੱਕ ਹੋਰ ਗਵਾਹ ਗੁਰਚਰਨ ਸਿੰਘ ਨੇ ਦਮ ਤੋੜ ਦਿੱਤਾ ਸੀ। ਉਹ 1984 ਵਿੱਚ ਜ਼ਖ਼ਮੀ ਹੋਣ ਦੇ ਬਾਅਦ ਤੋਂ ਬਿਸਤਰ 'ਤੇ ਸੀ ਤੇ ਸੱਜਣ ਕੁਮਾਰ ਦੇ ਖਿਲਾਫ਼ ਮੁੱਖ ਗਵਾਹ ਸੀ। ਕਤਲੇਆਮ ਵਿੱਚ ਲਗੇ ਜ਼ਖ਼ਮਾਂ ਕਰਕੇ ਉਸਦਾ ਸਰੀਰ ਪੈਰਾਲਾਈਜ਼ ਹੋ ਗਿਆ ਤੇ ਉਹ ਤਾਂ ਤੋਂ ਬਿਸਤਰ 'ਤੇ ਹੀ ਸੀ। ਕਰਨੈਲ ਸਿੰਘ ਪੀਰ ਮੁਹੰਮਦ ਨੇ ਮੀਡੀਆ ਨੂੰ ਇਹ ਖ਼ਬਰ ਦਿੱਤੀ।

ਸੱਜਣ ਕੁਮਾਰ ਦੇ ਖਿਲਾਫ਼ ਗਵਾਹੀ ਦੇਣ ਵਾਲੀ ਅਨੇਕ ਕੌਰ ਪਹਿਲਾਂ ਹੀ ਦੁਨੀਆ ਤੋਂ ਜਾ ਚੁੱਕੀ ਸੀ। ਹੁਣ ਗਵਾਹ ਵੀ ਦੁਨੀਆ ਤੋਂ ਕੂਚ ਕਰਨ ਲੱਗੇ ਸੀ ਪਰ ਨਿਆਂ ਦਾ ਚੱਕਰ ਘੁੰਮਣ ਨੂੰ ਹੀ ਰਾਜ਼ੀ ਨਹੀਂ ਸੀ। ਸੰਸਦ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਜੋ ਵਾਇਦੇ ਕੀਤੇ ਗਏ ਸੀ, ਉਹ ਹਵਾ ਹੋ ਗਏ ਸੀ। ਇਹ ਗੱਲ ਦਿਲ ਨੂੰ ਚੋਟ ਪਹੁੰਚਾ ਰਹੀ ਸੀ। ਸਿੱਖਾਂ ਦੀਆਂ ਭਾਵਨਾਵਾਂ ਤੇ ਅਨਿਆਂ ਨੂੰ ਹਲਕੇ ਢੰਗ ਨਾਲ ਲਿਆ ਜਾ ਰਿਹਾ ਸੀ।

ਕੌੜੇ ਅਤੀਤ ਨੂੰ ਦਫ਼ਨ ਕਰਕੇ ਨਵੇਂ ਸਬੰਧਾਂ ਦਾ ਹੌਕਾ ਦੇਣ ਵਾਲੀ ਕਾਂਗਰਸ ਪਾਰਟੀ ਨੇ ਹੁਣ ਸਿੱਖ ਕਤਲੇਆਮ ਦਾ ਚਿਹਰਾ ਬਣ ਚੁੱਕੇ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਲੋਕ ਸਭਾ ਚੋਣਾਂ ਲਈ ਪਾਰਟੀ ਟਿਕਟ ਦੇ ਦਿੱਤੀ। ਇਨ੍ਹਾਂ ਦੋਸ਼ੀਆਂ ਨੂੰ ਟਿਕਟ ਮਿਲਣਾ ਸਿੱਖਾਂ ਨੂੰ ਹਮੇਸ਼ਾ ਮੂੰਹ 'ਤੇ ਚਪੇੜ ਵਰਗਾ ਮਹਿਸੂਸ ਹੁੰਦਾ ਰਿਹਾ ਹੈ। ਮਨ ਸੋਚਣ ਲੱਗਾ ਕਿ ਜਦੋਂ ਸੋਨੀਆ ਗਾਂਧੀ ਗੁਜਰਾਤ ਦੰਗਿਆਂ ਦੇ ਲਈ ਨਰੇਂਦਰ ਮੋਦੀ ਤੇ ਉਨ੍ਹਾਂ ਦੀ ਸਰਕਾਰ ਨੂੰ 'ਮੌਤ ਦੇ ਸੌਦਾਗਰ' ਦੱਸਣ ਤੋਂ ਗੁਰੇਜ਼ ਨਹੀਂ ਕਰਦੀ ਤਾਂ ਫਿਰ 1984 ਦੇ ਸਿੱਖ ਕਤਲੇਆਮ ਲਈ ਜੋ ਚਿਹਰੇ ਸਿੱਖ ਭੁੱਲ ਨਹੀਂ ਸਕਦੇ, ਉਨ੍ਹਾਂ ਨੂੰ ਟਿਕਟ ਕਿਵੇਂ ਦੇ ਦਿੱਤਾ ? ਸੱਜਣ ਕੁਮਾਰ ਤੇ ਟਾਈਟਲਰ ਨੂੰ ਹਰ ਉਸ ਕਮੀਸ਼ਨ ਤੇ ਕਮੇਟੀ ਨੇ ਦੋਸ਼ੀ ਦੱਸਿਆ ਸੀ ਜਿਸਦਾ ਗਠਨ ਕਾਂਗਰਸ ਸਰਕਾਰਾਂ ਦੇ ਵਕਤ ਹੋਇਆ।

ਇਨਸਾਫ਼ ਬਗੈਰ ਸਿੱਖਾਂ ਨੂੰ ਤਸੱਲੀ ਨਹੀਂ ਮਿਲ ਸਕਦੀ ਪਰ ਕੀ ਐਨੇ ਵੱਡੇ ਕਤਲੇਆਮ ਤੇ ਸਿੱਖਾਂ ਦੇ ਨਾਲ ਨਾ-ਇਨਸਾਫ਼ੀ ਦੇ ਦਰਦ ਨੂੰ ਦੂਰ ਕਰਨ ਲਈ

ਕਾਂਗਰਸ ਐਨਾ ਵੀ ਨਹੀਂ ਕਰ ਸਕਦੀ ਕਿ ਇਨ੍ਹਾਂ ਨੂੰ ਟਿਕਟਾਂ ਨਾ ਦੇਵੇ ? ਇਹ ਠੀਕ ਹੈ ਕਿ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ ਪਰ ਇਸ ਨਾਲ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਤਾਂ ਨਹੀਂ ਮਿਲ ਗਈ ? ਸਜ਼ਾ ਦੀ ਗੱਲ ਤਾਂ ਕਿਤੇ ਦੂਰ ਰਹੀ, ਇਨ੍ਹਾਂ ਨੂੰ ਟਿਕਟਾਂ ਦਿੱਤੀਆਂ ਜਾ ਰਹੀਆਂ ਨੇ। ਕਾਂਗਰਸ ਨੇ ਇਹ ਮਾਯੂਸ ਕਰਨ ਵਾਲਾ ਕਦਮ ਚੁੱਕਿਆ ਸੀ।

ਹੱਦ ਤਾਂ ਹੋ ਗਈ ਜਦੋਂ ਚੋਣਾਂ ਤੋਂ ਐਨਾ ਪਹਿਲਾਂ ਸੀ.ਬੀ.ਆਈ. ਨੇ ਟਾਈਟਲਰ ਦੇ ਖਿਲਾਫ਼ ਮਾਮਲੇ ਨੂੰ ਹੀ ਬੰਦ ਕਰਨ ਦੀ ਸਿਫ਼ਾਰਸ਼ ਕਰਨੀ ਸ਼ੁਰੂ ਕਰ ਦਿੱਤੀ। ਮੈਨੂੰ ਯਾਦ ਹੈ ਕਿ ਜਦੋਂ ਸੀ.ਬੀ.ਆਈ. ਦੇ ਸੂਤਰਾਂ ਦੇ ਹਵਾਲੇ ਤੋਂ ਇਹ ਖ਼ਬਰ ਸਾਡੇ ਬਿਊਰੋ ਰਿਪੋਰਟਰ ਨੇ ਕੀਤੀ ਤਾਂ ਬਿਊਰੋ ਵਿੱਚ ਹੀ ਮੇਰੇ ਕਈ ਸੰਗੀ-ਸਾਥੀਆਂ ਨੇ ਇਸਦੀ ਭਰਪੂਰ ਆਲੋਚਨਾ ਕੀਤੀ। ਉਹ ਇਸਨੂੰ ਸਰਕਾਰ ਦੀ ਬੇਸ਼ਰਮੀ ਦੀ ਹੱਦ ਕਰਾਰ ਦੇ ਰਹੇ ਸੀ। ਕਿਹਾ ਜਾ ਰਿਹਾ ਸੀ ਕਿ ਐਨਾ 'ਹਾਈ ਪ੍ਰੋਫਾਈਲ' ਮਾਮਲਾ ਸੀ.ਬੀ.ਆਈ. ਕਦੇ ਇਸ ਤਰ੍ਹਾਂ ਬੰਦ ਨਹੀਂ ਕਰਦੀ ਹੈ।

ਸੀ.ਬੀ.ਆਈ. ਇਹ ਕਹਿੰਦੇ ਹੋਏ ਮਾਮਲਾ ਬੰਦ ਕਰਨਾ ਚਾਹੁੰਦੀ ਸੀ ਕਿ ਉਸਨੂੰ ਗਵਾਹਾਂ 'ਤੇ ਭਰੋਸਾ ਨਹੀਂ ਹੈ। ਮੇਰਾ ਦਿਮਾਗ ਵੀ ਇਹ ਗੱਲ ਨਹੀਂ ਸਮਝ ਪਾ ਰਿਹਾ ਸੀ ਕਿ ਆਖਰ ਸੀ.ਬੀ.ਆਈ. ਕਦ ਤੋਂ ਅਦਾਲਤ ਹੋ ਗਈ ? ਉਸਦਾ ਕੰਮ ਜਾਂਚ ਕਰਨਾ ਹੈ ਨਾ ਕਿ ਇਹ ਦੱਸਣਾ ਕਿ ਇਹ ਗਵਾਹ ਭਰੋਸੇ ਜੋਗ ਹੈ ਜਾਂ ਨਹੀਂ। ਜੇ ਕਰ ਇਹ ਗਵਾਹ ਭਰੋਸੇ ਜੋਗ ਨਹੀਂ ਹੈ ਤਾਂ ਫਿਰ ਹੋਰ ਗਵਾਹ ਲੱਭਣ। ਕੀ ਉਸਨੂੰ ਨਹੀਂ ਪਤਾ ਕਿ ਤਾਕਤਵਰ ਰਾਜਨੀਤਕ ਲੋਕਾਂ ਦੇ ਖਿਲਾਫ਼ ਗਵਾਹੀ ਦੇਣਾ ਇੱਕ ਬਹੁਤ ਜੋਖ਼ਮ ਵਾਲਾ ਕੰਮ ਹੈ। ਸੈਂਕੜੇ ਲੋਕ ਇਨ੍ਹਾਂ ਨੂੰ ਉਥੇ ਵੇਖਣ ਦੇ ਬਾਵਜੂਦ ਗਵਾਹੀ ਲਈ ਹਿੰਮਤ ਨਹੀਂ ਜੁਟਾ ਸਕੇ ਹਨ। ਜਿੰਨੇ ਹਿੰਮਤ ਵੀ ਕੀਤੀ ਤਾਂ ਉਸਨੂੰ ਐਵੇਂ ਹੀ ਖਾਰਜ ਕੀਤਾ ਜਾ ਰਿਹਾ ਹੈ। ਇਹ ਚੋਣਾਂ ਤੋਂ ਐਨ ਪਹਿਲਾਂ ਕਲੀਨ ਚਿਟ ਕਿਵੇਂ ਦਿੱਤੀ ਜਾ ਰਹੀ ਹੈ ? ਖ਼ਾਸ ਕਰ ਜਦੋਂ ਚੋਣ ਕਮੀਸ਼ਨ ਚੋਣਾਂ ਦਾ ਐਲਾਨ ਕਰ ਚੁੱਕਾ ਹੈ।

ਸੀ.ਬੀ.ਆਈ. ਨੂੰ ਲੰਮੇ ਸਮੇਂ ਤਕ ਕਵਰ ਕਰਨ ਵਾਲੇ ਕਿਸੇ ਵੀ ਪੱਤਰਕਾਰ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਸੀ ਕਿ ਸੀ.ਬੀ.ਆਈ. ਖ਼ੁਦ ਅਜਿਹਾ ਕਰ ਸਕਦੀ ਹੈ। ਸੀ.ਬੀ.ਆਈ. ਰਾਜਨੀਤਕ ਮਾਮਲਿਆਂ ਦੀ ਕਿਸ ਤਰ੍ਹਾਂ ਨਾਲ ਵਰਤੋਂ ਕਰਦੀ

ਹੈ, ਇਸਦੇ ਤਮਾਮ ਇਲਜ਼ਾਮ ਸਾਰੀਆਂ ਪਾਰਟੀਆਂ ਹੁਣ ਤਕ ਲਗਾ ਚੁੱਕੀਆਂ ਹਨ। ਮਨ ਨੂੰ ਚੋਟ ਲੱਗ ਰਹੀ ਸੀ। ਸੀ.ਬੀ.ਆਈ. ਦੇ ਮਾਮਲਾ ਬੰਦ ਕਰਨ ਦੇ ਬਾਅਦ ਨਿਆਂ ਦੀ ਅਖੀਰਲੀ ਕਿਰਣ ਵੀ ਬੁੱਝ ਰਹੀ ਸੀ।

ਇਸੇ ਦੌਰਾਨ 2 ਅਪ੍ਰੈਲ ਨੂੰ ਕਿਸੇ ਰਿਪੋਰਟਰ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਤੋਂ ਇਸ ਕਲੀਨ ਚਿਟ ਦੇ ਬਾਰੇ ਵਿੱਚ ਪੁੱਛ ਲਿਆ। ਅਜੇ ਇਹ ਕਲੀਨ ਚਿਟ ਅਦਾਲਤ ਵਿੱਚ ਬੰਦ ਲਿਫ਼ਾਫ਼ੇ ਵਿੱਚ ਸੌਂਪੀ ਗਈ ਸੀ, ਜਨਤਕ ਨਹੀਂ ਹੋਈ ਸੀ, ਪਰ ਪੀ. ਚਿਦੰਬਰਮ ਨੇ ਕਿਹਾ ਕਿ "ਮੈਨੂੰ ਖ਼ੁਸ਼ੀ ਹੈ ਕਿ ਮੇਰੇ ਸਾਥੀ ਨੂੰ ਸੀ.ਬੀ.ਆਈ. ਨੇ ਮੁਕਤ ਕਰ ਦਿੱਤਾ ਹੈ।" ਇਹ ਬਿਆਨ ਪ੍ਰੈਸ ਟਰੱਸਟ ਆਫ਼ ਇੰਡੀਆ ਨੇ ਜਾਰੀ ਕੀਤਾ।

ਚਿਦੰਬਰਮ ਦੀ ਇਹ ਟਿੱਪਣੀ ਪੂਰੀ ਤਰ੍ਹਾਂ ਸੰਵੇਦਨਹੀਣ ਸੀ ਤੇ ਸਿੱਖਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਹੋਣ ਦਾ ਅਹਿਸਾਸ ਦਿਵਾ ਰਹੀ ਸੀ। ਆਖਰ ਦੇਸ਼ ਦਾ ਗ੍ਰਹਿ ਮੰਤਰੀ ਇਸ ਟਿੱਪਣੀ ਤੋਂ ਕੀ ਸੰਦੇਸ਼ ਦੇ ਰਿਹਾ ਸੀ ! ਇਹੀ ਚਿਦੰਬਰਮ ਨਰਿੰਦਰ ਮੋਦੀ ਨੂੰ ਤਾਂ ਹੱਥੋਂ-ਹੱਥੀਂ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸਿੱਖਾਂ ਦੇ ਪ੍ਰਤੀ ਐਨੀ ਸੰਵੇਦਨਹੀਣਤਾ ਕਿਉਂ ? ਇਹ ਗੱਲ ਦੇਸ਼ ਦਾ ਗ੍ਰਹਿ ਮੰਤਰੀ ਕਹਿ ਰਿਹਾ ਸੀ, ਜਿਸ 'ਤੇ ਪੂਰੇ ਦੇਸ਼ ਦੇ ਕਾਨੂੰਨ ਤੇ ਸੁਰੱਖਿਆ ਦੀ ਜ਼ਿੰਮੇਵਾਰੀ ਸੀ।

ਸਿੱਖ ਕਤਲੇਆਮ ਵਿੱਚ ਜਿੱਥੇ 5000 ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਹੋ ਗਈਆਂ ਸੀ ਤੇ ਉਨ੍ਹਾਂ ਮਾਮਲਿਆਂ ਵਿੱਚ ਦੋਸ਼ੀਆਂ ਦੇ ਛੁੱਟਣ 'ਤੇ ਗ੍ਰਹਿ ਮੰਤਰੀ ਖ਼ੁਸ਼ੀ ਜਤਾ ਰਿਹਾ ਸੀ। ਉਹ ਵੀ ਇੱਕ ਐਸਾ ਵਿਅਕਤੀ ਜੋ ਸ਼ਾਂਤ ਤਰੀਕੇ ਨਾਲ ਬੋਲਦਿਆਂ ਹੋਇਆਂ ਵੀ ਵਿਰੋਧੀਆਂ ਨੂੰ ਚੁੱਪ ਕਰਾਉਣ ਦੀ ਯੋਗਤਾ ਰੱਖਦਾ ਸੀ ਤੇ ਲੰਮੇ ਸਮੇਂ ਤਕ ਸੰਸਦ ਕਵਰ ਕਰਨ ਕਰਕੇ ਮੈਂ ਉਸਦੀ ਸਮਝਦਾਰੀ ਦਾ ਕਾਇਲ ਸੀ। ਉਨ੍ਹਾਂ ਨੂੰ ਸ਼ਬਦਾਂ ਨੂੰ ਚੰਗੀ ਤਰ੍ਹਾਂ ਤੋਲ-ਮੋਲ ਕੇ ਹੀ ਮੂੰਹ ਤੋਂ ਕੱਢਣ ਦੀ ਆਦਤ ਸੀ। ਫਿਰ ਐਸੇ ਵਿਅਕਤੀ ਨੇ ਪੀੜਤ ਲੋਕਾਂ ਦਾ ਮਜ਼ਾਕ ਕਿਉਂ ਉਡਾਇਆ ?

ਇਹ ਕਿਉਂ ਨਹੀਂ ਸੋਚਿਆ ਕਿ 25 ਸਾਲਾਂ ਤੋਂ ਨਿਆਂ ਦੀ ਆਸ ਵਿੱਚ ਬੈਠੇ ਪੀੜਤਾਂ ਦੇ ਦਿਲ ਸੀ.ਬੀ.ਆਈ. ਦੇ ਇਸ ਕਦਮ ਤੋਂ ਬੇਹਦ ਆਹਤ ਹਨ। ਗ੍ਰਹਿ ਮੰਤਰੀ ਪੂਰੇ ਦੇਸ਼ ਦਾ ਹੁੰਦਾ ਹੈ, ਕਿਸੇ ਇੱਕ ਪਾਰਟੀ ਦਾ ਨਹੀਂ। ਉਨ੍ਹਾਂ ਦਾ ਜਨਤਕ ਤੌਰ 'ਤੇ ਆਪਣੀ ਸਾਥੀ ਦੇ ਛੁੱਟਣ 'ਤੇ ਖ਼ੁਸ਼ੀ ਜਤਾਉਣਾ ਜ਼ਖ਼ਮਾਂ 'ਤੇ ਲੂਣ

ਛਿੜਕਣ ਵਰਗਾ ਸੀ। ਕੀ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਦੁਨੀਆ ਦੀ ਕੋਈ ਵੀ ਅਦਾਲਤ ਭਲਾ ਇਨ੍ਹਾਂ ਦੋਸ਼ੀਆਂ ਨੂੰ ਛੱਡ ਦੇਵੇ ਪਰ ਸਾਰੇ ਸਿੱਖਾਂ ਲਈ ਹੀ ਨਹੀਂ ਬਲਕਿ ਦੇਸ਼ ਦੇ ਇਨਸਾਫ਼-ਪਸੰਦ ਲੋਕਾਂ ਦੀਆਂ ਨਜ਼ਰਾਂ ਵਿੱਚ ਵੀ ਉਹ ਹਮੇਸ਼ਾ ਦੋਸ਼ੀ ਹੀ ਰਹਿਣਗੇ। ਹੁਣ ਮੈਂ ਤੈਅ ਕਰ ਲਿਆ ਸੀ ਕਿ 1984 ਦੇ ਅਨਿਆਂ ਦਾ ਸੁਆਲ ਜ਼ਰੂਰ ਚੁੱਕਣਾ ਹੈ।

ਮਨ ਆਹਤ ਹੋ ਰਿਹਾ ਸੀ। ਮੇਰੀ ਪ੍ਰਮੁੱਖ ਬੀਟ ਡਿਫੈਂਸ ਸੀ ਪਰ ਫ਼ਰਵਰੀ 2009 ਵਿੱਚ ਪੂਰੇ ਬਿਊਰੋ ਨੂੰ ਸਿਰਫ਼ ਰਾਜਨੀਤੀ ਤੇ ਲੋਕ ਸਭਾ ਚੋਣਾਂ 'ਤੇ ਧਿਆਨ ਕੇਂਦਰਿਤ ਕਰਨ ਲਈ ਕਹਿ ਦਿੱਤਾ ਗਿਆ ਸੀ। ਲੋਕ ਸਭਾ ਚੋਣਾਂ ਦੇ ਵਕਤ ਅਜਿਹਾ ਹੋਣਾ ਸੁਭਾਵਿਕ ਹੀ ਸੀ। ਮੈਂ ਫ਼ਰਵਰੀ ਤੋਂ ਸਿਰਫ਼ ਰਾਜਨੀਤਿਕ ਸਮੀਕਰਣਾਂ ਤੇ ਲੋਕ ਸਭਾ ਚੋਣਾਂ ਨਾਲ ਸਬੰਧਿਤ ਖ਼ਬਰਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਵਿਸ਼ੇਸ਼ ਚੋਣ ਪੰਨੇ ਲਈ ਹਰ ਹਫ਼ਤੇ ਘੱਟ ਤੋਂ ਘੱਟ ਤਿੰਨ ਖ਼ਾਸ ਚੋਣ ਖ਼ਬਰਾਂ ਦੇਣਾ ਜ਼ਰੂਰੀ ਹੋ ਚੁੱਕਾ ਸੀ। ਪੰਜਾਬ, ਹਿਮਾਚਲ ਤੇ ਜੰਮੂ-ਕਸ਼ਮੀਰ ਵੀ ਮੇਰੇ ਕੋਲ ਸੀ, ਇਸ ਲਈ ਉਥੋਂ ਦੇ ਲਈ ਕਾਂਗਰਸ ਵਿੱਚ ਟਿਕਟ ਵੰਡਣ ਤੇ ਚੋਣ ਰਣਨੀਤੀ ਨੂੰ ਲੈ ਕੇ ਖ਼ਬਰਾਂ ਕਰਨਾ ਵੀ ਮੇਰੀ ਜ਼ਿੰਮੇਵਾਰੀ ਸੀ। ਇਸ ਤੋਂ ਇਲਾਵਾ ਚੋਣ ਕਮੀਸ਼ਨ ਲੰਮੇ ਸਮੇਂ ਤੋਂ ਮੇਰੀ ਬੀਟ ਸੀ ਤੇ ਹੁਣ ਚੋਣਾਂ ਦੇ ਐਲਾਨ ਤੋਂ ਬਾਅਦ ਇਹ ਬੀਟ ਮਹੱਤਵਪੂਰਨ ਹੋ ਚੁੱਕੀ ਸੀ। ਆਦਰਸ਼ ਚੋਣ ਆਚਾਰ ਸੰਹਿਤਾ ਉਲੰਘਣ ਦੇ ਮਾਮਲੇ ਪ੍ਰਮੁਖਤਾ ਨਾਲ ਛਪ ਰਹੇ ਸੀ।

ਇਸੇ ਦੌਰਾਨ ਗ੍ਰਹਿ ਮੰਤਰੀ ਦੇ ਖਿਲਾਫ਼ ਵੀ ਰਾਜਸਥਾਨ ਭਾਜਪਾ ਨੇ ਸਰਕਾਰੀ ਦੌਰਿਆਂ ਦਾ ਚੋਣ ਦੌਰਿਆਂ ਦੇ ਤੌਰ 'ਤੇ ਵਰਤੋਂ ਕਰਨ ਦੀ ਸ਼ਿਕਾਇਤ ਕਰ ਦਿੱਤੀ। ਚੋਣ ਕਮੀਸ਼ਨ ਨੇ ਚਿਦੰਬਰਮ ਦੇ ਕ੍ਰਿਤ ਨੂੰ ਪਹਿਲੀ ਨਜ਼ਰ ਵਿੱਚ ਆਦਰਸ਼ ਚੋਣ ਆਚਾਰ ਸੰਹਿਤਾ ਦਾ ਉਲੰਘਣ ਦੱਸਦਿਆਂ ਹੋਇਆਂ ਨੋਟਿਸ ਭੇਜ ਦਿੱਤਾ। ਚਿਦੰਬਰਮ ਨੂੰ 6 ਅਪ੍ਰੈਲ ਤਕ ਜੁਆਬ ਦੇਣ ਨੂੰ ਕਿਹਾ ਗਿਆ ਸੀ। ਇਸ ਤਰ੍ਹਾਂ ਦੀਆਂ ਖ਼ਬਰਾਂ ਪ੍ਰਮੁਖਤਾ ਨਾਲ ਛਪ ਰਹੀਆਂ ਸੀ।

ਚਿਦੰਬਰਮ 6 ਅਪ੍ਰੈਲ ਨੂੰ ਹੀ ਦਿੱਲੀ ਆ ਰਹੇ ਸੀ ਤੇ ਉਸੇ ਦਿਨ ਜੁਆਬ ਵੀ ਦੇਣਾ ਸੀ। ਪਤਾ ਲੱਗਾ ਕਿ ਉਸੇ ਦਿਨ ਉਨ੍ਹਾਂ ਨੇ 12 ਵਜੇ ਕਾਂਗਰਸ ਮੁਖ ਦਫ਼ਤਰ ਵਿੱਚ ਪ੍ਰੈਸ ਕਾਨਫ਼ਰੰਸ ਵੀ ਰੱਖੀ ਹੈ। ਤਦੇ ਪਤਾ ਲੱਗਾ ਕਿ ਚਿਦੰਬਰਮ 6 ਅਪ੍ਰੈਲ

ਨੂੰ ਨਹੀਂ ਪਹੁੰਚ ਪਾ ਰਹੇ ਤੇ ਚੋਣ ਕਮੀਸ਼ਨ ਤੋਂ ਵੀ ਜੁਆਬ ਦੇਣ ਲਈ ਇੱਕ ਦਿਨ ਦੀ ਮੋਹਲਤ ਮੰਗੀ ਹੈ।

ਹੁਣ 7 ਅਪ੍ਰੈਲ ਨੂੰ ਹੀ ਪ੍ਰੈਸ ਕਾਨਫ਼ਰੰਸ ਵੀ ਹੋਵੇਗੀ। ਇਸ ਦਿਨ ਮੇਰਾ ਕੋਈ ਹੋਰ ਐਸਾਈਨਮੈਂਟ ਵੀ ਨਹੀਂ ਸੀ। 1984 ਦੇ ਮਾਮਲੇ ਵਿੱਚ ਮੈਂ ਚਿਦੰਬਰਮ ਤੋਂ ਸੁਆਲ ਪੁੱਛਣਾ ਚਾਹੁੰਦਾ ਸੀ। ਮੈਨੂੰ ਲੱਗਾ ਕਿ ਹੁਣ ਜੁਆਬ ਮੰਗਣ ਦਾ ਸਮਾਂ ਆ ਗਿਆ ਹੈ।

ਮੈਂ 2 ਅਪ੍ਰੈਲ ਦੀ ਉਨ੍ਹਾਂ ਦੀ ਟਿੱਪਣੀ ਤੋਂ ਬੇਹਦ ਦੁਖੀ ਸੀ ਤੇ ਉਨ੍ਹਾਂ ਤੋਂ ਕੁਝ ਤਿੱਖੇ ਸੁਆਲ ਕਰਨ ਦਾ ਮਨ ਬਣਾ ਕੇ ਆਇਆ ਸੀ। ਮੈਂ ਮਿੱਥ ਲਿਆ ਸੀ ਕਿ ਅੱਜ 1984 ਦੇ ਅਨਿਆਂ ਦੀ ਗੱਲ ਨੂੰ ਜ਼ੋਰਦਾਰ ਢੰਗ ਨਾਲ ਚੁੱਕਣਾ ਹੈ। ਮੈਨੂੰ ਯਾਦ ਹੈ ਕਿ ਮੈਂ ਸੁਆਲ ਕਰਨ ਨੂੰ ਲੈ ਕੇ ਕਾਫ਼ੀ ਬੇਸਬਰਾ ਸੀ ਤੇ ਸ਼ੁਰੂ ਤੋਂ ਹੀ ਹੱਥ ਉਠਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਅਤਿਵਾਦ ਦੇ ਮੁੱਦੇ 'ਤੇ ਅੱਜ ਅਡਵਾਨੀ ਉੱਤੇ ਹਮਲਾ ਬੋਲਣ ਦੀ ਨੀਯਤ ਨਾਲ ਆਏ ਸੀ। ਮੇਰੀ ਵਾਰੀ ਤਕਰੀਬਨ ਅਠ-ਦਸ ਸੁਆਲਾਂ ਦੇ ਬਾਅਦ ਆਈ। ਮੈਂ ਕਾਫ਼ੀ ਦੇਰ ਤੋਂ ਇਸ ਘੜੀ ਦਾ ਇੰਤਜ਼ਾਰ ਕਰ ਰਿਹਾ ਸੀ। ਸੁਆਲ ਮੇਰੇ ਦਿਲ ਦੇ ਬਹੁਤ ਨਜ਼ਦੀਕ ਸੀ ਤੇ ਦੇਰ ਹੁੰਦੇ ਜਾਣ ਨਾਲ ਦਿਲ 'ਤੇ ਦਬਾਅ ਜ਼ਿਆਦਾ ਵੱਧ ਗਿਆ ਸੀ। ਖ਼ੈਰ, ਹੁਣ ਚਿਦੰਬਰਮ ਨੇ ਮੈਨੂੰ ਵੀ ਸੁਆਲ ਪੁੱਛਣ ਲਈ ਕਿਹਾ।

ਮੈਂ ਪਹਿਲਾਂ ਉਨ੍ਹਾਂ ਦੀ ਇਸ ਗੱਲ 'ਤੇ ਤਾਰੀਫ਼ ਕੀਤੀ ਕਿ ਮੁੰਬਈ ਬੰਮ ਧਮਕਾਕਿਆਂ ਦੇ ਬਾਅਦ ਐਨ.ਆਈ.ਏ. ਦੇ ਗਠਨ ਤੋਂ ਲੈ ਕੇ ਤਮਾਮ ਉਸਾਰੂ ਕਦਮ ਚੁੱਕ ਕੇ ਉਨ੍ਹਾਂ ਨੇ ਚੰਗਾ ਕੰਮ ਕੀਤਾ ਹੈ। ਪਰ ਮੇਰਾ ਸੁਆਲ ਵੱਖਰਾ ਸੀ ਤੇ ਮੇਰੇ ਦਿਲ ਦੇ ਐਨੇ ਨੇੜੇ ਸੀ ਕਿ ਭਾਵੁਕਤਾ ਮੇਰੇ 'ਤੇ ਹਾਵੀ ਹੋਣ ਲੱਗ ਪਈ। ਲੰਮੇ ਸਮੇਂ ਦੀ ਪੀੜਾ ਅੱਜ ਇਕੱਠੀ ਹੋ ਗਈ ਸੀ। ਚਿਦੰਬਰਮ ਦਾ ਜੁਆਬ ਤਕਨੀਕੀ ਸੀ ਕਿ ਮਾਮਲਾ ਅਦਾਲਤ ਦੇ ਸਾਹਮਣੇ ਹੈ ਤੇ ਉਸੇ ਨੇ ਫੈਸਲਾ ਕਰਨਾ ਹੈ। ਪਰ ਸੰਵੇਦਨਸ਼ੀਲ ਮਾਮਲਿਆਂ ਵਿੱਚ ਕਦੇ-ਕਦੇ ਸਿਰਫ਼ ਤਕਨੀਕੀ ਜੁਆਬਾਂ ਨਾਲ ਕੰਮ ਨਹੀਂ ਚਲਦਾ। ਇਹੀ ਚਿਦੰਬਰਮ ਪਹਿਲਾਂ ਟਾਈਟਲਰ ਦੀ ਕਲੀਨ ਚਿਟ 'ਤੇ ਖ਼ੁਸ਼ੀ ਜਤਾ ਚੁੱਕੇ ਸੀ। ਉਹ ਮਾਮਲਾ ਅਦਾਲਤ ਦੇ ਸਾਹਮਣੇ ਹੋਣ ਦੀ ਗੱਲ ਕਹਿ ਕੇ ਟਾਲ ਰਹੇ ਸੀ ਪਰ ਮੈਂ ਇਸ ਤੋਂ ਕੁਝ ਵੱਧ ਸੁਣਨਾ ਚਾਹੁੰਦਾ ਸੀ। ਉਨ੍ਹਾਂ ਦਾ ਧਿਆਨ

ਅੱਜ ਅਤਿਵਾਦ ਨਾਲ ਨਿਬੜਣ ਲਈ ਕਾਂਗਰਸ ਦੇ ਚੋਣ ਘੋਸ਼ਣਾ-ਪੱਤਰ 'ਤੇ ਕੇਂਦ੍ਰਿਤ ਸੀ ਜਿਸ ਵਿੱਚ ਉਨ੍ਹਾਂ ਨੇ ਭਾਜਪਾ ਤੇ ਖ਼ਾਸ ਤੌਰ 'ਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਨਿਸ਼ਾਨਾ ਬਣਾਇਆ ਸੀ।

ਮੈਂ ਪੁੱਛ ਲਿਆ ਕਿ "ਕੀ ਟਾਈਟਲਰ ਦਾ ਮਾਮਲਾ ਕਿਸੇ ਸਾਜਸ਼ ਤਹਿਤ ਵਾਪਸ ਨਹੀਂ ਹੋ ਰਿਹਾ ? ਜਦੋਂ ਪੀੜਤਾਂ ਦੇ ਦਿਲ ਲੰਮੇ ਅਰਸੇ ਤੋਂ ਲਹੂ ਬਹਾ ਰਹੇ ਹੋਣ ਤਾਂ ਕੋਈ ਖ਼ੁਸ਼ ਕਿਵੇਂ ਹੋ ਸਕਦਾ ਹੈ ? ਕੀ ਸਿੱਖਾਂ ਦੇ ਨਾਲ ਨਿਆਂ ਨਹੀਂ ਹੋਵੇਗਾ ?"

ਉਨ੍ਹਾਂ ਨੇ ਸਿੱਧਾ ਜੁਆਬ ਦੇਣ ਦੀ ਬਜਾਏ ਕਿਹਾ ਕਿ "ਮੇਰੇ ਸੁਆਲ ਪ੍ਰੈਸ ਕਾਨਫ਼ਰੰਸ ਨੂੰ ਵਿਸ਼ੇ ਤੋਂ ਦੂਰ ਕਰ ਰਹੇ ਨੇ।" ਉਨ੍ਹਾਂ ਨੇ ਕੁਝ ਐਸੇ ਲਫ਼ਜ਼ ਕਹੇ ਜਿਵੇਂ ਕਿ ਮੈਂ ਇਸ ਪ੍ਰੈਸ ਕਾਨਫ਼ਰੰਸ ਦੀ ਵਰਤੋਂ ਕਰ ਰਿਹਾ ਹਾਂ।

ਮੈਨੂੰ ਲੱਗਾ ਕਿ ਇਨਸਾਫ਼ ਦੇ ਬਜਾਏ ਸਿੱਖਾਂ ਦੀ ਫਿਰ ਬੇਇੱਜ਼ਤੀ ਕੀਤੀ ਜਾ ਰਹੀ ਹੈ। ਹੁਣ ਵਿਰੋਧ ਜਤਾਉਣ ਦਾ ਸਮਾਂ ਆ ਚੁੱਕਾ ਸੀ। ਸੰਵੇਦਨਾ ਦੀ ਬਜਾਏ ਮੈਂ ਸਿੱਖਾਂ ਦੇ ਦਰਦ ਨੂੰ 'ਅਪਮਾਨਿਤ' ਹੁੰਦਾ ਮਹਿਸੂਸ ਕੀਤਾ ਤੇ ਇੱਕ ਅਜਿਹਾ ਕਦਮ ਚੁੱਕਿਆ ਜਿਸ ਨਾਲ ਸਾਰੇ ਪੱਤਰਕਾਰ 'ਸੁੰਨ' ਰਹਿ ਗਏ। ਮੇਰੇ ਮਨ ਵਿੱਚ ਚਿਦੰਬਰਮ ਨੂੰ ਚੋਟ ਪਹੁੰਚਾਉਣ ਦਾ ਕੋਈ ਖ਼ਿਆਲ ਨਹੀਂ ਸੀ। ਸ਼ਾਇਦ ਇਸ ਲਈ ਬੇਹਦ ਭਾਵੁਕਤਾ ਦੇ ਬਾਵਜੂਦ ਜੁੱਤਾ ਉਸ ਪਾਸੇ ਗਿਆ ਜਿੱਥੇ ਕੋਈ ਨਹੀਂ ਬੈਠਾ ਸੀ। ਇਹ ਗੱਲ ਵੱਖਰੀ ਹੈ ਕਿ ਇੱਕ ਕੈਮਰੇ ਨੇ ਉਸਦਾ ਏਂਗਲ ਇਸ ਤਰ੍ਹਾਂ ਦਾ ਵਿਖਾਇਆ ਕਿ ਜਿਵੇਂ ਉਹ ਮੂੰਹ 'ਤੇ ਗਿਆ ਜਦਕਿ ਉਹ ਘੱਟ ਤੋਂ ਘੱਟ ਦੋ-ਢਾਈ ਮੀਟਰ ਦੂਰ ਜਾ ਡਿੱਗਾ ਸੀ। ਇਸ ਘਟਨਾ ਦੇ ਬਾਅਦ ਮੈਂ ਮੁੜ ਆਪਣੀ ਸੀਟ 'ਤੇ ਬਹਿ ਗਿਆ।

ਬਾਅਦ ਵਿੱਚ ਜਦੋਂ ਮੇਰੇ ਤੋਂ ਇਸ ਬਾਰੇ ਪੁੱਛਿਆ ਗਿਆ ਤਾਂ ਮੈਂ ਕਿਹਾ ਕਿ "ਵਿਰੋਧ ਦਾ ਤਰੀਕਾ ਭਾਵੇਂ ਠੀਕ ਨਾ ਹੋਵੇ ਪਰ ਮੁੱਦਾ ਬਿਲਕੁਲ ਠੀਕ ਹੈ। 25 ਸਾਲਾਂ ਤਕ ਪਹਿਲੇ ਪੁਲਿਸ ਨੇ ਆਪਣੀ ਮਰਯਾਦਾ ਦੀ ਉਲੰਘਣਾ ਕੀਤੀ। ਲੋਕਾਂ ਨੂੰ ਬਚਾਉਣ ਦੀ ਬਜਾਏ ਖ਼ੁਦ ਮਾਰਿਆ ਤੇ ਫਿਰ ਕੇਸ ਵੀ ਦਰਜ ਨਹੀਂ ਕੀਤੇ। ਸੱਤਾ ਵਿੱਚ ਬੈਠੇ ਲੋਕਾਂ ਨੇ ਨਿਆਂ ਕਰਨ ਦੀ ਬਜਾਏ ਦੋਖੀਆਂ ਨੂੰ ਖ਼ੁਦ ਮੰਤਰੀ ਬਣਾ ਕੇ ਨਿਵਾਜਿਆ। ਪ੍ਰਸ਼ਾਸਨ ਕਤਲੇਆਮ ਦਾ ਤੰਤਰ ਬਣ ਗਿਆ ਤੇ

ਨਿਆਇਕ ਵਿਵਸਥਾ ਆਪਣੇ ਆਪ ਨੂੰ ਅਪੰਗ ਹੁੰਦਿਆਂ ਵੇਖਦੀ ਰਹੀ। ਉਸਦੇ ਸਾਹਮਣੇ ਨਿਆਂ ਦੇ ਨਾਮ 'ਤੇ ਫ਼ਰੇਬ ਕੀਤਾ ਜਾ ਰਿਹਾ ਸੀ ਪਰ ਉਹ ਆਪਣੇ ਬਿਬੇਕ ਦੀ ਵਰਤੋਂ ਨਾ ਕਰ ਸਕੀ। ਸਾਰਿਆਂ ਨੇ 25 ਸਾਲਾਂ ਤਕ ਆਪਣੀ ਮਰਯਾਦਾ ਦੀ ਉਲੰਘਣਾ ਕੀਤੀ ਸੀ। ਇਨ੍ਹਾਂ ਨੂੰ ਆਪਣੀ ਮਰਯਾਦਾ ਚੇਤੇ ਕਰਾਉਣ ਲਈ ਇੱਕ ਪੱਤਰਕਾਰ ਨੇ ਆਪਣੀ 'ਮਰਯਾਦਾ' ਦੀ ਉਲੰਘਣਾ ਕੀਤੀ ਹੈ ਜੋ ਕਿ ਪੂਰੇ ਸਿਸਟਮ ਨੂੰ ਉਸਦੀ ਸੰਵੇਦਨਹੀਣਤਾ ਤੇ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣਾ ਚਾਹੁੰਦਾ ਸੀ।" ਸਾਰੇ ਪੱਤਰਕਾਰ ਹੈਰਾਨ-ਪਰੇਸ਼ਾਨ ਸੀ।

"ਆਖਰ ਸ਼ਾਂਤ ਰਹਿਣ ਵਾਲੇ ਜਰਨੈਲ ਸਿੰਘ ਨੇ ਇਹ ਕੀ ਕੀਤਾ ਸੀ ?"

ਇਸ ਘਟਨਾ ਦੇ ਬਾਵਜੂਦ ਮੈਂ ਸੰਜਮ ਵਿੱਚ ਸੀ ਤੇ ਕੋਈ ਘਬਰਾਹਟ ਨਹੀਂ ਸੀ। ਸੁਰੱਖਿਆ-ਕਰਮੀ ਫ਼ੌਰਨ ਮੈਨੂੰ ਉਥੋਂ ਲੈ ਗਏ। ਅਜੇ ਕਾਂਗਰਸ ਮੁੱਖ ਦਫ਼ਤਰ ਤੋਂ ਬਾਹਰ ਲਿਜਾ ਹੀ ਰਹੇ ਸੀ ਕਿ ਟੀ.ਵੀ. ਵਾਲਿਆਂ ਨੇ ਘੇਰ ਲਿਆ। ਮੈਂ ਤੁਰੰਤ ਕਹਿ ਦਿੱਤਾ ਕਿ "ਵਿਰੋਧ ਦਾ ਤਰੀਕਾ ਭਾਵੇਂ ਸਹੀ ਨਾ ਲੱਗੇ ਪਰ ਮੁੱਦਾ ਬਿਲਕੁਲ ਠੀਕ ਹੈ। ਆਖਰ ਸਿੱਖਾਂ ਨੂੰ ਨਿਆਂ ਦੇ ਲਈ ਕਦੋਂ ਤਕ ਇੰਤਜ਼ਾਰ ਕਰਨਾ ਪਵੇਗਾ ?" ਮੈਂ ਪੱਤਰਕਾਰ ਦੇ ਤੌਰ 'ਤੇ ਮਰਯਾਦਾ ਉਲੰਘਣ ਦੀ ਗੱਲ ਫ਼ੌਰਨ ਮੰਨ ਲਈ। ਇਹ ਮੀਡੀਆ ਨੂੰ ਨਾਲ ਲੈਣ ਲਈ ਕਰਨਾ ਜ਼ਰੂਰੀ ਸੀ। ਮੈਂ ਚਾਹੁੰਦਾ ਸੀ ਕਿ ਮਾਮਲਾ ਜੁੱਤੀ ਵਿੱਚ ਫੱਸਣ ਦੀ ਬਜਾਏ 1984 ਦੇ ਕਤਲੇਆਮ 'ਤੇ ਕੇਂਦਰਿਤ ਹੋਵੇ। ਪਰ ਇਹ ਵੀ ਸੱਚ ਹੈ ਕਿ ਕੁਝ ਲੋਕ 25 ਸਾਲਾਂ ਤੋਂ ਆਪਣੀ ਗਲਤੀ ਸਵੀਕਾਰ ਨਹੀਂ ਕਰ ਰਹੇ ਸੀ। ਮੈਂ ਜੋ ਮੁੱਦਾ ਚੁੱਕਿਆ ਸੀ, ਉਸਨੂੰ ਲੈ ਕੇ ਮਨ ਵਿੱਚ ਕੋਈ ਅਫ਼ਸੋਸ ਨਹੀਂ ਸੀ ਅਤੇ ਨਾ ਹੀ ਕਦੇ ਇਸ ਲਈ ਮੁਆਫ਼ੀ ਮੰਗੀ। ਬਲਕਿ ਨਾਇਨਸਾਫ਼ੀ ਦੇ ਖਿਲਾਫ਼ ਖੜਾ ਹੋਣ ਦਾ ਮਾਣ ਮਹਿਸੂਸ ਹੋ ਰਿਹਾ ਸੀ। ਜੇਕਰ ਐਵੇਂ ਨਾ ਕਰਦਾ ਤਾਂ ਜ਼ਿੰਦਗੀ ਭਰ ਆਪਣੇ ਅੰਦਰ ਝੁਰਦਾ ਰਹਿੰਦਾ।

ਇਸ ਘਟਨਾ ਦੇ ਬਾਵਜੂਦ ਮੈਂ ਸੰਜਮ ਵਿੱਚ ਸੀ। ਮੈਨੂੰ ਆਪਣੇ ਕੀਤੇ ਉੱਤੇ ਦਾ, ਇੱਕ ਸਿੱਖ ਹੋਣ ਦੇ ਨਾਤੇ ਬਿਲਕੁਲ ਅਫ਼ਸੋਸ ਨਹੀਂ ਸੀ। ਬਾਅਦ ਵਿੱਚ ਜਦੋਂ ਇਹ ਗੱਲ ਮੇਰੇ ਤੋਂ ਪੁੱਛੀ ਗਈ ਤਾਂ ਮੈਂ ਘਟਨਾ ਬਾਰੇ ਕਿਹਾ ਕਿ ਇੱਕ ਪੱਤਰਕਾਰ ਦੇ ਤੌਰ 'ਤੇ ਵਿਰੋਧ ਦਾ ਤਰੀਕਾ ਹੋ ਸਕਦਾ ਹੈ ਕਿ ਠੀਕ ਨਾ ਹੋਵੇ ਪਰ ਮੁੱਦਾ ਬਿਲਕੁਲ ਠੀਕ ਹੈ।

ਜੋ ਕੰਮ ਕਲਮ ਦੇ ਜ਼ਰੀਏ ਹੋਣਾ ਚਾਹੀਦਾ ਸੀ, ਉਸਨੂੰ ਜੁੱਤੇ ਨਾਲ ਕਰਨਾ ਪਿਆ। ਪਰ ਜਦੋਂ ਕਲਮ ਵੀ ਬੇਅਸਰ ਹੋ ਜਾਏ ਤੇ ਸੱਤਾ ਵਿੱਚ ਬੈਠੇ ਲੋਕਾਂ ਦੇ ਦਿਮਾਗ ਦੀ ਚਰਬੀ ਐਨੀ ਜ਼ਿਆਦਾ ਮੋਟੀ ਹੋ ਚੁੱਕੀ ਹੋਵੇ ਕਿ ਉਨ੍ਹਾਂ ਨੂੰ ਕੁਝ ਵੀ ਲਿਖੇ ਜਾਣ ਨਾਲ ਫ਼ਰਕ ਨਾ ਪੈਂਦਾ ਹੋਵੇ ਤਾਂ ਫਿਰ ਸ਼ਾਇਦ ਉਨ੍ਹਾਂ ਨੂੰ ਚੇਤਾ ਕਰਾਉਣ ਲਈ ਹੋਰ ਕੋਈ ਅਹਿੰਸਕ ਤਰੀਕਾ ਬਚਿਆ ਵੀ ਨਹੀਂ ਸੀ।

25 ਸਾਲਾਂ ਤਕ ਨਿਆਂ ਦੀ ਰਾਹ ਵੇਖਣ ਦੇ ਬਾਅਦ ਵੀ ਜਦੋਂ ਸਿਸਟਮ ਨਿਆਂ ਨਹੀਂ ਦੇ ਸਕਿਆ ਤਾਂ ਉਸਦੇ ਵਿਰੋਧ ਵਿੱਚ ਇਹ ਆਵਾਜ਼ ਜਾਇਜ਼ ਸੀ। ਇਹ ਇੱਕ 'ਬੇਮਿਸਾਲ ਅਨਿਆਂ' ਦੇ ਖਿਲਾਫ਼ 'ਬੇਮਿਸਾਲ ਪ੍ਰੋਟੈਸਟ' ਸੀ, ਨਾ ਕਿ ਚਿਦੰਬਰਮ ਦੇ ਖਿਲਾਫ਼।

ਮੈਨੂੰ ਫਿਰ ਤੁਗ਼ਲਕ ਰੋਡ ਥਾਣੇ ਲਿਜਾਇਆ ਗਿਆ। ਉਥੇ ਪਹੁੰਚਦੇ ਹੀ ਪੁੱਛਗਿੱਛ ਸ਼ੁਰੂ ਹੋ ਗਈ। ਆਈ.ਬੀ. ਤੋਂ ਲੈ ਕੇ ਤਮਾਮ ਏਜੰਸੀਆਂ ਦੇ ਲੋਕ ਮੇਰੇ ਤੋਂ ਪੁੱਛਗਿੱਛ ਕਰਨ ਲਈ ਪਹੁੰਚ ਗਏ ਤੇ ਤਕਰੀਬਨ ਅੱਧੇ ਘੰਟੇ ਤਕ ਇਹ ਸਭ ਚਲਦਾ ਰਿਹਾ। ਉਨ੍ਹਾਂ ਨੂੰ ਮੇਰੇ ਤੋਂ ਮੇਰੇ ਫ਼ੋਨ ਨੰਬਰ ਪੁੱਛੇ ਤੇ ਫ਼ੌਰਨ ਉਨ੍ਹਾਂ ਨੂੰ ਲਾੱਕ ਕਰਵਾ ਦਿੱਤਾ। ਇਹ ਗੱਲ ਮੈਨੂੰ ਘਰਵਾਲਿਆਂ ਨੇ ਬਾਅਦ ਵਿੱਚ ਦੱਸੀ। ਸ਼ਾਇਦ ਹੁਣੇ ਵੀ ਮੇਰੇ ਫ਼ੋਨ ਟੈਪ ਕੀਤੇ ਜਾਂਦੇ ਹੋਣ ਜਾਂ ਫਿਰ ਆਈ.ਬੀ. ਮੇਰੇ ਪਿੱਛੇ ਲੱਗੀ ਹੋਵੇ। ਮੇਰੇ ਪੂਰੇ ਪਰਿਵਾਰ ਬਾਰੇ ਮੇਰੇ ਤੋਂ ਤਮਾਮ ਗੱਲਾਂ ਪੁੱਛੀਆਂ ਗਈਆਂ ਜਿਨ੍ਹਾਂ ਦਾ ਮੈਂ ਆਪਣੀ ਸਮਝ ਮੁਤਾਬਕ ਸਹੀ-ਸਹੀ ਜੁਆਬ ਦੇ ਦਿੱਤਾ। ਇਸੇ ਦੌਰਾਨ ਮੇਰਾ ਪੱਤਰਕਾਰਿਤਾ ਦਾ ਪੀ.ਆਈ.ਬੀ. ਕਾਰਡ ਵੀ ਜ਼ਬਤ ਕਰ ਲਿਆ ਗਿਆ।

ਗ੍ਰਹਿ ਮੰਤਰਾਲੇ ਤੇ ਕਾਂਗਰਸ ਕਵਰ ਕਰਨ ਵਾਲੇ ਪੱਤਰਕਾਰ ਅਜੇ ਵੀ ਕਹਿੰਦੇ ਹਨ ਕਿ ਆਈ. ਬੀ. ਮੇਰੇ 'ਤੇ ਨਜ਼ਰ ਰੱਖ ਰਹੀ ਹੈ। ਮੈਂ ਇਸਦੀ ਪਰਵਾਹ ਨਹੀਂ ਕਰਦਾ।

ਅਜੇ ਪੁੱਛਗਿੱਛ ਚਲ ਹੀ ਰਹੀ ਸੀ ਕਿ ਥਾਣੇ ਵਿੱਚ ਇਹ ਨਿਰਦੇਸ਼ ਆ ਗਿਆ ਕਿ ਮੇਰੇ ਖਿਲਾਫ਼ ਕੋਈ ਮਾਮਲਾ ਨਹੀਂ ਦਰਜ ਕਰਨਾ ਹੈ। ਹਾਲਾਂਕਿ ਇਸ ਬਾਰੇ ਮੈਨੂੰ ਕੁਝ ਨਹੀਂ ਦੱਸਿਆ ਗਿਆ। ਤਦੇ ਮੇਰੇ ਨਾਲ ਅਖ਼ਬਾਰ ਵਿੱਚ ਕੰਮ ਕਰਨ ਵਾਲਾ ਸਾਥੀ ਸੰਜੇ ਮਿਸ਼ਰਾ ਅੰਦਰ ਆਇਆ ਤੇ ਪੁਲਿਸ ਨੇ ਵੀ ਕਿਹਾ ਕਿ ਹੁਣ ਮੈਨੂੰ ਇਥੋਂ ਕਿਧਰੇ ਹੋਰ ਜਾਣਾ ਹੈ। ਮੈਂ ਚਲ ਪਿਆ।

ਬਾਹਰ ਲਿਆਇਆ ਗਿਆ ਤਾਂ ਮੀਡੀਆ ਦੀ ਭੀੜ ਜਮਾ ਹੋ ਚੁੱਕੀ ਸੀ। ਇੱਥੇ ਵੀ ਮੈਂ ਸਿੱਖਾਂ ਦੀ ਦੇਸ਼ ਪ੍ਰਤੀ ਕੁਰਬਾਨੀ ਬਾਰੇ ਦੱਸਦਿਆਂ ਨਾਲ ਹੀ ਇਹ ਕਿਹਾ ਕਿ "ਮੁੱਦਾ ਠੀਕ ਹੈ, ਨਿਆਂ ਕਰਨਾ ਹੀ ਪਵੇਗਾ।" ਮੈਨੂੰ ਕੁਝ ਵੀ ਬੋਲਣ ਤੋਂ ਮਨਾ ਕੀਤਾ ਜਾ ਰਿਹਾ ਸੀ। ਸੰਜੇ ਵੀ ਨਹੀਂ ਚਾਹੁੰਦਾ ਸੀ ਕਿ ਮੈਂ ਕੁਝ ਬੋਲਾਂ। ਪਰ ਘੱਟ ਤੋਂ ਘੱਟ ਸਥਿਤੀ ਤਾਂ ਸਾਫ਼ ਹੋਣੀ ਚਾਹੀਦੀ ਹੈ, ਇਸ ਲਈ ਮੈਂ ਇੱਕ-ਦੋ ਵਾਕ ਜ਼ਰੂਰ ਬੋਲੇ।

ਮੈਨੂੰ ਸੰਜੇ ਨੇ ਦੱਸਿਆ ਕਿ ਮੇਰੇ ਖਿਲਾਫ਼ ਕੋਈ ਮਾਮਲਾ ਦਰਜ ਨਹੀਂ ਹੋ ਰਿਹਾ ਹੈ ਤੇ ਖ਼ੁਦ ਚਿਦੰਬਰਮ ਨੇ ਅਜਿਹਾ ਕਿਹਾ ਹੈ। ਮੇਰੇ ਅੰਦਰ ਦੇ ਪੱਤਰਕਾਰ ਨੇ ਕਾਂਗਰਸ ਤੇ ਸਰਕਾਰ ਦੇ ਇਸ ਫੈਸਲੇ ਦਾ ਵਿਸ਼ਲੇਸ਼ਣ ਕੀਤਾ ਤਾਂ ਪਾਇਆ ਕਿ ਉਨ੍ਹਾਂ ਨੇ ਮੌਕੇ ਦੀ ਨਜ਼ਾਕਤ ਤੇ ਮੁੱਦੇ ਦੀ ਭਾਵੁਕਤਾ ਨੂੰ ਵੇਖਦਿਆਂ ਸਹੀ ਫੈਸਲਾ ਕੀਤਾ ਸੀ।

ਟਾਈਟਲਰ ਨੂੰ ਕਲੀਨ ਚਿਟ 'ਤੇ ਪਹਿਲਾਂ ਖ਼ੁਸ਼ੀ ਜਤਾਉਣ ਵਾਲੇ ਚਿਦੰਬਰਮ ਨੇ ਅਗਲੇ ਦਿਨ ਕਿਹਾ ਕਿ "ਸਿੱਖਾਂ ਦੀ ਪੀੜਾ ਨੂੰ ਉਹ ਸਮਝਦੇ ਨੇ। ਦੰਗਿਆਂ ਵਿੱਚ ਜ਼ਿਆਦਾ ਲੋਕਾਂ ਨੂੰ ਸਜ਼ਾ ਨਹੀਂ ਮਿਲੀ ਹੈ।" ਇਹ ਗੱਲ ਜੁੱਤਾ ਸੁੱਟਣ ਦੇ ਬਾਅਦ ਹੀ ਚੇਤੇ ਆਈ।

ਪੁਲਿਸ ਵਾਲੇ ਮੇਰੇ ਮੂੰਹ 'ਤੇ ਹੱਥ ਰੱਖ ਕੇ ਚੁਪ ਕਰਾਉਣਾ ਚਾਹੁੰਦੇ ਸੀ। ਸੰਜੇ ਵੀ ਨਹੀਂ ਚਾਹੁੰਦਾ ਸੀ ਕਿ ਮੈਂ ਕੁਝ ਬੋਲਾਂ। ਕੁਝ ਦੇਰ ਤਕ ਪੁਲਿਸ ਦੀ ਗੱਡੀ ਵਿੱਚ ਗਏ ਹੀ ਸੀ ਕਿ ਮੈਨੂੰ ਵਾਪਸ ਥਾਣੇ ਲਿਆਇਆ ਗਿਆ ਤੇ ਫਿਰ ਸੰਜੇ ਦੀ ਗੱਡੀ ਵਿੱਚ ਬਿਠਾ ਦਿੱਤਾ ਗਿਆ। ਵੈਸੇ ਸੰਜੇ ਨੂੰ ਮੈਨੂੰ ਮੀਡੀਆ ਤੋਂ ਦੂਰ ਰੱਖਣ ਦੀ ਸਲਾਹ ਕਾਂਗਰਸੀ ਆਗੂਆਂ ਤੇ ਅਖ਼ਬਾਰ ਦੇ ਪ੍ਰਮੁੱਖ ਲੋਕਾਂ ਤੋਂ ਮਿਲੀ ਸੀ। ਕਾਂਗਰਸ ਨਹੀਂ ਚਾਹ ਰਹੀ ਸੀ ਕਿ ਮੈਂ ਜ਼ਿਆਦਾ ਬੋਲਾਂ, ਉਨ੍ਹਾਂ ਨੂੰ ਰਾਜਨੀਤਕ ਨੁਕਸਾਨ ਦੀ ਚਿੰਤਾ ਸਤਾ ਰਹੀ ਸੀ। ਪਰ ਮੈਨੂੰ ਕਾਰਵਾਈ ਦੀ ਪਰਵਾਹ ਨਹੀਂ ਸੀ ਤੇ 1984 ਦਾ ਮੁੱਦਾ ਹਾਈਲਾਈਟ ਕਰਨ ਦਾ ਮੌਕਾ ਨਹੀਂ ਛੱਡ ਸਕਦਾ ਸੀ।

ਮੈਨੂੰ ਲੱਗ ਰਿਹਾ ਸੀ ਕਿ ਮੀਡੀਆ ਦੇ ਸਾਹਮਣੇ ਗੱਲ ਸਪਸ਼ਟ ਕਰਨੀ ਚਾਹੀਦੀ ਹੈ। ਇਸੇ ਲਈ ਮੈਂ ਉਸਨੂੰ ਘਰ ਵਿੱਚ ਟੀ.ਵੀ. ਲਾਉਣ ਲਈ ਕਿਹਾ। ਮੈਨੂੰ ਲੱਗ

ਰਿਹਾ ਸੀ ਕਿ ਟੀ.ਵੀ. ਵਾਲੇ 1984 ਦੇ ਮੁੱਦੇ ਨੂੰ ਚੁੱਕਣ ਦੀ ਬਜਾਏ ਜੁੱਤੀ ਸੁੱਟਣ ਨੂੰ ਐਨੀ ਤਰਜੀਹ ਕਿਉਂ ਦੇ ਰਹੇ ਨੇ ? ਖ਼ੈਰ ਜੋ ਵੀ ਹੋਵੇ, ਜੁੱਤੀ ਨੇ ਹੀ ਸਹੀ, 25 ਸਾਲਾਂ ਬਾਅਦ ਮੀਡੀਆ ਦਾ ਧਿਆਨ ਇਸ ਅਨਿਆਂ ਵੱਲ ਤਾਂ ਖਿੱਚਿਆ। ਮੈਨੂੰ ਲੱਗਿਆ ਕਿ ਇਹੀ ਮੌਕਾ ਹੈ ਜਦੋਂ 1984 ਦੇ ਮੁੱਦੇ ਨੂੰ ਪੂਰੀ ਦੁਨੀਆ ਦੇ ਸਾਹਮਣੇ ਲਿਆਇਆ ਜਾਏ। ਜੇਕਰ ਮੈਂ ਚੁਪ ਰਹਾਂਗਾ ਤਾਂ ਮੌਕਾ ਗੁਆਚ ਜਾਵੇਗਾ। ਅੱਜ ਮੀਡੀਆ ਮੇਰੇ ਪਿੱਛੇ ਹੈ ਤਾਂ ਅਨਿਆਂ ਦੀ ਗੱਲ ਨੂੰ ਦੁਨੀਆ ਭਰ ਵਿੱਚ ਮੁੱਦਾ ਬਣਾਉਣਾ ਹੀ ਚਾਹੀਦਾ ਹੈ।

ਸੰਜੇ ਮੈਨੂੰ ਮੀਡੀਆ ਤੋਂ ਦੂਰ ਰਖਣਾ ਚਾਹੁੰਦਾ ਸੀ। ਇਸ ਲਈ ਉਹ ਮੈਨੂੰ ਆਪਣੇ ਘਰ ਲੈ ਗਿਆ। ਤਕਰੀਬਨ ਦੋ ਘੰਟਿਆਂ ਤਕ ਮੈਂ ਉਸਦੇ ਘਰ ਹੀ ਰਿਹਾ ਅਤੇ ਉਥੇ ਹੀ ਰੋਟੀ ਖਾਧੀ। ਮੋਬਾਈਲ ਬੰਦ ਕਰ ਦਿੱਤਾ ਸੀ।

ਕੁਝ ਚਿਰ ਬਾਅਦ ਮੈਂ ਉਥੋਂ ਨਿਕਲਣ ਦੀ ਜੁਗਤ ਵਿੱਚ ਲੱਗ ਗਿਆ। ਹੁਣ ਮੈਂ ਉਸਨੂੰ ਕਿਹਾ ਕਿ "ਮੈਨੂੰ ਮੇਰੇ ਵੱਡੇ ਭਰਾ ਦੇ ਘਰ ਛੱਡ ਦੇਵੇ ਜਿਸਦੇ ਬਾਰੇ ਮੀਡੀਆ ਨੂੰ ਨਹੀਂ ਪਤਾ ਹੈ।" ਫਿਰ ਅਸੀਂ ਉਥੇ ਪਹੁੰਚ ਗਏ।

ਇਸ ਦੌਰਾਨ ਪਤਾ ਲੱਗਾ ਕਿ ਦਿੱਲੀ ਵਿੱਚ ਸਿੱਖ ਰਾਜਨੀਤੀ ਕਰਨ ਵਾਲਿਆਂ ਸਮੇਤ ਕਈ ਲੋਕਾਂ ਦਾ ਮੇਰੇ ਘਰ 'ਤੇ ਇਕੱਠ ਹੋਇਆ ਪਿਆ ਹੈ। ਮੈਨੂੰ ਉਥੇ ਨਾ ਪਾ ਕੇ ਮੀਡੀਆ ਵਾਲੇ ਮੇਰੇ ਪਰਿਵਾਰ ਵਾਲਿਆਂ ਨਾਲ ਕੁਝ ਗੱਲਾਂ ਕਰ ਰਹੇ ਸੀ। ਮੈਂ ਪਰੇਸ਼ਾਨ ਹੋ ਗਿਆ। ਟੀ.ਵੀ. ਮੀਡੀਆ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸੀ ਤੇ ਜਿਹੜੇ ਪਰਿਵਾਰ ਜਨਾਂ ਨੇ ਕਦੇ ਕੈਮਰੇ ਜਾਂ ਪ੍ਰੈਸ ਦਾ ਸਾਹਮਣਾ ਨਾ ਕੀਤਾ ਹੋਵੇ, ਉਨ੍ਹਾਂ ਦੇ ਮੂੰਹ ਵਿੱਚ ਕੁਝ ਸ਼ਬਦ ਖ਼ੁਦ ਹੀ ਨਾ ਪਾ ਦੇਣ। ਮੈਂ ਘਰ ਦੇ ਸਾਰੇ ਮੈਂਬਰਾਂ ਨੂੰ ਕੋਈ ਵੀ ਗੱਲ ਬਾਹਰ ਕਰਨ ਤੋਂ ਸਖਤੀ ਨਾਲ ਮਨਾ ਕਰ ਦਿੱਤਾ।

ਘਰ ਫ਼ੋਨ ਕਰਨ ਲਈ ਆਪਣਾ ਫ਼ੋਨ ਚਾਲੂ ਕੀਤਾ ਤਾਂ ਸੈਂਕੜੇ ਮਿਸ ਕਾਲਾਂ ਤੇ ਐਸ.ਐਮ.ਐਸ. ਆਏ ਹੋਏ ਸਨ। ਇੱਕ ਐਸ.ਐਮ.ਐਸ. ਰਾਜਦੀਪ ਸਾਰਦੇਸਾਈ ਦਾ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਏਡੀਟਰਸ ਗਿਲਡ ਦੇ ਵੱਲੋਂ ਮੇਰੇ ਖਿਲਾਫ਼ ਕੋਈ ਬਿਆਨ ਆਉਣ ਵਾਲਾ ਹੈ, ਇਸ ਲਈ ਇਸ ਤੋਂ ਪਹਿਲਾਂ ਹੀ ਮੈਂ ਉਨ੍ਹਾਂ ਨਾਲ ਗੱਲ ਕਰਕੇ ਸਥਿਤੀ ਸਪਸ਼ਟ ਕਰ ਲਵਾਂ। ਮੈਨੂੰ ਲੱਗਾ ਕਿ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਮੈਂ ਫ਼ੋਨ ਮਿਲਾਇਆ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਇੱਕ ਕੈਮਰਾਮੈਨ

ਨੂੰ ਭੇਜ ਰਹੇ ਨੇ ਤੇ ਉਸਨੂੰ ਇਹ ਗੱਲ ਕਹਿ ਦੇਣ। ਮੈਂ ਮਨਾ ਨਹੀਂ ਕੀਤਾ। ਮੈਂ ਵੀ ਮੀਡੀਆ ਨੂੰ ਸੱਚ ਦੱਸਦਾ ਚਾਹੁੰਦਾ ਸੀ। ਹੁਣ ਜਦੋਂ ਐਸਾ ਹੋ ਚੁੱਕਾ ਤਾਂ ਬਰਖਾ ਦੱਤ ਦੇ ਐਸ.ਐਮ.ਐਸ. ਦਾ ਵੀ ਜੁਆਬ ਦੇ ਕੇ ਉਨ੍ਹਾਂ ਨੂੰ ਆਪਣਾ ਇੱਕ ਕੈਮਰਾਮੈਨ ਚੁਪ-ਚੁਪੀਤੇ ਭੇਜਣ ਲਈ ਕਹਿ ਦਿੱਤਾ।

ਮੈਂ ਆਪਣੇ ਵੱਲੋਂ ਇਮਾਨਦਾਰੀ ਨਾਲ ਦੱਸ ਦਿੱਤਾ ਕਿ "ਜੋ ਕੁਝ ਵੀ ਹੋਇਆ, ਉਹ ਇੱਕ ਸੰਕੇਤਕ ਵਿਰੋਧ ਸੀ। ਮੁਆਫ਼ੀ ਮੰਗਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇੱਕ ਪ੍ਰੈਸ ਰਿਪੋਰਟਰ ਦੇ ਸੁਆਲ 'ਤੇ ਮੈਂ ਜੁਆਬ ਦਿੱਤਾ ਕਿ ਮੁਆਫ਼ੀ ਉਹ ਮੰਗਣ ਜਿਨ੍ਹਾਂ ਨੇ ਕਤਲੇਆਮ ਕੀਤਾ ਤੇ ਇਨਸਾਫ਼ ਨਹੀਂ ਹੋਣ ਦਿੱਤਾ।"

ਕੁਝ ਟੀ.ਵੀ. ਰਿਪੋਰਟਰਾਂ ਨੇ ਮੈਨੂੰ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਮੈਨੂੰ ਸਜ਼ਾ ਦਿਵਾਉਣ ਦੀ ਗੱਲ ਕੀਤੀ ਹੈ। ਉਹ ਇਸ ਬਾਰੇ ਮੇਰਾ ਬਿਆਨ ਚਾਹੁੰਦੇ ਸੀ ਪਰ ਮੈਂ ਉਸਨੂੰ ਜ਼ਿਆਦਾ ਅਹਿਮੀਅਤ ਦੇਣਾ ਉਚਿਤ ਨਹੀਂ ਸਮਝਿਆ, ਕਿਉਂਕਿ ਉਹ ਵਕਤ 1984 ਦੇ ਮੁੱਦੇ ਨੂੰ ਅੱਗੇ ਰੱਖਣ ਦਾ ਸੀ ਨਾ ਕਿ ਐਸੀਆਂ ਗੱਲਾਂ ਵਿੱਚ ਉਲਝਣ ਦਾ।

ਮੈਨੂੰ ਹੁਣ ਤਕ ਇਹ ਨਹੀਂ ਪਤਾ ਸੀ ਕਿ ਇਸੇ ਦਿਨ ਅਕਾਲੀ ਦਲ ਬਾਦਲ ਨੇ ਵੀ ਜੰਤਰ ਮੰਤਰ 'ਤੇ 1984 ਦੇ ਸਬੰਧ ਵਿੱਚ ਕੋਈ ਧਰਨਾ ਪ੍ਰਦਰਸ਼ਨ ਰਖਿਆ ਹੋਇਆ ਹੈ। ਇਹ ਧਰਨੇ ਤੇ ਪ੍ਰਦਰਸ਼ਨ ਸਾਡੇ ਲੋਕਲ ਰਿਪੋਰਟਰ ਹੀ ਕਵਰ ਕਰਦੇ ਸੀ, ਇਸ ਲਈ ਮੈਨੂੰ ਇਸਦੀ ਕੋਈ ਜਾਣਕਾਰੀ ਨਹੀਂ ਸੀ। ਕਿਸੇ ਪੱਤਰਕਾਰ ਨੇ ਜਦੋਂ ਮੇਰੇ ਪ੍ਰੋਟੈਸਟ ਤੇ ਅਕਾਲੀ ਦਲ ਦਾ ਪ੍ਰਦਰਸ਼ਨ ਇੱਕ ਹੀ ਦਿਨ ਹੋਣ ਬਾਰੇ ਪੁੱਛਿਆ ਤਾਂ ਮੈਂ ਕਿਹਾ ਕਿ "ਕੀ ਗ੍ਰਹਿ ਮੰਤਰੀ ਪੀ. ਚਿਦੰਬਰਮ ਤੇ ਅਕਾਲੀ ਦਲ ਆਪਸ ਵਿੱਚ ਰਲ ਕੇ ਇੱਕ ਹੀ ਦਿਨ ਤੈਅ ਕਰਨਗੇ ?"

ਖ਼ੈਰ ਮਾਮਲੇ ਨੇ ਤੂਲ ਫੜ ਲਿਆ ਤੇ ਹੁਣ ਕਾਂਗਰਸ ਵੱਲੋਂ ਕੁਝ ਅਜਿਹੇ ਸੰਕੇਤ ਆਉਣ ਲੱਗੇ ਜਿਵੇਂ ਉਹ ਟਾਈਟਲਰ ਤੇ ਸੱਜਣ ਕੁਮਾਰ ਦੀ ਉਮੀਦਵਾਰੀ 'ਤੇ ਮੁੜ-ਵਿਚਾਰ ਕਰ ਸਕਦੀ ਹੈ। ਅਸਲ ਵਿੱਚ ਦੇਸ਼-ਵਿਦੇਸ਼ ਵਿੱਚ ਮੀਡੀਆ ਨੇ ਇਸਨੂੰ ਸਹੀ ਤੂਲ ਦੇ ਦਿੱਤਾ ਸੀ। ਕਾਂਗਰਸ ਕੋਲ ਕੋਈ ਜੁਆਬ ਨਹੀਂ ਸੀ। ਉਹ ਜੋ ਵੀ ਕਦਮ ਚੁੱਕਦੀ ਜਾਂ ਬੋਲਦੀ ਤਾਂ ਉਲਝ ਜਾਂਦੀ। ਇਸ 'ਤੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਤੌਰ 'ਤੇ ਪ੍ਰੋਜੈਕਟ ਕਰਨਾ ਸੀ ਤੇ ਲੋਕ ਸਭਾ ਦੀਆਂ

ਚੋਣਾਂ ਸਿਰ 'ਤੇ ਸਨ।

ਮੈਨੂੰ ਲੱਗਦਾ ਹੈ ਕਿ ਕਾਂਗਰਸ ਦੇ ਇੱਕ ਹਿੱਸੇ ਵਿੱਚ ਇਹ ਅਹਿਸਾਸ ਤਾਂ ਸੀ ਕਿ 1984 ਵਿੱਚ ਜੋ ਹੋਇਆ, ਉਹ ਸਹੀ ਨਹੀਂ ਸੀ ਪਰ ਕਿਧਰੇ ਇਸਦੀ ਆਂਚ ਤਤਕਾਲੀਨ ਵੱਡੇ ਆਗੂਆਂ ਤਕ ਨਾ ਜਾ ਪਹੁੰਚੇ, ਇਸ ਲਈ ਪੂਰੇ ਮੁੱਦੇ 'ਤੇ ਪਰਦਾ ਪਾਉਣ ਦੀ ਹੀ ਕੋਸ਼ਿਸ਼ ਹੁੰਦੀ ਰਹੀ। ਕਾਂਗਰਸ ਇਸ ਬਾਰੇ ਵਿੱਚ ਗੱਲ ਨਹੀਂ ਕਰਨਾ ਚਾਹੁੰਦੀ ਸੀ। ਜਦੋਂ ਉਹ ਸੰਸਦ ਵਿੱਚ ਜਾਂ ਬਾਹਰ ਗੁਜਰਾਤ ਦੰਗਿਆਂ 'ਤੇ ਭਾਜਪਾ ਨੂੰ ਘੇਰਣ ਦੀ ਕੋਸ਼ਿਸ਼ ਕਰਦੀ ਤਾਂ ਵਿਰੋਧੀ ਉਨ੍ਹਾਂ ਨੂੰ 1984 ਦੇ ਦੰਗਿਆਂ ਦਾ ਚੇਤਾ ਕਰਵਾ ਦਿੰਦੇ ਸੀ। ਇਹ ਗੱਲ ਮੈਨੂੰ ਹਮੇਸ਼ਾ ਰੜਕਦੀ ਰਹੀ ਕਿ ਜੇਕਰ ਇੱਕ ਨੇ ਗਲਤੀ ਕੀਤੀ ਸੀ ਤਾਂ ਦੂਜੇ ਦੀ ਗਲਤੀ ਨੂੰ ਚੇਤੇ ਕਰਾ ਕੇ ਆਪਣਾ ਬਚਾਅ ਕਰਨਾ ਕਿੱਥੋਂ ਤਕ ਠੀਕ ਹੈ ? ਦੋਵੇਂ ਦੇਸ਼ ਦੀਆਂ ਵੱਡੀਆਂ ਰਾਜਨੀਤਕ ਪਾਰਟੀਆਂ ਨੇ ਤੇ ਦੋਵਾਂ ਦੇ ਵਕਤ ਵਿੱਚ ਹੀ ਘੱਟ-ਗਿਣਤੀਆਂ ਨਾਲ ਜੇਕਰ ਕਿਧਰੇ ਅਨਿਆਂ ਹੋਇਆ ਹੈ ਤਾਂ ਉਹ ਇੱਕ ਦੂਜੇ 'ਤੇ ਦੋਸ਼ ਲਗਾ ਕੇ ਕਿਵੇਂ ਬਚ ਸਕਦੇ ਨੇ ? ਇਹ ਇੱਕ ਦੂਜੇ 'ਤੇ ਦੋਸ਼ ਲਾਉਣ ਦੀ ਬਜਾਏ ਫਿਰਕਾਪ੍ਰਸਤੀ ਨੂੰ ਜੜ੍ਹ ਤੋਂ ਮਿਟਾਉਣ ਲਈ ਇਕੱਠੇ ਕਿਉਂ ਨਹੀਂ ਹੁੰਦੇ ?

ਇਸੇ ਦੌਰਾਨ ਕਿਸੇ ਰਾਜਨੀਤਕ ਪਾਰਟੀ ਨੇ ਮੇਰੇ ਲਈ ਲੋਕ ਸਭਾ ਟਿਕਟ ਦਾ ਐਲਾਨ ਕਰ ਦਿੱਤਾ ਤੇ ਕਈਆਂ ਨੇ ਮੇਰੇ ਲਈ ਪੈਸਿਆਂ ਤੇ ਸਨਮਾਨਾਂ ਦੀ ਝੜੀ ਲਾ ਦਿੱਤੀ। ਕੋਈ ਮੇਰੇ ਜੁੱਤੇ ਨੂੰ ਪੰਜ ਲੱਖ ਵਿੱਚ ਖਰੀਦਣ ਨੂੰ ਤਿਆਰ ਸੀ ਤੇ ਕੋਈ ਮੈਨੂੰ ਲੱਖਾਂ ਰੁਪਏ ਦੇਣ ਦੀ ਗੱਲ ਕਰ ਰਿਹਾ ਸੀ।

ਮੈਂ ਸਿੱਖਾਂ ਦੇ ਜਜ਼ਬਾਤਾਂ ਦਾ ਪ੍ਰਗਟਾਵਾ ਹੀ ਤਾਂ ਕੀਤਾ ਸੀ। ਇਹ ਲੋਕ ਉਨ੍ਹਾਂ ਨਿਰਮਲ ਜਜ਼ਬਾਤਾਂ ਦੀ ਕੀਮਤ ਕਿਉਂ ਲਾ ਰਹੇ ਸੀ ? ਉਸ 'ਤੇ ਰਾਜਨੀਤੀ ਦੀ ਮੈਲ ਕਿਉਂ ਸੁੱਟ ਰਹੇ ਸੀ ? ਮੈਂ ਅਜਿਹੇ ਲੋਕਾਂ ਦੇ ਖਿਲਾਫ਼ ਮੀਡੀਆ ਵਿੱਚ ਕੁਝ ਕੜੇ ਲਫ਼ਜ਼ਾਂ ਦੀ ਵੀ ਵਰਤੋਂ ਕਰਕੇ ਉਨ੍ਹਾਂ ਸ਼ੰਕਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜੋ ਮੇਰੇ ਬਾਰੇ ਵਿੱਚ ਜਾਣ-ਬੁੱਝ ਕੇ ਫੈਲਾਏ ਜਾ ਰਹੇ ਸੀ। ਮੈਨੂੰ ਅਕਾਲੀ ਦੱਸਣ ਦੀ ਕੋਸ਼ਿਸ਼ ਵੀ ਹੋ ਰਹੀ ਸੀ ਜੋ ਕਿ ਸੱਚਾਈ ਤੋਂ ਕੋਹਾਂ ਦੂਰ ਸੀ। ਜੇ ਮੈਂ ਕੋਈ ਰਾਜਨੀਤਕ ਆੱਫ਼ਰ ਮੰਜ਼ੂਰ ਕਰਦਾ ਤਾਂ ਮੇਰੇ ਵਿਰੋਧ ਦੀ ਅਹਿਮੀਅਤ ਘੱਟ ਜਾਂਦੀ, ਉਸਨੂੰ ਦਾਗ਼ ਲੱਗ ਜਾਣਾ ਸੀ। ਅਸਲ ਵਿੱਚ ਮੇਰੇ ਲਈ ਰਾਜਨੀਤੀ ਦੇ ਚਿੱਕੜ ਤੋਂ ਦੂਰ ਰਹਿਣਾ

ਜ਼ਰੂਰੀ ਸੀ।

ਅਗਲੇ ਦਿਨ ਅਦਾਲਤ ਵਿੱਚ ਟਾਈਟਲਰ ਦੇ ਮਾਮਲੇ ਵਿੱਚ ਸੁਣਵਾਈ ਸੀ। ਵਿਰੋਧ ਪ੍ਰਦਰਸ਼ਨਾਂ ਵਿੱਚ ਤੇਜ਼ੀ ਆ ਚੁੱਕੀ ਸੀ ਤੇ ਕਾਂਗਰਸ 'ਤੇ ਦਬਾਅ ਵੱਧ ਰਿਹਾ ਸੀ। ਕਾਂਗਰਸ ਨੂੰ ਪੰਜਾਬ ਵਿੱਚ ਚੰਗਾ ਕਰਨ ਦੀ ਉਮੀਦ ਸੀ ਤੇ ਮੀਡੀਆ ਅਜਿਹੇ ਕਿਆਸ ਲਾ ਹੀ ਰਿਹਾ ਸੀ ਕਿ ਹੁਣ ਸ਼ਾਇਦ ਪੰਜਾਬ ਦੇ ਕਾਂਗਰਸ ਨੇਤਾਵਾਂ ਨੇ ਵੀ ਸੱਜਣ ਕੁਮਾਰ ਤੇ ਟਾਈਟਲਰ ਮਾਮਲੇ ਨੂੰ ਉਥੋਂ ਦੀਆਂ ਚੋਣਾਂ 'ਤੇ ਅਸਰ ਪੈਣ ਦੀ ਗੱਲ ਕਹਿ ਦਿੱਤੀ। ਕਿਹਾ ਗਿਆ ਕਿ ਦਿੱਲੀ ਵਿੱਚ ਸ਼ੀਲਾ ਦੀਕਸ਼ਿਤ ਦੇ ਧੜੇ ਨੇ ਵੀ ਇਸ ਮੁੱਦੇ ਨੂੰ ਹਲਕੇ ਢੰਗ ਨਾਲ ਚੁੱਕਿਆ ਸੀ। ਹਕੀਕਤ ਇਹ ਹੈ ਕਿ ਇਹ ਸਾਰੇ ਤੱਥ ਪਹਿਲਾਂ ਵੀ ਸੀ ਪਰ ਕਾਂਗਰਸ ਨੇ ਇਨ੍ਹਾਂ ਸਭ ਨੂੰ ਅਣਦੇਖਿਆਂ ਕਰਕੇ ਟਿਕਟ ਦਿੱਤੇ ਸੀ।

ਕਾਂਗਰਸ ਨੇ ਅਗਲੇ ਦਿਨ ਅਦਾਲਤ ਵਿੱਚ ਸੁਣਵਾਈ ਦਾ ਇੰਤਜ਼ਾਰ ਕੀਤਾ ਤੇ ਜਦੋਂ ਉਥੇ ਮਾਮਲਾ ਅੱਗੇ ਲਟਕ ਗਿਆ ਤਾਂ ਕਾਂਗਰਸ ਨੂੰ ਵੀ ਲੱਗਣ ਲੱਗਾ ਕਿ ਵਕਤ ਆ ਗਿਆ ਹੈ ਕਿ ਫੈਸਲਾ ਲਵੇ, ਨਹੀਂ ਤਾਂ ਚੋਣ ਮੁਹਿੰਮ ਨੂੰ ਝਟਕਾ ਲੱਗਣਾ ਤੈਅ ਸੀ, ਸੋ ਹੁਣ ਮਾਮਲਾ ਲਟਕੇ ਨਹੀਂ। ਚੋਣਾਂ ਚਲ ਰਹੀਆਂ ਨੇ ਤੇ ਜੇ ਕਦਮ ਨਾ ਚੁੱਕਿਆ ਤਾਂ ਮਾਮਲਾ ਹੋਰ ਭੱਖੇਗਾ। ਖ਼ਾਸ ਕਰਕੇ ਇੱਕ ਸਿੱਖ ਨੂੰ ਪ੍ਰਧਾਨ ਮੰਤਰੀ ਦੇ ਤੌਰ 'ਤੇ ਪੇਸ਼ ਕਰਨ ਦੇ ਨਾਲ ਹੀ ਇਸ ਮੁੱਦੇ ਨੂੰ ਹੁਣ ਲੁਕੋ ਕੇ ਰੱਖਣਾ ਮੁਸ਼ਕਿਲ ਹੋ ਚੁੱਕਾ ਸੀ। ਜੇਕਰ ਗੁਜਰਾਤ ਦੰਗਿਆਂ ਦੇ ਮਸਲੇ 'ਤੇ ਭਾਜਪਾ ਨੂੰ ਫਿਰਕੂ ਦੱਸਦੇ ਹੋਏ ਘੇਰਾ ਪਾਉਣਾ ਸੀ ਤਾਂ ਫਿਰ 1984 ਦੇ ਭੂਤ ਤੋਂ ਪਿੱਛਾ ਛਡਾਉਣਾ ਹੀ ਪੈਣਾ ਸੀ।

ਨਤੀਜਾ ਸ਼ਾਮ ਨੂੰ ਜਗਦੀਸ਼ ਟਾਈਟਲਰ ਦੀ ਪ੍ਰੈਸ ਕਾਨਫ਼ਰੰਸ ਦੇ ਰੂਪ ਵਿੱਚ ਸਾਹਮਣੇ ਆਇਆ ਜਿਸ ਵਿੱਚ ਉਨ੍ਹਾਂ ਨੇ ਉਮੀਦਵਾਰੀ ਤੋਂ ਹਟਣ ਦੀ ਗੱਲ ਕਹਿ ਦਿੱਤੀ। ਪੱਤਰਕਾਰ ਕਹਿ ਰਹੇ ਸਨ ਕਿ ਉਸਨੂੰ ਕਾਂਗਰਸ ਆਲਾਕਮਾਨ ਨੇ ਪਿੱਛੇ ਹੱਟਣ ਲਈ ਕਿਹਾ ਸੀ।

ਹੁਣ ਪ੍ਰਧਾਨ ਮੰਤਰੀ ਵੀਮੇਨ ਪ੍ਰੈਸ ਕਲੱਬ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸੀ। ਉਨ੍ਹਾਂ ਨੇ ਟਿਕਟ ਕੱਟੇ ਜਾਣ ਦੇ ਸੁਆਲ 'ਤੇ "ਦੇਰ ਆਇਦ ਦਰੁੱਸਤ ਆਇਦ" ਕਹਿ ਕੇ ਮੇਰੇ ਵਿਰੋਧ ਦੇ ਮੁੱਦੇ ਨੂੰ ਸਹੀ ਠਹਿਰਾ ਦਿੱਤਾ ਸੀ।

ਮੈਂ ਜੇਤੂ ਤਾਂ ਨਹੀਂ ਪਰ ਕਾਫ਼ੀ ਰਾਹਤ ਮਹਿਸੂਸ ਕਰ ਰਿਹਾ ਸੀ। 25 ਸਾਲਾਂ ਬਾਅਦ ਜਦੋਂ ਸਾਰੇ ਮੰਨਣ ਲੱਗ ਗਏ ਸੀ ਕਿ ਕੁਝ ਨਹੀਂ ਹੋ ਸਕਦਾ ਤਾਂ ਫਿਰ ਜੁੱਤੇ ਨੇ ਇਤਿਹਾਸ ਬਦਲ ਦਿੱਤਾ।

ਪ੍ਰਧਾਨ ਮੰਤਰੀ ਨੇ ਇਥੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਟਾਈਟਲਰ ਨੂੰ ਕਲੀਨ ਚਿਟ ਦਿੱਤੀ ਜਾ ਰਹੀ ਹੈ।

ਬਾਅਦ ਵਿੱਚ ਇੰਡੀਅਨ ਐਕਸਪ੍ਰੈਸ ਨੇ ਇਸ ਕਲੀਨ ਚਿਟ ਦੇ ਪਿੱਛੇ ਦੀ ਖੇਡ ਨੂੰ ਵੀ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ।

ਵਰਲਡ ਸਿੱਖ ਨਿਊਜ਼ ਨੇ ਇਸ ਘਟਨਾ ਦੇ ਬਾਰੇ ਲਿਖਿਆ ਕਿ 25 ਸਾਲਾਂ ਤੋਂ ਜੋ ਨਿਆਂ ਦਾ ਚੱਕਰ ਨਹੀਂ ਘੁੰਮ ਸਕਿਆ ਸੀ, ਉਹ ਜੁੱਤੀ ਦੀ ਢਾਈ ਮੀਟਰ ਦੀ ਦੂਰੀ ਤੈਅ ਕਰਨ ਨਾਲ ਕੁਝ ਅੱਗੇ ਘੁੰਮ ਗਿਆ ਸੀ।

ਇਸ ਘਟਨਾ ਦੇ ਪੰਜ ਦਿਨਾਂ ਬਾਅਦ ਮੈਨੂੰ ਅੰਮ੍ਰਿਤਸਰ ਵਿੱਚ ਮਕਬੂਲਪੁਰਾ ਵਿੱਚ ਨਸ਼ਿਆਂ ਦੇ ਖਿਲਾਫ਼ ਇੱਕ ਰੈਲੀ ਵਿੱਚ ਸ਼ਾਮਿਲ ਹੋਣ ਦਾ ਸੱਦਾ ਆਇਆ। ਉਥੇ ਤਕਰੀਬਨ 800 ਅਜਿਹੇ ਬੱਚਿਆਂ ਨੂੰ ਪੜ੍ਹਾਇਆ ਲਿਖਾਇਆ ਜਾ ਰਿਹਾ ਸੀ ਜਿਨ੍ਹਾਂ ਦੇ ਪਿਤਾ ਨਸ਼ਿਆਂ ਦੇ ਜਾਲ ਵਿੱਚ ਫੱਸ ਕੇ ਉਨ੍ਹਾਂ ਨੂੰ ਅਨਾਥ ਛੱਡ ਗਏ ਸੀ। ਇਹ ਸੇਵਾ ਸਾਬਕਾ ਆਈ.ਪੀ.ਐਸ. ਕਿਰਨ ਬੇਦੀ ਦੇ ਪਤੀ ਬ੍ਰਿਜ ਬੇਦੀ ਤੇ ਕੁਝ ਹੋਰ ਲੋਕ ਮਿਲ ਕੇ ਚਲਾ ਰਹੇ ਨੇ। ਉਨ੍ਹਾਂ ਨੇ ਕਿਹਾ ਕਿ ਅੱਜ ਮੀਡੀਆ ਮੇਰੇ ਪਿੱਛੇ ਹੈ ਤੇ ਜੇਕਰ ਮੈਂ ਇਸ ਰੈਲੀ ਦੀ ਹਿਮਾਇਤ ਕਰਨ ਆਵਾਂ ਤਾਂ ਮੁੱਦਾ ਹਾਈਲਾਈਟ ਹੋਵੇਗਾ। ਮੈਨੂੰ ਵੀ ਲੱਗਾ ਕਿ ਇਸ ਤੋਂ ਚੰਗਾ ਕੀ ਹੋ ਸਕਦਾ ਹੈ ਕਿ ਨਾਲ ਹੀ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਮੱਥਾ ਟੇਕਣ ਦਾ ਵੀ ਸੌਭਾਗ ਮਿਲ ਜਾਵੇਗਾ। ਇਸ ਘਟਨਾ ਤੋਂ ਬਾਅਦ ਮੇਰਾ ਦਿਲ ਵੀ ਉੱਥੇ ਨਤਮਸਤਕ ਹੋਣ ਨੂੰ ਕਰ ਰਿਹਾ ਸੀ, ਜਿਵੇਂ ਮੈਂ ਪਰਮਾਤਮਾ ਦਾ ਸ਼ੁਕਰ ਅਦਾ ਕਰਨਾ ਚਾਹੁੰਦਾ ਸੀ।

ਮੈਂ ਆਪਣੇ ਪਰਿਵਾਰ ਨੂੰ ਲੈ ਕੇ ਉਥੇ ਗਿਆ ਤੇ ਸਰਾਂ ਵਿੱਚ ਕਮਰੇ ਇੱਕ ਪੱਤਰਕਾਰ ਮਿੱਤਰ ਦੇ ਨਾਂ 'ਤੇ ਬੁੱਕ ਕਰਵਾ ਲਏ ਸੀ। ਹਾਲਾਂਕਿ ਇਸ ਫੇਰੀ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖ਼ਬਰ ਲੱਗ ਚੁੱਕੀ ਸੀ। ਸ਼ਾਇਦ ਰਾਹ ਵਿੱਚ ਲੁਧਿਆਣੇ ਵਿੱਚ ਸਾਨੂੰ ਰੋਕ ਕੇ ਗੁਰਸਿੱਖ ਫ਼ੈਮਿਲੀ ਕਲੱਬ ਵਾਲਿਆਂ ਨੇ ਸਾਡਾ ਸੁਆਗਤ ਕੀਤਾ ਤਾਂ ਉਨ੍ਹਾਂ ਵਿੱਚੋਂ ਹੀ ਕਿਸੇ ਨੇ ਅੱਗੇ ਦੱਸ ਦਿੱਤਾ ਸੀ।

ਜਦੋਂ ਅਸੀਂ ਅੰਮ੍ਰਿਤਸਰ ਪਹੁੰਚੇ ਤਾਂ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਅਗਲੇ ਦਿਨ ਸਵੇਰੇ ਸੂਚਨਾ ਦਫ਼ਤਰ ਵਿੱਚ ਸਿਰੋਪਾਓ ਦੇਣ ਦੀ ਗੱਲ ਕਹੀ ਗਈ। ਸ਼੍ਰੋਮਣੀ ਕਮੇਟੀ ਦੇ ਨੌਜੁਆਨ ਮੈਂਬਰ ਤੇ ਅਕਾਲ ਪੁਰਖ ਦੀ ਫ਼ੌਜ ਸੰਸਥਾ ਦੇ ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਇਹ ਗੱਲ ਉਥੇ ਦੱਸੀ ਤੇ ਨਾਲ ਹੀ ਕਿਹਾ ਕਿ ਇਥੇ ਸਿਰੋਪਾਓ ਪ੍ਰਾਪਤ ਕਰਨਾ ਕੋਈ ਰਾਜਨੀਤੀ ਨਹੀਂ ਹੈ। ਮੈਂ ਸੋਚਾਂ ਵਿੱਚ ਪੈ ਗਿਆ। ਚੋਣਾਂ ਕਰਕੇ ਮੈਂ ਕੋਈ ਰਾਜਨੀਤਕ ਸੰਕੇਤ ਦੇਣ ਤੋਂ ਬਚਣਾ ਚਾਹੁੰਦਾ ਸੀ। ਉਥੇ ਹੀ ਅੰਮ੍ਰਿਤਸਰ ਦੇ ਪੱਤਰਕਾਰ ਦੋਸਤਾਂ ਨੇ ਸਲਾਹ ਦਿੰਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਦਿਲ ਦੇ ਆਪਰੇਸ਼ਨ ਦੇ ਬਾਅਦ ਅੰਮ੍ਰਿਤਸਰ ਫੇਰੀ 'ਤੇ ਸਿਰੋਪਾਓ ਦਿੱਤਾ ਗਿਆ ਸੀ ਜਾਂ ਹੋਰ ਕਿਸੇ ਧਰਮ ਜਾਂ ਖੇਤਰ ਦੀ ਸ਼ਖ਼ਸੀਅਤ ਵੀ ਆਏ ਤਾਂ ਉਸਨੂੰ ਸੂਚਨਾ ਦਫ਼ਤਰ ਵਿੱਚ ਹੀ ਸਨਮਾਨਿਤ ਕੀਤਾ ਜਾਂਦਾ ਹੈ। ਇਸ ਲਈ ਇਸਦਾ ਕੋਈ ਰਾਜਨੀਤਕ ਸੰਕੇਤ ਨਹੀਂ ਜਾਵੇਗਾ। ਕਮੇਟੀ ਉੱਤੇ ਭਲੇ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਕਬਜ਼ਾ ਹੋਵੇ ਪਰ ਹੈ ਤਾਂ ਇਹ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ। ਜੇਕਰ ਸਰਕਾਰ ਕਿਸੇ ਨੂੰ ਪਦਮ ਸ੍ਰੀ ਜਾਂ ਅਰਜਨ ਐਵਾਰਡ ਆਦਿ ਦਿੰਦੀ ਹੈ ਤਾਂ ਉਸਨੂੰ ਸੱਤਾ ਵਿੱਚ ਬੈਠੀ ਪਾਰਟੀ ਵੱਲੋਂ ਨਹੀਂ ਬਲਕਿ ਭਾਰਤ ਸਰਕਾਰ ਵੱਲੋਂ ਸਨਮਾਨਿਤ ਕੀਤਾ ਜਾਂਦਾ ਹੈ। ਉਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਤੋਂ ਤਸਵੀਰ ਲੈਣ ਵਿੱਚ ਕੁਝ ਗ਼ਲਤ ਨਹੀਂ ਹੈ। ਜੇ ਕਰ ਮੈਂ ਮਨਾ ਕਰਾਂਗਾ ਤਾਂ ਗ਼ਲਤ ਸੰਦੇਸ਼ ਜ਼ਰੂਰ ਜਾਵੇਗਾ। ਸਿੱਖ ਜਗਤ ਵੀ ਸਮਝੇਗਾ ਕਿ ਜਰਨੈਲ ਸਿੰਘ ਨੇ ਅਹੰਕਾਰ ਵੱਸ ਗੁਰੂ ਘਰ ਦਾ ਸਿਰੋਪਾਓ ਠੁਕਰਾਇਆ ਹੈ ਜਾਂ ਕਿਸੇ ਪਾਰਟੀਬਾਜ਼ੀ ਵਿੱਚ ਫੱਸਿਆ ਹੋਇਆ ਹੈ। ਇਸ ਨਾਲ ਬੇਲੋੜਾ ਵਿਵਾਦ ਬਣੇਗਾ। ਮੈਂ ਅਜਿਹਾ ਬਿਲਕੁਲ ਨਹੀਂ ਕਰਨਾ ਚਾਹੁੰਦਾ ਸੀ।

ਅਗਲੇ ਦਿਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਮੈਨੂੰ ਸਿਰੋਪਾਓ ਤੇ ਹਰਿਮੰਦਰ ਸਾਹਿਬ ਦੀ ਇੱਕ ਤਸਵੀਰ ਭੇਟ ਕੀਤੀ। ਇਸ ਤੋਂ ਬਾਅਦ ਉਹ ਮੈਨੂੰ ਨਾਲ ਦੇ ਇੱਕ ਕਮਰੇ ਵਿੱਚ ਲੈ ਗਏ ਜਿਥੇ ਦਸ ਮਿੰਟਾਂ ਤਕ ਗੱਲਬਾਤ ਹੋਈ। ਇਹ ਗੱਲਬਾਤ ਮੈਨੂੰ ਸ਼੍ਰੋਮਣੀ ਕਮੇਟੀ ਵਿੱਚ ਮੀਡੀਆ ਸਲਾਹਕਾਰ ਦਾ ਅਹੁਦਾ ਦੇਣ ਲਈ ਸੀ। ਨਾਲ ਹੀ ਗੁਰਦੁਆਰਾ ਪ੍ਰਬੰਧ ਨੂੰ ਲੈ ਕੇ ਕੁਝ ਗੱਲਾਂ ਹੋਈਆਂ। ਮੈਂ ਉਨ੍ਹਾਂ ਨੂੰ ਇਸ ਬਾਰੇ ਉਥੇ ਹੀ ਮਨਾ ਕਰ ਦਿੱਤਾ। ਇਸ ਤੋਂ ਬਾਅਦ ਪ੍ਰੈਸ ਨਾਲ ਗੱਲਬਾਤ ਹੋਈ ਤਾਂ ਮੱਕੜ ਜੀ ਨੇ ਆਪਣੀ ਪੇਸ਼ਕਸ਼ ਜਨਤਕ ਤੌਰ 'ਤੇ ਫਿਰ ਦੋਹਰਾ ਦਿੱਤੀ। ਉਨ੍ਹਾਂ ਦਾ

ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਦਰਵਾਜ਼ੇ ਜਰਨੈਲ ਸਿੰਘ ਲਈ ਪੂਰੀ ਤਰ੍ਹਾਂ ਖੁਲ੍ਹੇ ਨੇ। ਜਦੋਂ ਮੀਡੀਆ ਨੇ ਮੈਨੂੰ ਉਸ ਪੇਸ਼ਕਸ਼ ਬਾਰੇ ਪੁੱਛਿਆ ਤਾਂ ਮੈਂ ਉਸ ਨੂੰ ਨਿਮਰਤਾ ਨਾਲ ਪ੍ਰਵਾਨ ਕਰਨ ਤੋਂ ਮਨਾ ਕਰ ਦਿੱਤਾ। ਮੈਨੂੰ ਲੱਗਿਆ ਕਿ ਐਸਾ ਕਰਨ ਨਾਲ ਇਸਦੇ ਰਾਜਨੀਤਕ ਅਰਥ ਕੱਢੇ ਜਾਣਗੇ ਤੇ ਫਿਰ ਉਹ ਲੋਕ ਮੇਰੀ ਆਲੋਚਨਾਵਾਂ ਦਾ ਹੜ੍ਹ ਲਾ ਦੇਣਗੇ ਜਿਨ੍ਹਾਂ ਨੂੰ ਮੈਂ ਹੁਣ ਤਕ ਕੋਈ ਮੌਕਾ ਨਹੀਂ ਦਿੱਤਾ ਹੈ। ਇਸ ਤੋਂ ਬਾਅਦ ਮੈਂ ਦੁਪਹਿਰ ਨੂੰ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਸਥਿਤੀ ਨੂੰ ਹੋਰ ਸਪਸ਼ਟ ਕਰ ਦਿੱਤਾ। ਅਸਲ ਵਿੱਚ ਮੈਂ ਕਿਸੇ ਰਾਜਨੀਤਕ ਅਖਾੜੇ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ ਸੀ ਤੇ ਮੇਰੇ ਲਈ ਜ਼ਰੂਰੀ ਸੀ ਕਿ ਇਸ ਸਭ ਤੋਂ ਦੂਰ ਰਹਾਂ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਆਮ ਸਿੱਖ ਸੰਗਤ ਨੇ ਰੋਕ-ਰੋਕ ਕੇ ਮੈਨੂੰ ਥਾਪੜੀ ਦਿੱਤੀ, ਉਹ ਅਨੁਭਵ ਨਾ ਭੁੱਲਣਯੋਗ ਸੀ। ਇੱਕ ਸਿੱਖ ਬੀਬੀ ਮੇਰੇ ਉਥੇ ਆਉਣ ਦੀ ਗੱਲ ਸੁਣ ਕੇ ਬਾਬਾ ਦੀਪ ਸਿੰਘ ਦੇ ਗੁਰਦੁਆਰੇ ਤੋਂ ਨੰਗੇ ਪੈਰੀਂ ਹੀ ਉਸ ਰਿਕਸ਼ੇ ਪਿੱਛੇ ਤਕਰੀਬਨ ਇੱਕ ਕਿਲੋਮੀਟਰ ਦੌੜਦੀ ਆਈ ਜਿਸ ਵਿੱਚ ਮੈਂ ਆਪਣੇ ਇੱਕ ਮਿੱਤਰ ਨਾਲ ਬੈਠਾ ਸੀ। ਇਹ ਗੱਲ ਮੇਰੇ ਦਿਲ ਨੂੰ ਛੋਹ ਗਈ। ਸੰਗਤ ਵਿੱਚ ਖ਼ਾਸ ਕਰ ਉਹ ਨੌਜੁਆਨ ਸਿੱਖ ਜੋ 1984 ਵਿੱਚ ਅਜੇ ਪੈਦਾ ਵੀ ਨਹੀਂ ਹੋਏ ਸੀ, ਉਹ ਮੇਰੇ ਨਾਲ ਖੜੇ ਹੋ ਕੇ ਫ਼ੋਟੋਆਂ ਖਿਚਵਾ ਰਹੇ ਸੀ। ਨਾਲ ਹੀ ਜਦੋਂ ਮੈਂ ਹਰਿਮੰਦਰ ਸਾਹਿਬ ਪਰਿਸਰ ਵਿੱਚ ਇਤਿਹਾਸਕ ਮੰਜੀ ਸਾਹਿਬ ਵਿੱਚ ਢਾਡੀ ਸਿੰਘਾਂ ਨੂੰ ਵਾਰ ਗਾਉਂਦਿਆਂ ਮੇਰਾ ਜੁੱਤਾ ਸੁੱਟਣ ਦੇ ਪ੍ਰਕਰਣ ਦਾ ਜ਼ਿਕਰ ਕਰਦਿਆਂ ਸੁਣਿਆ ਤਾਂ ਲੱਜਾ ਮਹਿਸੂਸ ਹੋਈ। ਮੈਂ ਆਪਣੇ ਆਪ ਨੂੰ ਇਸ ਮਾਣ ਦੇ ਕਾਬਲ ਨਹੀਂ ਸਮਝਦਾ ਸੀ।

ਬਰਖਾ ਦੱਤ ਦਾ 'ਬੱਗ ਸਟਾਪਸ ਹੇਅਰ' ਪ੍ਰੋਗਰਾਮ ਹੋਵੇ ਜਾਂ ਤਮਾਮ ਹੋਰ ਟੀ.ਵੀ. ਚੈਨਲਾਂ ਦੇ ਪ੍ਰੋਗਰਾਮ, ਮੇਰੀ ਕੋਸ਼ਿਸ਼ 1984 ਦੇ ਅਨਿਆਂ ਨੂੰ ਪ੍ਰਮੁਖਤਾ ਨਾਲ ਰੱਖਣ ਦੀ ਸੀ। ਆਖਰ 1984 ਦੇ ਮੁੱਦੇ ਨੂੰ ਪਹਿਲੀ ਵਾਰ ਮੀਡੀਆ ਨੇ ਐਨਾ ਮਹੱਤਵ ਦਿੱਤਾ ਸੀ। ਜਦੋਂ ਕਤਲੇਆਮ ਹੋਇਆ ਸੀ, ਤਾਂ ਤੇ ਮੀਡੀਆ ਨੂੰ ਵੀ ਜਿਵੇਂ ਗ੍ਰਹਿਣ ਲੱਗਾ ਹੋਇਆ ਸੀ ਜਾਂ ਫਿਰ ਸਰਕਾਰ ਦਾ ਦਬਦਬਾ ਐਨਾ ਜ਼ਿਆਦਾ ਸੀ ਕਿ ਸਿਵਾਏ ਇੰਡੀਅਨ ਐਕਸਪ੍ਰੈਸ ਜਾਂ ਇੰਡੀਆ ਟੁਡੇ ਦੇ, ਇਸ ਮੁੱਦੇ 'ਤੇ ਲਿਖਣ ਦੀ ਕਿਸੇ ਦੀ ਹਿੰਮਤ ਹੀ ਨਹੀਂ ਹੋਈ ਸੀ। 25 ਸਾਲਾਂ ਬਾਅਦ ਮੀਡੀਆ ਇਸ ਕਤਲੇ ਆਮ ਨੂੰ ਲੈ ਕੇ ਸੁਆਲ ਚੁੱਕ ਰਿਹਾ ਸੀ। ਇਸਨੂੰ ਜੁੱਤੇ ਦੀ ਕਾਰਮਾਤ ਹੀ ਕਿਹਾ

ਜਾ ਸਕਦਾ ਹੈ।

ਸਭ ਤੋਂ ਜ਼ਿਆਦਾ ਸੁਖਦ ਅਹਿਸਾਸ ਤਾਂ ਹੋਇਆ ਜਦੋਂ ਇਸ ਕਤਲੇਆਮ ਦੀ ਸ਼ਿਕਾਰ ਵਿਧਵਾਵਾਂ ਨੇ ਸੱਜਣ ਕੁਮਾਰ ਤੇ ਟਾਈਟਲਰ ਦੀਆਂ ਚੋਣ ਟਿਕਟਾਂ ਕੱਟਣ ਉੱਤੇ ਸੰਤੋਖ ਪ੍ਰਗਟ ਕੀਤਾ। ਉਨ੍ਹਾਂ ਦੇ ਦਿਲ ਨੂੰ ਠੰਡਕ ਮਹਿਸੂਸ ਹੋਈ। ਲੱਗ ਰਿਹਾ ਸੀ ਕਿ ਜੇਕਰ ਮੇਰੇ ਇਸ ਕਦਮ ਨਾਲ ਇਨ੍ਹਾਂ ਨੂੰ ਸੰਤੋਖ ਮਿਲਿਆ ਹੈ ਤਾਂ ਫਿਰ ਇਸ ਤੋਂ ਅੱਗੇ ਸਾਰੇ ਤਰਕ ਬੇਕਾਰ ਨੇ। ਜਦੋਂ ਤਿਲਕ ਵਿਹਾਰ ਵਿੱਚ ਇਨ੍ਹਾਂ ਵਿਧਵਾਵਾਂ ਦੀ ਕਾਲੋਨੀ ਦੇ ਗੁਰਦੁਆਰੇ ਵਿੱਚ ਮੈਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਤਾਂ ਮੈਂ ਭਾਵੁਕ ਹੋ ਗਿਆ ਸੀ। ਉਹ ਮੇਰੇ ਜੀਵਨ ਦਾ ਸਭ ਤੋਂ ਵੱਧ ਸੰਤੋਖ ਵਾਲਾ ਦਿਨ ਸੀ। ਆਖਿਰ ਇਹ ਵੀ ਤਾਂ ਇਸੇ ਦੇਸ਼ ਦੇ ਨਾਗਰਿਕ ਹਨ। ਨਿਆਂ ਦੀ ਆਸ ਵਿੱਚ 25 ਸਾਲਾਂ ਤੋਂ ਚਲ ਰਿਹਾ ਸੰਘਰਸ਼ ਆਖਿਰ ਕਦੋਂ ਤਕ ਚਲੇਗਾ।

ਮੇਰੇ ਅਖ਼ਬਾਰ ਵਾਲਿਆਂ ਨੇ ਸੰਕੇਤਕ ਵਿਰੋਧ ਦੇ ਬਾਅਦ ਮੈਨੂੰ 20 ਦਿਨਾਂ ਤਕ ਦਫ਼ਤਰ ਨਾ ਆਉਣ ਲਈ ਕਿਹਾ। ਨਾਲ ਹੀ ਮੀਡੀਆ ਵਿੱਚ ਵੀ ਨਾ ਜਾਣ ਦੀ ਹਦਾਇਤ ਦਿੱਤੀ ਸੀ। ਪਰ ਜਦੋਂ 20 ਦਿਨਾਂ ਬਾਅਦ ਮੈਂ ਅਖ਼ਬਾਰ ਵਿੱਚ ਵਾਪਸ ਆਉਣ ਲਈ ਪੁੱਛਿਆ ਤਾਂ ਕਿਹਾ ਗਿਆ ਕਿ ਅਜੇ ਚੋਣਾਂ ਤਕ ਇੰਤਜ਼ਾਰ ਕਰੋ।

ਇਸੇ ਦੌਰਾਨ ਦਿੱਲੀ ਵਿੱਚ ਚੋਣਾਂ ਦਾ ਦਿਨ ਆ ਗਿਆ, ਤਾਂ ਸਵੇਰੇ-ਸਵੇਰੇ ਹੀ 'ਹੈਡਲਾਈਨਸ ਟੁਡੇ' ਨਿਊਜ਼ ਚੈਨਲ ਤੋਂ ਫ਼ੋਨ ਆਇਆ ਕਿ ਮੈਂ ਕਿਸ ਨੂੰ ਵੋਟ ਦੇਣ ਜਾ ਰਿਹਾ ਹਾਂ ਤੇ ਕਿੱਥੇ ਵੋਟ ਪਾਉਣ ਜਾਵਾਂਗਾ। ਮੇਰੇ ਲਈ ਇਹ ਇੱਕ ਅਹਿਮ ਸੁਆਲ ਸੀ। ਮੈਂ ਕਿਹਾ ਕਿ "ਦੇਸ਼ ਵਿੱਚ ਧਰਮ-ਨਿਰਪੇਖਤਾ ਨੂੰ ਸਹੀ ਮਾਇਨਿਆਂ ਵਿੱਚ ਮੰਨਣ ਵਾਲਾ ਕੋਈ ਵੀ ਉਮੀਦਵਾਰ ਜਾਂ ਦਲ ਮੇਰੇ ਸਾਹਮਣੇ ਨਹੀਂ ਹੈ, ਇਸ ਲਈ ਮੈਂ ਵੋਟ ਨਹੀਂ ਕਰਾਂਗਾ।" ਦਰਅਸਲ ਮੈਂ ਕੋਈ ਰਾਜਨੀਤਕ ਸੰਕੇਤ ਨਹੀਂ ਦੇਣਾ ਚਾਹੁੰਦਾ ਸੀ। ਜਦਕਿ ਮੈਂ ਲੰਮੇ ਸਮੇਂ ਤੋਂ ਚੋਣ ਕਮੀਸ਼ਨ ਕਵਰ ਕਰਦਾ ਰਿਹਾ ਹਾਂ ਅਤੇ ਚੋਣਾਂ ਵਿੱਚ ਮਤਦਾਨ ਵਧਾਉਣ ਵਾਲੀਆਂ ਚੋਣ ਕਮੀਸ਼ਨ ਦੀਆਂ ਤਮਾਮ ਮੁਹਿੰਮਾਂ ਬਾਰੇ ਅਖ਼ਬਾਰ ਵਿੱਚ ਪ੍ਰਮੁਖਤਾ ਨਾਲ ਲਿਖਦਾ ਰਿਹਾ ਸੀ।

ਚੋਣ ਨਤੀਜਾ ਆਉਂਦਿਆਂ ਹੀ ਮੇਰੇ ਅਖ਼ਬਾਰ ਵਾਲਿਆਂ ਦਾ ਵਤੀਰਾ ਬਦਲ ਗਿਆ। ਹਾਲਾਂਕਿ ਇਹ ਮੈਨੂੰ ਕੋਈ ਜ਼ਿਆਦਾ ਹੈਰਾਨ ਕਰ ਦੇਣ ਵਾਲਾ ਨਹੀਂ ਸੀ। ਮੇਰੇ ਅਖ਼ਬਾਰ ਨੇ ਹੁਣ ਮੈਨੂੰ ਨੌਕਰੀ ਤੋਂ ਅਸਤੀਫ਼ਾ ਦੇਣ ਦਾ ਦਬਾਅ ਪਾਉਣਾ ਸ਼ੁਰੂ

ਕਰ ਦਿੱਤਾ। ਹੁਣ ਮੈਨੂੰ ਪਤਾ ਲੱਗਾ ਕਿ ਮੈਨੂੰ ਨੋਟਿਸ ਵੀ ਜਾਰੀ ਕੀਤਾ ਗਿਆ ਸੀ ਪਰ ਉਹ ਮੇਰੇ ਪੁਰਾਣੇ ਘਰ ਦੇ ਪਤੇ 'ਤੇ ਭੇਜਿਆ ਗਿਆ ਸੀ। ਫਿਰ ਇਹ ਮੇ ਰੇ ਕੋਲ ਦੁਬਾਰਾ ਆਇਆ ਤਾਂ ਮੈਂ ਜੁਆਬ ਭੇਜ ਦਿੱਤਾ। ਇਸ ਜੁਆਬ ਦੇ ਬਾਵਜੂਦ ਮੈਨੂੰ ਗ਼ੈਰ-ਰਸਮੀ ਢੰਗ ਨਾਲ ਦੱਸਿਆ ਜਾ ਰਿਹਾ ਸੀ ਕਿ ਸਰਕਾਰ ਮੁੜ ਉਨ੍ਹਾਂ ਦੀ ਬਣ ਚੁੱਕੀ ਹੈ, ਇਸ ਲਈ ਉਨ੍ਹਾਂ ਲਈ ਮੈਨੂੰ ਰੱਖ ਪਾਉਣਾ ਅਸੰਭਵ ਹੋ ਗਿਆ ਹੈ।

ਸੁਆਲ ਇਹੀ ਹੈ ਕਿ ਜੇਕਰ ਕਾਂਗਰਸ ਤੇ ਨਵੀਂ ਸਰਕਾਰ ਦਾ ਦਬਾਅ ਨਹੀਂ ਸੀ ਤਾਂ ਫਿਰ ਚੋਣ ਨਤੀਜੇ ਆਉਣ ਤੋਂ ਬਾਅਦ ਹੀ ਇਹ ਕਦਮ ਕਿਉਂ ਚੁੱਕਿਆ ਗਿਆ ! ਅਤੇ ਉਹ ਵੀ ਪੌਣੇ ਤਿੰਨ ਮਹੀਨਿਆਂ ਬਾਅਦ ! ਮੈ ਅਸਤੀਫ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੇਰਾ ਅਸਤੀਫ਼ਾ ਦੇਣਾ ਸਿਧਾਂਤਕ ਤੌਰ 'ਤੇ ਗ਼ਲਤੀ ਕਬੂਲ ਕਰਨ ਜਿਹਾ ਹੁੰਦਾ ਜਦਕਿ ਮੈਂ ਸਿਧਾਂਤਕ ਤੌਰ ਉੱਤੇ ਇਸਨੂੰ ਗ਼ਲਤੀ ਨਹੀਂ ਮੰਨ ਰਿਹਾ ਸੀ। ਇਹ ਇੱਕ ਸੰਕੇਤਕ ਵਿਰੋਧ ਸੀ ਤਾਂ ਕਿ ਉਹ ਲੋਕ ਜਿਨ੍ਹਾਂ ਉੱਤੇ ਨਿਆਂ ਕਰਨ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਚੇਤੇ ਆਵੇ।

1 ਜੁਲਾਈ ਨੂੰ ਮੈਨੂੰ ਨੌਕਰੀ ਤੋਂ ਕੱਢਿਆ ਗਿਆ ਤੇ 8 ਜੁਲਾਈ ਨੂੰ ਪੀ ਚਿਦੰਬਰਮ ਮੇਰੇ ਅਖ਼ਬਾਰ ਦੀ ਇੱਕ ਪਾਰਟੀ ਵਿੱਚ ਸ਼ਾਮਿਲ ਹੋਏ। ਸ਼ਾਇਦ ਉਨ੍ਹਾਂ ਨੂੰ ਚਾਟ-ਪਕੌੜੀ ਬਹੁਤ ਪਸੰਦ ਆਈ ਸੀ।

ਇਥੇ ਇੱਕ ਗੱਲ ਜ਼ਰੂਰ ਮਹੱਤਵਪੂਰਨ ਹੈ ਕਿ ਮੇਰੀ ਨੌਕਰੀ ਭਲੇ ਹੀ ਚਲੀ ਗਈ ਹੋਵੇ ਪਰ ਮੇਰੇ ਪੱਤਰਕਾਰ ਮਿੱਤਰਾਂ ਨੇ ਕਦੇ ਮੇਰੇ ਸਾਹਮਣੇ ਮੇਰੀ ਨਿੰਦਾ ਨਹੀਂ ਕੀਤੀ ਸੀ। ਬਲਕਿ ਕਈ ਪੱਤਰਕਾਰ ਦੋਸਤ ਉਸੇ ਵਕਤ ਥਾਣੇ ਵੱਲ ਆ ਗਏ ਸਨ ਜਿਸ ਵਿੱਚ 'ਆਊਟਲੁੱਕ' ਦੇ ਸੈਕਤ ਦੱਤਾ, 'ਦੀ ਹਿੰਦੂ' ਦੇ ਸੰਦੀਪ ਦੀਕਸ਼ਿਤ ਤੇ 'ਦੀ ਨਿਊ ਇੰਡੀਅਨ ਐਕਸਪ੍ਰੈਸ' ਦੇ ਗੌਤਮ ਦੱਤ ਸੀ। ਇਹ ਸਹਿਯੋਗ ਬੇਹਦ ਸੁਖਦ ਸੀ।


'ਦੀ ਟੈਲੀਗ੍ਰਾਫ਼' ਵਿੱਚ ਸੁਜਾਨ ਦੱਤਾ ਨੇ ਜਿਸ ਤਰ੍ਹਾਂ ਨਾਲ 'ਮਾਈ ਫਰੈਂਡ ਐਂਡ ਹੀਰੋ ਜਰਨੈਲ ਸਿੰਘ' 'ਤੇ ਇੱਕ ਪੀਸ ਲਿਖਿਆ, ਉਹ ਦਿਲ ਨੂੰ ਛੋਹਣ ਵਾਲਾ ਸੀ। ਉਨ੍ਹਾਂ ਦਾ ਇਹ ਪੀਸ ਕਈ ਸਿੱਖ ਵੈਬਸਾਈਟਸ ਨੇ ਚੁੱਕਿਆ। ਹਰਤੋਸ਼ ਬਲ ਨੇ ਵੀ ਕਮਾਲ ਦਾ ਲੇਖ ਲਿਖਿਆ ਸੀ।

'ਤਹਿਲਕਾ' ਨੇ ਵੀ ਮੈਨੂੰ ਸਮਰਥਨ ਦਿੱਤਾ ਤੇ ਹਰਿੰਦਰ ਬਵੇਜਾ, ਵੀਰ ਸੰਘਵੀ

ਤੇ ਕੰਵਰ ਸੰਧੂ ਵਰਗੇ ਧੁਰੰਧਰ ਪੱਤਰਕਾਰਾਂ ਨੇ ਟੀ.ਵੀ. 'ਤੇ ਵੀ ਮੇਰੇ ਵੱਲੋਂ ਚੁੱਕੇ ਗਏ ਮੁੱਦੇ ਦਾ ਸਮਰਥਨ ਕੀਤਾ। ਇਹ ਬੇਹਦ ਸੁਖਦਾਇਕ ਸੀ। ਮੈਨੂੰ ਦੈਨਿਕ ਜਾਗਰਣ ਵਿੱਚ ਲਿਆਉਣ ਵਾਲੇ ਤੇ ਇੱਕ ਵੱਡੇ ਹਿੰਦੀ ਅਖ਼ਬਾਰ ਦੇ ਮੁੱਖ ਸੰਪਾਦਕ ਨੇ ਜਿਸ ਤਰ੍ਹਾਂ ਮੈਨੂੰ ਨਿੱਜੀ ਗੱਲਬਾਤ ਵਿੱਚ ਤਸੱਲੀ ਦਿੱਤੀ, ਉਹ ਮੇਰੇ ਲਈ ਬਹੁਤ ਹਿੰਮਤ ਵਧਾਉਣ ਵਾਲੀ ਸੀ। 'ਮੇਲ ਟੁਡੇ' ਦੇ ਸੰਪਾਦਕ ਭਾਰਤ ਭੂਸ਼ਣ ਨੇ ਮੇਰੀ ਨੌਕਰੀ ਜਾਣ ਦੇ ਬਾਅਦ ਆਪਣੇ ਅਖ਼ਬਾਰ ਦੇ ਜ਼ਰੀਏ ਮੈਨੂੰ ਆਪਣਾ ਪੱਖ ਰੱਖਣ ਲਈ ਮੌਕਾ ਦਿੱਤਾ, ਉਹ ਦਿਲ ਨੂੰ ਛੋਹ ਗਿਆ।

ਇਸ ਘਟਨਾ ਦੇ ਬਾਅਦ ਜਦੋਂ ਮੈਂ 1984 ਦੇ ਪੀੜਤਾਂ ਨੂੰ ਮਿਲਣ ਗਿਆ ਤੇ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਨ੍ਹਾਂ ਦੀਆਂ ਅਣਛੋਹੀਆਂ ਦੁਖ ਭਰੀਆਂ ਦਾਸਤਾਨਾਂ ਅਜੇ ਵੀ ਦੁਨੀਆਂ ਦੇ ਸਾਹਮਣੇ ਨਹੀਂ ਆਈਆਂ ਹਨ। ਨਾਜੀ ਜਰਮਨੀ ਵਿੱਚ ਯਹੂਦੀਆਂ 'ਤੇ ਕਹਿਰ ਬਾਰੇ ਤਾਂ ਬਹੁਤ ਕੁਝ ਲਿਖਿਆ ਗਿਆ ਪਰ 1984 ਦਾ ਕਤਲੇਆਮ ਜੋ ਕਿ ਉਸ ਕਹਿਰ ਤੋਂ ਬਹੁਤ ਵੱਧ ਸੀ, ਨੂੰ ਦਸਤਾਵੇਜ਼ੀ ਰੂਪ ਵਿੱਚ ਸਾਂਭਣ ਤੇ ਦੁਨੀਆ ਦੇ ਸਾਹਮਣੇ ਲਿਆ ਕੇ ਕਤਲੇਆਮ ਦੇ ਸੱਚ ਨੂੰ ਉਜਾਗਰ ਕਰਨ ਦੀ ਲੋੜ ਹੈ...।

1984: ਸਿੱਖ ਕਤਲੇਆਮ ਦਾ ਸੱਚ





ਜਰਨੈਲ ਸਿੰਘ

9


1984 ਤੋਂ ਹੁਣ ਤਕ...

ਜੂਨ 1984 - ਆਪਰੇਸ਼ਨ ਬਲਿਊ ਸਟਾਰ ਦੌਰਾਨ ਢਹਿ ਢੇਰੀ
ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਅਤੇ
ਸੁੰਨਾ ਪਿਆ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ






ਨਵੰਬਰ 1984 - ਤ੍ਰਿਲੋਕ ਪੁਰੀ ਦਾ 32 ਬਲਾਕ ਜਿੱਥੇ 500 ਸਿੱਖ ਮਾਰੇ ਗਏ।
ਕਤਲੇਆਮ ਤੇ ਲੁੱਟ-ਖਸੁੱਟ ਦਾ ਮੰਜ਼ਰ ਦੱਸਦੀਆਂ ਤਸਵੀਰਾਂ












ਬੇਕਾਬੂ ਦਰਿੰਦੇ ਜਿਨ੍ਹਾਂ ਨੂੰ ਕਿਸੇ ਪੁਲਿਸ ਦਾ ਡਰ ਨਹੀਂ ਸੀ,
ਸਿੱਖਾਂ ਦੀਆਂ ਦੁਕਾਨਾਂ ਤੇ ਗੱਡੀਆਂ ਸਾੜਦੇ ਹੋਏ। ਮੂਕ ਦਰਸ਼ਕ ਬਣੀ ਪੁਲਿਸ।









After the outbreak of rioting, a policeman walks past burning shops in downtown New Delhi
"The backlash is terrible," a civil servant said. "It reminds me of the days of partition."



ਗੁਰੂ ਤੇਗ਼ ਬਹਾਦਰ ਸਾਹਿਬ 'ਹਿੰਦ ਦੀ ਚਾਦਰ' ਦੇ
ਸ਼ਹੀਦੀ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਨਿਸ਼ਾਨਾ ਬਣਾਇਆ ਗਿਆ।












ਸਿੱਖ ਡਰਾਈਵਰਾਂ ਨੂੰ ਵੀ ਨਹੀਂ ਬਖਸ਼ਿਆ ਗਿਆ।
ਕਿੰਨੇ ਹੀ ਡਰਾਈਵਰ ਸ਼ਿਕਾਰ ਹੋਏ, ਕੋਈ ਵੇਰਵਾ ਨਹੀਂ ਮਿਲਦਾ।




















ਪੁਲਿਸ ਕਤਲੇਆਮ ਕਰ ਰਹੇ ਦਰਿੰਦਿਆਂ ਨੂੰ ਰੋਕਣ ਦੀ ਬਜਾਏ
ਸਿੱਖਾਂ 'ਤੇ ਤਸ਼ਦਦ ਕਰ ਰਹੀ ਸੀ।












ਫਿਰਕੂਪੁਣੇ ਦਾ ਨੰਗਾ ਸੱਚ ਇਹ ਤਸਵੀਰਾਂ ਦੱਸ ਰਹੀਆਂ ਹਨ,
ਕੋਈ ਲਫ਼ਜ਼ ਇਸ ਦਰਦ ਨੂੰ ਬਿਆਨ ਨਹੀਂ ਕਰ ਸਕਦੇ।
























ਟਰੇਨਾਂ ਵਿੱਚੋਂ ਕੱਢ-ਕੱਢ ਕੇ ਮਾਰੇ ਗਏ ਨਿਰਦੋਸ਼ ਸਿੱਖ ਯਾਤਰੂ।
ਰੇਲਵੇ ਪੁਲਿਸ ਨੇ ਕੋਈ ਕੇਸ ਦਰਜ ਨਹੀਂ ਕੀਤਾ।



Corpses of two Sikhs lie on a luggage trolley, New Delhi railway station. Photo by Ashok Vahie
















ਕੀ ਕਤਲੇਆਮ ਦੀਆਂ ਵਿਧਵਾਵਾਂ ਦੀ ਨਿਆਂ ਦੀ ਆਸ ਕਦੇ ਪੂਰੀ ਹੋਵੇਗੀ?
ਕੀ ਇਹ ਭਾਰਤ ਦੇ ਨਾਗਰਿਕ ਨਹੀਂ, ਫਿਰ ਇਨਸਾਫ ਕਿਉਂ ਨਹੀਂ?













PIONEER



JUSTICE: Widows and relatives of the 1984 riot victims demonstrating outside the Supreme Court on Monday B B Yadav/Pioneer

INDIAN EXPRESS



QUAMI AWAZ



THE HINDUSTAN TIMES



Members of the All India Sikh Conference on dharna at Gole Market Chowk in support of their demands in Delhi on Tuesday. — HT photo by Arun Jetlie

Riot victims begin stir

NEW DELHI, July 24 (HTC). The 1984 riot victims today began an indefinite hunger strike at Gole Market to protest against the Government for not making arrangements for their rehabilitation.

They had planned to sit on hunger strike at the residence of Lt.-Governor Arjun Singh in Chanakyapuri.

500 riot victims court arrest

Express News Service

NEW DELHI, March 27. About 500 victims of 1984 riots on Monday courted arrest at the Boat Club lawns in protest against the delay in rehabilitating the victims and solving the Punjab problem.

Earlier, they held a rally at the India Gate lawns. It was addressed, among others, by Mr Madan Lal Khurana, president of the Delhi Pradesh Bharatiya Janata Party and Mr Gurcharan Singh Babbar.

A resolution passed at the rally demanded the settlement of 1300 families squatting at Tilak Vihar, free flats to the widows. The rally also claimed that Mr H. K. L. Bhagat, Mr Jagdish Tytler and Mr Sajjan Kumar should be removed from all official posts.

It was also decided at the rally that [illegible]

THE HINDU, Saturday, August 13, 1988.

Demonstration by widows of 1984 riots

From Our Staff Reporter

NEW DELHI, Aug. 12. Widows of the November 1984 anti-Sikh carnage today staged a march from the Amar Jawan Jyoti to Boat Club to register their protest against the "denial of justice for four long years". The demonstration was organised by the All India Sikh Conference.

In a memorandum addressed to Members of Parliament, the AISC alleged that "no serious investigation has been held or prosecution launched against those involved in causing the death of over 3,000 people".

It went on to say that "the Administration is denying us justice in the murder cases and colluding with assassins, looters and criminals in supporting them in seeking ex-parte adjournments with the result that prosecution in a vast majority of cases is held up".

According to the memorandum, the Administration had done nothing to get the stay obtained from the Delhi High Court by vested interests against the expert Jain-Banerji Committee to monitor November 1984 cases vacated.

The AISC said that the stay which has been in operation for about nine months was given in spite of the standing directive of the Supreme Court in an earlier case that "the police have the statutory right to investigate into the circumstances of any alleged cognizable offence without authority from a Magistrate and this statutory power of the police to investigate cannot be interfered with the exercise of power under Section 439 or under the inherent power of the court under Section 561-A of the Criminal Procedure Code".

According to the AISC memorandum, they were "not casting any aspersion on the High Court Judges for the stay but it is for the judiciary to dispel the ... [illegible] ... of the powers that be by acting with speed ... in the sensitive cases of the ... nature of November '84 killings".

The "role of the Administration, according to the AISC, is that it has not preferred an appeal to get the order rescinded". The stay was granted against the power of the Jain-Banerji panel to order registration of fresh cases against those involved in the riots following a petition filed by Brahmanand Gupta before the Delhi High Court.

Another demand made by the widows was an increase in their pension from the present Rs. 400 a month to Rs. 1,000.

AJIT (PUNJABI)

ਟਾਈਟਲਰ ਵਿਰੁੱਧ ਮੁਕੱਦਮਾ ਦਾਇਰ



Widows of Nov. 1984 victims demonstrating outside the Supreme Court





INDIAN EXPRESS

Tension runs high in Tilak Vihar

Darshan Kaur identifies Bhagat as one of rioters

THE HINDU

India's National Newspaper

DELHI, MONDAY NOVEMBER 2, 1984





Victims of the 1984 riots organised a rally in New Delhi on Sunday to demand justice and punishment of the guilty.

THE HINDUSTAN TIMES

Sikh Undertrial Harbir Singh and 1984 riots Widow looking a demonstration rally for Supreme Court on Monday—PTI photo

INDIAN EXPRESS

1984 riots widows demonstrating against the accused d
Monday.— Express photo by Ravi Batra

AJIT

THE HINDUSTAN TIMES

New Delhi Sunday November 3 1985

WE WANT REHABILITATION


'Bhagat, Tytler behind stay on riot p
Riot panel stay
1984 riot victims on sit-in at Boat Club
WE WANT JUSTICE
जनसत्ता
The Indian EXPRESS
WE WANT JUSTICE
WE WANT JUSTICE
ILLUSTRATED WEEKLY of India

3 December 6-December 12, 1987 • Sunday Mail •

Losing faith in the law

Two thousand seven hundred and thirty-three people died in the November '84 riots. This is one bitter truth the Sikh community has chosen not to forget. Another is that nobody has been brought to book for the carnage. All the killers roam free; some even in the glare of publicity. SHIBI ALEX CHANDY spend an evening in Tilak Vihar, where the riot-affected have been rehabilitated, to gauge the mood of the Sikhs there. His report:

New Delhi, Dec. 5: The narrow road that bisects Tilak Nagar Market and goes west could well be leading to hell. A kilometre beyond the bright neon lights of the obviously prosperous market the road winds its way to the ill-lit and gloomy surroundings of Tilak Vihar where nearly 5,000 families affected in the infamous November '84 riots are packed into 870 LIG flats and a sprawling slum of nearly 2,000 nearly kept shacks. The residents of the slum enjoyed better lifestyles not long ago. Fear brought them together to Tilak Vihar and its squalor.

Jaswinder Kaur welcomes us graciously into her one-room cum shack, paning contains this also double up as doors. "Remnants from our 'pucca' house in Sultanpuri," she says with unnecessary enthusiasm, screening the 'pucca' to convey that she did not always live in the slums.

The radio, the bedspread on the cot that occupies half the shack, the curtain that demarcates the kitchen within the shack, the little shelf with a pressure cooker and other utensils in the "kitchen" and the general order and cleanliness all suggest that the inhabitants enjoyed to better living conditions not-too-long ago. "Sorry about the lack of space," she says apologetically.

Kaur is well informed. She has heard of the Rs 50,000 relief recently announced by the government. She also knows about the Jain-Banerjee committee which recommended the arrest of former Congress(I) MP Sajjan Kumar for allegedly instigating murderous mobs in Sultanpuri. "Nothing will come of it (the committee's investigations)," she says. "There are so many eye witnesses. Why hasn't he been arrested so far?" She claims that she herself saw Kumar during those three violent days. "Yes, he was there himself. But most of the time it was his chamchas, Gupta *vaghaire*, Nathu Pradhan and the ration shop owner Hahamal who were active."

"Don't forget Danny," chips in a young Sikh who entered the shack while the conversation is on. *Danny ne akele beet ko maara hoga*, he says. "The court even has the Rukai with which he killed all those people. I saw it."

A few shacks away lives Sm... Singh. He lost four ... and two ... "They killed him before my eyes and burnt him. I recognise every person involved and so do my sons." To prove her ... quizzes the ...

"They took away everything," he says in a matter-of-fact tone. He is too bewildered to ask for justice but joins the crowd as we move on.

In the LIG flats live the lucky few who got allotments from the Delhi administration. Ajay Kaur and her two sons aged eight and 12 are among them. "Look, how young he was," she says, producing a photograph of her dead husband.

As we walk down the main road



A widow with her children: no solace. File photo by PRAVEEN JAIN

column "that the fact remains that this is the environment in which these children are growing up. At least these two are very young, the older ones, the ones in their teens, will get violent if you broach the subject. They are waiting for an opportunity to strike back at the killers of their near and dear ones. They won't be satisfied till the killers roam free."

As we walk down the main road of the All-India Sikh Conference, has been trying to "bring the Sikh youth back into the national mainstream", but does not appear too confident about the chances of succeeding in the task. "We have nothing to sustain their hopes for justice," says a dejected Singh. "In the early days, soon after the riots we told them that we must adopt legal methods to redress our grievances and seek justice. "This argument, Singh goes on, is not going down well with the Sikh youths anymore as the results are singularly absent even after three years of the carnage. "We have neither received proper rehabilitation not justice. Even the few youth we have won over are deserting us now."

Further down the road a lathi-wielding Sikh boy greets Atma Singh, *Ki haal hai pradhanji. Sadde layak koi seva? Par mein jhabo-walle nahi nabiit sawanga. Koi Marte-nutran da kam ho te dasso.* Atma Singh appears embarrassed and sends the boy on his way. "things are not so bad," assures Atma Singh, attempting to gloss over the conversation. "These are youngsters and they can be won over. Only they have to be rehabilitated properly. The govern... ...t must do everything possible ... the good of the country."

...ure is gloomy like the ... And the police check ... ...y point to the co... ...neath. Some ... ...organisations ... ...ups to end ... ...of the ... ...are



Sikh widows and children, victims of the November 1984 riots demonstrating outside the residence of Lt. Governor, Romesh Bhandari on Tuesday, demanding rehabilitation — Patriot Photo.



जनसत्ता



ਦਿੱਲੀ ਦੇ ੧੯੮੪ ਦੇ ਦੰਗਿਆਂ ਵਿੱਚ ਸ਼ਾਮਿਲ ਰਹੇ ਯਸ਼ਪਾਲ ਕਪੂਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ ਹੋਇਆ। ਸ਼ੁਰੂਆਤ ਵਿੱਚ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਪਰ ਬਾਅਦ ਵਿੱਚ ਉਸ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ। (ਫੋਟੋ: ਜਨਸੱਤਾ, ਰੇਸ਼ੁਲਕਰ ਪੁਰੀ)

ਸਿੱਖਾਂ ਦਾ ਕਾਤਲ, ਕਸਾਈ ਕਿਸ਼ੋਰੀ ਲਾਲ ਜਿਸ ਨੂੰ ਮੌਤ ਦੀ ਸਜ਼ਾ ਹੋਈ ਪਰ ਬਾਅਦ ਵਿੱਚ ਉਸ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ।

THE PIONEER

DELHI, SATURDAY, JULY 31, 1999

Widow stands by charges

SAJJAN KUMAR INCITED AND LED THE MOB WHICH KILLED MY HUSBAND, ASSERTS AMARJEET KAUR

Staff Reporter
New Delhi

AMARJEET KAUR, who had accused former Congress MP Sajjan Kumar of leading and instigating a 500-strong mob to burn her husband, Captain (Retd) Nazar Singh, during the anti-Sikh riots of November 1984, on Friday stood by the allegations that she had made in an affidavit to the Jain Banerjee committee.

Vouching for the authenticity of her allegations as well as her affidavit, Amarjeet Kaur said, "It was Sajjan Kumar who had addressed and instigated the mob, following which the killers had dragged out my husband and set him on fire."

"The killers included Puran Singh, Partap Singh and Dharam Singh, whom I know and can identify," said 63-year-old widow.

Ms Kaur disowned her purported statements under sections 161 and 164 of the Criminal Procedure Code, given respectively to the police and another magistrate D C Anand.

Ms Kaur's assertion before the media assumes significance as a Delhi court had set aside its earlier order summoning the former Congress MP and the three other accused persons, ruling that "there was not an iota of evidence" against anyone in the case.

Metropolitan Magistrate Praveen Kumar, while accepting the police recommendation to close the case, had set aside his predecessor's order, which had summoned Sajjan and others to stand trial.

Metropolitan Magistrate Praveen Kumar also set for her two statements under section 161 and 164 of the CrPC, in which Ms Kaur is purported to have said that she never filed any affidavit before the Jain Banerjee committee alleging anything against Sajjan Kumar or anyone else.

Vouching for the authenticity of her affidavit before Jain Banerjee committee, Ms Kaur said she was rather puzzled as to how her two statements under section 161 and 164 of the CrPC, in which she had named Sajjan Kumar, were recorded by the police and the magistrate when she was not even questioned about Sajjan Kumar's role in the riots.

